Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763





Ad space available
Please call
Ph: 847-359-0746



Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 27, July 8, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਹੁਣੇ ਦਿਨ ਕਟੀ ਕਰਨ ਲੱਗੇ ਕੈਪਟਨ ਅਮਰਿੰਦਰ ਸਿੰਘ

## ਲੋਕ ਖੂੰਡਾ ਖੜਕਣ ਦੀ ਕਰ ਰਹੇ ਨੇ ਉਡੀਕ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਚੋਣ ਰੈਲੀਆਂ ਵਿਚ ਖੂੰਡਾ ਫੜ ਕੇ ਵਿਰੋਧੀਆਂ ਦੀਆਂ ਵੱਖੀਆਂ ਭੰਨਣ ਦੇ ਦਾਅਵੇ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਮਗਰੋਂ ਬਦਲੇ ਤੇਵਰ ਇਨ੍ਹੀਂ ਦਿਨੀਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਕੈਪਟਨ ਦੀ ਇਸ ਕਾਰਜਸ਼ੈਲੀ ਤੋਂ ਜਿਥੇ ਲੋਕ ਹੈਰਾਨ ਹਨ, ਉਥੇ ਕਾਂਗਰਸੀ ਵੀ ਔਖੇ ਹਨ। ਦਰਅਸਲ, ਪੰਜਾਬ ਵਿਚ ਕਾਂਗਰਸ ਸਰਕਾਰ ਬਣਦਿਆਂ ਹੀ ਲੋਕਾਂ ਦੇ ਮੂੰਹ 'ਤੇ ਇਹ ਗੱਲ ਆਈ ਸੀ ਕਿ ਕੈਪਟਨ ਅਮਰਿੰਦਰ ਸਿੰਘ 2002 ਵਾਲਾ ਇਤਿਹਾਸ ਮੁੜ ਦੁਹਰਾਉਣਗੇ ਤੇ ਬਾਦਲ ਸਰਕਾਰ ਸਮੇਂ ਹੋਈਆਂ ਬੇਨੇਮੀਆਂ ਦੀ ਜਾਂਚ ਕਰਵਾਉਣਗੇ। ਬਾਦਲ ਸਰਕਾਰ ਵੇਲੇ ਨਸ਼ਾ ਤਸਕਰੀ ਦੇ ਦੋਸ਼ਾਂ ਵਿਚ ਘਿਰੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਭੇਜਣਗੇ; ਕਿਉਂਕਿ ਇਹ ਚੋਣ ਮੁੱਦਾ ਆਮ ਆਦਮੀ ਪਾਰਟੀ ਨੇ ਬਣਾਇਆ ਸੀ ਤੇ ਸਟੇਜਾਂ ਤੋਂ ਖੁੱਲ੍ਹੇ ਐਲਾਨ ਕੀਤੇ ਗਏ ਸਨ ਕਿ ਸਰਕਾਰ ਬਣਨ ਦੇ ਅਗਲੇ ਹੀ ਦਿਨ ਮਜੀਠੀਆ ਜੇਲ੍ਹ ਵਿਚ ਹੋਵੇਗਾ। ਉਦੋਂ ਗੱਲ ਤੁਰੀ ਸੀ ਕਿ ਇਹ ਕੰਮ 'ਆਪ' ਦੇ ਵੱਸ ਦਾ ਨਹੀਂ, ਕੈਪਟਨ ਹੀ ਇਹ ਕਮਮ ਕਰ ਸਕਦੇ ਹਨ, ਪਰ ਹੁਣ ਕੈਪਟਨ ਇਸ ਪਾਸੇ ਕਾਫੀ ਠੰਢੇ ਵਗ ਰਹੇ ਹਨ। ਹਾਲਾਂਕਿ ਉਨ੍ਹਾਂ ਦੇ ਵਜ਼ੀਰ ਨਵਜੋਤ ਸਿੱਧੂ ਤੇ ਮਨਪ੍ਰੀਤ ਬਾਦਲ ਅਕਾਲੀ-ਭਾਜਪਾ ਸਰਕਾਰ ਵੇਲੇ ਹੋਈਆਂ



ਬੇਨੇਮੀਆਂ ਬਾਰੇ ਕਾਫੀ ਅੰਕੜੇ ਪੇਸ਼ ਕਰ ਕੇ ਅਕਾਲੀਆਂ ਨੂੰ 'ਟੰਗਣ' ਦੀ ਗੱਲ ਆਖ ਰਹੇ ਹਨ, ਪਰ ਕੈਪਟਨ ਦੀ 'ਹਾਂ' ਉਡੀਕ ਰਹੇ ਇਹ ਆਗੂ ਕਾਫੀ ਨਿਰਾਸ਼ ਹਨ। ਇਹ ਵੀ ਪਤਾ ਲੱਗਾ ਹੈ ਕਿ ਨਸ਼ਿਆਂ ਖਿਲਾਫ ਬਣਾਈ ਵਿਸ਼ੇਸ਼ ਟਾਸਕ ਫੋਰਸ ਨੇ ਤਸਕਰੀ ਵਿਚ ਗਲਤਾਨ ਕੁਝ ਪੁਲਿਸ ਅਫਸਰਾਂ ਨੂੰ ਵੀ ਹੱਥ ਪਾਉਣ ਦਾ ਯਤਨ ਕੀਤਾ ਸੀ, ਪਰ ਪੁਲਿਸ ਦੇ ਅੰਦਰੋਂ ਤੇ ਬਾਹਰੋਂ ਪਏ ਦਬਾਅ ਕਾਰਨ ਹੁਣ ਇਸ ਸਿਲਸਿਲੇ ਨੂੰ ਉਪਰੋਂ ਬਰੇਕਾਂ ਲਗਾਉਣ ਦਾ ਇਸ਼ਾਰਾ ਮਿਲ ਗਿਆ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਸ਼ਾਮਲ ਬਰਤਰਫ ਇੰਸਪੈਕਟਰ ਇੰਦਰਜੀਤ ਸਿੰਘ ਵੱਲੋਂ ਇਕੱਠੀ ਕੀਤੀ ਜਾਇਦਾਦ ਦੇ ਵੇਰਵੇ ਤਾਂ ਬੜੇ ਮਿਲ ਗਏ ਹਨ, ਪਰ ਉਨ੍ਹਾਂ ਬਾਰੇ ਅਗਲੀ ਕਾਰਵਾਈ ਆਰੰਭ ਕਰਨ ਅਤੇ ਇਸ ਜਾਣਕਾਰੀ ਨੂੰ ਨਸ਼ਰ ਕਰਨ 'ਚ ਪੁਲਿਸ ਅਫਸਰ ਸੰਕੋਚ ਹੀ ਕਰ ਰਹੇ ਹਨ। ਜਾਂਚ ਵਿਚ ਸਾਹਮਣੇ

(ਬਾਕੀ ਸਫਾ 6 'ਤੇ)

### ਬਾਦਲ ਅਤੇ ਕੈਪਟਨ ਇਕ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਕਨਵੀਨਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਕੈਪਟਨ ਵੱਲੋਂ ਇਹ ਬਿਆਨ ਕਿ ਉਹ 'ਬਦਲਾਖੋਰੀ ਦੀ ਸਿਆਸਤ' ਵਿਚ ਨਹੀਂ ਪੈਣਾ ਚਾਹੁੰਦੇ, ਤੋਂ ਸਾਫ ਹੋ ਗਿਆ ਹੈ ਕਿ ਕਾਂਗਰਸ, ਅਕਾਲੀ ਦਲ ਨਾਲ ਅੰਦਰਖਾਤੇ ਸਮਝੌਤੇ ਤਹਿਤ ਹੀ ਸੱਤਾ ਵਿਚ ਆਈ ਹੈ। ਉਨ੍ਹਾਂ ਮੁਤਾਬਕ, ਹੁਣ ਤਾਂ ਕੋਈ ਦੋ ਰਾਵਾਂ ਨਹੀਂ ਕਿ ਚੋਣਾਂ ਤੋਂ ਐਨ ਪਹਿਲਾਂ ਕੈਪਟਨ ਦੀ ਸ਼ਮੂਲੀਅਤ ਵਾਲੇ 'ਅੰਮ੍ਰਿਤਸਰ ਨਗਰ ਨਿਗਮ ਘੁਟਾਲੇ' ਵਿਚੋਂ ਉਨ੍ਹਾਂ ਦਾ ਨਾਂ ਬਾਹਰ ਕਰਨ ਬਦਲੇ ਹੁਣ ਉਹ 'ਸਿਆਸੀ ਬਦਲਾਖੋਰੀ' ਵਿਚ ਨਾ ਪੈਣ ਦਾ ਹਵਾਲਾ ਦੇ ਅਕਾਲੀ ਆਗੂਆਂ ਨੂੰ ਬਚਾਅ ਰਹੇ ਹਨ।

# ਗਾਂ ਰੱਖਿਅਕਾਂ ਖਿਲਾਫ ਭਾਰਤ ਭਰ ਵਿਚ ਰੋਹ

**ਨਵੀਂ ਦਿੱਲੀ:** ਗਊ ਹੱਤਿਆ ਦੇ ਨਾਂ ਉਤੇ ਕੀਤੀਆਂ ਜਾ ਰਹੀਆਂ ਹੱਤਿਆਵਾਂ ਖਿਲਾਫ਼ ਮੇਵਾਤੀ ਸਮਾਜ ਸਮੇਤ ਹੋਰ ਹਮਖਿਆਲੀ ਧਿਰਾਂ ਵੱਲੋਂ ਦਿੱਲੀ ਦੇ ਜੰਤਰ ਮੰਤਰ ਉਪਰ ਧਰਨਾ ਦਿੱਤਾ ਗਿਆ ਤੇ ਮੋਦੀ ਸਰਕਾਰ ਦੇ ਰਾਜ ਅੰਦਰ ਹਜੂਮ ਵੱਲੋਂ ਕੀਤੇ ਜਾ ਰਹੇ ਕਤਲਾਂ ਖਿਲਾਫ ਆਵਾਜ਼ ਬੁਲੰਦ ਕੀਤੀ ਗਈ। ਇਸ ਧਰਨੇ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੇ ਆਗੂ ਉਮਰ ਖਾਲਿਦ ਨੇ ਸੰਬੋਧਨ ਕੀਤਾ। ਧਰਨੇ ਵਿਚ ਜੁਨੈਦ ਖਾਨ ਦੇ ਪਿਤਾ ਜਲਾਲੂਦੀਨ ਸਮੇਤ ਹੋਰਨਾਂ ਧਿਰਾਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਫਰੀਦਾਬਾਦ ਦੀ ਘਟਨਾ ਮਗਰੋਂ ਮੇਵਾਤ ਦੇ ਵੱਖ-ਵੱਖ 80 ਪਿੰਡਾਂ ਦੇ ਪਤਵੰਤਿਆਂ ਨੇ ਜੰਤਰ ਮੰਤਰ ਉਪਰ ਧਰਨਾ ਦੇ ਕੇ ਇਸ ਤਰ੍ਹਾਂ ਦੀਆਂ ਵਾਰਦਾਤਾਂ ਦੀ ਸਿਲਸਿਲੇਵਾਰ ਮੁਖਾਲਫ਼ਤ ਕਰਨ ਦਾ ਫੈਸਲਾ ਕੀਤਾ।

ਮੁਲਕ ਵਿਚ ਗਊ ਰੱਖਿਆ ਦੇ ਨਾਂ ਉਤੇ ਵਾਪਰੀਆਂ ਹਿੰਸਕ ਘਟਨਾਵਾਂ ਸਬੰਧੀ 'ਨਾਨ ਪ੍ਰਾਫਟ ਆਰਗੇਨਾਈਜ਼ੇਸ਼ਨ ਇੰਡੀਆ ਸਪੈਂਡ' ਨਾਮ ਦੀ ਸੰਸਥਾ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2010 ਤੋਂ ਲੈ ਕੇ ਹੁਣ ਤੱਕ 7 ਸਾਲਾਂ ਵਿਚ ਅਜਿਹੇ 63 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ 51 ਫੀਸਦੀ ਵਾਰਦਾਤਾਂ ਵਿਚ ਮੁਲਕ ਵਿਚ ਇਕ ਵਰਗ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। 2014 ਵਿਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਉਣ ਤੋਂ ਬਾਅਦ ਉਪਰੋਕਤ ਘਟਨਾਵਾਂ ਵਿਚ 97 ਫੀਸਦੀ ਦਾ ਵਾਧਾ ਹੋਇਆ ਹੈ।



### ਮੋਦੀ ਨੇ ਬਿਆਨ ਦੇ ਕੇ ਸਾਰਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਗਊ ਰਾਖਿਆਂ ਨੂੰ ਜ਼ਾਬਤੇ ਵਿਚ ਰਹਿਣ ਲਈ ਪਾਈ 'ਮਿੱਠੀ ਝਾੜ' ਨੇ ਇਸ ਬੁਰਛਾਗਰਦੀ ਖਿਲਾਫ ਭਾਜਪਾ ਸਰਕਾਰ ਦੀ ਨੀਅਤ 'ਤੇ ਮੁੜ ਸਵਾਲ ਚੁੱਕ ਦਿੱਤੇ ਹਨ। ਪ੍ਰਧਾਨ ਮੰਤਰੀ ਵੱਲੋਂ ਅਹਿਮਦਾਬਾਦ ਦੇ ਸਾਬਰਮਤੀ ਆਸ਼ਰਮ ਵਿਚ ਗਊ ਰਾਖਿਆਂ ਨੂੰ 'ਸਬਰ ਦਾ ਪਾਠ' ਪੜ੍ਹਾਉਣ ਦੇ ਕੁਝ ਹੀ ਘੰਟਿਆਂ ਪਿੱਛੋਂ ਹੀ ਝਾਰਖੰਡ ਵਿਚ ਭੀੜ ਨੇ ਇਕ ਹੋਰ ਬੰਦੇ ਅਲੀਮੂਦੀਨ ਉਰਫ ਅਸਗਰ ਅੰਸਾਰੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਉਸ ਨੂੰ ਬੀਫ (ਗਊ ਦਾ ਮਾਸ) ਰੱਖਣ ਦੇ ਸ਼ੱਕ 'ਚ ਮਾਰਿਆ ਗਿਆ। ਅਲੀਮੂਦੀਨ ਮਾਸ ਦਾ

(ਬਾਕੀ ਸਫਾ 6 'ਤੇ)


We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011




Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਕੂੜ ਫਿਰੈ ਪ੍ਰਧਾਨ ਵੇ ਲਾਲੋ...

ਸਾਧ ਸੰਗਤ ਜੀ, ਪਿਛਲੇ ਸਮੇਂ ਤੋਂ ਤੁਸੀਂ ਐਲ ਸਬਰਾਂਟੇ ਗੁਰੂ ਘਰ ਬਾਰੇ ਇਕ ਅਖਬਾਰ ਵਿਚ ਜੋ ਪੜ੍ਹਿਆ ਹੈ, ਉਹ ਸਭ ਸੱਚ ਤੋਂ ਕੋਹਾਂ ਦੂਰ ਹੈ। ਭਾਈ ਘਨ੍ਹਈਆ ਜੀ ਦਾ ਨਾਂ ਬਹੁਤ ਸਤਿਕਾਰਯੋਗ ਅਤੇ ਸੱਚਾ ਤੇ ਉਚਾ ਹੈ। ਭਾਈ ਘਨ੍ਹਈਆ ਜੀ ਉਹ ਸਿੱਖ ਸਨ ਜਿਹੜੇ ਦੁਸ਼ਮਣਾਂ ਦੀਆਂ ਫੌਜਾਂ ਨੂੰ ਪਾਣੀ ਪਿਆਉਂਦੇ ਸਨ ਤੇ ਕਹਿੰਦੇ ਸਨ- ਕਲਗੀ ਪਾਤਸ਼ਾਹ! ਮੈਨੂੰ ਤਾਂ ਦੁਸ਼ਮਣਾਂ ਵਿਚ ਵੀ ਤੁਹਾਡਾ ਚਿਹਰਾ ਨਜ਼ਰ ਆਉਂਦਾ ਹੈ; ਇਸ ਕਰ ਕੇ ਮੈਂ ਉਨ੍ਹਾਂ ਨੂੰ ਪਾਣੀ ਛਕਾਉਂਦਾ ਹਾਂ, ਪਰ ਕੁਝ ਭੁੱਲੜ ਲੋਕ ਉਨ੍ਹਾਂ ਦੇ



*ਗੁਰਦੁਆਰਾ ਐਲ ਸਬਰਾਂਟੇ, ਕੈਲੀਫੋਰਨੀਆ*

ਨਾਂ ਥੱਲੇ ਸੁਸਾਇਟੀਆਂ ਬਣਾ ਕੇ ਆਪਣੇ ਹੀ ਸਿੱਖ ਭਰਾਵਾਂ 'ਤੇ ਚਿੱਕੜ ਸੁੱਟਦੇ ਹਨ। ਪਹਿਲਾਂ ਤਾਂ ਉਨ੍ਹਾਂ ਨੂੰ ਬੇਨਤੀ ਹੈ ਕਿ ਭਾਈ ਘਨ੍ਹਈਆ ਜੀ ਦਾ ਨਾਂ ਆਪਣੀ ਹਉਮੈ ਲਈ ਨਾ ਵਰਤਣ ਅਤੇ ਆਪਣੇ ਨਾਂ ਥੱਲੇ ਸੁਸਾਇਟੀ ਬਣਾ ਲੈਣ।

ਹੁਣ ਅਸੀਂ ਅਗਲੇ ਮੁੱਦੇ 'ਤੇ ਆਉਂਦੇ ਹਾਂ। ਇਨ੍ਹਾਂ ਨੇ ਮੱਲ੍ਹੀ ਪਰਿਵਾਰ ਬਾਰੇ ਬੜਾ ਕੁਝ ਲਿਖਿਆ ਹੈ ਕਿ ਮੱਲ੍ਹੀ ਪਰਿਵਾਰ ਤੇ ਉਨ੍ਹਾਂ ਦੇ ਸਾਥੀ ਗੁਰੂ ਘਰ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਚੋਣਾਂ ਤੋਂ ਭੱਜਦੇ ਹਨ। ਸਾਧ ਸੰਗਤ ਜੀ! ਤੁਹਾਨੂੰ ਸਭ ਪਤਾ ਹੈ ਕਿ ਸੱਚ ਕੀ ਹੈ? ਤੁਹਾਨੂੰ ਇਨ੍ਹਾਂ ਬਾਰੇ ਵੀ ਪਤਾ ਹੈ ਕਿ ਇਹ ਕਿਵੇਂ ਕਦੇ ਆਪਣੀਆਂ ਭੈਣਾਂ, ਕਦੇ ਪਤਨੀਆਂ ਅਤੇ ਕਦੇ ਆਪਣੇ ਨਿਆਣਿਆਂ ਨੂੰ ਕਮੇਟੀ ਵਿਚ ਲੈ ਕੇ ਆਉਂਦੇ ਹਨ। ਫਿਰ ਕਬਜ਼ਾ ਇਹ ਕਰਨਾ ਚਾਹੁੰਦੇ ਹਨ ਜਾਂ ਅਸੀਂ?

ਇਨ੍ਹਾਂ ਨੇ ਪਹਿਲਾਂ ਵੀ ਸੰਗਤ ਨਾਲ ਧੋਖਾ ਕਰ ਕੇ 2012 ਵਿਚ ਧੱਕੇ ਨਾਲ ਆਪਣੀ ਕਮੇਟੀ ਬਣਾਈ ਸੀ। ਕੇਸ ਕੋਰਟ ਵਿਚ ਚੱਲਿਆ। ਇਨ੍ਹਾਂ ਨੇ ਗੁਰੂ ਘਰ ਦਾ 2 ਲੱਖ 18 ਹਜ਼ਾਰ ਡਾਲਰ ਆਪਣੀ ਹਉਮੈ ਲਈ ਪਾਣੀ ਵਾਂਗ ਰੋੜ੍ਹ ਦਿੱਤਾ। ਫਿਰ ਵੀ ਸੱਚ ਦੀ ਜਿੱਤ ਹੋਈ। ਓੜਕ ਸਚ ਰਹੀ। ਕੋਰਟ ਨੇ ਇਨ੍ਹਾਂ ਦੀ ਕਮੇਟੀ ਭੰਗ ਕਰ ਕੇ ਨਵੀਂ ਕਮੇਟੀ ਬਣਾਉਣ ਦੇ ਆਦੇਸ਼ ਦਿੱਤੇ।

ਜਦੋਂ ਇਨ੍ਹਾਂ ਨੇ 2012 ਵਿਚ ਧੱਕੇ ਨਾਲ ਕਮੇਟੀ ਬਣਾਈ ਸੀ, ਉਸ ਵੇਲੇ ਹਰ ਐਤਵਾਰ ਗੁਰੂ ਘਰ ਪੁਲਿਸ ਆਉਂਦੀ ਸੀ। ਸੰਗਤਾਂ ਵਿਚ ਕਾਫੀ ਰੋਸ ਤੇ ਸਹਿਮ ਸੀ। ਸੰਗਤਾਂ ਦੂਸਰੇ ਗੁਰੂ ਘਰਾਂ ਵਿਚ ਜਾਣਾ ਸ਼ੁਰੂ ਹੋ ਗਈਆਂ। ਜਦੋਂ 2013 ਵਿਚ ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿਚ ਨਵੀਂ ਕਮੇਟੀ ਬਣੀ, ਉਸ ਪਿਛੋਂ ਇਕ ਵਾਰ ਵੀ ਪੁਲਿਸ ਨਹੀਂ ਆਈ। ਉਸ ਪੂਰੀ ਕਮੇਟੀ ਨੇ ਬੜੇ ਸੁਚੱਜੇ ਢੰਗ ਨਾਲ ਗੁਰੂ ਘਰ ਵਿਚ ਸ਼ਾਂਤੀ ਲਿਆਂਦੀ ਅਤੇ ਆਪਸੀ ਭਾਈਚਾਰਕ ਸਾਂਝ ਬਹਾਲ ਕੀਤੀ। ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ 2014 ਤੋਂ 2016 ਤੱਕ ਸਾਨੂੰ ਚਾਰ ਭਰਾਵਾਂ ਤੇ ਤਿੰਨ ਬਹੁਤ ਹੀ ਸਮਝਦਾਰ ਕਮੇਟੀ ਮੈਂਬਰਾਂ ਨੂੰ ਗੁਰੂ ਮਹਾਰਾਜ ਨੇ ਖੁਦ ਪਰਚੀਆਂ ਰਾਹੀਂ ਸੇਵਾ ਬਖਸ਼ੀ ਜਿਸ ਨੂੰ ਅਸੀਂ ਸੱਤਾਂ ਨੇ ਬੜੀ ਹੀ ਨਿਮਰਤਾ ਤੇ ਸ਼ਾਂਤੀ ਨਾਲ ਨਿਭਾਇਆ। ਉਸ ਸਮੇਂ ਹਰ ਇਕ ਨੂੰ ਸਟੇਜ ਤੋਂ ਬੋਲਣ ਦਾ ਸਮਾਂ ਦਿੱਤਾ ਜਾਂਦਾ ਸੀ, ਭਾਵੇਂ ਉਹ ਕਮੇਟੀ ਦੇ ਵਿਰੋਧ ਵਿਚ ਹੋਵੇ, ਭਾਵੇਂ ਹੱਕ ਵਿਚ। ਕਿਸੇ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਸੀ।

ਇਸ ਤੋਂ ਬਾਅਦ ਬੀਬੀ ਗੁਰਦੀਪ ਕੌਰ (ਲਾਲੀ) ਦੀ ਪ੍ਰਧਾਨਗੀ ਹੇਠ ਨਵੀਂ ਕਮੇਟੀ ਚੁਣੀ ਗਈ। ਇਨ੍ਹਾਂ ਦਾ ਇਕ ਦਿਨ ਵੀ ਇਕੱਠਿਆਂ ਦਾ ਨਹੀਂ ਨਿਕਲਿਆ। ਬੀਬੀ ਗੁਰਦੀਪ ਕੌਰ ਨੇ ਹਰਜਾਪ ਸਿੰਘ ਨਾਲ ਰਲ ਕੇ ਗੁਰੂ ਘਰ ਉਤੇ ਕੇਸ ਕਰ ਦਿੱਤਾ ਤਾਂ ਜੋ ਇਹ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋ ਸਕਣ, ਗੁਰੂ ਘਰ ਵਿਚ ਇਲੈਕਸ਼ਨ ਕਰਵਾ ਸਕਣ। ਇਸੇ ਕੜੀ ਨੂੰ ਅੱਗੇ ਤੋਰਦਿਆਂ ਇਹ ਗੁਰੂ ਘਰ ਦੀ ਕਮੇਟੀ ਵਿਚ ਦੂਜੇ ਮੈਂਬਰਾਂ ਨੂੰ ਇਕ ਇਕ ਕਰ ਕੇ ਗਲਤ ਇਲਜ਼ਾਮ ਲਾ ਕੇ ਗੈਰ-ਕਾਨੂੰਨੀ ਢੰਗ ਨਾਲ ਕਮੇਟੀ ਤੋਂ ਬਾਹਰ ਕੱਢਦੇ ਰਹੇ ਤੇ ਆਪਣੇ ਗਰੁਪ ਦੇ ਬੰਦਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕਮੇਟੀ ਵਿਚ ਸ਼ਾਮਲ ਕਰਦੇ ਆ ਰਹੇ ਹਨ।

ਸਾਡਾ ਕਮੇਟੀ ਪ੍ਰਧਾਨ ਨੂੰ ਸਵਾਲ ਹੈ ਕਿ ਉਹ ਆਪਣੇ ਆਪ ਨੂੰ ਪ੍ਰਧਾਨ ਮੰਨਦੀ ਹੈ? ਜੇ ਹਾਂ ਤਾਂ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ 2014 ਦੇ ਬਾਈਲਾਅਜ਼ ਮੁਤਾਬਕ, ਕਮੇਟੀ ਪ੍ਰਧਾਨ ਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਤੇ ਪੜ੍ਹਨੀ ਆਉਣੀ ਚਾਹੀਦੀ ਹੈ ਜੋ ਬੀਬੀ ਜੀ ਨੂੰ ਨਹੀਂ ਆਉਂਦੀ। ਕੀ ਗੁਰੂ ਘਰ 'ਤੇ ਕੇਸ ਕਰਨ ਵਾਲਾ ਆਪਣੇ ਆਪ ਨੂੰ ਪ੍ਰਧਾਨ ਕਹਾ ਸਕਦਾ ਹੈ? ਕੀ ਧੱਕੇਸ਼ਾਹੀ ਨਾਲ ਕਿਸੇ ਵੀ ਕਮੇਟੀ ਮੈਂਬਰ ਨੂੰ ਕੱਢਿਆ ਜਾ ਸਕਦਾ ਹੈ? ਕੀ ਗੁਰੂ ਘਰ ਦੀ ਸਟੇਜ ਤੋਂ ਕਿਸੇ ਨੂੰ ਬੋਲਣ ਤੋਂ ਰੋਕਿਆ ਜਾ ਸਕਦਾ ਹੈ?

ਸਾਧ ਸੰਗਤ ਵਿਚ ਇਨ੍ਹਾਂ ਲੋਕਾਂ ਦੀ ਸ਼ਬਦਾਵਲੀ ਦੇਖੋ, ਲਿਖਦੇ ਹਨ ਕਿ ਮੱਲ੍ਹੀ ਪਰਿਵਾਰ ਗੁਰੂ ਘਰ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਸਾਧ ਸੰਗਤ ਜੀ, ਤੁਸੀਂ ਆਪ ਦੱਸੋ, ਗੁਰੂ ਘਰ 'ਤੇ ਕੋਈ ਕਬਜ਼ਾ ਕਰ ਸਕਦਾ ਹੈ? ਨਹੀਂ।

ਇਨ੍ਹਾਂ ਨੇ ਜੋ ਹਮਲੇ ਬਾਰੇ ਲਿਖਿਆ ਹੈ, ਉਸ ਬਾਰੇ ਤੱਥ ਇਹ ਹਨ ਕਿ ਹਮਲਾ ਪਹਿਲਾਂ ਗੁਰੂ ਘਰ ਦੇ ਕਮੇਟੀ ਮੈਂਬਰ ਬਿਕਰਮ ਸਿੰਘ ਪੰਨੂ ਦੇ ਪਿਤਾ ਕੁਲਵਿੰਦਰ ਸਿੰਘ ਪੰਨੂ ਨੇ ਕੁਲਵਿੰਦਰ ਸਿੰਘ ਮੱਲ੍ਹੀ 'ਤੇ ਕੀਤਾ, ਤੇ ਬਾਅਦ ਵਿਚ ਬਿਕਰਮ ਸਿੰਘ ਪੰਨੂ ਨੇ। ਜੇ ਅਸੀਂ ਹਮਲਾ ਕੀਤਾ ਸੀ ਤਾਂ ਉਦੋਂ ਪੁਲਿਸ ਸਾਡੇ ਪਰਿਵਾਰ ਦੇ ਮੈਂਬਰਾਂ ਨੂੰ ਫੜ ਕੇ ਕਿਉਂ ਨਾ ਲੈ ਕੇ ਗਈ? ਕਿਉਂਕਿ ਉਥੇ ਮੌਜੂਦ ਸੰਗਤ ਨੇ ਪੁਲਿਸ ਨੂੰ ਦੱਸ ਦਿੱਤਾ ਸੀ ਕਿ ਸੱਚਾਈ ਕੀ ਹੈ (ਸ਼ਰਮ ਹਮ ਕੋ ਮਗਰ ਆਤੀ ਨਹੀਂ)। ਮੱਲ੍ਹੀ ਪਰਿਵਾਰ ਗੁਰੂ ਦੇ ਭੈਅ ਵਿਚ ਰਹਿਣ ਵਾਲਾ ਪਰਿਵਾਰ ਹੈ।

'ਹਲੂਣਾ' ਨਾਂ ਦੀ ਚਿੱਠੀ ਨੂੰ ਗੁੰਮਨਾਮ ਲਿਖਣ ਵਾਲੇ ਦੀ ਜਾਂ ਤਾਂ ਦਿਮਾਗੀ ਹਾਲਤ ਠੀਕ ਨਹੀਂ, ਜਾਂ ਉਸ ਨੂੰ ਚੰਗੀ ਤਰ੍ਹਾਂ ਦਿਸਦਾ ਨਹੀਂ, ਕਿਉਂਕਿ ਐਤਵਾਰ ਨੂੰ 'ਹਲੂਣਾ' ਪੇਪਰ ਸਾਧ ਸੰਗਤ ਨੇ ਸੰਗਤਾਂ ਦੇ ਹੋਰ ਮੈਂਬਰਾਂ ਨਾਲ ਰਲ ਕੇ ਵੰਡਿਆ ਸੀ ਕਿ ਉਹ ਮੈਂਬਰ ਗੁੰਮਨਾਮ ਹਨ। ਗੁੰਮਨਾਮ ਚਿੱਠੀ ਦੇ ਜਵਾਬ ਵਿਚ ਲਿਖਿਆ ਹੈ- ਗੁਰੂ ਘਰ ਦੇ ਸੈਕਟਰੀ ਭਾਈ ਗੁਰਨਾਮ ਸਿੰਘ ਮੱਲ੍ਹੀ ਵਿਰੁਧ ਜੋ ਵੀ ਰਿਸਟਰੇਨਿੰਗ ਆਡਰ ਲਏ ਗਏ ਹਨ, ਉਹ ਝੂਠ ਦੇ ਆਧਾਰ 'ਤੇ ਹਨ। ਕੇਸ ਕੋਰਟ ਵਿਚ ਹੈ, ਜਲਦੀ ਹੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਮੱਲ੍ਹੀ ਪਰਿਵਾਰ ਪੁਲਿਸ ਦੇ ਵਾਰ ਵਾਰ ਆਉਣ ਲਈ ਜ਼ਿੰਮੇਵਾਰ ਨਹੀਂ, ਬਲਕਿ ਕਮੇਟੀ ਪ੍ਰਧਾਨ ਦੀਆਂ ਆਪਹੁਦਰੀਆਂ ਹਨ। ਜਦੋਂ ਇੰਦਰਜੀਤ ਸਿੰਘ ਮੱਲ੍ਹੀ ਦੀ ਪ੍ਰਧਾਨਗੀ ਹੇਠ 2014-2016 ਵਿਚ ਕਮੇਟੀ ਬਣੀ ਸੀ, ਉਸ ਵੇਲੇ ਕਿੰਨੀ ਵਾਰ ਪੁਲਿਸ ਆਈ। ਜ਼ਰਾ ਗਿਣ ਕੇ ਦੱਸਿਓ?

ਝੂਠ ਦਾ ਪੁਲੰਦਾ ਬਣਾ ਕੇ ਗੁਰਨਾਮ ਸਿੰਘ ਮੱਲ੍ਹੀ 'ਤੇ ਰਿਸਟਰੇਨਿੰਗ ਆਡਰ ਲਏ ਗਏ, ਪਰ ਸੱਚਾਈ ਇਹ ਹੈ ਕਿ ਉਸ ਵਕਤ ਗੁਰਨਾਮ ਸਿੰਘ ਮੱਲ੍ਹੀ ਆਪਣੀ ਸਕੱਤਰ ਦੀ ਸੇਵਾ ਨਿਭਾ ਰਹੇ ਸਨ। ਮਿਨਟਸ ਬੁੱਕ ਦੀ ਕਾਰਵਾਈ ਸਕੱਤਰ ਨੇ ਲਿਖਣੀ ਹੁੰਦੀ ਹੈ, ਪਰ ਬੀਬੀ ਗੁਰਦੀਪ ਕੌਰ ਲਾਲੀ ਨੇ ਜ਼ਬਰਦਸਤੀ ਮਿਨਟਸ ਬੁੱਕ ਨੂੰ ਆਪਣੇ ਕਬਜ਼ੇ ਵਿਚ ਕੀਤਾ ਸੀ ਅਤੇ ਮੰਗਣ ਉਤੇ ਬੀਬੀ ਜੀ ਨੇ ਇਹ ਦੋਸ਼ ਲਗਾ ਦਿੱਤੇ ਕਿ ਗੁਰਨਾਮ ਸਿੰਘ ਮੱਲ੍ਹੀ ਮਿਨਟਸ ਬੁੱਕ ਖੋਹ ਰਿਹਾ ਸੀ, ਇਹ ਸਭ ਝੂਠ ਹੈ।

ਗੁਰਸੇਵਕ ਸਿੰਘ ਨੂੰ ਕਮੇਟੀ ਵਿਚੋਂ ਗਲਤ ਤਰੀਕੇ ਨਾਲ ਕੱਢ ਦਿੱਤਾ ਗਿਆ। ਉਹ ਆਪਣੇ ਪਿਤਾ ਜੀ ਦੀਆਂ ਅਸਥੀਆਂ ਤਾਰਨ ਭਾਰਤ ਗਿਆ ਹੋਇਆ ਸੀ। ਜਦੋਂ ਉਹ ਵਾਪਸ ਆਇਆ ਤਾਂ ਉਸ ਨੂੰ ਕਮੇਟੀ ਵਿਚੋਂ ਕੱਢ ਦਿੱਤਾ ਗਿਆ।

2 ਜੁਲਾਈ 2017, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਕਮੇਟੀ ਦੀ ਉਪ ਖਜ਼ਾਨਚੀ ਬੀਬੀ ਰਵਨੀਤ ਕੌਰ ਨੇ ਬੀਬੀ ਗੁਰਦੀਪ ਕੌਰ ਲਾਲੀ (ਪ੍ਰਧਾਨ) ਕੋਲੋਂ ਦਫਤਰ ਦੀਆਂ ਚਾਬੀਆਂ ਮੰਗੀਆਂ ਤਾਂ ਪ੍ਰਧਾਨ ਨੇ ਮਨ੍ਹਾਂ ਕਰ ਦਿੱਤਾ ਜੋ ਧੱਕੇਸ਼ਾਹੀ ਹੈ।

ਭਾਈ ਘਨ੍ਹਈਆ ਸੇਵਾ ਸੁਸਾਇਟੀ ਨੇ ਅਖਬਾਰ ਵਿਚ ਝੂਠਾ ਇਸ਼ਤਿਹਾਰ ਦੇ ਕੇ ਪੁਰਾਣੀ ਕਮੇਟੀ ਬਾਰੇ ਪ੍ਰਚਾਰ ਕੀਤਾ ਸੀ ਕਿ 2014 ਤੋਂ 2016 ਤੱਕ ਪੁਰਾਣੀ ਕਮੇਟੀ ਨੇ ਕੋਈ ਵੀ ਕੰਮ ਨਹੀਂ ਕੀਤਾ। ਪੁਰਾਣੀ ਕਮੇਟੀ ਨੇ ਜੋ ਕੰਮ ਕੀਤੇ ਹਨ, ਉਹ ਇਸ ਤਰ੍ਹਾਂ ਹਨ:

1. ਗੁਰਦੁਆਰੇ ਦੇ ਮੁੱਖ ਗੇਟ ਦਾ ਜੋ ਇੰਟਰਕੌਮ ਦਸ ਸਾਲ ਤੋਂ ਖਰਾਬ ਸੀ, ਉਹ ਠੀਕ ਕਰਵਾਇਆ ਗਿਆ।
2. ਲੰਗਰ ਹਾਲ ਵਿਚ ਸੰਗਤ ਦੇ ਸਹਿਯੋਗ ਨਾਲ ਨਵਾਂ ਕਾਰਪੈੱਟ ਪੁਆਇਆ ਗਿਆ।
3. ਪਹਿਲੀ ਵਾਰ ਗੁਰਦੁਆਰੇ ਵਿਚ ਵਾਟਰ ਫਿਲਟਰ ਲਗਵਾਇਆ ਗਿਆ।
4. ਭਾਈ ਅਮਰੀਕ ਸਿੰਘ ਫੌਜੀ ਵੱਲੋਂ ਫਰਿੱਜਾਂ ਦੀ ਸੇਵਾ ਕੀਤੀ ਗਈ।
5. ਜਿਥੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਂਦੇ ਹਨ, ਉਸ ਜਗ੍ਹਾ ਦੀ ਬਾਲਕੋਨੀ ਲੰਮੇ ਸਮੇਂ ਤੋਂ ਲੀਕ ਕਰ ਰਹੀ ਸੀ। ਇਸ ਦੀ ਹਾਲਤ ਬਹੁਤ ਖਰਾਬ ਸੀ ਅਤੇ ਇਹ ਕਿਸੇ ਸਮੇਂ ਵੀ ਗਿਰ ਸਕਦੀ ਸੀ। ਇਸ ਦਾ ਅੰਦਾਜ਼ਨ ਖਰਚਾ 26 ਹਜ਼ਾਰ ਡਾਲਰ ਆ ਰਿਹਾ ਸੀ, ਪਰ ਪੁਰਾਣੀ ਕਮੇਟੀ ਨੇ ਗੁਰੂ ਸਾਹਿਬਾਨ ਦੀ ਕ੍ਰਿਪਾ ਨਾਲ 8 ਤੋਂ 9 ਹਜ਼ਾਰ ਡਾਲਰ ਵਿਚ ਕਰਵਾ ਦਿੱਤਾ।
6. ਗੁਰੂ ਘਰ ਦੀ ਸੁਰੱਖਿਆ ਲਈ ਕੈਮਰੇ ਲਗਵਾਏ ਗਏ ਅਤੇ ਗੁਰਦੁਆਰਾ ਸਾਹਿਬ ਦਾ ਬਿਜਲੀ ਦਾ ਬਿਲ ਘਟਾਉਣ ਵਾਸਤੇ ਐਲ.ਈ.ਡੀ. ਲਾਈਟਾਂ ਲਾਈਆਂ ਗਈਆਂ ਤੇ ਬੀਬੀਆਂ ਦੇ ਬਾਥਰੂਮ ਦੀ ਮੁਰੰਮਤ ਕੀਤੀ ਗਈ। ਇਸ ਤੋਂ ਇਲਾਵਾ, ਹੋਰ ਵੀ ਕਾਫੀ ਸੇਵਾਵਾਂ ਕੀਤੀਆਂ ਗਈਆਂ, ਜੇ ਸੰਗਤ ਚਾਹੇ ਤਾਂ ਇਸ ਬਾਰੇ ਪੁੱਛ ਸਕਦੀ ਹੈ।
7. ਜਦੋਂ ਪੁਰਾਣੀ ਕਮੇਟੀ ਨੇ 2014 ਵਿਚ ਸੇਵਾ ਸੰਭਾਲੀ ਤਾਂ ਉਸ ਨੂੰ 26 ਹਜ਼ਾਰ ਡਾਲਰ ਦੇ ਕਰੀਬ ਫੰਡ ਪ੍ਰਾਪਤ ਹੋਇਆ ਸੀ। ਜਦੋਂ 2016 ਵਿਚ ਕਮੇਟੀ ਸੇਵਾ ਮੁਕਤ ਹੋਈ ਤਾਂ ਨਵੀਂ ਕਮੇਟੀ ਨੂੰ ਤਕਰੀਬਨ 3 ਲੱਖ 85 ਹਜ਼ਾਰ ਡਾਲਰ ਦਾ ਫੰਡ ਦੇ ਕੇ ਗਈ।

ਭਾਈ ਘਨ੍ਹਈਆ ਸੇਵਾ ਸੁਸਾਇਟੀ ਵੱਲੋਂ ਅਖਬਾਰ ਵਿਚ ਇਸ਼ਤਿਹਾਰ ਦੇ ਕੇ ਕੀਤਾ ਗਿਆ ਪ੍ਰਚਾਰ ਝੂਠਾ ਹੈ ਕਿ ਮੱਲ੍ਹੀ ਪਰਿਵਾਰ ਨੇ ਸੰਗਤਾਂ 'ਤੇ ਹਮਲਾ ਕੀਤਾ ਹੈ। ਸੱਚਾਈ ਇਹ ਹੈ ਕਿ ਕਮੇਟੀ ਮੈਂਬਰ ਬਿਕਰਮ ਸਿੰਘ ਪੰਨੂ ਅਤੇ ਉਸ ਦੇ ਪਿਤਾ ਜੀ ਕੁਲਵਿੰਦਰ ਸਿੰਘ ਪੰਨੂ ਨੇ ਭਾਈ ਕੁਲਵਿੰਦਰ ਸਿੰਘ ਮੱਲ੍ਹੀ 'ਤੇ ਹਮਲਾ ਕੀਤਾ ਅਤੇ ਕੁਲਵਿੰਦਰ ਸਿੰਘ ਮੱਲ੍ਹੀ ਨੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕੁਲਵਿੰਦਰ ਸਿੰਘ ਮੱਲ੍ਹੀ ਦੀ ਪੱਗ ਉਤਰ ਗਈ। ਕੀ ਕੋਈ ਸੱਚਾ ਸਿੱਖ ਗੁਰੂ ਸਾਹਿਬ ਦੀ ਬਖਸ਼ਿਸ਼ ਦਸਤਾਰ ਨੂੰ ਉਤਾਰਨ ਦੀ ਕੋਸ਼ਿਸ਼ ਕਰਦਾ ਹੈ? ਕੋਈ ਸੱਚਾ ਸਿੱਖ ਤਾਂ ਇੰਜ ਨਹੀਂ ਕਰੇਗਾ।

ਇਸ ਤੋਂ ਪਹਿਲਾਂ ਵੀ ਗੁਰਦੀਪ ਕੌਰ ਲਾਲੀ ਦੇ ਭਰਾ ਰਵੀ ਰੰਧਾਵਾ, ਹਰਜਾਪ ਸਿੰਘ ਅਤੇ ਕੁਲਵੰਤ ਸਿੰਘ ਨੇ ਰਲ ਕੇ ਗੁਰਦੁਆਰਾ ਸਾਹਿਬ ਦਾ 2 ਲੱਖ 18 ਹਜ਼ਾਰ ਡਾਲਰ ਕੋਰਟ ਵਿਚ ਖਰਾਬ ਕਰ ਦਿੱਤਾ। ਇਨ੍ਹਾਂ ਵਿਚ ਦਰਸ਼ਨ ਸਿੰਘ ਮਾਨ ਤੇ ਕੁਲਵਿੰਦਰ ਸਿੰਘ ਪੰਨੂ ਵੀ ਸ਼ਾਮਲ ਸਨ। ਇਨ੍ਹਾਂ ਪੈਸਿਆਂ ਦੀ ਕਿਸੇ ਕੋਲੋਂ ਵੀ ਪ੍ਰਵਾਨਗੀ ਨਹੀਂ ਲਈ ਗਈ।

ਸਾਧ ਸੰਗਤ ਜੀ, ਇਹ ਉਹੀ ਬੰਦੇ ਹਨ ਜਿਨ੍ਹਾਂ ਨੇ ਸੰਗਤ ਦੇ ਪੈਸਿਆਂ ਦੀ ਦੁਰਵਰਤੋਂ ਕੀਤੀ। ਇਹ ਗੋਲਕ ਤੇ ਗੁਰਦੁਆਰਾ ਸਾਹਿਬ ਸੰਗਤ ਦਾ ਹੈ ਅਤੇ ਸੰਗਤ ਨੂੰ ਗੁਰੂ ਸਾਹਿਬ ਜੀ ਨੇ ਸਭ ਤੋਂ ਵੱਡਾ ਦਰਜਾ ਦਿੱਤਾ ਹੈ। ਇਨ੍ਹਾਂ ਦਾ ਮਕਸਦ ਮੱਲ੍ਹੀ ਪਰਿਵਾਰ ਨੂੰ ਬਦਨਾਮ ਕਰਨਾ ਅਤੇ ਆਪਣੇ ਬੰਦਿਆਂ ਨੂੰ ਕਮੇਟੀ ਵਿਚ ਲਿਆ ਕੇ ਸੰਗਤ ਦੇ ਪੈਸਿਆਂ ਦੀ ਦੁਰਵਰਤੋਂ ਕਰਨਾ ਹੈ। ਮੱਲ੍ਹੀ ਪਰਿਵਾਰ ਸੱਚ 'ਤੇ ਪਹਿਰਾ ਦੇ ਰਿਹਾ ਹੈ।

ਸਾਡੀ ਬੇਨਤੀ ਹੈ ਕਿ ਸੰਗਤ ਦੇ ਪੈਸੇ ਦੀ ਕੋਰਟਾਂ ਵਿਚ ਦੁਰਵਰਤੋਂ ਨਾ ਕਰੋ, ਜੋ ਸੰਗਤ ਦਾ ਪੈਸਾ ਹੈ, ਉਹ ਗੁਰਦੁਆਰੇ ਦੇ ਕਾਰਜਾਂ ਵਿਚ ਲਗਾਇਆ ਜਾਵੇ। ਇਹ ਗੁਰਦੁਆਰਾ ਹਮੇਸ਼ਾ ਤੋਂ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਹੇਠ ਚਲਦਾ ਆ ਰਿਹਾ ਜੋ ਗੁਰੂ ਮਰਿਆਦਾ ਹੈ। ਸੰਗਤ ਚਾਹੁੰਦੀ ਹੈ, ਜੋ ਵੀ ਫੈਸਲਾ ਹੋਵੇ, ਪੰਜ ਸਿੰਘ ਸਾਹਿਬਾਨ ਦੀ ਅਗਵਾਈ ਹੇਠ ਕੀਤਾ ਜਾਵੇ।

**ਵਲੋਂ: ਸਤਨਾਮ ਸਿੰਘ, ਫੋਨ: 415-640-0309**

**ਅਤੇ ਸਮੂਹ ਸਾਧ ਸੰਗਤ**

Paid Advt.

APPZORRO
EXPRESSIVE APPS FOR BE TTER FUTURE

Well-Crafted Low-Cost
High Quality Websites
For your Small Business

VIDUR GUPTA
vidur@appzorro.com
408.666.7308

MOKSH MODI
moksh@appzorro.com
408.799.8745

www.appzorro.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ ਪੰਜਾਬ ਟਾਈਮਜ਼




ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।
ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪਾਠਕਾਂ ਨੂੰ ਬੇਨਤੀ: ਸੂਝਵਾਨ ਤੇ ਸੁਹਿਰਦ ਪਾਠਕਾਂ ਜੋ ਚਾਹੁੰਦੇ ਹਨ ਕਿ ਪੰਜਾਬ ਟਾਈਮਜ਼ ਸਾਬਤ ਕਦਮੀਂ ਅੱਗੇ ਵਧਦਾ ਰਹੇ, ਨੂੰ ਬੇਨਤੀ ਹੈ ਕਿ ਜਿਨ੍ਹਾਂ ਵਿਗਿਆਪਕਾਂ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ਉਤੇ ਜ਼ੋਰ ਪਾਉਣ ਕਿ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਜ਼ਰੂਰ ਦਿੱਤਾ ਜਾਵੇ।

ਫੋਨ: 847-359-0746 Email: punjabtimes1@gmail.com www.punjabtimesusa.com

# ਨਸ਼ਾ ਵਿਰੋਧੀ ਮੁਹਿੰਮ: ਕੈਪਟਨ ਵੀ ਬਾਦਲਾਂ ਵਾਲੇ ਰਾਹ 'ਤੇ

**ਬਠਿੰਡਾ:** ਕੈਪਟਨ ਸਰਕਾਰ ਵੱਲੋਂ 'ਨਸ਼ਾ ਮੁਕਤ ਪੰਜਾਬ' ਮੁਹਿੰਮ ਤਹਿਤ ਨਸ਼ੇੜੀਆਂ ਨੂੰ ਤੇਜ਼ੀ ਨਾਲ ਜੇਲ੍ਹੀਂ ਤੁੰਨਿਆ ਜਾ ਰਿਹਾ ਹੈ ਪਰ ਵੱਡੇ ਤਸਕਰ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਉਂਜ ਇਨ੍ਹਾਂ ਨਸ਼ੇੜੀਆਂ ਦੀਆਂ ਅਦਾਲਤਾਂ ਵਿਚੋਂ ਹੱਥੋ-ਹੱਥ ਜ਼ਮਾਨਤਾਂ ਹੋ ਰਹੀਆਂ ਹਨ।

ਕੈਪਟਨ ਸਰਕਾਰ ਦੇ ਪਹਿਲੇ 100 ਦਿਨਾਂ ਦੌਰਾਨ ਨਸ਼ਿਆਂ ਦੇ ਪਰਚੂਨ ਵਪਾਰੀ ਅਤੇ ਨਸ਼ੇੜੀ ਹੀ ਜੇਲ੍ਹਾਂ ਵਿਚ ਬੰਦ ਕੀਤੇ ਗਏ ਹਨ। ਨਵੀਂ ਸਰਕਾਰ ਦੇ ਪਹਿਲੇ 100 ਦਿਨਾਂ ਦੌਰਾਨ ਬਠਿੰਡਾ ਜ਼ੋਨ ਵਿਚ ਐਨ.ਡੀ.ਪੀ.ਐਸ. ਐਕਟ ਤਹਿਤ 886 ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਤਹਿਤ 1108 ਮੁਲਜ਼ਮ ਗ੍ਰਿਫਤਾਰ ਕੀਤੇ ਗਏ ਹਨ। ਪੁਲਿਸ ਨੇ ਭਾਵੇਂ ਇਕ ਨਾਇਜੀਰੀਅਨ ਤੋਂ ਬਿਨਾਂ 100 ਦਿਨਾਂ ਵਿਚ ਪੰਜ ਕਿਲੋ ਹੈਰੋਇਨ ਫੜੀ ਹੈ ਪਰ ਵੱਡੇ ਤਸਕਰ ਜੇਲ੍ਹਾਂ ਤੋਂ ਬਾਹਰ ਹੀ ਹਨ।

### ਨਸ਼ੇੜੀਆਂ ਨੂੰ ਜੇਲ੍ਹੀਂ ਤੁੰਨਣ 'ਤੇ ਹੀ ਲਾਇਆ ਜ਼ੋਰ



ਬਠਿੰਡਾ ਪੁਲਿਸ ਨੇ ਸੌ ਦਿਨਾਂ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 207 ਕੇਸ ਦਰਜ ਕੀਤੇ ਹਨ ਤੇ 260 ਮੁਲਜ਼ਮ ਗ੍ਰਿਫਤਾਰ ਕੀਤੇ ਹਨ। ਜੇਲ੍ਹਾਂ ਵਿਚ 250 ਨਵੇਂ ਹਵਾਲਾਤੀ ਬੰਦ ਕੀਤੇ ਹਨ। ਜੇਲ੍ਹ ਸੁਪਰਡੈਂਟ ਜੋਗਾ ਸਿੰਘ ਨੇ ਦੱਸਿਆ ਕਿ ਐਨ.ਡੀ.ਪੀ.ਐਸ. ਐਕਟ ਵਾਲੇ ਕੇਸਾਂ ਤੋਂ ਬਿਨਾਂ ਐਕਸਾਈਜ਼ ਐਕਟ ਤਹਿਤ ਜ਼ਿਆਦਾ ਹਵਾਲਾਤੀ ਬੰਦ ਹਨ, ਜਿਨ੍ਹਾਂ ਦੀ ਜ਼ਮਾਨਤ ਛੇਤੀ ਹੋ ਜਾਂਦੀ ਹੈ। ਮੁਕਤਸਰ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਦੋ ਮਹੀਨਿਆਂ ਵਿਚ 85 ਮੁਲਜ਼ਮ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੇਸਾਂ ਵਿਚ ਬੰਦ ਹਨ। ਜੇਲ੍ਹ ਸੁਪਰਡੈਂਟ ਸ਼ਿਵਰਾਜ ਸਿੰਘ ਨੇ ਦੱਸਿਆ ਕਿ ਜੇਲ੍ਹ ਵਿਚ ਕੁੱਲ 525 ਬੰਦੀ ਹਨ। ਮਾਨਸਾ ਦੇ ਜੇਲ੍ਹ ਸੁਪਰਡੈਂਟ ਨੇ ਦੱਸਿਆ ਕਿ ਉਨ੍ਹਾਂ ਦੀ ਜੇਲ੍ਹ ਵਿਚ 100 ਦਿਨਾਂ ਦੌਰਾਨ ਐਨ.ਡੀ. ਪੀ.ਐਸ. ਐਕਟ ਵਾਲੇ 30 ਬੰਦੀ ਹੀ ਆਏ ਹਨ। ਫਿਰੋਜ਼ਪੁਰ ਜੇਲ੍ਹ ਵਿਚ ਐਨ.ਡੀ. ਪੀ.ਐਸ. ਐਕਟ ਕੇਸਾਂ ਵਿਚ 50 ਬੰਦੀ ਆਏ ਹਨ। ਪੁਲਿਸ ਨੇ ਇਨ੍ਹਾਂ 100 ਦਿਨਾਂ ਦੌਰਾਨ 1108 ਮੁਲਜ਼ਮ ਫੜਨ ਦੀ ਗੱਲ ਆਖੀ ਹੈ। ਫੌਜਦਾਰੀ ਕੇਸਾਂ ਦੇ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਪੁਲਿਸ ਵੱਲੋਂ ਜ਼ਿਆਦਾ 'ਨਾਨ ਕਮਰਸ਼ੀਅਲ' ਕੇਸ ਦਰਜ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਅਦਾਲਤ ਵਿਚੋਂ ਇਕ ਮਹੀਨੇ ਵਿਚ ਜ਼ਮਾਨਤ ਹੋ ਜਾਂਦੀ ਹੈ। ਬਠਿੰਡਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਉਨ੍ਹਾਂ ਨੇ 100 ਦਿਨਾਂ ਦੌਰਾਨ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਦਿੱਲੀ ਤੋਂ ਸਪਲਾਈ ਦੇਣ ਵਾਲੇ ਦੋ ਨਾਇਜੀਰੀਅਨ ਫੜੇ ਹਨ। 51 ਕਿਲੋਗ੍ਰਾਮ ਅਫੀਮ ਤੇ 54 ਕੁਇੰਟਲ ਭੁੱਕੀ ਫੜੀ ਹੈ। ਅੰਤਰਰਾਜੀ ਸੀਮਾ 'ਤੇ ਦਿਨ-ਰਾਤ ਪਹਿਰਾ ਲਾ ਕੇ ਤਸਕਰਾਂ ਦਾ ਤਾਲਮੇਲ ਤੋੜਿਆ ਹੈ।

### ਐਸ.ਟੀ.ਐਫ. ਵੱਲੋਂ ਸਿਆਸੀ ਆਗੂਆਂ ਨੂੰ ਟੰਗਣ ਦੀ ਤਿਆਰੀ

**ਜਲੰਧਰ:** ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੇ ਨਸ਼ਿਆਂ ਤੇ ਅਸਲੇ ਸਮੇਤ ਫੜੇ ਪੰਜਾਬ ਪੁਲਿਸ ਦੇ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀਆਂ ਜਾਇਦਾਦਾਂ ਅਤੇ ਉਸ ਦੀ ਸਿਆਸੀ ਆਗੂਆਂ ਸਮੇਤ ਵੱਡੇ ਪੁਲਿਸ ਅਫਸਰਾਂ ਨਾਲ ਨੇੜਤਾ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਐਸ.ਟੀ.ਐਫ. ਵੱਲੋਂ ਇੰਦਰਜੀਤ ਕੋਲੋਂ ਨਸ਼ਿਆਂ ਬਾਰੇ ਕੀਤੀ ਪੁੱਛ-ਪੜਤਾਲ ਨੂੰ ਅੱਗੇ ਤੋਰੇ ਜਾਣ ਤੋਂ ਪੁਲਿਸ ਦਾ ਇਕ ਵੱਡਾ ਧੜਾ ਨਾਰਾਜ਼ ਚੱਲ ਰਿਹਾ ਹੈ। ਨਾਰਾਜ਼ ਧੜਾ ਦਲੀਲਾਂ ਦੇ ਰਿਹਾ ਹੈ ਕਿ ਜੇ ਇੰਦਰਜੀਤ ਮਾਮਲੇ ਨਾਲ ਵੱਡੇ ਅਫਸਰ ਲਪੇਟੇ ਵਿਚ ਆਉਂਦੇ ਹਨ ਤਾਂ ਪੰਜਾਬ ਪੁਲਿਸ ਦੀ ਬਦਨਾਮੀ ਹੋਵੇਗੀ ਤੇ ਕੈਪਟਨ ਸਰਕਾਰ ਦੇ ਅਕਸ ਨੂੰ ਖੋਰਾ ਲੱਗੇਗਾ। ਪੰਜਾਬ ਪੁਲਿਸ ਦਾ ਦੂਜਾ ਧੜਾ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਇਸ ਦਾ ਦਾਇਰਾ ਹੋਰ ਵੱਡਾ ਕਰਨ ਦੇ ਪੱਖ ਵਿਚ ਹੈ ਤਾਂ ਜੋ ਇਮਾਨਦਾਰ ਪੁਲਿਸ ਅਫਸਰਾਂ ਦੀ ਨਿਸ਼ਾਨਦੇਹੀ ਹੋ ਸਕੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਐਸ.ਟੀ.ਐਫ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੂੰ ਜਿਸ ਤਰ੍ਹਾਂ ਬਾਰਡਰ ਰੇਂਜ ਦਾ ਵਾਧੂ ਚਾਰਜ ਦਿੱਤਾ ਗਿਆ ਹੈ, ਉਸ ਨਾਲ ਉਨ੍ਹਾਂ ਪੁਲਿਸ ਅਫਸਰਾਂ ਨੂੰ ਵੱਡਾ ਝਟਕਾ ਲੱਗਿਆ ਹੈ, ਜਿਹੜੇ ਇੰਦਰਜੀਤ ਮਾਮਲੇ ਨੂੰ ਠੱਪ ਕਰਵਾਉਣ ਲਈ ਜ਼ੋਰ ਲਾ ਰਹੇ ਸਨ। ਐਸ.ਟੀ.ਐਫ. ਨੇ ਇੰਦਰਜੀਤ ਦੀਆਂ ਜਾਇਦਾਦਾਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ ਹੈ।

## ਕੈਲੀਫੋਰਨੀਆ ਪੁਲਿਸ ਵੱਲੋਂ ਕੁਰਾਲੀ ਵਾਲਾ ਬਾਬਾ ਕਾਬੂ

**ਮਾਡੈਸਟੋ:** ਮਾਡੈਸਟੋ ਨੇੜੇ ਡੇਰਾ ਬਣਾਈ ਬੈਠੇ ਬਾਬਾ ਬਲਵਿੰਦਰ ਸਿੰਘ (ਕੁਰਾਲੀ ਵਾਲੇ) ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਉਸ ਉਤੇ ਆਪਣੇ ਸਾਥੀ ਉਂਕਾਰ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਅਤੇ ਤਾਕਤ ਦੀ ਦੁਰਵਰਤੋਂ ਕਰ ਕੇ ਕੁਝ ਹਥਿਆਉਣ ਦੇ ਦੋਸ਼ਾਂ ਤਹਿਤ ਕੈਲੀਫੋਰਨੀਆ ਪੀਨਲ ਕੋਡ ਦੀ ਧਾਰਾ 422 ਤੇ 518 ਅਧੀਨ ਕੇਸ ਦਰਜ ਕੀਤਾ ਗਿਆ ਹੈ। ਕੁਝ ਹੋਰ ਪੀੜਤਾਂ ਵੱਲੋਂ ਵੀ ਬਾਬੇ ਖਿਲਾਫ ਪੁਲਿਸ ਨੂੰ ਸ਼ਿਕਾਇਤਾਂ ਭੇਜੀਆਂ ਗਈਆਂ ਹਨ।

## ਪਾਕਿ ਵੱਲੋਂ ਜਮਾਤ-ਉਦ-ਦਾਵਾ ਦੇ ਫਰੰਟ ਤਾਜਕ ਉਤੇ ਪਾਬੰਦੀ

**ਇਸਲਾਮਾਬਾਦ:** ਕੌਮਾਂਤਰੀ ਦਬਾਅ ਕਾਰਨ ਪਾਕਿਸਤਾਨ ਨੇ ਹਾਫਿਜ਼ ਸਈਦ ਦੀ ਜਮਾਤ-ਉਦ-ਦਾਵਾ ਦੇ ਇਕ ਨਵੇਂ ਫਰੰਟ ਤਹਿਰੀਕ-ਏ-ਆਜ਼ਾਦੀ ਜੰਮੂ ਤੇ ਕਸ਼ਮੀਰ (ਤਾਜਕ) ਉਤੇ ਪਾਬੰਦੀ ਲਗਾ ਦਿੱਤੀ ਹੈ।

ਦੱਸਣਯੋਗ ਹੈ ਕਿ ਸਈਦ ਨੂੰ ਲਾਹੌਰ ਵਿਚ 90 ਦਿਨਾਂ ਲਈ ਨਜ਼ਰਬੰਦ ਕੀਤੇ ਜਾਣ ਦੇ ਕੁਝ ਦਿਨਾਂ ਬਾਅਦ 5 ਫਰਵਰੀ ਨੂੰ 'ਕਸ਼ਮੀਰ ਦਿਹਾੜੇ' ਮੌਕੇ ਤਾਜਕ ਵੱਲੋਂ ਪੂਰੇ ਪਾਕਿਸਤਾਨ ਵਿਚ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿਚ ਰੈਲੀਆਂ ਕੀਤੀਆਂ ਗਈਆਂ ਸਨ ਤੇ ਇਸ ਬਾਅਦ ਜੇ. ਯੂ. ਡੀ. ਦਾ ਇਹ ਫਰੰਟ ਚਰਚਾ ਵਿਚ ਆ ਗਿਆ ਸੀ। ਪਾਬੰਦੀ ਵਾਲੀ ਸੂਚੀ ਵਿਚ ਜੈਸ਼-ਏ-ਮੁਹੰਮਦ, ਅਲ-ਕਾਇਦਾ, ਤਹਿਰੀਕ-ਏ-ਤਾਲਿਬਾਨ ਤੇ ਜੇ. ਯੂ.ਡੀ. ਦੇ ਹਥਿਆਰਬੰਦ ਵਿੰਗ ਲਸ਼ਕਰੇ-ਤੋਇਬਾ ਸਮੇਤ 64 ਹੋਰ ਜਥੇਬੰਦੀਆਂ ਦੇ ਨਾਂ ਸ਼ਾਮਲ ਹਨ।

## ਅਨੰਦਪੁਰ ਸਾਹਿਬ 'ਚ ਸੈਲਾਨੀਆਂ ਦੀ ਰਿਕਾਰਡ ਆਮਦ

**ਸ੍ਰੀ ਅਨੰਦਪੁਰ ਸਾਹਿਬ:** ਇਸ ਵਾਰ ਗਰਮੀਆਂ ਦੀ ਛੁੱਟੀਆਂ ਵਿਚ ਵੱਡੀ ਗਿਣਤੀ ਸੈਲਾਨੀਆਂ ਨੇ ਸ੍ਰੀ ਆਨੰਦਪੁਰ ਸਾਹਿਬ ਵੱਲ ਰੁਖ ਕੀਤਾ। ਇਕ ਅੰਦਾਜ਼ੇ ਮੁਤਾਬਕ ਇਸ ਵਾਰ ਇਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਦੇ ਸਾਰੇ ਰਿਕਾਰਡ ਟੁੱਟ ਗਏ ਹਨ। ਹਾਲਾਂਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਹਰ ਰੋਜ਼ ਇਥੇ ਹਜ਼ਾਰਾਂ ਸੈਲਾਨੀ ਵੱਖ-ਵੱਖ ਸਾਧਨਾਂ ਰਾਹੀਂ ਪਹੁੰਚਦੇ ਹਨ। ਇਸ ਵਾਰ ਇਤਿਹਾਸਕ ਨਗਰੀ ਦੀਆਂ ਜਿਥੇ ਸਾਰੀਆਂ ਹੀ ਸਰਾਵਾਂ ਬੁੱਕ ਰਹੀਆਂ, ਉਥੇ ਹੀ ਸ਼ਹਿਰ ਦੇ ਹੋਟਲਾਂ ਵਿਚ ਵੀ ਕਮਰਿਆਂ ਦੀ ਆਨਲਾਈਨ ਅਗਾਊਂ ਬੁਕਿੰਗ ਚੱਲਦੀ ਰਹੀ।

ਅੰਕੜਿਆਂ ਮੁਤਾਬਕ ਪਿਛਲੇ ਸਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜੂਨ ਮਹੀਨੇ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਗੋਲਕ ਵਿਚ ਦੋ ਕਰੋੜ ਰੁਪਏ ਚੜ੍ਹਾਵਾ ਹੋਇਆ ਸੀ, ਜਿਸ



'ਚ ਇਸ ਵਾਰ ਕਰੀਬ 30 ਲੱਖ ਰੁਪਏ ਦਾ ਇਜ਼ਾਫਾ ਹੋਇਆ ਹੈ। ਲੰਗਰ ਹਾਲ ਵਿਚ ਵੀ ਸ਼ਰਧਾਲੂਆਂ ਦੀ ਭੀੜ ਲਗਾਤਾਰ ਬਣੀ ਰਹੀ।

ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਤਖਤ ਦੇ ਪ੍ਰਬੰਧਕਾਂ ਨੇ ਵੀ ਕੀਤੀ ਹੈ। ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਕਿਹਾ ਕਿ ਇਸ ਵਾਰ ਸੈਲਾਨੀਆਂ ਵਿਚ ਕਾਫੀ ਉਤਸ਼ਾਹ ਦੇਖਿਆ ਗਿਆ। ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਮਨਾਲੀ, ਧਰਮਸ਼ਾਲਾ, ਮਨੀਕਰਨ, ਮੈਕਲੋਡਗੰਜ ਤੇ ਹੋਰ ਸੈਰਗਾਹਾਂ ਨੂੰ ਜਾਣ ਵਾਲੇ ਸੈਲਾਨੀ ਸ੍ਰੀ ਆਨੰਦਪੁਰ ਸਾਹਿਬ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਦੇਖਣ ਲਈ ਪਹੁੰਚੇ।

# ਸਰਹੱਦਾਂ ਦਾ ਮੁੱਦਾ: ਭਾਰਤ ਤੇ ਚੀਨ ਵਿਚਕਾਰ ਤਣਾਅ ਹੋਰ ਵਧਿਆ

**ਨਵੀਂ ਦਿੱਲੀ:** ਚੀਨ ਤੇ ਭਾਰਤ ਦੀ ਸਰਹੱਦ 'ਤੇ ਇਕਦਮ ਤਣਾਅ ਵਧ ਗਿਆ ਹੈ। ਦੋਵਾਂ ਦੇਸ਼ਾਂ ਦੀਆਂ ਫੌਜਾਂ ਆਹਮੋ-ਸਾਹਮਣੇ ਹਨ। ਭਾਰਤ ਨੇ ਚੀਨ ਨਾਲ ਲੱਗਦੀ ਸਰਹੱਦ 'ਤੇ ਵੱਡੀ ਗਿਣਤੀ ਵਿਚ ਫੌਜ ਤਾਇਨਾਤ ਕਰ ਦਿੱਤੀ ਹੈ। ਕੁਝ ਚੀਨੀ ਮਾਹਰਾਂ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਹਾਲਾਤ ਇਹ ਰਹੇ ਤਾਂ ਦੋਵਾਂ ਦੇਸ਼ਾਂ ਵਿਚ ਛੇਤੀ ਹੀ ਜੰਗ ਲੱਗ ਸਕਦੀ ਹੈ।

ਦੋਵਾਂ ਦੇਸ਼ਾਂ ਨੇ ਪਿਛਲੇ ਹਫਤੇ ਇਕ ਦੂਜੇ 'ਤੇ ਸਰਹੱਦ ਪਾਰ ਕਰ ਕੇ ਇਕ-ਦੂਜੇ ਦੇ ਇਲਾਕੇ ਵਿਚ ਘੁਸਪੈਠ ਕਰਨ ਦੇ ਦੋਸ਼ ਲਾਏ ਸਨ। ਇਸ ਤਣਾਅ ਵਿਚ ਚੀਨ ਨੇ 1962 ਦੀ ਜੰਗ ਦਾ ਅਸਿੱਧਾ ਹਵਾਲਾ ਦਿੰਦਿਆਂ ਚਿਤਾਵਨੀ ਦਿੱਤੀ ਸੀ ਕਿ ਭਾਰਤੀ ਥਲ ਸੈਨਾ ਨੂੰ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਚੀਨੀ ਫੌਜੀਆਂ ਵੱਲੋਂ ਭਾਰਤ ਸਰਹੱਦ ਵਿਚ ਦਾਖਲ ਹੋ ਕੇ ਕੁਝ ਚੌਕੀਆਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਖਬਰਾਂ ਆਈਆਂ ਸਨ।

### ਚੀਨੀ ਮਾਹਰਾਂ ਵੱਲੋਂ ਜੰਗ ਲੱਗਣ ਦਾ ਖਦਸ਼ਾ ਜ਼ਾਹਰ



ਚੀਨ ਨੇ ਭਾਰਤ ਨੂੰ ਸਿੱਕਮ ਸੈਕਟਰ ਵਿਚੋਂ ਆਪਣੇ ਫੌਜੀ ਵਾਪਸ ਬੁਲਾਉਣ ਲਈ ਕਿਹਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਡੋਂਗਲਾਂਗ ਇਲਾਕੇ ਵਿਚ ਭਾਰਤ ਦੀ ਘੁਸਪੈਠ ਦੀ ਤਸਵੀਰ ਵੀ ਦਿਖਾਈ ਅਤੇ ਕਿਹਾ ਕਿ ਇਸ ਵਿਵਾਦ, ਜਿਸ ਕਾਰਨ ਜ਼ਮੀਨੀ ਪੱਧਰ ਉਤੇ ਫੌਜੀਆਂ ਵਿਚਾਲੇ ਆਹਮੋ-ਸਾਹਮਣੇ ਵਾਲੀ ਸਥਿਤੀ ਪੈਦਾ ਹੋਈ, ਦਾ ਹੱਲ ਸਿਰਫ ਇਸ ਇਲਾਕੇ ਤੋਂ ਭਾਰਤੀ ਫੌਜੀਆਂ ਦੀ ਵਾਪਸੀ ਰਾਹੀਂ ਹੀ ਨਿਕਲ ਸਕਦਾ ਹੈ। ਦੂਜੇ ਪਾਸੇ ਭਾਰਤੀ ਥਲ ਸੈਨਾ ਮੁਖੀ ਬਿਪਿਨ ਰਾਵਤ ਦੀਆਂ ਭਾਰਤ ਦੇ ਜੰਗ ਲਈ ਤਿਆਰ ਹੋਣ ਦੀਆਂ ਟਿੱਪਣੀਆਂ ਨੂੰ ਚੀਨੀ ਫੌਜ ਨੇ ਗੈਰ ਜ਼ਿੰਮੇਵਾਰਾਨਾ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਜੰਗ ਲਈ ਰੌਲਾ ਪਾਉਣ ਤੋਂ ਬਚਣਾ ਚਾਹੀਦਾ ਹੈ। ਇਹ ਖਬਰ ਹੈ ਕਿ ਚੀਨੀ ਥਲ ਸੈਨਾ ਨੇ ਭਾਰਤ ਸਰਹੱਦ ਨੇੜੇ ਤਿੱਬਤ ਵਿਚ ਹਲਕੇ ਲੜਾਕੂ ਟੈਂਕ ਦੀ ਅਜ਼ਮਾਇਸ਼ ਕੀਤੀ ਹੈ।

ਇਸ ਤੋਂ ਪਹਿਲਾਂ ਚੀਨ ਨੇ ਕਿਹਾ ਸੀ ਕਿ ਸਿੱਕਮ ਸੈਕਟਰ ਵਿਚ ਡੋਂਗਲੈਂਗ ਖਿੱਤੇ ਵਿਚ ਉਸ ਵੱਲੋਂ ਇਕ ਸੜਕ ਦੀ ਉਸਾਰੀ ਬਿਲਕੁਲ ਜਾਇਜ਼ ਕੰਮ ਹੈ ਕਿਉਂਕਿ ਇਹ ਸੜਕ ਚੀਨੀ ਖੇਤਰ ਵਿਚ ਪੈਂਦੀ ਹੈ। ਦੂਜੇ ਪਾਸੇ ਭਾਰਤੀ ਫੌਜੀ ਦਸਤੇ ਇਸ ਖੇਤਰ ਨੂੰ ਆਪਣਾ ਇਲਾਕਾ ਮੰਨਦੇ ਹਨ। ਉਹ ਜਿਸ ਇਲਾਕੇ ਵਿਚ ਮੋਰਚਾ ਲਾਈ ਬੈਠੇ ਹਨ, ਉਸ ਨੂੰ ਚੀਨ ਆਪਣਾ ਖੇਤਰ ਦੱਸ ਰਿਹਾ ਹੈ। ਚੀਨ ਸਰਕਾਰ ਦੇ ਤਰਜਮਾਨ ਲਗਾਤਾਰ ਦੋਸ਼ ਲਾ ਰਹੇ ਹਨ ਕਿ ਭਾਰਤੀ ਫੌਜੀ, ਸਰਹੱਦ ਦੀ ਉਲੰਘਣਾ ਕਰ ਕੇ ਉਸ ਦੇ ਇਲਾਕੇ ਵਿਚ ਘੁਸੇ ਬੈਠੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿਛਲੇ ਸਾਲ ਦਾਅਵਾ ਕੀਤਾ ਸੀ ਕਿ ਭਾਰਤ-ਚੀਨ ਸਰਹੱਦ 'ਤੇ ਪਿਛਲੇ 40 ਸਾਲਾਂ ਦੌਰਾਨ ਇਕ ਵੀ ਗੋਲੀ ਨਹੀਂ ਚੱਲੀ। ਅਜਿਹੀ ਸਥਿਤੀ ਦੀ ਮੁੱਖ ਵਜ੍ਹਾ ਇਹ ਹੈ ਕਿ ਦੋਵਾਂ ਦੇਸ਼ਾਂ ਨੇ ਸਰਹੱਦੀ ਖਹਿਬਾਜ਼ੀ ਜਾਂ ਅਸਲ ਕੰਟਰੋਲ ਰੇਖਾ (ਐਲ.ਏ.ਸੀ.) ਦੀ ਉਲੰਘਣਾ ਦੀ ਸੂਰਤ ਵਿਚ ਵੀ ਹਥਿਆਰ ਨਾ ਵਰਤਣ ਦਾ ਅਹਿਦ ਜ਼ੁਬਾਨੀ-ਕਲਾਮੀ ਲਿਆ ਹੋਇਆ ਹੈ ਅਤੇ ਉਸ ਅਹਿਦ ਦੀ ਹੁਣ ਤੱਕ ਪਾਲਣਾ ਕੀਤੀ ਜਾ ਰਹੀ ਸੀ। ਪਿਛਲੇ ਤਿੰਨ ਸਾਲਾਂ ਦੌਰਾਨ ਭਾਰਤ ਤੇ ਚੀਨ ਦੇ ਸਬੰਧਾਂ ਵਿਚ ਵੱਖ-ਵੱਖ ਕਾਰਨਾਂ ਕਰ ਕੇ ਤਰੇੜਾਂ ਉਭਰਦੀਆਂ ਆ ਰਹੀਆਂ ਹਨ। ਚੀਨ ਵਿਚ ਇਹ ਸੰਸੇ ਵਧਦੇ ਜਾ ਰਹੇ ਹਨ ਕਿ ਦੁਨੀਆਂ ਵਿਚ ਉਸ ਦੇ ਅਸਰ-ਰਸੂਖ ਦਾ ਪਸਾਰ ਵਧਣ ਤੋਂ ਰੋਕਣ ਦੀ ਅਮਰੀਕੀ ਰਣਨੀਤੀ ਵਿਚ ਭਾਰਤ ਸਰਗਰਮ ਭਾਈਵਾਲ ਬਣਦਾ ਜਾ ਰਿਹਾ ਹੈ।

ਦੂਜੇ ਪਾਸੇ ਨਵੀਂ ਦਿੱਲੀ ਇਹ ਮਹਿਸੂਸ ਕਰਦਾ ਹੈ ਕਿ ਚੀਨ, ਦੱਖਣੀ ਏਸ਼ੀਆ ਵਿਚ ਭਾਰਤ ਦੇ ਸਾਰੇ ਗੁਆਂਢੀਆਂ ਨਾਲ ਡੂੰਘੇ ਆਰਥਿਕ ਸਬੰਧ ਬਣਾ ਕੇ ਭਾਰਤ ਦੁਆਲੇ ਘੇਰਾਬੰਦੀ ਕਰ ਰਿਹਾ ਹੈ। ਪਾਕਿਸਤਾਨ ਵਿਚ ਗਵਾਦਰ, ਸ੍ਰੀਲੰਕਾ ਵਿਚ ਹੰਬਨਟੋਟਾ, ਮਿਆਂਮਾਰ ਵਿਚ ਯੈਂਗੋਨ ਅਤੇ ਬੰਗਲਾਦੇਸ਼, ਚਿਟਾਗਾਂਗ ਵਿਚ ਚੀਨੀ ਸਰਮਾਏ ਨਾਲ ਨਵੀਆਂ ਬੰਦਰਗਾਹਾਂ ਦੀ ਉਸਾਰੀ ਅਤੇ ਉਥੇ ਚੀਨੀ ਜਲ ਸੈਨਿਕ ਜਹਾਜ਼ਾਂ ਦੇ ਕਿਆਮ ਦੀ ਵਿਵਸਥਾ ਭਾਰਤੀ ਵਿਦੇਸ਼ ਦਫ਼ਤਰ ਨੂੰ ਭਾਰਤੀ ਹਿੱਤਾਂ ਲਈ ਤਕੜੀ ਭਵਿੱਖੀ ਸਿਰਦਰਦੀ ਜਾਪਦੀ ਹੈ।

### 1962 ਨਾਲੋਂ 2017 ਦਾ ਭਾਰਤ ਵੱਖਰਾ: ਜੇਤਲੀ

**ਨਵੀਂ ਦਿੱਲੀ:** ਭਾਰਤੀ ਫੌਜ ਨੂੰ 'ਇਤਿਹਾਸ ਤੋਂ ਸਬਕ' ਸਿੱਖਣ ਬਾਰੇ ਕਹਿਣ ਵਾਲੇ ਚੀਨ 'ਤੇ ਕੇਂਦਰੀ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਮੋੜਵਾਂ ਵਾਰ ਕਰਦਿਆਂ ਕਿਹਾ ਕਿ 1962 ਨਾਲੋਂ 2017 ਦਾ ਭਾਰਤ ਵੱਖਰਾ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਸਿੱਕਮ ਸੈਕਟਰ ਵਿਚ ਭਾਰਤੀ ਤੇ ਚੀਨੀ ਫੌਜੀਆਂ ਵਿਚਾਲੇ ਤਣਾਅ ਪੇਈਚਿੰਗ ਨੇ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭੂਟਾਨ ਨੇ ਸਪੱਸ਼ਟ ਕੀਤਾ ਹੈ ਕਿ ਰੌਲੇ ਵਾਲੀ ਜਗ੍ਹਾ ਉਸ ਦੀ ਹੈ।

### ਫੌਜੀ ਹਟਾਏ ਜਾਣ ਬਾਅਦ ਹੀ ਹੋਵੇਗੀ ਗੱਲਬਾਤ: ਚੀਨ

**ਪੇਈਚਿੰਗ:** ਚੀਨ ਨੇ ਕਿਹਾ ਹੈ ਕਿ ਸਿੱਕਮ ਸੈਕਟਰ ਵਿਚ ਤਣਾਅ ਉਤੇ ਭਾਰਤ ਨਾਲ ਅਰਥ-ਭਰਪੂਰ ਗੱਲਬਾਤ ਲਈ ਸਫਾਰਤੀ ਰਾਹ ਖੁੱਲ੍ਹੇ ਹਨ ਪਰ ਪਹਿਲਾਂ ਭਾਰਤ ਡੋਕਲਾਮ ਇਲਾਕੇ 'ਚੋਂ ਆਪਣੇ ਫੌਜੀ ਹਟਾਵੇ ਕਿਉਂਕਿ ਉਸ 'ਤੇ ਚੀਨ ਦੀ 'ਨਿਰਵਿਵਾਦ ਪ੍ਰਭੂਸੱਤਾ' ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਕਿਹਾ ਕਿ ਚੀਨ ਤੇ ਭਾਰਤ ਦਰਮਿਆਨ ਮਿਥੀ ਸੀਮਾ ਭਾਰਤੀ ਜਵਾਨਾਂ ਨੇ 18 ਜੂਨ ਨੂੰ ਲੰਘੀ ਸੀ।

### ਚੀਨ ਵੱਲੋਂ ਵਿਵਾਦਤ ਨਕਸ਼ਾ ਜਾਰੀ


**ਨਵੀਂ ਦਿੱਲੀ:** ਚੀਨ ਨੇ ਇਕ ਨਵਾਂ ਵਿਵਾਦਤ ਨਕਸ਼ਾ ਜਾਰੀ ਕਰ ਕੇ ਉਸ ਇਲਾਕੇ ਨੂੰ ਆਪਣਾ ਦੱਸਿਆ ਹੈ, ਜਿਥੇ ਦੋਵਾਂ ਦੇਸ਼ਾਂ ਦੀਆਂ ਫੌਜਾਂ 'ਚ ਵਿਵਾਦ ਚੱਲ ਰਿਹਾ ਹੈ। ਨਵੇਂ ਨਕਸ਼ੇ 'ਚ ਚੀਨ ਨੇ ਭਾਰਤ-ਚੀਨ-ਭੂਟਾਨ ਜੰਕਸ਼ਨ 'ਤੇ ਵੀ ਆਪਣਾ ਦਾਅਵਾ ਕੀਤਾ ਹੈ। ਨਕਸ਼ੇ ਦੇ ਸਾਹਮਣੇ ਆਉਣ ਨਾਲ ਭਾਰਤ-ਚੀਨ ਵਿਚਾਲੇ ਵਿਵਾਦ ਹੋਰ ਵਧ ਸਕਦਾ ਹੈ।

# ਡੋਨਲਡ ਟਰੰਪ ਨੇ ਆਖਰ ਰੋਕ ਹੀ ਲਿਆ ਵਿਦੇਸ਼ੀਆਂ ਦਾ ਰਾਹ

## ਨਵੇਂ ਮਾਪਦੰਡਾਂ ਨੂੰ ਅੰਤਿਮ ਛੋਹ ਦੇਣ ਵਿਚ ਜੁਟਿਆ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਛੇ ਮੁਸਲਿਮ ਦੇਸ਼ਾਂ ਉਤੇ ਲਾਈ ਪਾਬੰਦੀ ਲਾਗੂ ਕਰ ਦਿੱਤੀ ਗਈ ਹੈ। ਇਸ ਵਾਸਤੇ ਟਰੰਪ ਪ੍ਰਸ਼ਾਸਨ ਨੂੰ ਮਨੁੱਖੀ ਅਧਿਕਾਰਾਂ ਬਾਰੇ ਗਰੁੱਪਾਂ ਨਾਲ ਪੰਜ ਮਹੀਨੇ ਲੜਾਈ ਲੜਨੀ ਪਈ ਹੈ।

ਟਰੰਪ ਨੇ ਈਰਾਨ, ਲੀਬੀਆ, ਸੋਮਾਲੀਆ, ਸੂਡਾਨ, ਸੀਰੀਆ ਤੇ ਯਮਨ ਦੇ ਨਾਗਰਿਕਾਂ ਉਤੇ ਯਾਤਰਾ ਦੀ ਪਾਬੰਦੀ ਸਬੰਧੀ ਕਾਨੂੰਨ ਪਾਸ ਕੀਤਾ ਸੀ। ਇਸ ਨੂੰ ਅਮਰੀਕੀ ਅਦਾਲਤਾਂ ਨੇ ਰੱਦ ਕਰ ਦਿੱਤਾ ਸੀ। ਹੁਣ ਅਮਰੀਕੀ ਸੁਪਰੀਮ ਕੋਰਟ ਨੇ ਯਾਤਰਾ ਪਾਬੰਦੀ ਅਕਤੂਬਰ ਮਹੀਨੇ ਤੱਕ ਸਿਧਾਂਤਕ ਰੂਪ ਨਾਲ ਬਹਾਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਵਿਦੇਸ਼, ਨਿਆਂ ਤੇ ਅੰਦਰੂਨੀ ਸੁਰੱਖਿਆ ਮੰਤਰਾਲੇ ਨਵੇਂ ਮਾਪਦੰਡਾਂ ਨੂੰ ਅੰਤਿਮ ਰੂਪ ਦੇਣ ਵਿਚ ਲੱਗੇ ਹੋਏ ਹਨ। ਟਰੰਪ ਪ੍ਰਸ਼ਾਸਨ ਦੇ ਨਵੇਂ ਯਾਤਰਾ ਪਾਬੰਦੀ ਤੋਂ ਬਚਨ ਲਈ ਛੇ ਮੁਸਲਿਮ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਇਨ੍ਹਾਂ ਸ਼ਰਤਾਂ ਉਤੇ ਖਰਾ ਉਤਰਨਾ ਹੋਵੇਗਾ।




ਅਮਰੀਕੀ ਸੁਪਰੀਮ ਕੋਰਟ ਅਕਤੂਬਰ ਵਿਚ ਫਿਰ ਰਾਸ਼ਟਰਪਤੀ ਦੇ ਪਾਬੰਦੀ ਵਾਲੇ ਆਦੇਸ਼ ਨੂੰ ਬਣਾਈ ਰੱਖਣ ਜਾਂ ਫਿਰ ਰੱਦ ਕਰਨ ਦੇ ਫੈਸਲੇ ਉਤੇ ਗੌਰ ਕਰੇਗੀ। ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਮੁਲਕ ਵਿਚ ਅਤਿਵਾਦੀਆਂ ਦੇ ਦਾਖਲੇ ਨੂੰ ਰੋਕਣ ਲਈ ਇਹ ਆਰਜ਼ੀ ਪਾਬੰਦੀ ਜ਼ਰੂਰੀ ਹੈ ਪਰ ਪਰਵਾਸੀ ਵਕੀਲ ਦੋਸ਼ ਲਾ ਰਹੇ ਹਨ ਕਿ ਇਕੱਲੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਗੈਰਕਾਨੂੰਨੀ ਹੈ। ਇਰਾਨ, ਲਿਬੀਆ, ਸੋਮਾਲੀਆ, ਸੂਡਾਨ, ਸੀਰੀਆ ਤੇ ਯਮਨ ਦੇ ਨਾਗਰਿਕਾਂ 'ਤੇ 90 ਦਿਨਾਂ ਲਈ ਅਤੇ ਸ਼ਰਨਾਰਥੀਆਂ ਉਤੇ 120 ਦਿਨਾਂ ਲਈ ਰੋਕ ਲਾਈ ਗਈ ਹੈ ਪਰ ਪਾਬੰਦੀ ਤੋਂ ਅਮਰੀਕਾ ਵਿਚ 'ਕਰੀਬੀ ਪਰਿਵਾਰਕ ਰਿਸ਼ਤਿਆਂ' ਵਾਲੇ ਲੋਕਾਂ ਨੂੰ ਛੋਟ ਮਿਲੇਗੀ ਪਰ ਕਾਰਕੁਨਾਂ ਨੇ ਕਿਹਾ ਕਿ ਸਰਕਾਰ ਨੇ ਪਰਿਵਾਰ ਨੂੰ ਬੇਹੱਦ ਸੌੜੇ ਢੰਗ ਨਾਲ ਪਰਿਭਾਸ਼ਤ ਕੀਤਾ ਹੈ, ਜਿਸ 'ਚੋਂ ਦਾਦਾ-ਦਾਦੀ ਤੇ ਪੋਤੇ-ਪੋਤਰੀਆਂ ਤੋਂ ਇਲਾਵਾ ਹੋਰ ਰਿਸ਼ਤਿਆਂ ਨੂੰ ਬਾਹਰ ਕਰ ਦਿੱਤਾ ਹੈ। ਰੋਕ ਲਾਗੂ ਹੋਣ ਬਾਅਦ ਅਮਰੀਕਾ ਦੇ ਜਾਇਜ਼ ਵੀਜ਼ੇ ਉਤੇ ਆਉਣ ਵਾਲੇ ਇਨ੍ਹਾਂ ਛੇ ਮੁਲਕਾਂ ਦੇ ਲੋਕਾਂ ਦੀ ਮਦਦ ਤੇ ਸੌਖੇ ਦਾਖਲੇ ਲਈ ਨਿਊ ਯਾਰਕ ਦੇ ਜੌਹਨ ਐਫ. ਕੈਨੇਡੀ ਕੌਮਾਂਤਰੀ ਹਵਾਈ ਅੱਡੇ ਤੋਂ ਇਲਾਵਾ ਹੋਰ ਹਵਾਈ ਅੱਡਿਆਂ ਉਤੇ ਪਰਵਾਸੀਆਂ ਦੇ ਅਧਿਕਾਰਾਂ ਬਾਰੇ ਕਾਰਕੁਨ ਤੇ ਵਕੀਲ ਮੌਜੂਦ ਸਨ। ਗ੍ਰਹਿ ਸੁਰੱਖਿਆ ਵਿਭਾਗ, ਜਿਸ ਦੀ ਜਨਵਰੀ ਵਿਚ ਲਾਏ ਬੈਨ ਦੌਰਾਨ ਮਾੜੇ ਵਿਹਾਰ ਕਾਰਨ ਆਲੋਚਨਾ ਹੋਈ ਸੀ, ਨੇ ਇਸ ਵਾਰ ਬੈਨ ਸੁਚਾਰੂ ਢੰਗ ਨਾਲ ਲਾਗੂ ਕਰਨ ਦਾ ਵਾਅਦਾ ਕੀਤਾ।

## ਵਿਦੇਸ਼ੀ ਕਾਮਿਆਂ ਦੀ ਵਧੇਗੀ ਤਨਖਾਹ?

**ਵਾਸ਼ਿੰਗਟਨ:** ਅਮਰੀਕੀ ਲੇਬਰ ਸੈਕਟਰੀ ਅਲੈਗਜੈਂਡਰ ਐਕੋਸਟਾ ਨੇ ਐਚ-1 ਬੀ ਵੀਜ਼ਿਆਂ ਉਤੇ ਵਿਦੇਸ਼ੀ ਕਾਮਿਆਂ ਦੀ ਘੱਟੋ-ਘੱਟ ਤਨਖਾਹ ਵਧਾਉਣ ਲਈ ਕਿਹਾ ਹੈ। ਭਾਰਤੀ ਆਈ.ਟੀ. ਫਰਮਾਂ ਮੌਜੂਦਾ ਰੂਪ ਵਿਚ ਇਨ੍ਹਾਂ ਕਾਮਿਆਂ ਨੂੰ 60,000 ਡਾਲਰ ਤੋਂ ਲੈ ਕੇ 80,000 ਡਾਲਰ ਤੱਕ ਸਾਲਾਨਾ ਤਨਖਾਹ ਦਿੰਦੀਆਂ ਹਨ। ਇਹ ਪਹਿਲੀ ਵਾਰ ਹੈ ਕਿ ਅਮਰੀਕਾ ਦੇ ਲੇਬਰ ਵਿਭਾਗ ਨੇ ਵਿਦੇਸ਼ੀ ਕਾਮਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਐਕੋਸਟਾ ਨੇ ਕਾਂਗਰਸ ਦੇ ਇਕ ਪੈਨਲ ਨੂੰ ਦੱਸਿਆ ਕਿ ਇਹ ਐਚ-1 ਬੀ ਵੀਜ਼ਿਆਂ ਉਤੇ ਅਮਰੀਕਾ ਆਉਣ ਵਾਲੇ ਵਿਦੇਸ਼ੀ ਕਾਮਿਆਂ ਵੱਲੋਂ ਅਮਰੀਕੀ ਕਰਮਚਾਰੀਆਂ ਦੀ ਥਾਂ ਲੈਣ ਦੀ ਸਮੱਸਿਆ ਨੂੰ ਬਹੁਤ ਹੱਦ ਤੱਕ ਹੱਲ ਕਰੇਗਾ। ਕਾਂਗਰਸ ਦੀ ਲੇਬਰ, ਸਿਹਤ ਤੇ ਮਨੁੱਖੀ ਸੇਵਾਵਾਂ, ਸਿੱਖਿਆ ਤੇ ਸਬੰਧਤ ਏਜੰਸੀਆਂ ਬਾਰੇ ਸੈਨੇਟ ਐਪਰੋਪ੍ਰੀਏਸ਼ਨ ਸਬ ਮੀਡੀਆ ਉਤੇ ਆਧਾਰਤ ਪੈਨਲ ਨੂੰ ਸੰਬੋਧਨ ਕਰਦਿਆਂ ਐਕੋਸਟਾ ਨੇ ਆਖਿਆ ਕਿ ਕਾਂਗਰਸ ਨੇ ਸਮੇਂ ਦੇ ਨਾਲ 60,000 ਡਾਲਰ ਦੀ ਹੱਦ ਦਾ ਨਵੀਨੀਕਰਨ ਨਹੀਂ ਕੀਤਾ। ਜੇਕਰ ਅਜਿਹਾ ਹੁੰਦਾ ਤਾਂ ਮਹਿੰਗਾਈ ਦੀ ਦਰ ਨੂੰ ਧਿਆਨ ਵਿਚ ਰੱਖਦੇ ਹੋਏ ਇਹ 80,000 ਡਾਲਰ ਤੋਂ ਵੀ ਵੱਧ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਮੈਂ ਸੈਨੇਟਰ ਨੂੰ ਇਸ ਮੁੱਦੇ ਉਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਾਂਗਾ। ਇਸ ਤੋਂ ਇਲਾਵਾ ਭਾਰਤ ਤੋਂ ਐਚ-1 ਬੀ ਵੀਜ਼ਾ ਧਾਰਕ ਬਦਲ ਗਏ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਅੱਧੇ ਤੋਂ ਵੱਧ ਐਚ-1 ਬੀ ਵੀਜ਼ਾ ਭਾਰਤ ਦੀਆਂ ਦੋ ਵੱਡੀਆਂ ਆਊਟਸੋਰਸਿੰਗ ਕੰਪਨੀਆਂ ਵਿਚ ਜਾਂਦੇ ਹਨ।

## ਨਵੇਂ ਵੀਜ਼ਾ ਨਿਯਮ: ਕਰੀਬੀ ਰਿਸ਼ਤੇਦਾਰ ਹੀ ਜਾ ਸਕਣਗੇ ਅਮਰੀਕਾ

**ਵਾਸ਼ਿੰਗਟਨ:** ਛੇ ਮੁਸਲਿਮ ਦੇਸ਼ਾਂ ਤੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਅਮਰੀਕਾ ਨੇ ਨਵੇਂ ਵੀਜ਼ਾ ਨਿਯਮ ਬਣਾਏ ਹਨ। ਨਵੇਂ ਨਿਯਮਾਂ ਮੁਤਾਬਕ ਅਮਰੀਕੀ ਵੀਜ਼ਾ ਹਾਸਲ ਕਰਨ ਲਈ ਕਰੀਬੀ ਰਿਸ਼ਤੇਦਾਰੀ ਦਰਸਾਉਣੀ ਲਾਜ਼ਮੀ ਹੋਵੇਗੀ। ਇਨ੍ਹਾਂ ਨਿਯਮਾਂ ਨਾਲ ਇਰਾਨ, ਲੀਬੀਆ, ਸੀਰੀਆ, ਸੋਮਾਲੀਆ, ਸੂਡਾਨ ਤੇ ਯਮਨ ਪ੍ਰਭਾਵਿਤ ਹੋਣਗੇ। ਨਵੇਂ ਨਿਯਮ ਸੁਪਰੀਮ ਕੋਰਟ ਦੇ ਉਸ ਆਦੇਸ਼ ਤੋਂ ਬਾਅਦ ਜਾਰੀ ਕੀਤੇ ਗਏ ਹਨ ਜਿਸ ਵਿਚ ਰਾਸ਼ਟਰਪਤੀ ਟਰੰਪ ਵੱਲੋਂ ਯਾਤਰਾ 'ਤੇ ਲਾਈ ਰੋਕ ਨੂੰ ਹੇਠਲੀ ਅਦਾਲਤ ਨੇ ਰਸਮੀ ਤੌਰ ਉਤੇ ਹਟਾ ਦਿੱਤਾ ਸੀ। ਨਵੇਂ ਨਿਯਮਾਂ ਮੁਤਾਬਕ ਅਗਲੇ 90 ਦਿਨਾਂ ਤੱਕ ਬਿਨਾਂ ਕਰੀਬੀ ਰਿਸ਼ਤੇਦਾਰਾਂ ਵਾਲੇ ਬੱਚੇ, ਜੋੜੇ, ਜਾਂ ਭੈਣ-ਭਰਾ ਆਦਿ ਅਮਰੀਕਾ ਵਿਚ ਦਾਖਲ ਨਹੀਂ ਹੋ ਸਕਣਗੇ। ਕਰੀਬੀ ਰਿਸ਼ਤੇਦਾਰਾਂ ਦੀ ਸੂਚੀ ਵਿਚੋਂ ਦੂਰ ਦੇ ਰਿਸ਼ਤੇਦਾਰਾਂ ਤੇ ਭਤੀਜੇ-ਭਤੀਜੀਆਂ, ਸਹੁਰੇ ਪਰਿਵਾਰ ਦੇ ਰਿਸ਼ਤੇਦਾਰ ਤੇ ਪੋਤੇ-ਪੋਤੀਆਂ ਨੂੰ ਬਾਹਰ ਰੱਖਿਆ ਗਿਆ ਹੈ। ਨਿਯਮਾਂ ਮੁਤਾਬਕ ਰਿਸ਼ਤਾ ਦਰਸਾਉਣ ਲਈ ਦਸਤਾਵੇਜ਼ ਪੇਸ਼ ਕਰਨੇ ਜ਼ਰੂਰੀ ਹੋਣਗੇ, ਜਿਨ੍ਹਾਂ ਕੋਲ ਪਹਿਲਾਂ ਤੋਂ ਹੀ ਅਮਰੀਕਾ ਦਾ ਵੀਜ਼ਾ ਹੈ, ਉਨ੍ਹਾਂ 'ਤੇ ਨਵੇਂ ਨਿਯਮ ਲਾਗੂ ਨਹੀਂ ਹੋਣਗੇ।




## ਸਿੱਖ ਵਿਦਿਆਰਥੀ ਨੇ ਕੌਮੀ ਭਾਸ਼ਣ ਮੁਕਾਬਲਾ ਜਿੱਤਿਆ

**ਵਾਸ਼ਿੰਗਟਨ:** ਸਿੱਖ-ਅਮਰੀਕੀ ਵਿਦਿਆਰਥੀ ਜੇ.ਜੇ. ਕਪੂਰ ਨੇ ਇਸ ਸਾਲ ਦਾ ਕੌਮੀ ਭਾਸ਼ਣ ਅਤੇ ਬਹਿਸ ਮੁਕਾਬਲਾ ਜਿੱਤ ਲਿਆ ਹੈ। ਇਸ ਮੁਕਾਬਲੇ ਨੂੰ ਮੁਲਕ ਵਿਚ ਹਾਈ ਸਕੂਲਾਂ ਦਾ ਸਭ ਤੋਂ ਅਹਿਮ ਮੁਕਾਬਲਾ ਮੰਨਿਆ ਜਾਂਦਾ ਹੈ। ਉਸ ਨੇ ਇਕ ਸਮਾਜਿਕ ਮੁੱਦੇ ਉਤੇ 'ਲੈਟ'ਸ ਡਾਂਸ' ਸਿਰਲੇਖ ਵਾਲੀ ਪ੍ਰੇਰਨਾਦਾਇਕ ਤਕਰੀਰ ਖ਼ੁਦ ਲਿਖੀ ਸੀ।

ਵੈਸਟ ਡੇਜ਼ ਮੋਇਨੀਜ਼ ਕਮਿਊਨਿਟੀ ਸਕੂਲਜ਼ ਦੀ ਰਿਪੋਰਟ ਮੁਤਾਬਕ ਉਸ ਨੇ ਭਾਸ਼ਣ, ਜਿਸ ਨੇ ਮੌਲਿਕ ਤਕਰੀਰ ਸ਼੍ਰੇਣੀ ਵਿਚ ਮੁਕਾਬਲਾ ਜਿੱਤਿਆ, ਦੀ ਸ਼ੁਰੂਆਤ ਬਾਲੀਵੁਡ ਡਾਂਸ ਨਾਲ ਕੀਤੀ ਅਤੇ ਉਸ ਨੇ ਤਕਰੀਰ ਸਿੱਖ ਅਮਰੀਕੀ ਨੌਜਵਾਨ ਵਜੋਂ ਆਪਣੇ ਤਜਰਬਿਆਂ ਨਾਲ ਰੰਗੀ ਹੋਈ ਸੀ। ਉਸ ਨੇ ਮੁਕਾਬਲੇ ਦੇ ਸੈਮੀ ਫਾਈਨਲ ਅਤੇ ਫਾਈਨਲ ਗੇੜਾਂ ਵਿਚ ਸਿਖ਼ਰਲਾ ਸਥਾਨ ਹਾਸਲ ਕਰ ਕੇ ਚੈਂਪੀਅਨਸ਼ਿਪ ਟਰਾਫੀ ਚੁੰਮੀ।


Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Now we have 3 locations:

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸਾਨਾਂ ਵੱਲੋਂ ਦਿੱਲੀ 'ਚ ਮੁਜ਼ਾਹਰਾ ਤੇ ਗ੍ਰਿਫਤਾਰੀਆਂ



**ਨਵੀਂ ਦਿੱਲੀ:** ਵੱਡੀ ਗਿਣਤੀ ਕਿਸਾਨਾਂ ਨੇ ਇਥੇ ਰਾਸ਼ਟਰੀ ਕਿਸਾਨ ਮਹਾਂਸੰਘ ਦੇ ਝੰਡੇ ਹੇਠ ਜੰਤਰ ਮੰਤਰ ਵਿਖੇ ਜ਼ੋਰਦਾਰ ਰੋਸ ਮੁਜ਼ਾਹਰਾ ਕਰਦਿਆਂ ਨੀਤੀ ਆਯੋਗ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ, ਪਰ ਦਿੱਲੀ ਪੁਲੀਸ ਨੇ ਮਾਰਚ ਨੂੰ ਨਾਕਾਮ ਕਰ ਦਿੱਤਾ ਅਤੇ ਕਿਸਾਨਾਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਨੂੰ ਦੇਰ ਸ਼ਾਮ ਰਿਹਾਅ ਕਰ ਦਿੱਤਾ ਗਿਆ। ਮੁਜ਼ਾਹਰਾਕਾਰੀ ਕਿਸਾਨ ਖੇਤੀ ਕਰਜ਼ੇ ਮੁਆਫ਼ ਕਰਨ ਅਤੇ ਖ਼ੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਵਾਰਸਾਂ ਨੂੰ ਢੁਕਵਾਂ ਮੁਆਵਜ਼ਾ ਅਤੇ ਫਸਲਾਂ ਦੇ ਸਹੀ ਮੁੱਲ ਦੇਣ ਦੀ ਮੰਗ ਕਰ ਰਹੇ ਸਨ। ਇਸ ਮੁਜ਼ਾਹਰੇ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ, ਹਿਮਾਚਲ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਸਮੇਤ ਗੁਜਰਾਤ ਦੇ ਕਿਸਾਨਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਮੁਲਕ ਦੀ 60-70 ਫੀਸਦੀ ਆਬਾਦੀ ਖੇਤੀ ਉਪਰ ਨਿਰਭਰ ਹੈ, ਫਿਰ ਵੀ ਸਰਕਾਰਾਂ ਨੀਤੀਆਂ ਬਣਾਉਣ ਲੱਗੀਆਂ ਕਿਸਾਨਾਂ ਨੂੰ ਅਣਗੌਲਦੀਆਂ ਹਨ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ਼ ਕਰਨ ਨੂੰ ਪਲ ਵੀ ਨਹੀਂ ਲੱਗਦਾ, ਪਰ ਕਿਸਾਨਾਂ ਦੇ ਲੰਬੇ ਸਮੇਂ ਦੇ ਕਰਜ਼ੇ ਮੁਆਫ਼ ਕਰਨ ਦੀ ਮੰਗ ਮੋਦੀ ਸਰਕਾਰ ਨੇ ਪੂਰੀ ਨਹੀਂ ਕੀਤੀ ਹੈ। ਕਿਸਾਨਾਂ ਵੱਲੋਂ ਆਪਣੀਆਂ ਜਿਣਸਾਂ ਦੇ ਭਾਅ ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਮੁਤਾਬਕ ਦੇਣ ਦੀ ਮੰਗ ਵੀ ਉਠਾਈ ਗਈ।

ਕਿਸਾਨਾਂ ਦੀਆਂ 62 ਜਥੇਬੰਦੀਆਂ ਦੇ ਮਹਾਂਸੰਘ ਦੇ ਮੁਖੀ ਸ਼ਿਵ ਕੁਮਾਰ ਸ਼ਰਮਾ ਨੇ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਦਾ ਕਿਸਾਨਾਂ ਬਾਰੇ ਬਿਆਨ ਮੰਦਭਾਗਾ ਸੀ। ਹੁਣ ਇਹ ਮੁਜ਼ਾਹਰਾ ਭਾਜਪਾ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਅਤੇ ਮੱਧ ਪ੍ਰਦੇਸ਼ ਵਿਚ ਛੇ ਕਿਸਾਨਾਂ ਨੂੰ ਪੁਲਿਸ ਗੋਲੀਆਂ ਰਾਹੀਂ ਮਾਰੇ ਜਾਣ ਦੇ ਰੋਸ ਵਜੋਂ ਕੀਤਾ ਗਿਆ ਹੈ। ਪੰਜਾਬ ਤੋਂ ਪੁੱਜੇ ਕਿਸਾਨਾਂ ਨੇ ਦੱਸਿਆ ਕਿ ਪੰਜਾਬ ਵਿਚ ਕਿਸਾਨ ਰੋਜ਼ ਖ਼ੁਦਕੁਸ਼ੀਆਂ ਕਰ ਰਹੇ ਹਨ ਕਿਉਂਕਿ ਫਸਲਾਂ ਦੇ ਭਾਅ ਸਹੀ ਨਹੀਂ ਮਿਲ ਰਹੇ। ਇਸ ਕਾਰਨ ਕਿਸਾਨ ਦਿਨ-ਬ-ਦਿਨ ਕਰਜ਼ੇ ਹੇਠ ਜਾ ਰਿਹਾ ਹੈ। ਸਰਕਾਰਾਂ ਵੀ ਕਿਸਾਨ ਦੀ ਬਾਂਹ ਨਹੀਂ ਫੜ ਰਹੀਆਂ।

## ਰਾਸ਼ਟਰਪਤੀ ਚੋਣ: ਬੈਂਸ ਭਰਾ ਭਾਜਪਾ ਨਾਲ ਰਲੇ

**ਲੁਧਿਆਣਾ:** ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਐਨ.ਡੀ.ਏ. ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰਾਮ ਨਾਥ ਕੋਵਿੰਦ ਲਈ ਵੋਟਾਂ ਮੰਗਣ ਬਾਬਤ ਲੋਕ ਇਨਸਾਫ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਦੇ ਘਰ ਪੁੱਜੇ। ਉਨ੍ਹਾਂ ਨੇ ਇਕ ਘੰਟਾ ਬੈਂਸ ਭਰਾਵਾਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਮਗਰੋਂ ਬੈਂਸ ਭਰਾਵਾਂ ਨੇ ਐਲਾਨ ਕੀਤਾ ਕਿ ਉਹ ਰਾਮ ਨਾਥ ਕੋਵਿੰਦ ਨੂੰ ਹੀ ਸਮਰਥਨ ਦੇਣਗੇ। ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਦੋਵਾਂ ਭਰਾਵਾਂ ਨੇ ਆਪਣੀਆਂ ਵੋਟਾਂ ਐਨ.ਡੀ.ਏ. ਉਮੀਦਵਾਰ ਨੂੰ ਦੇਣ ਦਾ ਵਾਅਦਾ ਕੀਤਾ ਹੈ। ਇਸ ਬਾਬਤ ਭਾਜਪਾ ਦੇ ਸੂਬਾ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਉਨ੍ਹਾਂ ਕੋਲ ਆਏ ਸਨ। ਉਨ੍ਹਾਂ ਨੇ ਮੀਟਿੰਗ ਦੌਰਾਨ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਅਹੁਦੇ ਦੇ ਐਨ.ਡੀ.ਏ. ਉਮੀਦਵਾਰ ਲਈ ਸਮਰਥਨ ਮੰਗਿਆ ਹੈ ਤੇ ਲੋਕ ਇਨਸਾਫ ਪਾਰਟੀ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਦੋਵੇਂ ਵੋਟਾਂ ਐਨ.ਡੀ.ਏ. ਉਮੀਦਵਾਰਾਂ ਦੇ ਹੱਕ ਵਿਚ ਹੀ ਜਾਣਗੀਆਂ। ਸ੍ਰੀ ਬੈਂਸ ਨੇ ਆਖਿਆ ਕਿ ਕਾਂਗਰਸ ਦੀ ਸਰਕਾਰ ਨੇ ਤਿੰਨ ਮਹੀਨਿਆਂ ਵਿਚ ਸੂਬੇ ਦਾ ਬੁਰਾ ਹਾਲ ਕਰ ਦਿੱਤਾ ਹੈ, ਇਸ ਲਈ ਉਹ ਐਨ.ਡੀ.ਏ. ਨੂੰ ਸਮਰਥਨ ਦੇਣਗੇ। ਸ੍ਰੀ ਸਾਂਪਲਾ ਨੇ ਵੀ ਪੁਸ਼ਟੀ ਕੀਤੀ ਕਿ ਉਹ ਐਨ.ਡੀ.ਏ. ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੇ ਸਮਰਥਨ ਬਾਰੇ ਬੈਂਸ ਭਰਾਵਾਂ ਨੂੰ ਮਿਲੇ ਸਨ।

## ਗਾਂ ਰੱਖਿਅਕਾਂ ਖਿਲਾਫ ਰੋਹ

*(ਸਫਾ ਇਕ ਦੀ ਬਾਕੀ)*

ਕਾਰੋਬਾਰ ਕਰਦਾ ਸੀ। ਜਦੋਂ ਉਹ ਆਪਣੀ ਗੱਡੀ ਵਿਚ ਮਾਸ ਲੈ ਕੇ ਜਾ ਰਿਹਾ ਸੀ ਤਾਂ ਗੱਡੀ 'ਚ ਬੀਫ ਹੋਣ ਦੀ ਅਫਵਾਹ ਉਡ ਗਈ। ਭਾਜਪਾ ਦੇ ਇਕ ਸੀਨੀਅਰ ਆਗੂ ਸਮੇਤ ਲੋਕਾਂ ਦੀ ਜੁੰਡਲੀ ਨੇ ਉਸ ਦੀ ਗੱਡੀ ਰੋਕ ਕੇ ਹਮਲਾ ਕਰ ਦਿੱਤਾ ਅਤੇ ਗੱਡੀ ਨੂੰ ਅੱਗ ਵੀ ਲਾ ਦਿੱਤੀ। ਹਫਤਾ ਪਹਿਲਾਂ ਹੀ ਮਥੁਰਾ ਜਾ ਰਹੀ ਰੇਲ ਗੱਡੀ ਵਿਚ ਮੁਸਲਿਮ ਨੌਜਵਾਨ ਜੁਨੈਦ ਖਾਨ ਦਾ ਕਤਲ ਕਰ ਦਿੱਤਾ ਗਿਆ ਅਤੇ ਕਾਤਲ ਉਸ ਦੇ ਪਰਿਵਾਰ ਉਤੇ ਫਿਕਰੇ ਕੱਸਦਿਆਂ ਉਸ ਨੂੰ 'ਦੇਸ਼ ਵਿਰੋਧੀ' ਅਤੇ 'ਗਊ ਮਾਸ ਖਾਣ' ਵਾਲਾ ਦੱਸ ਰਹੇ ਸਨ।

ਆਪਣੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਰੇਂਦਰ ਮੋਦੀ ਨੂੰ ਤਿੰਨ ਵਾਰ ਜਨਤਕ ਤੌਰ 'ਤੇ ਗਊ ਰੱਖਿਆ ਦੇ ਨਾਂ ਉਤੇ ਹੋ ਰਹੀ ਹਿੰਸਾ ਖਿਲਾਫ ਬਿਆਨ ਦੇਣ ਲਈ ਮਜਬੂਰ ਹੋਣਾ ਪਿਆ, ਪਰ ਇਸ ਤੋਂ ਅੱਗੇ ਕੁਝ ਨਹੀਂ ਹੋਇਆ। ਦਰਅਸਲ, ਮੋਦੀ ਸਰਕਾਰ ਦੀ ਆਮਦ ਤੋਂ ਲੈ ਕੇ ਹੁਣ ਤੱਕ ਗਊ ਭਗਤ ਜਿਸ ਬੇਪਰਵਾਹੀ ਨਾਲ ਕਾਨੂੰਨ ਨਾਲ ਖੇਡ ਰਹੇ ਹਨ, ਉਸ ਦੇ ਮੱਦੇਨਜ਼ਰ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਆਖੇ ਤਾਜ਼ਾਤਰੀਨ ਸ਼ਬਦ ਬਹੁਤ ਨਰਮ ਹਨ।

ਮੁਲਕ ਵਿਚ ਵਧ ਰਹੇ ਰੋਹ ਨੂੰ ਵੇਖਦੇ ਹੋਏ ਮੋਦੀ ਨੇ ਪਿਛਲੇ ਵਰ੍ਹੇ ਜਨਤਕ ਇਕੱਠ ਵਿਚ ਆਖਿਆ ਸੀ ਕਿ 'ਨਕਲੀ ਗਊ ਰਾਖਿਆਂ' ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੋਦੀ ਦੇ ਇਸ ਹੁਕਮ ਪਿੱਛੋਂ ਪੰਜਾਬ ਵਿਚ ਬਾਦਲ ਸਰਕਾਰ ਨੇ ਕੁਝ ਲੋਕਾਂ ਖਿਲਾਫ ਸਖਤੀ ਕੀਤੀ, ਪਰ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਰ ਕੇ ਇਹ ਅਮਲ ਇਥੇ ਹੀ ਰੁਕ ਗਿਆ। ਇਸ ਮਸਲੇ ਦਾ ਹੱਲ ਕਰਨ ਦੀ ਥਾਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਆਖ ਰਹੇ ਹਨ ਕਿ ਅਜਿਹੀਆਂ ਘਟਨਾਵਾਂ ਐਨ.ਡੀ.ਏ. ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਤੋਂ ਪਹਿਲਾਂ ਦੀਆਂ ਸਰਕਾਰਾਂ ਮੌਕੇ ਵੀ ਵਾਪਰਦੀਆਂ ਰਹੀਆਂ ਹਨ, ਪਰ ਉਦੋਂ ਕਿਸੇ ਨੇ ਇੰਨੇ ਸਵਾਲ ਨਹੀਂ ਕੀਤੇ, ਜਿੰਨੇ ਹੁਣ ਪੁੱਛੇ ਜਾ ਰਹੇ ਹਨ।

ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਸੱਤਾ 'ਚ ਆਉਣ ਤੋਂ ਬਾਅਦ ਗਊ ਰੱਖਿਆ ਦੇ ਨਾਂ ਉਤੇ ਮੁਲਕ ਭਰ ਵਿਚ ਹਿੰਸਕ ਘਟਨਾਵਾਂ ਵਧੀਆਂ ਹਨ। ਹਿੰਸਕ ਭੀੜਾਂ ਗਾਵਾਂ ਨੂੰ ਇਧਰ-ਉਧਰ ਲਿਜਾਣ ਵਾਲੇ ਲੋਕਾਂ 'ਤੇ ਹਮਲੇ ਕਰ ਕੇ ਸ਼ਰੇਆਮ ਕੁੱਟ-ਕੁੱਟ ਕੇ ਮਾਰ ਦਿੰਦੀਆਂ ਹਨ। ਇਹ ਰੁਝਾਨ ਇੰਨਾ ਵਧ ਚੁੱਕਾ ਹੈ ਕਿ ਪਿਛਲੇ ਦਿਨੀਂ ਕੁਝ ਗੈਰ-ਰਾਜਨੀਤਕ ਸੰਗਠਨਾਂ ਦੇ ਸੱਦੇ 'ਤੇ ਦਿੱਲੀ, ਮੁੰਬਈ, ਲਖਨਊ ਅਤੇ ਮੁਲਕ ਦੇ ਕਈ ਹੋਰ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਧਰਮ ਅਤੇ ਜਾਤਾਂ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਗਊ ਰੱਖਿਆ ਦੇ ਨਾਂ ਉਤੇ ਬੇਕਸੂਰ ਲੋਕਾਂ ਨੂੰ ਮਾਰਨ ਵਿਰੁੱਧ ਸਖਤ ਰੋਸ ਵਿਖਾਵੇ ਕੀਤੇ। ਇਨ੍ਹਾਂ ਜ਼ੋਰਦਾਰ ਵਿਖਾਵਿਆਂ ਕਾਰਨ ਹੀ ਆਖਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਸ ਮਾਮਲੇ 'ਤੇ ਆਪਣੀ ਚੁੱਪ ਤੋੜਨੀ ਹੀ ਪਈ ਹੈ।

## ਰਾਸ਼ਟਰਪਤੀ ਵੱਲੋਂ ਸਿੱਖ ਮਸਲਿਆਂ ਲਈ ਸਰਗਰਮੀ

**ਅੰਮ੍ਰਿਤਸਰ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸਿੱਖ ਬੰਦੀਆਂ ਦੀ ਰਿਹਾਈ, ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ, ਸਿੱਖ ਰੈਫਰੈਂਸ ਲਾਇਬਰੇਰੀ ਦਾ ਸਾਮਾਨ ਵਾਪਸ ਕਰਨ, ਸਿਕਲੀਗਰ ਸਿੱਖਾਂ ਦੀਆਂ ਮੁਸ਼ਕਲਾਂ ਤੇ ਵਿਦੇਸ਼ੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੇ ਮਾਮਲੇ ਹੱਲ ਕਰਨ ਲਈ ਗ੍ਰਹਿ ਮੰਤਰਾਲੇ ਨੂੰ ਪੱਤਰ ਭੇਜ ਦਿੱਤਾ ਹੈ। ਇਹ ਖੁਲਾਸਾ ਰਾਸ਼ਟਰਪਤੀ ਦੇ ਓ.ਐਸ.ਡੀ. ਏ. ਰਾਏ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਭੇਜੇ ਪੱਤਰ ਵਿਚ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਵਿੱਚ ਸਿੱਖ ਵਫ਼ਦ ਨੇ 16 ਮਈ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਦੌਰਾਨ ਵਫਦ ਨੇ ਰਾਸ਼ਟਰਪਤੀ ਨੂੰ ਸਿੱਖਾਂ ਦੀਆਂ ਮੰਗਾਂ ਬਾਰੇ ਇਕ ਮੰਗ ਪੱਤਰ ਵੀ ਸੌਂਪਿਆ ਸੀ। ਮੰਗ ਪੱਤਰ ਵਿਚ ਸਿੱਖ ਬੰਦੀਆਂ ਦੀ ਰਿਹਾਈ ਦਾ ਮਾਮਲਾ ਉਠਾਇਆ ਗਿਆ ਸੀ। ਪੱਤਰ ਵਿਚ ਲਿਖਿਆ ਸੀ ਕਿ ਇਹ ਸਿੱਖ ਬੰਦੀ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਹਨ ਪਰ ਅਜੇ ਤੱਕ ਉਨ੍ਹਾਂ ਦੇ ਕੇਸਾਂ ਦਾ ਨਿਬੇੜਾ ਨਹੀਂ ਹੋਇਆ। ਇਸ ਤੋਂ ਇਲਾਵਾ ਹੋਰ ਸਿੱਖ ਮਸਲੇ ਹੱਲ ਕਰਨ ਦੀ ਮੰਗ ਵੀ ਕੀਤੀ ਗਈ। ਰਾਸ਼ਟਰਪਤੀ ਦੇ ਓ.ਐਸਡੀ. ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜਵਾਬੀ ਪੱਤਰ ਭੇਜਿਆ ਗਿਆ ਹੈ। ਬਡੂੰਗਰ ਨੇ ਇਸ ਪੱਤਰ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਰਾਸ਼ਟਰਪਤੀ ਨੇ ਗ੍ਰਹਿ ਸਕੱਤਰ ਨੂੰ ਸਾਰੇ ਮਸਲੇ ਹੱਲ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ।

## ਹੁਣੇ ਦਿਨ ਕਟੀ ਕਰਨ ਲੱਗੇ ਕੈਪਟਨ ਅਮਰਿੰਦਰ ਸਿੰਘ

*(ਸਫਾ ਇਕ ਦੀ ਬਾਕੀ)*

ਆਇਆ ਹੈ ਕਿ ਸਿਰਫ ਇੰਦਰਜੀਤ ਸਿੰਘ ਅਤੇ ਕੁਝ ਹੋਰ ਪੁਲਿਸ ਅਫਸਰਾਂ ਵੱਲ ਹੀ ਨਹੀਂ, ਸਗੋਂ ਜੁਡੀਸ਼ੀਅਲ ਅਧਿਕਾਰੀਆਂ ਵੱਲ ਵੀ ਉਂਗਲਾਂ ਉਠ ਰਹੀਆਂ ਹਨ। ਪੁਲਿਸ ਅਫਸਰਾਂ ਵੱਲੋਂ ਕੈਪਟਨ ਕੋਲ ਪਹੁੰਚ ਕਰ ਕੇ ਇਸ ਜਾਂਚ ਨੂੰ ਇਥੇ ਹੀ ਠੱਪ ਕਰਨ ਦੀ ਗੱਲ ਵੀ ਸਾਹਮਣੇ ਆਈ ਹੈ। ਅਫਸਰਾਂ ਦਾ ਤਰਕ ਹੈ ਕਿ ਇਸ ਕਾਰਨ ਲੋਕਾਂ ਦਾ ਪੁਲਿਸ ਉਤੋਂ ਵਿਸ਼ਵਾਸ ਉਠ ਜਾਵੇਗਾ।

ਇਕ ਅੰਗਰੇਜ਼ੀ ਅਖਬਾਰ ਨਾਲ ਇੰਟਰਵਿਊ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਜਦੋਂ ਕੇਬਲ ਅਤੇ ਡਰੱਗ ਮਾਫੀਆ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਇਹ ਕਹਿ ਕੇ ਟਾਲ ਦਿੱਤਾ ਕਿ ਉਹ ਸਿਆਸੀ ਰੰਜਿਸ਼ ਤੋਂ ਉਪਰ ਉਠ ਕੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨਾ ਚਾਹੁੰਦੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਾਜਸੀ ਸਰਪ੍ਰਸਤੀ ਦਾ ਨਿੱਘ ਮਾਣਨ ਵਾਲੀ ਕੇਬਲ ਕੰਪਨੀ ਫਾਸਟਵੇਅ ਵੱਲੋਂ 684 ਕਰੋੜ ਰੁਪਏ ਦੇ ਘਪਲੇ ਦੀ ਵਿਜੀਲੈਂਸ ਜਾਂਚ ਬਾਰੇ ਵੀ ਇਹੀ ਕਿਹਾ ਕਿ ਬਦਲਾਖੋਰੀ ਦੀ ਕਾਰਵਾਈ ਕਾਫੀ ਦੇਖ ਚੁੱਕੇ ਹਨ, ਇਸ ਵਿਚੋਂ ਕੁਝ ਨਹੀਂ ਨਿਕਲਦਾ।

ਨਵਜੋਤ ਸਿੱਧੂ ਨੇ ਇਹ ਗੱਲ ਵਿਧਾਨ ਸਭਾ ਵਿਚ ਆਖੀ ਸੀ ਕਿ ਬਾਦਲਾਂ ਨੇ ਦਸ ਸਾਲਾਂ ਦੇ ਰਾਜ ਵਿਚ ਫਾਸਟਵੇਅ ਨੈਟਵਰਕ ਦੀ ਸਰਦਾਰੀ ਕਾਇਮ ਕੀਤੀ। ਉਸ ਕੋਲੋਂ ਕੋਈ ਸਰਕਾਰੀ ਫੀਸ ਨਹੀਂ ਉਗਰਾਹੀ ਗਈ। ਨਵਜੋਤ ਸਿੱਧੂ ਨੇ ਕਾਰਪੋਰੇਸ਼ਨਾਂ ਵਿਚ ਕਰੋੜਾਂ ਦੇ ਘਪਲਿਆਂ ਬਾਰੇ ਸਬੂਤ ਹੋਣ ਦੀ ਗੱਲ ਆਖੀ, ਪਰ ਜਾਂਚ ਦੇ ਹੁਕਮਾਂ ਦੀ ਅਜੇ ਵੀ ਉਡੀਕ ਹੈ। ਸਭ ਤੋਂ ਵੱਡੀ ਚਰਚਾ ਬਾਦਲਾਂ ਦੇ ਬੱਸ (ਟਰਾਂਪੋਰਟ) ਕਾਰੋਬਾਰ ਬਾਰੇ ਹੈ। ਅਕਾਲੀ ਸਰਕਾਰ ਵੇਲੇ ਲੋਕਾਂ ਨੂੰ ਸਭ ਤੋਂ ਵੱਧ ਗੁੱਸਾ ਬਾਦਲਾਂ ਦੇ ਬੱਸ ਟਰਾਂਸਪੋਰਟ ਕਾਰੋਬਾਰ 'ਤੇ ਸੀ ਅਤੇ ਉਮੀਦ ਕੀਤੀ ਜਾ ਰਹੀ ਸੀ ਕਿ ਕਾਂਗਰਸ ਸਰਕਾਰ ਆਉਂਦਿਆਂ ਹੀ ਬਾਦਲਾਂ ਦੀਆਂ ਬੱਸਾਂ ਨੂੰ ਖੂੰਝੇ ਧੱਕ ਦਿੱਤਾ ਜਾਵੇਗਾ, ਪਰ ਅਜਿਹੀ ਕਾਰਵਾਈ ਸਿਰਫ ਇਕ ਦਿਨ ਹੀ ਹੋਈ ਅਤੇ 60 ਦੀ ਕਰੀਬ ਬੱਸਾਂ ਸੜਕਾਂ 'ਤੇ ਨਾਜਾਇਜ਼ ਦੌੜਦੀਆਂ ਫੜੀਆਂ ਗਈਆਂ।

ਬੱਸ, ਫਿਰ ਕੀ ਸੀ; ਸ਼ਾਮ ਤੱਕ ਸਰਕਾਰੇ-ਦਰਬਾਰੇ ਤਾਰਾਂ ਖੜਕ ਗਈਆਂ ਤੇ ਅਗਲੇ ਦਿਨ ਇਹ ਬੱਸਾਂ ਮੁੜ ਸੜਕਾਂ 'ਤੇ ਸਨ। ਕੈਪਟਨ ਸਰਕਾਰ ਦੇ 100 ਦਿਨਾਂ ਵਿਚ ਇਹ ਕਾਰਵਾਈ ਮੁੜ ਕਦੇ ਨਹੀਂ ਹੋਈ। ਕੈਪਟਨ ਨੇ ਕੈਬਨਿਟ ਦੀ ਪਲੇਠੀ ਮੀਟਿੰਗ ਵਿਚ ਸਖਤ ਟਰਾਂਸਪੋਰਟ ਨੀਤੀ ਲਿਆਉਣ ਦੀ ਗੱਲ ਆਖੀ ਸੀ, ਪਰ ਇਹ ਅੱਜ ਵੀ ਅੱਧ ਵਿਚਾਲੇ ਲਟਕੀ ਹੋਈ ਹੈ। ਕੈਪਟਨ ਦੇ ਜ਼ਿਲ੍ਹਾ ਜਥੇਦਾਰੀ ਪ੍ਰਥਾ ਨੂੰ ਖਤਮ ਕਰਨ ਦੇ ਵਾਅਦੇ ਨੂੰ ਵੀ ਕਾਂਗਰਸ ਆਗੂ ਸਿਰੇ ਨਹੀਂ ਲੱਗਣ ਦੇ ਰਹੇ। ਯਾਦ ਰਹੇ, 2002 ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਬਾਦਲ ਪਰਿਵਾਰ ਬਣਿਆ ਸੀ।

ਉਨ੍ਹਾਂ ਨੇ ਬਾਦਲਾਂ ਖਿਲਾਫ਼ ਪੜਤਾਲ ਦਾ ਹੁਕਮ ਦਿੱਤਾ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਸ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਇਸੇ ਤਰ੍ਹਾਂ 2007 ਵਿਚ ਸੱਤਾ ਵਿਚ ਆਉਣ ਬਾਅਦ ਬਾਦਲਾਂ ਨੇ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਜਾਂਚ ਦਾ ਆਦੇਸ਼ ਦਿੱਤਾ ਸੀ। ਹਾਲਾਂਕਿ ਹੁਣ ਮਹਿਜ਼ ਚੋਣ ਨਤੀਜਿਆਂ ਤੋਂ ਪਹਿਲਾਂ ਪਿਛਲੀ ਗੱਠਜੋੜ ਸਰਕਾਰ ਨੇ ਕੈਪਟਨ ਅਮਰਿੰਦਰ ਤੇ ਹੋਰਾਂ ਖਿਲਾਫ਼ ਦਰਜ ਕੇਸਾਂ 'ਚੋਂ ਇਕ ਕੇਸ ਰੱਦ ਕਰਨ ਬਾਰੇ ਰਿਪੋਰਟ ਦਾਖਲ ਕਰ ਦਿੱਤੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ 30 ਜੁਲਾਈ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਜਥੇਬੰਦੀ ਸ਼ਹੀਦ ਊਧਮ ਸਿੰਘ ਮੈਮੋਰੀਅਲ



*ਸ਼ਹੀਦ ਊਧਮ ਸਿੰਘ*

ਫਾਊਂਡੇਸ਼ਨ ਆਫ ਨਾਰਥ ਅਮਰੀਕਾ ਵਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਇਕ ਸਮਾਗਮ 30 ਜੁਲਾਈ ਨੂੰ ਇਥੇ ਕੋਜ਼ੂਮਨੈਸ ਰਿਵਰ ਕਾਲਜ (8401 ਸੈਂਟਰ ਪਾਰਕ ਵੇਅ) ਦੇ ਆਰਟ ਥੀਏਟਰ ਵਿਚ ਕਰਵਾਇਆ ਜਾਵੇਗਾ।

ਇਸ ਸਬੰਧੀ ਫੈਸਲਾ ਜਥੇਬੰਦੀ ਦੀ ਇਥੇ ਗੁਲਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਬਲਵਿੰਦਰ ਸਿੰਘ ਡੂਲਕੂ ਦੇ ਪੀਜ਼ੇ 'ਤੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਜਥੇਬੰਦੀ ਦੇ ਸਕੱਤਰ ਜਨਕ ਰਾਜ ਸਿਧਰਾ ਨੇ ਸਮਾਗਮ ਦੀ ਰੂਪ ਰੇਖਾ ਪੇਸ਼ ਕੀਤੀ ਅਤੇ ਸਾਰੇ ਮੈਂਬਰਾਂ ਨੇ ਸਮਾਗਮ ਸਬੰਧੀ ਖੁੱਲ੍ਹ ਕੇ ਵਿਚਾਰ ਪ੍ਰਗਟਾਏ।

ਉਲੀਕੇ ਗਏ ਸਮਾਗਮ ਮੁਤਾਬਕ 30 ਜੁਲਾਈ ਨੂੰ ਇਕ ਵਜੇ ਸਮਾਗਮ ਦੀ ਸ਼ੁਰੂਆਤ ਭਾਰਤ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦੇ ਗੀਤਾਂ ਨਾਲ ਹੋਵੇਗੀ। ਸੈਮੀਨਾਰ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਵਿਭਾਗ ਦੇ ਨਾਮੀ ਪ੍ਰੋਫੈਸਰ ਜਸਪਾਲ ਕੌਰ ਧੰਜ ਪੇਪਰ ਪੜ੍ਹਨਗੇ। ਨਿਕੋਲੀ ਰੰਗਾਨਾਥ ਪੀਐਚ. ਡੀ. ਹਿਸਟੋਰੀਅਨ ਮਿਡਲ ਈਸਟ/ਸਾਊਥ ਏਸ਼ੀਆ, ਡੇਵਿਡ ਯੂਨੀਵਰਸਿਟੀ, ਕੈਲੀਫੋਰਨੀਆ ਅਤੇ ਹੋਰ ਸਥਾਨਕ ਬੁਲਾਰੇ ਵੀ ਆਪਣੇ ਵਿਚਾਰ ਪੇਸ਼ ਕਰਨਗੇ। ਕਵੀ ਦਰਬਾਰ ਵਿਚ ਕਵੀ ਜਨ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਫਰੀ ਪਾਰਕਿੰਗ ਅਤੇ ਰੋਟੀ-ਪਾਣੀ ਦਾ ਬੰਦੋਬਸਤ ਹੋਵੇਗਾ।

# ਭਾਰਤੀ ਵਿਗਿਆਨੀਆਂ ਵੱਲੋਂ ਮਲੇਰੀਏ ਬਾਰੇ ਅਹਿਮ ਖੋਜ

**ਨਵੀਂ ਦਿੱਲੀ:** ਪਹਿਲੀ ਵਾਰ ਵਿਗਿਆਨੀਆਂ ਨੇ ਮਲੇਰੀਏ ਦੇ ਪਰਜੀਵੀਆਂ (ਜੀਵਾਣੂ) ਦੀ ਗਿਣਤੀ 'ਚ ਇੰਨੀ ਤੇਜ਼ੀ ਨਾਲ ਵਾਧਾ ਹੋਣ ਦਾ ਪਤਾ ਲਗਾਇਆ ਹੈ, ਇਸ ਖੋਜ ਨਾਲ ਉਨ੍ਹਾਂ ਲੱਖਾਂ ਲੋਕਾਂ ਲਈ ਦਵਾਈ ਬਣਾਉਣ ਵਿਚ ਮਦਦ ਮਿਲ ਸਕਦੀ ਹੈ ਜੋ ਇਸ ਘਾਤਕ ਬਿਮਾਰੀ ਤੋਂ ਪ੍ਰਭਾਵਿਤ ਹੁੰਦੇ ਹਨ। ਮਲੇਰੀਏ ਦੇ ਜੀਵਾਣੂ ਮਾਦਾ ਅਨੋਫੇਲਿਸ ਮੱਛਰ ਦੇ ਕੱਟਣ ਨਾਲ ਲੋਕਾਂ ਦੇ ਸਰੀਰ 'ਚ ਪਹੁੰਚ ਜਾਂਦੇ ਹਨ ਤੇ ਇਹ ਮੱਛਰ ਪਲਾਜਮੋਡਿਅਮ ਨਾਂ ਦੇ ਜੀਵਾਣੂ ਨੂੰ ਇਨਸਾਨ 'ਚ ਦਾਖਲ ਕਰਦੇ ਹਨ। ਨਵੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਸਥਿਤ ਸਪੈਸ਼ਲ ਸੈਂਟਰ ਫਾਰ ਮੋਲਿਕਯੂਲਰ ਮੈਡੀਸਨ ਦੇ ਪ੍ਰੋ. ਸੁਮਨ ਕੁਮਾਰ ਧਰ ਨੇ ਦੱਸਿਆ ਕਿ ਗੁਣਨ ਦੇ ਹਰ ਚੱਕਰ ਦੌਰਾਨ ਜੀਵਾਣੂ ਦੇ ਜੀਨੋਮ ਦਾ ਪ੍ਰਤੀਰੂਪਣ ਡੀ.ਐਨ.ਏ. ਪ੍ਰਤੀਰੂਪਣ ਦੇ ਜਰੀਏ ਹੋ ਜਾਂਦਾ ਹੈ। ਇਹ ਪ੍ਰਤੀਰੂਪਣ ਜੀਨੋਮ ਦੇ ਨਾਲ ਕੁਝ ਵਿਸ਼ੇਸ਼ ਥਾਵਾਂ 'ਤੇ ਸ਼ੁਰੂ ਹੁੰਦਾ ਹੈ ਤੇ ਇਸ ਸਥਾਨ ਨੂੰ ਓ.ਆਰ.ਆਈ.ਸੀ. ਕਿਹਾ ਜਾਂਦਾ ਹੈ।

ਸ੍ਰੀ ਧਰ ਨੇ ਦੱਸਿਆ ਕਿ ਬੈਕਟੀਰੀਆ ਜੀਨੋਮਾਂ 'ਚ ਆਮ ਤੌਰ ਉਤੇ ਇਕ ਹੀ ਓ.ਆਰ.ਆਈ.ਸੀ ਹੁੰਦਾ ਹੈ ਜਦੋਂ ਕਿ ਇਨਸਾਨਾਂ ਤੇ ਵੱਡੇ ਜੀਵਾਂ ਵਿਚ ਕਈ ਓ.ਆਰ.ਆਈ.ਸੀ. ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਪ੍ਰਕ੍ਰਿਆ 'ਚ ਸ਼ਾਮਲ ਪ੍ਰੋਟੀਨਾਂ ਦਾ ਪਤਾ ਲਾ ਲਿਆ ਗਿਆ ਹੈ। ਛੇ ਸਾਲ ਤੱਕ ਕੀਤੀ ਇਸ ਖੋਜ 'ਚ ਆਈ.ਆਈ.ਟੀ. ਦਿੱਲੀ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਸਹਾਇਕ ਪ੍ਰੋ. ਕੁਸ਼ਲ ਸ਼ਾਹ ਸਮੇਤ ਕਈ ਖੋਜੀਆਂ ਨੇ ਪਤਾ ਲਗਾਇਆ ਹੈ ਕਿ ਜੀਵਾਣੂ ਜੀਨੋਮ ਕਈ ਸਥਾਨਾਂ ਤੋਂ ਪ੍ਰਤੀਰੂਪਿਤ ਹੁੰਦੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ ਭਾਰਤ ਦੇ 18 ਕਰੋੜ ਦੇ ਕਰੀਬ ਲੋਕ ਭਾਵ 14 ਫੀਸਦੀ ਆਬਾਦੀ ਮਲੇਰੀਏ ਤੋਂ ਪ੍ਰਭਾਵਿਤ ਹੈ, ਵਿਸ਼ਵ ਪੱਧਰ 'ਤੇ 2015 'ਚ 4,29,000 ਲੋਕਾਂ ਦੀ ਮੌਤ ਮਲੇਰੀਏ ਕਾਰਨ ਹੋਈ ਸੀ ਤੇ ਹਰ 2 ਮਿੰਟ 'ਚ ਇਕ ਬੱਚੇ ਦੀ ਮੌਤ ਮਲੇਰੀਏ ਕਾਰਨ ਹੁੰਦੀ ਹੈ।

# ਲੰਗਰ ਤਿਆਰ ਕਰਦਾ ਸੇਵਾਦਾਰ ਕੜਾਹੇ ਵਿਚ ਡਿੱਗਿਆ

**ਅੰਮ੍ਰਿਤਸਰ**: ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਗਰ ਤਿਆਰ ਕਰਦਿਆਂ ਇਕ ਭਿਆਨਕ ਹਾਦਸਾ ਵਾਪਰਿਆ। ਹਾਦਸੇ ਵਿਚ ਲੰਗਰ ਤਿਆਰ ਕਰਨ ਵਾਲਾ ਸੇਵਾਦਾਰ ਕੜਾਹੇ ਵਿਚ ਡਿੱਗ ਕੇ ਬੁਰੀ ਤਰ੍ਹਾਂ ਝੁਲਸ ਗਿਆ।

ਮਿਲੀ ਜਾਣਕਾਰੀ ਮੁਤਾਬਕ ਮੀਰੀ-ਪੀਰੀ ਦਿਵਸ ਮੌਕੇ ਗੁਰੂ ਰਾਮ ਦਾਸ ਲੰਗਰ ਹਾਲ ਵਿਚ ਸੰਗਤ ਲਈ ਵੱਡੇ-ਵੱਡੇ ਕੜਾਹਿਆਂ ਵਿਚ ਖੀਰ ਤਿਆਰ ਕੀਤੀ ਜਾ ਰਹੀ ਸੀ। ਚਰਨਜੀਤ ਸਿੰਘ ਨਾਮ ਦਾ ਲਾਂਗਰੀ ਖੀਰ ਬਣਾਉਣ ਵਾਲੇ ਕੜਾਹੇ ਨੂੰ ਗਰਮ ਪਾਣੀ ਨਾਲ ਸਾਫ ਕਰ ਰਿਹਾ ਸੀ। ਅਚਾਨਕ ਉਸ ਦਾ ਪੈਰ ਤਿਲਕਿਆ ਤੇ ਉਹ ਵੱਡੇ ਕੜਾਹੇ ਵਿਚ ਜਾ ਡਿੱਗਾ। ਸੇਵਾਦਾਰਾਂ ਨੇ ਤੁਰਤ ਉਸ ਨੂੰ ਬਾਹਰ ਕੱਢਿਆ ਤੇ ਹਸਪਤਾਲ ਦਾਖਲ ਕਰਵਾਇਆ ਗਿਆ।

ਲੰਗਰ ਹਾਲ ਵਿਚ ਸੇਵਾ ਕਰਨ ਵਾਲੇ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਵੀ ਲੰਗਰ ਤਿਆਰ ਕਰ ਰਿਹਾ ਸੀ। ਕੜਾਹੇ ਦੁਆਲੇ ਤਿਲਕਣ ਕਰ ਕੇ ਚਰਨਜੀਤ ਸਿੰਘ ਦਾ ਪੈਰ ਤਿਲਕਿਆ ਤੇ ਉਹ ਕੜਾਹੇ ਵਿਚ ਡਿੱਗ ਗਿਆ। ਉਸ ਨੂੰ ਤੁਰਤ ਬਾਹਰ ਤਾਂ ਕੱਢ ਲਿਆ ਗਿਆ ਸੀ ਪਰ ਖੀਰ ਬਣਾਉਣ ਵਾਲਾ ਕੜਾਹਾ ਕਾਫੀ ਗਰਮ ਹੋਣ ਕਰ ਕੇ ਉਸ ਦੇ ਸਰੀਰ ਦਾ ਕਾਫੀ ਹਿੱਸਾ ਸੜ ਗਿਆ। ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੈਨੇਜਰ ਸਤਨਾਮ ਸਿੰਘ ਨੇ ਦੱਸਿਆ ਕਿ ਚਰਨਜੀਤ ਸਿੰਘ ਦੇ ਸਰੀਰ ਦਾ 60 ਫੀਸਦੀ ਹਿੱਸਾ ਬੁਰੀ ਤਰ੍ਹਾਂ ਝੁਲਸਿਆ ਹੈ। ਉਸ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ।


**Matrimonial**

**ਲੜਕੀ ਦੀ ਲੋੜ ਹੈ**

ਗੁਰਸਿੱਖ ਲੜਕੇ, ਮਕੈਨੀਕਲ ਇੰਜੀਨੀਅਰ 24 ਸਾਲ ਕੱਦ 5'8" ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਸੰਤ ਬਾਬਾ ਹਰਿਮੰਦਰ ਸਿੰਘ 91-73557-00013 or hs0013munday@gmail.com

24-27


*punjabtimesusa.com*

# ਬ੍ਰਿਟਿਸ਼ ਕੋਲੰਬੀਆ ਚੋਣਾਂ: ਲਿਬਰਲ ਪਾਰਟੀ ਦੀ ਸੱਤਾ ਲਈ ਜ਼ੋਰ-ਅਜ਼ਮਾਈ ਕੰਮ ਨਾ ਆਈ

**ਵੈਨਕੂਵਰ:** ਨੌਂ ਮਈ ਨੂੰ ਹੋਈਆਂ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿਚ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਤੋਂ ਬਾਅਦ ਅਗਲੀ ਸਰਕਾਰ ਵਿਚ ਬਣੇ ਰਹਿਣ ਲਈ ਸੱਤਾਧਾਰੀ ਪਾਰਟੀ ਵੱਲੋਂ ਕੀਤੀ ਜਾ ਰਹੀ ਜ਼ੋਰ-ਅਜ਼ਮਾਈ ਦਾ ਅੰਤ ਹੋ ਗਿਆ ਹੈ। ਲਿਬਰਲ ਪਾਰਟੀ ਸੱਤਾ ਤੋਂ ਬਾਹਰ ਹੋ ਗਈ ਹੈ ਤੇ ਹੁਣ ਐਨ.ਡੀ.ਪੀ. ਤੇ ਗਰੀਨ ਪਾਰਟੀ ਨਵੀਂ ਸਰਕਾਰ ਬਣਾਏਗੀ।

ਲੈਫਟੀਨੈਂਟ ਗਵਰਨਰ ਨੇ ਕਾਰਜਕਾਰੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਦਾ ਅਸਤੀਫਾ ਪ੍ਰਵਾਨ ਕਰ ਕੇ ਜੌਹਨ ਹੌਰਗਨ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ, ਇਸ ਨਾਲ ਬੀ.ਸੀ. ਲਿਬਰਲ ਪਾਰਟੀ 16 ਸਾਲ 2 ਮਹੀਨੇ ਸੱਤਾ 'ਤੇ ਕਾਬਜ਼ ਰਹਿਣ ਤੋਂ ਬਾਅਦ ਬਾਹਰ ਹੋ ਗਈ ਹੈ। ਬੇਸ਼ੱਕ ਕ੍ਰਿਸਟੀ ਕਲਾਰਕ ਵੱਲੋਂ ਅੰਦਰਖਾਤੇ ਮੁੜ ਚੋਣਾਂ ਕਰਾਉਣ ਦੀ ਵਕਾਲਤ ਕਰਨ ਦੇ ਯਤਨ ਕੀਤੇ ਜਾ ਰਹੇ ਸਨ ਪਰ ਗਵਰਨਰ ਨੇ ਜੌਹਨ ਹੌਰਗਨ ਨੂੰ ਰਾਜ ਭਵਨ ਸੱਦ ਕੇ ਸਰਕਾਰ ਬਣਾਉਣ ਲਈ ਆਖ ਦਿੱਤਾ ਹੈ। 22 ਜੂਨ ਨੂੰ ਸ਼ੁਰੂ ਹੋਏ ਵਿਧਾਨ ਸਭਾ ਸੈਸ਼ਨ ਵਿਚ ਗਵਰਨਰ ਦੇ ਉਦਘਾਟਨੀ ਸੰਬੋਧਨ ਵਿਚ ਸੱਤਾਧਾਰੀ ਪਾਰਟੀ ਨੇ ਵਿਰੋਧੀਆਂ ਦੇ ਏਜੰਡੇ ਨੂੰ ਆਪਣੇ ਕੰਮਾਂ ਵਿਚ ਸ਼ਾਮਲ ਕਰ ਲਿਆ ਸੀ ਪਰ ਉਹ ਵਿਰੋਧੀ ਪਾਰਟੀ ਦੇ ਇਕ ਵੀ ਵਿਧਾਇਕ ਦੀ ਹਮਾਇਤ ਨਾ ਜੁਟਾ ਸਕੇ। ਇਸੇ ਕਰ ਕੇ ਉਹ ਭਰੋਸੇ ਦੇ ਮਤਦਾਨ ਵਿਚ ਬਹੁਮਤ ਹਾਸਲ ਨਹੀਂ ਕਰ ਸਕੇ।

**ਐਨ.ਡੀ.ਪੀ. ਤੇ ਗਰੀਨ ਪਾਰਟੀ ਬਣਾਏਗੀ ਨਵੀਂ ਸਰਕਾਰ**




ਗੌਰਤਲਬ ਹੈ ਕਿ 87 ਮੈਂਬਰੀ ਵਿਧਾਨ ਸਭਾ ਵਿਚ ਲਿਬਰਲ ਪਾਰਟੀ ਦੇ 43, ਐਨ.ਡੀ.ਪੀ. ਦੇ 41 ਤੇ ਗਰੀਨ ਪਾਰਟੀ ਦੇ 3 ਵਿਧਾਇਕ ਹਨ। ਗਰੀਨ ਪਾਰਟੀ ਵੱਲੋਂ ਐਨ.ਡੀ.ਪੀ. ਨਾਲ ਗਠਜੋੜ ਕੀਤੇ ਜਾਣ ਨਾਲ ਉਨ੍ਹਾਂ ਨੂੰ ਬਹੁਮਤ ਮਿਲ ਗਈ ਸੀ ਪਰ ਵੱਡੀ ਪਾਰਟੀ ਹੋਣ ਕਾਰਨ ਗਵਰਨਰ ਨੇ ਚੋਣਾਂ ਤੋਂ ਬਾਅਦ ਲਿਬਰਲ ਪਾਰਟੀ ਨੂੰ ਕੰਮ ਚਲਾਊ ਸਰਕਾਰ ਬਣਾਉਣ ਲਈ ਕਹਿ ਦਿੱਤਾ ਸੀ। ਇਸ ਦੌਰਾਨ ਲਿਬਰਲਾਂ ਦੇ ਵਿਧਾਇਕ ਥੌਮਸ ਸਟੀਫਨ ਨੂੰ ਸਪੀਕਰ ਚੁਣਿਆ ਗਿਆ ਸੀ ਤੇ ਹੁਣ ਉਨ੍ਹਾਂ ਸਪੀਕਰ ਵਜੋਂ ਅਸਤੀਫਾ ਦੇ ਦਿੱਤਾ ਹੈ। ਉਧਰ, ਨਵੇਂ ਬਣਨ ਵਾਲੇ ਪ੍ਰੀਮੀਅਰ ਤੇ ਨਿਊ ਡੈਮੋਕਰੈਟਿਕ ਪਾਰਟੀ ਦੇ ਲੀਡਰ ਜੌਹਨ ਹੌਰਗਨ ਨੇ ਕਿਹਾ ਹੈ ਕਿ ਨਵੇਂ ਮੰਤਰੀ ਮੰਡਲ ਦੇ ਗਠਨ ਵਿਚ ਦੋ ਕੁ ਹਫਤੇ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦਾ ਅਗਲਾ ਸੈਸ਼ਨ ਸਤੰਬਰ ਵਿਚ ਬੁਲਾਇਆ ਜਾਵੇਗਾ।


**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**



- *Threading
- *Men's Facials
- *Custom Designing
- *Line-ups
- *Custom Text
- *Hair Coler
- *Shave &
- *Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

*www.princebarbershop.com*






**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**



*Gurdip Singh Sandhu*

Email:
Homeomedicine@yahoo.com



**ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ
ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

11-

# ਹੁਣ ਪੂਰੇ ਭਾਰਤ ਅੰਦਰ ਇਕਸਾਰ ਲੱਗੇਗਾ ਟੈਕਸ

**ਨਵੀਂ ਦਿੱਲੀ:** ਦੇਸ਼ ਭਰ ਵਿਚ (ਜੰਮੂ-ਕਸ਼ਮੀਰ ਨੂੰ ਛੱਡ ਕੇ) ਇਕਸਾਰ ਕਰ ਢਾਂਚਾ 'ਵਸਤਾਂ ਤੇ ਸੇਵਾਵਾਂ ਕਰ' (ਜੀ.ਐਸ.ਟੀ.) ਅਮਲ ਵਿਚ ਆ ਗਿਆ, ਜੋ ਆਜ਼ਾਦੀ ਤੋਂ ਬਾਅਦ ਦੇਸ਼ ਵਿਚ ਹੁਣ ਤੱਕ ਦਾ ਅਸਿੱਧੇ ਕਰਾਂ ਸਬੰਧੀ ਸਭ ਤੋਂ ਵੱਡਾ ਸੁਧਾਰ ਹੈ। ਇਸ ਵਿਚ ਸਰਕਾਰ ਨੂੰ ਮੁਢਲੀਆਂ ਦਿੱਕਤਾਂ ਆਉਣ ਦਾ ਵੀ ਖਦਸ਼ਾ ਹੈ। ਜੀ.ਐਸ.ਟੀ. ਲਾਗੂ ਹੋਣ ਤੋਂ ਕੁਝ ਘੰਟੇ ਪਹਿਲਾਂ ਤਾਕਤਵਰ ਜੀ.ਐਸ.ਟੀ. ਕੌਂਸਲ ਨੇ ਕਿਸਾਨਾਂ ਨੂੰ ਰਾਹਤ ਦਿੰਦਿਆਂ ਖਾਦਾਂ ਉਤੇ ਟੈਕਸ ਦਰ 12 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤੀ ਹੈ। ਟਰੈਕਟਰਾਂ ਦੇ ਕੁਝ ਪੁਰਜ਼ਿਆਂ ਲਈ ਵੀ ਦਰ 28 ਫੀਸਦੀ ਤੋਂ ਘਟਾ ਕੇ 18 ਫੀਸਦੀ ਕੀਤੀ ਗਈ ਹੈ।

ਜੀ.ਐਸ.ਟੀ. ਤਹਿਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਕਰਾਂ ਦੀਆਂ 5, 12, 18 ਤੇ 28 ਫੀਸਦੀ ਦੀਆਂ ਚਾਰ ਸਲੈਬਾਂ ਬਣਾਈਆਂ ਗਈਆਂ ਹਨ ਅਤੇ ਹੁਣ ਸਾਰੇ ਦੇਸ਼ ਵਿਚ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਇਕਸਾਰ ਟੈਕਸ ਲਾਗੂ ਹੋਵੇਗਾ। ਪਹਿਲਾਂ ਵਸੂਲੇ ਜਾਂਦੇ ਕੇਂਦਰੀ, ਸੂਬਾਈ ਤੇ ਸਥਾਨਕ ਟੈਕਸ ਖਤਮ ਹੋ ਜਾਣਗੇ। ਜੰਮੂ-ਕਸ਼ਮੀਰ ਵਿਚ ਪਹਿਲੀ ਜੁਲਾਈ ਤੋਂ ਇਹ ਢਾਂਚਾ ਲਾਗੂ ਨਹੀਂ ਹੋਵੇਗਾ, ਕਿਉਂਕਿ ਸੂਬਾਈ ਵਿਧਾਨ ਸਭਾ ਵੱਲੋਂ ਇਸ ਸਬੰਧੀ ਕਾਨੂੰਨ ਪਾਸ ਨਹੀਂ ਕੀਤਾ ਗਿਆ। ਸਰਕਾਰ ਦਾ ਦਾਅਵਾ ਹੈ ਕਿ ਜੀ.ਐਸ.ਟੀ. ਨਾਲ ਲੂਣ ਤੇ ਸਾਬਣ ਵਰਗੀਆਂ ਨਿੱਤ ਵਰਤੋਂ ਵਾਲੀਆਂ ਅਤੇ ਲਾਜ਼ਮੀ ਵਸਤਾਂ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ ਕਿਉਂਕਿ ਇਨ੍ਹਾਂ ਨੂੰ ਜਾਂ ਤਾਂ ਟੈਕਸ ਤੋਂ ਛੋਟ ਹੈ ਜਾਂ ਕਈ ਵਸਤਾਂ ਉਤੇ ਟੈਕਸ ਮੌਜੂਦਾ ਪੱਧਰ ਵਾਲਾ ਹੀ ਹੈ।

ਸਿਹਤ ਤੇ ਸਿੱਖਿਆ ਸੇਵਾਵਾਂ ਸਣੇ ਸਬਜ਼ੀਆਂ, ਦੁੱਧ, ਅੰਡੇ ਅਤੇ ਆਟੇ ਵਰਗੀਆਂ ਗੈਰ ਬਰਾਂਡਿਡ ਖੁਰਾਕੀ ਵਸਤਾਂ ਨੂੰ ਜੀ.ਐਸ.ਟੀ. ਤੋਂ ਛੋਟ ਹੋਵੇਗੀ। ਚਾਹਪੱਤੀ, ਖੁਰਾਕੀ ਤੇਲ, ਖੰਡ, ਕੱਪੜੇ ਅਤੇ 'ਬੇਬੀ ਫਾਰਮੂਲਾ' ਉਤੇ ਸਿਰਫ ਪੰਜ ਫੀਸਦੀ ਟੈਕਸ ਲੱਗੇਗਾ। ਇਹ ਲਾਜ਼ਮੀ ਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਕੁੱਲ ਵਰਤੀਆਂ ਜਾਂਦੀਆਂ ਵਸਤਾਂ ਦਾ ਤਕਰੀਬਨ 80 ਫੀਸਦੀ ਹਨ। ਮੋਟਰਸਾਈਕਲ, ਇਤਰ ਅਤੇ ਸ਼ੈਂਪੂ ਵਰਗੀਆਂ ਲਗਜ਼ਰੀ ਵਸਤਾਂ, ਜਿਹੜੀਆਂ ਸਾਰੀਆਂ ਟੈਕਸਯੋਗ ਵਸਤਾਂ ਦਾ ਤਕਰੀਬਨ 19 ਫੀਸਦੀ ਬਣਦੀਆਂ ਹਨ, ਉਤੇ 18 ਫੀਸਦੀ ਜਾਂ ਵੱਧ ਟੈਕਸ ਲੱਗੇਗਾ।

ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਟੈਕਸ ਸੁਧਾਰ ਪ੍ਰਣਾਲੀ ਜੀ.ਐਸ.ਟੀ. ਨਾਲ ਐਕਸਾਈਜ਼, ਸੇਵਾ ਕਰ ਅਤੇ ਵੈਟ ਵਰਗੇ ਕੇਂਦਰੀ ਤੇ ਰਾਜਾਂ ਦੇ 16 ਟੈਕਸ ਇਕੱਠੇ ਹੋਣਗੇ, ਜਿਸ ਨਾਲ ਦੇਸ਼ ਭਰ ਵਿਚ ਇਕੋ ਦਰ ਨਾਲ ਟੈਕਸ ਲੱਗੇਗਾ।

## ਲੰਮੀ ਜੱਦੋ ਜਹਿਦ ਪਿੱਛੋਂ ਜੀ.ਐਸ.ਟੀ. ਲਾਗੂ




## ਜੀ.ਐਸ.ਟੀ. ਦਾ 1986 ਤੋਂ ਹੁਣ ਤੱਕ ਦਾ ਸਫਰ

**ਨਵੀਂ ਦਿੱਲੀ:** ਜੀ.ਐਸ.ਟੀ. ਆਜ਼ਾਦੀ ਤੋਂ 70 ਵਰ੍ਹੇ ਮਗਰੋਂ ਸਭ ਤੋਂ ਵੱਡਾ ਟੈਕਸ ਸੁਧਾਰ ਹੈ ਜਿਸ ਦੀ ਨੀਂਹ ਫਰਵਰੀ 1986 ਵਿਚ ਉਸ ਵੇਲੇ ਦੇ ਵਿੱਤ ਮੰਤਰੀ ਵੀ.ਪੀ. ਸਿੰਘ ਨੇ ਬਜਟ ਵਿਚ ਇਕ ਨਵੀਂ ਟੈਕਸ ਪ੍ਰਣਾਲੀ ਦੀ ਤਜਵੀਜ਼ ਪੇਸ਼ ਕਰਦਿਆਂ ਰੱਖੀ ਸੀ। ਫਿਰ 2000 ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜੀ.ਐਸ.ਟੀ. ਮਾਡਲ ਦਾ ਡਿਜ਼ਾਈਨ ਤਿਆਰ ਕਰਨ ਲਈ ਪੱਛਮੀ ਬੰਗਾਲ ਦੇ ਤਤਕਾਲੀ ਵਿੱਤ ਮੰਤਰੀ ਅਸੀਮ ਦਾਸਗੁਪਤਾ ਦੀ ਅਗਵਾਈ ਹੇਠ ਇਕ ਕਮੇਟੀ ਗਠਿਤ ਕੀਤੀ। 2003 ਵਿਚ ਵਾਜਪਾਈ ਸਰਕਾਰ ਨੇ ਟੈਕਸ ਸੁਧਾਰਾਂ ਦੀ ਸਿਫਾਰਸ਼ ਕਰਨ ਲਈ ਵਿਜੇ ਕੇਲਕਰ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤੀ ਗਈ ਅਤੇ 2004 ਵਿਚ ਵਿੱਤ ਮੰਤਰਾਲੇ ਨੇ ਉਸ ਵੇਲੇ ਦੇ ਸਲਾਹਕਾਰ ਵਿਜੇ ਕੇਲਕਰ ਦੀ ਜੀ.ਐਸ.ਟੀ. ਦੀ ਸਿਫਾਰਸ਼ ਕੀਤੀ। 28 ਫਰਵਰੀ 2006 ਨੂੰ ਪਹਿਲੀ ਵਾਰ ਬਜਟ ਭਾਸ਼ਣ ਵਿਚ ਜੀ.ਐਸ.ਟੀ. ਦਾ ਜ਼ਿਕਰ ਕੀਤਾ ਗਿਆ।

## ਪੰਜਾਬ ਨੂੰ ਪੰਜ ਹਜ਼ਾਰ ਕਰੋੜ ਵੱਧ ਮਿਲਣ ਦਾ ਦਾਅਵਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੀ.ਐਸ.ਟੀ. ਲਾਗੂ ਹੋਣ ਨਾਲ ਸੂਬੇ ਨੂੰ ਕੇਂਦਰ ਸਰਕਾਰ ਕੋਲੋਂ ਪੰਜ ਹਜ਼ਾਰ ਕਰੋੜ ਰੁਪਏ ਵੱਧ ਮਿਲਣਗੇ। ਵਪਾਰੀਆਂ ਵੱਲੋਂ ਜੀ.ਐਸ.ਟੀ. ਦੀ ਮੁਖ਼ਾਲਫ਼ਤ ਬਾਰੇ ਖਜ਼ਾਨਾ ਮੰਤਰੀ ਨੇ ਕਿਹਾ ਕਿ ਨਵੀਂ ਤਬਦੀਲੀ ਨਾਲ ਕੁਝ ਪਰੇਸ਼ਾਨੀ ਹੁੰਦੀ ਤਾਂ ਹੈ, ਪਰ ਇਹ ਅਸਥਾਈ ਹੈ।

## ਸ਼੍ਰੋਮਣੀ ਕਮੇਟੀ 'ਤੇ ਪਵੇਗਾ 10 ਕਰੋੜ ਦਾ ਸਾਲਾਨਾ ਭਾਰ




**ਅੰਮ੍ਰਿਤਸਰ:** ਦੇਸ਼ ਭਰ ਵਿਚ ਲਾਗੂ ਹੋਏ ਵਸਤਾਂ ਅਤੇ ਸੇਵਾ ਕਰ (ਜੀ.ਐਸ.ਟੀ.) ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪ੍ਰਭਾਵਿਤ ਹੋਵੇਗੀ। ਇਕਸਾਰ ਟੈਕਸ ਨਾਲ ਸੰਸਥਾ 'ਤੇ ਸਾਲਾਨਾ ਲਗਭਗ 10 ਕਰੋੜ ਰੁਪਏ ਦਾ ਬੋਝ ਪਵੇਗਾ। ਸ਼੍ਰੋਮਣੀ ਕਮੇਟੀ ਨੇ ਇਸ ਟੈਕਸ ਤੋਂ ਛੋਟ ਲਈ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅਤੇ ਜੀ.ਐਸ.ਟੀ. ਕੌਂਸਲ ਦੇ ਵਧੀਕ ਸਕੱਤਰ ਅਰੁਣ ਗੋਇਲ ਨੂੰ ਪੱਤਰ ਭੇਜਿਆ ਹੈ। ਜਾਣਕਾਰੀ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੀ ਪਹਿਲੀ ਜੁਲਾਈ ਤੋਂ ਇਸ ਟੈਕਸ ਦੇ ਘੇਰੇ ਹੇਠ ਆ ਗਈ ਹੈ, ਜਦੋਂਕਿ ਇਸ ਤੋਂ ਪਹਿਲਾਂ ਇਨ੍ਹਾਂ ਨੂੰ ਵੈਟ ਤੋਂ ਛੋਟ ਮਿਲੀ ਹੋਈ ਸੀ। ਜੀ.ਐਸ.ਟੀ. ਲਾਗੂ ਹੋਣ 'ਤੇ ਗੁਰਦੁਆਰਿਆਂ ਵਿਚ ਲੰਗਰ ਲਈ ਖਰੀਦਿਆ ਜਾਂਦਾ ਰਾਸ਼ਨ ਤੇ ਹੋਰ ਵਸਤਾਂ ਦੀਆਂ ਕੀਮਤਾਂ ਵਧ ਜਾਣਗੀਆਂ, ਜਿਸ ਨਾਲ ਕਮੇਟੀ 'ਤੇ ਸਾਲਾਨਾ ਲਗਭਗ ਦਸ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਆਦੇਸ਼ਾਂ 'ਤੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਕੇਂਦਰੀ ਵਿੱਤ ਮੰਤਰੀ ਅਤੇ ਜੀ.ਐਸ.ਟੀ. ਕੌਂਸਲ ਦੇ ਵਧੀਕ ਸਕੱਤਰ ਨੂੰ ਪੱਤਰ ਭੇਜ ਕੇ ਛੋਟ ਦੀ ਮੰਗ ਕੀਤੀ ਗਈ ਹੈ। ਪੱਤਰ ਵਿਚ ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ ਘਰ ਲਈ ਵਸਤਾਂ ਦੀ ਖ਼ਰੀਦ ਵਾਸਤੇ ਵੈਟ ਤੋਂ ਛੋਟ ਦਿੱਤੀ ਗਈ ਸੀ। ਇਸ ਵੇਲੇ ਸੰਸਥਾ ਵੱਲੋਂ ਲੰਗਰ ਘਰ ਵਾਸਤੇ ਘਿਉ, ਖੰਡ, ਦਾਲਾਂ ਤੇ ਹੋਰ ਸਾਮਾਨ ਦੀ ਵੱਡੇ ਪੱਧਰ 'ਤੇ ਖਰੀਦ ਕੀਤੀ ਜਾਂਦੀ ਹੈ। ਅਜਿਹੇ ਸਾਮਾਨ 'ਤੇ ਸਾਲਾਨਾ 75 ਕਰੋੜ ਰੁਪਏ ਖਰਚ ਹੁੰਦਾ ਹੈ। ਜੀ.ਐਸ.ਟੀ. ਲਾਗੂ ਹੋਣ 'ਤੇ ਕਮੇਟੀ ਨੂੰ ਸਾਲਾਨਾ 10 ਕਰੋੜ ਰੁਪਏ ਵਾਧੂ ਖਰਚ ਕਰਨੇ ਪੈਣਗੇ।

## ਜੀ.ਐਸ.ਟੀ. ਦਾ ਜ਼ਬਰਦਸਤ ਵਿਰੋਧ

**ਨਵੀਂ ਦਿੱਲੀ:** ਦੇਸ਼ ਭਰ 'ਚ ਜੀ.ਐਸ.ਟੀ. ਦਾ ਜ਼ਬਰਦਸਤ ਵਿਰੋਧ ਹੋ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਆਮ ਲੋਕਾਂ 'ਤੇ ਵੱਡੀ ਮਾਰ ਪਵੇਗੀ ਤੇ ਸਰਕਾਰ ਨੂੰ ਇਹ ਟੈਕਸ ਕਾਨੂੰਨ ਵਿਚ ਸੋਧ ਕਰਨੀ ਚਾਹੀਦੀ ਹੈ। ਉਤਰ ਪ੍ਰਦੇਸ਼ 'ਚ ਜੀ.ਐਸ.ਟੀ. ਦੇ ਵਿਰੋਧ 'ਚ ਵਪਾਰੀਆਂ ਨੇ ਕਾਨਪੁਰ ਵਿਚ ਝਾਂਸੀ ਐਕਸਪ੍ਰੈਸ ਗੱਡੀ ਨੂੰ ਰੋਕ ਦਿੱਤਾ ਹੈ ਤੇ ਸਰਕਾਰ ਖਿਲਾਫ਼ ਡਟ ਕੇ ਨਾਅਰੇਬਾਜ਼ੀ ਕੀਤੀ। ਵਪਾਰੀਆਂ ਨੇ ਕਿਹਾ ਕਿ ਉਤਰ ਪ੍ਰਦੇਸ਼ ਸਮੇਤ ਪੂਰੇ ਭਾਰਤ ਦੇ ਵਪਾਰੀਆਂ ਨੂੰ ਇਸ ਨਾਲ ਵੱਡਾ ਘਾਟਾ ਪਵੇਗਾ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ 'ਤੇ ਵਿਰੋਧ ਪ੍ਰਦਰਸ਼ਨ ਲਗਾਤਾਰ ਜਾਰੀ ਰੱਖਣਗੇ। ਚੰਡੀਗੜ੍ਹ ਦੇ 22 ਸੈਕਟਰ 'ਚ ਵੀ ਵਪਾਰੀਆਂ ਤੇ ਦੁਕਾਨਦਾਰਾਂ ਨੇ ਜੀ.ਐਸ.ਟੀ. ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਕੱਪੜਾ ਵਪਾਰੀਆਂ ਨੇ ਕਿਹਾ ਕਿ ਸਾਡੇ ਵਪਾਰ 'ਤੇ ਸੁੱਟੇ ਗਏ ਜੀ.ਐਸ.ਟੀ. ਬੰਬ ਨੂੰ ਫੱਟਣ ਤੋਂ ਪਹਿਲਾਂ ਅਸੀਂ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਜੇਕਰ ਇਹ ਐਟਮ ਬੰਬ ਫਟਦਾ ਹੈ ਤਾਂ ਸਾਰੇ ਕਾਰੋਬਾਰੀ ਤਬਾਹ ਹੋ ਜਾਣਗੇ।

# ਪੈਟਰੋਲ ਪੰਪ ਦੇ ਮੈਨੇਜਰ ਨੂੰ ਗੋਲੀ ਮਾਰ ਕੇ 13 ਲੱਖ ਲੁੱਟੇ

**ਮਾਨਾਂਵਾਲਾ:** ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ ਅੱਡਾ ਮਾਨਾਂਵਾਲਾ ਵਿਚ ਲੁਟੇਰੇ ਇਕ ਵਿਅਕਤੀ ਨੂੰ ਗੋਲੀ ਮਾਰ ਕੇ ਲੱਖਾਂ ਦੀ ਨਗਦੀ ਲੁੱਟ ਕੇ ਫਰਾਰ ਹੋ ਗਏ।



ਮਿਲੀ ਜਾਣਕਾਰੀ ਅਨੁਸਾਰ ਥਾਣਾ ਚਾਟੀਵਿੰਡ ਅਧੀਨ ਕਸਬਾ ਮਾਨਾਂਵਾਲਾ ਨੇੜੇ ਸਥਿਤ ਰਿਲਾਇੰਸ ਪੈਟਰੋਲ ਪੰਪ, ਜਿਸ ਦਾ ਪ੍ਰਬੰਧ 'ਰਿਸ਼ਭ ਆਟੋ' ਕੰਪਨੀ ਕੋਲ ਹੈ, ਦਾ ਜਨਰਲ ਮੈਨੇਜਰ ਇੰਦਰ ਸ਼ਰਮਾ ਪੰਪ ਤੋਂ 13 ਲੱਖ ਰੁਪਏ ਦੀ ਨਗਦੀ ਲੈ ਕੇ ਕਾਰ ਰਾਹੀਂ ਵਾਪਸ ਅੰਮ੍ਰਿਤਸਰ ਨੂੰ ਜਾਣ ਲੱਗਾ ਤਾਂ ਅੱਡਾ ਮਾਨਾਂਵਾਲਾ ਜਾਣ ਸਮੇਂ ਲੁਟੇਰਿਆਂ ਨੇ ਆਪਣੀ ਸਵਿਫਟ ਕਾਰ ਉਸ ਦੇ ਪਿੱਛੇ ਲਗਾ ਲਈ। ਜਦੋਂ ਜੀ.ਐਮ. ਨੇ ਤੇਜ਼ ਆਵਾਜਾਈ ਹੋਣ ਕਰ ਕੇ ਅੱਡੇ 'ਤੇ ਪਹੁੰਚ ਕੇ ਕਾਰ ਦੀ ਰਫਤਾਰ ਘਟਾਈ ਤਾਂ ਲੁਟੇਰਿਆਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਹਵਾ 'ਚ ਗੋਲੀ ਚਲਾਈ, ਪਰ ਇੰਦਰ ਸ਼ਰਮਾ ਨੇ ਕਾਰ ਰੋਕਣ ਦੀ ਬਜਾਏ ਤੇਜ਼ੀ ਨਾਲ ਮਾਨਾਂਵਾਲਾ ਪਿੰਡ ਵੱਲ ਮੋੜ ਲਈ, ਪਰ ਉਧਰ ਵੀ ਆਵਾਜਾਈ ਜ਼ਿਆਦਾ ਹੋਣ ਕਰ ਕੇ ਕਾਰ ਸੜਕ ਕੰਢੇ ਫਲਾਂ ਦੀਆਂ ਰੇੜ੍ਹੀਆਂ ਨਾਲ ਜਾ ਟਕਰਾਈ।

ਇਸ ਮੌਕੇ ਪਿੱਛੇ ਲੱਗੀ ਸਵਿਫਟ ਕਾਰ ਵਿਚੋਂ ਦੋ ਲੁਟੇਰਿਆਂ ਨੇ ਨਿਕਲ ਕੇ ਪਹਿਲਾਂ ਇੱਟ ਮਾਰ ਕੇ ਇੰਦਰ ਸ਼ਰਮਾ ਦੀ ਕਾਰ ਦਾ ਸ਼ੀਸ਼ਾ ਤੋੜਿਆ ਤੇ ਫੇਰ ਨਗਦੀ ਵਾਲਾ ਲਿਫਾਫਾ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਇੰਦਰ ਸ਼ਰਮਾ ਵੱਲੋਂ ਵਿਰੋਧ ਕਰਨ 'ਤੇ ਲੁਟੇਰਿਆਂ ਨੇ ਉਸ ਨੂੰ ਗੋਲੀ ਮਾਰ ਕੇ ਨਗਦੀ ਵਾਲਾ ਲਿਫਾਫਾ ਖੋਹ ਲਿਆ ਤੇ ਫਰਾਰ ਹੋ ਗਏ। ਗੋਲੀ ਇੰਦਰ ਸ਼ਰਮਾ ਦੀ ਧੌਣ 'ਚ ਵੱਜੀ ਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

# 'ਫਖਰ-ਏ-ਕੌਮ' ਬਣਦੇ ਸਾਰ ਕੈਪਟਨ ਨੇ ਫੇਰਿਆ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੇ ਵਾਅਦੇ ਤੋਂ ਪਿੱਛੇ ਹਟਦੇ ਜਾਪਦੇ ਹਨ। ਆੜ੍ਹਤੀਆਂ ਵੱਲੋਂ ਕੀਤੇ ਇਕੱਠ ਵਿਚ ਫਖਰ-ਏ-ਕੌਮ ਦਾ ਸਨਮਾਨ ਹਾਸਲ ਕਰਨ ਮੌਕੇ ਮੁੱਖ ਮੰਤਰੀ ਨੇ ਆੜ੍ਹਤੀਆਂ ਅਤੇ ਕਿਸਾਨਾਂ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਦੀ ਸਲਾਹ ਦਿੰਦਿਆਂ ਸ਼ਾਹੂਕਾਰਾ ਕਰਜ਼ਾ ਮੁਆਫ ਕਰਨ ਦੀ ਸੰਭਾਵਨਾ ਉਤੇ ਵੀ ਸੁਆਲੀਆ ਨਿਸ਼ਾਨ ਲਗਾ ਦਿੱਤਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬਾ ਸਰਕਾਰ ਦੇ ਮਾਲੀ ਹਾਲਾਤ ਬਹੁਤੇ ਸਾਜ਼ਗਾਰ ਨਹੀਂ ਜਿਸ ਕਰ ਕੇ ਕਿਸਾਨਾਂ ਦੇ ਸਿਰਫ ਖੇਤੀ ਕਰਜ਼ੇ ਹੀ ਮੁਆਫ ਹੋਣਗੇ। ਕਿਸਾਨਾਂ ਵੱਲੋਂ ਮਕਾਨਾਂ ਜਾਂ ਹੋਰ ਕੰਮਾਂ ਲਈ ਆੜ੍ਹਤੀਆਂ ਕੋਲੋਂ ਲਏ ਕਰਜ਼ੇ ਮੁਆਫ ਨਹੀਂ ਹੋਣਗੇ।

ਇਥੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਫਖਰ-ਏ-ਕੌਮ ਦੇ ਐਵਾਰਡ ਨਾਲ ਸਨਮਾਨਤ ਕਰਨ ਲਈ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਤਾਂ ਪੂਰਾ ਕਰਜ਼ਾ ਮੁਆਫ ਕਰਨਾ ਚਾਹੁੰਦੇ ਸਨ, ਪਰ ਪਿਛਲੀ ਅਕਾਲੀ ਸਰਕਾਰ ਵੱਲੋਂ ਅਨਾਜ ਦੀ ਖਰੀਦ ਲਿਮਟ ਨੂੰ ਕਰਜ਼ੇ ਵਿਚ ਤਬਦੀਲ ਕਰਾਏ ਜਾਣ ਕਰ ਕੇ ਅਜਿਹਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸਾਨਾਂ ਦੀਆਂ ਨਿੱਤ ਹੁੰਦੀਆਂ ਖੁਦਕੁਸ਼ੀਆਂ ਤੋਂ ਦੁੱਖ ਹੁੰਦਾ ਹੈ। ਉਨ੍ਹਾਂ ਦੇ ਸੱਤਾ ਸੰਭਾਲਣ ਤੋਂ ਬਾਅਦ 80 ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਇਸ ਲਈ ਉਹ ਆੜ੍ਹਤੀਆਂ ਨੂੰ ਕਹਿਣਾ ਚਾਹੁੰਦੇ ਹਨ ਕਿ ਕਿਸਾਨਾਂ ਕੋਲੋਂ 18 ਫੀਸਦੀ ਤੋਂ ਘੱਟ ਵਿਆਜ ਲਿਆ ਜਾਵੇ। ਕਿਉਂਕਿ ਜੇ ਕਿਸਾਨਾਂ ਦੀ ਹਾਲਤ ਠੀਕ ਹੋਵੇਗੀ ਤਾਂ ਆੜ੍ਹਤੀਆਂ ਦੀ ਖੁਦ ਬਖੁਦ ਠੀਕ ਹੋ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਆੜ੍ਹਤੀਆਂ ਦਾ ਸ਼ੈੱਲਰ ਵਾਲਿਆਂ ਨਾਲ ਝਗੜਾ ਹੈ ਤੇ ਉਨ੍ਹਾਂ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੂੰ ਹਦਾਇਤ ਕੀਤੀ ਹੈ ਕਿ ਉਹ ਦੋਵਾਂ ਧਿਰਾਂ ਦੀ ਮੀਟਿੰਗ ਕਰਵਾ ਕੇ ਇਸ ਨੂੰ ਹੱਲ ਕਰਨ।

# ਸਵਿਸ ਬੈਂਕਾਂ ਵਿਚੋਂ ਗਾਇਬ ਹੋਇਆ ਭਾਰਤੀਆਂ ਦਾ ਪੈਸਾ

**ਜ਼ਿਊਰਿਖ:** ਸਵਿੱਸ ਬੈਂਕਾਂ ਵਿਚ ਭਾਰਤੀਆਂ ਦੀ ਜਮ੍ਹਾ ਰਕਮ ਤਕਰੀਬਨ ਅੱਧੀ ਹੋ ਕੇ ਸਾਢੇ ਚਾਰ ਹਜ਼ਾਰ ਕਰੋੜ ਤੱਕ ਰਹਿ ਗਈ ਹੈ। ਸਵਿੱਟਜ਼ਰਲੈਂਡ ਦੇ ਕੇਂਦਰੀ ਬੈਂਕ ਦੇ ਅੰਕੜਿਆਂ ਤੋਂ ਇਹ ਗੱਲ ਸਾਹਮਣੇ ਆਈ ਹੈ।




ਦੂਜੇ ਪਾਸੇ ਪਾਕਿਸਤਾਨ ਦੇ ਸਵਿੱਸ ਬੈਂਕਾਂ ਵਿਚ ਜਮ੍ਹਾ ਕਾਲੇ ਧਨ 'ਚ ਵੀ ਗਿਰਾਵਟ ਆਈ ਹੈ, ਹਾਲਾਂਕਿ ਇਹ ਅਜੇ ਵੀ ਭਾਰਤ ਦੇ ਮੁਕਾਬਲੇ ਦੁੱਗਣਾ ਹੈ। ਜ਼ਿਕਰਯੋਗ ਹੈ ਕਿ ਸਵਿੱਸ ਬੈਂਕ ਵਿਚ ਵੱਡੀ ਮਾਤਰਾ ਵਿਚ ਭਾਰਤੀਆਂ ਦਾ ਕਾਲਾ ਧਨ ਜਮ੍ਹਾਂ ਹੋਣ ਦੇ ਦਾਅਵੇ ਹੁੰਦੇ ਰਹੇ ਹਨ ਅਤੇ ਇਹ ਭਾਰਤ ਵਿਚ ਵੱਡਾ ਰਾਜਨੀਤਕ ਮੁੱਦਾ ਵੀ ਹੈ। ਸਵਿੱਟਜ਼ਰਲੈਂਡ ਦੇ ਕੇਂਦਰੀ ਬੈਂਕ ਦੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਸਵਿੱਸ ਬੈਂਕਾਂ ਵਿਚ ਭਾਰਤੀਆਂ ਦੀ ਰਕਮ ਕਰੀਬ ਅੱਧੀ ਹੋ ਕੇ 4500 ਕਰੋੜ ਤੱਕ ਰਹਿ ਗਈ ਹੈ। ਇਸ ਵਿਚ 45 ਫੀਸਦੀ ਤੱਕ ਦੀ ਗਿਰਾਵਟ ਆਈ ਹੈ। ਸਵਿੱਸ ਬੈਂਕਾਂ ਵਿਚ ਵਿਦੇਸ਼ੀਆਂ ਦਾ ਕੁੱਲ 96 ਲੱਖ ਕਰੋੜ ਰੁਪਇਆ ਜਮ੍ਹਾਂ ਹੈ। ਕਾਲੇ ਧਨ 'ਤੇ ਲਗਾਮ ਲਾਉਣ ਦੀਆਂ ਕੋਸ਼ਿਸ਼ਾਂ ਦਾ ਅਸਰ ਇਹ ਹੋਇਆ ਹੈ ਕਿ ਹੁਣ ਕਾਲੇ ਧਨ ਦੇ ਕੁਬੇਰਾਂ ਨੂੰ ਸਵਿੱਸ ਬੈਂਕਾਂ ਵਿਚ ਪੈਸਾ ਜਮ੍ਹਾਂ ਕਰਨਾ ਸੁਰੱਖਿਅਤ ਨਹੀਂ ਲੱਗਦਾ ਜਿਸ ਕਾਰਨ ਇਸ ਵਿਚ ਭਾਰੀ ਗਿਰਾਵਟ ਆ ਰਹੀ ਹੈ।

# ਭਾਰਤੀ ਪੁਲਿਸ ਅਧਿਕਾਰੀ ਨੂੰ ਅਮਰੀਕੀ ਐਵਾਰਡ

**ਚੇਨਈ:** ਭਾਰਤੀ ਪੁਲਿਸ ਅਧਿਕਾਰੀ ਨੇ ਅਮਰੀਕੀ ਸਰਕਾਰ ਦਾ 2017 ਦਾ 'ਟਰੈਫਿਕਿੰਗ ਇਨ ਪਰਸਨਜ਼ ਹੀਰੋ ਐਵਾਰਡ' ਜਿੱਤਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਵੱਲੋਂ ਇਸ ਸਾਲ ਦੇ ਅੱਠ ਜੇਤੂਆਂ ਦੀ ਜਾਰੀ ਸੂਚੀ ਵਿਚ ਮਹੇਸ਼ ਮੁਰਲੀਧਰ ਭਾਗਵਤ ਦਾ ਨਾਂ ਸ਼ਾਮਲ ਹੈ। ਉਸ ਨੂੰ ਇਹ ਇਨਾਮ ਭਾਰਤ ਵਿਚ ਮਨੁੱਖੀ ਤਸਕਰੀ ਰੋਕਣ ਲਈ ਨਿਭਾਈ ਭੂਮਿਕਾ ਅਤੇ ਕੇਸਾਂ ਦੀ ਜਾਂਚ ਲਈ ਨਵੇਂ ਤਰੀਕੇ ਅਪਨਾਉਣ ਲਈ ਦਿੱਤਾ ਗਿਆ।

ਤਿਲੰਗਾਨਾ ਰਾਜ ਦੇ ਦੱਖਣੀ ਜ਼ਿਲ੍ਹੇ ਰਚਾਕੋਂਡਾ ਦੇ ਪੁਲਿਸ ਮੁਖੀ ਭਾਗਵਤ ਨੇ ਕਿਹਾ ਕਿ ਇਹ ਐਵਾਰਡ ਉਸ ਵੱਲੋਂ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਲੜੀ ਜਾ ਰਹੀ ਲੜਾਈ ਨੂੰ ਮਾਨਤਾ ਹੈ। ਉਨ੍ਹਾਂ 2004 ਵਿਚ ਤਸਕਰੀ ਦੇ ਆਪਣੇ ਪਹਿਲੇ ਕੇਸ ਤੋਂ ਹੁਣ ਤੱਕ ਲੰਮਾ ਸਫਰ ਤੈਅ ਕੀਤਾ ਹੈ।

# ਕੇਬਲ ਮਾਫੀਆ ਬਾਰੇ ਕੈਪਟਨ ਦਾ ਯੂ-ਟਰਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਕਰ ਦਿੱਤਾ ਹੈ ਕਿ ਪੰਜਾਬ ਵਿਚ ਕੋਈ ਕੇਬਲ ਰੈਗੂਲਟਰੀ ਨੀਤੀ ਨਹੀਂ ਬਣਾਈ ਜਾਵੇਗੀ ਅਤੇ ਰਾਜ ਵਿਚ ਹਰੇਕ ਨੂੰ ਆਪਣਾ ਚੈਨਲ ਚਲਾਉਣ ਦਾ ਹੱਕ ਹੈ। ਉਨ੍ਹਾਂ ਪੰਚਾਇਤਾਂ ਨੂੰ ਨਿਆਇਕ ਤਾਕਤਾਂ ਦੇਣ ਦੀ ਵਕਾਲਤ ਵੀ ਕੀਤੀ ਤਾਂ ਕਿ ਉਹ ਆਪਣੇ ਛੋਟੇ ਮੋਟੇ ਮਸਲੇ ਪਿੰਡਾਂ ਵਿਚ ਹੀ ਹੱਲ ਕਰ ਲੈਣ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਨੂੰ ਵੀ ਰਾਜ ਦੇ ਹਾਲਾਤ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਪ੍ਰਾਈਵੇਟ ਅਦਾਰਿਆਂ ਦੀ ਸਿੱਖਿਆ ਉਤੇ ਨਿਗ੍ਹਾ ਰੱਖਣ ਲਈ ਰੈਗੂਲੇਟਰੀ ਬਾਡੀ ਬਣਾਈ ਜਾਵੇਗੀ।

ਇਹ ਐਲਾਨ ਮੁੱਖ ਮੰਤਰੀ ਨੇ ਕਾਂਗਰਸ ਸਰਕਾਰ ਦੇ 100 ਦਿਨ ਪੂਰੇ ਹੋਣ ਮੌਕੇ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੇਬਲ ਚੈਨਲਾਂ ਉਤੇ ਕਿਸੇ ਤਰ੍ਹਾਂ ਦੀ ਪਾਬੰਦੀ ਲਾਉਣ ਦੇ ਹੱਕ ਵਿਚ ਨਹੀਂ ਹੈ। ਮੁਕਾਬਲੇਬਾਜ਼ੀ ਵਧਣ ਨਾਲ ਲੋਕਾਂ ਨੂੰ ਬਿਹਤਰ ਖਬਰਾਂ ਮਿਲਣਗੀਆਂ। ਪਹਿਲਾਂ ਕੇਬਲ ਟੀ.ਵੀ. ਤੇ ਪੀ.ਟੀ.ਸੀ. ਦੀ ਅਜ਼ਾਰੇਦਾਰੀ ਸੀ, ਪਰ ਹੁਣ ਹਰੇਕ ਨੂੰ ਖੁੱਲ੍ਹ ਹੋਵੇਗੀ। ਯਾਦ ਰਹੇ ਕਿ ਕਾਂਗਰਸ ਪਾਰਟੀ ਚੋਣਾਂ ਮੌਕੇ ਕੇਬਲ ਮਾਫੀਆ ਨੂੰ ਨੱਥ ਪਾਉਣ ਲਈ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਦੀ ਰਹੀ ਹੈ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਮਨਪ੍ਰੀਤ ਬਾਦਲ ਇਹ ਮਾਮਲਾ ਕਈ ਵਾਰ ਉਠਾ ਚੁੱਕੇ ਹਨ, ਪਰ ਮੁੱਖ ਮੰਤਰੀ ਨੇ ਕੇਬਲ ਮਾਫੀਆ ਬਾਰੇ ਕੋਈ ਕਾਰਵਾਈ ਨਾ ਕਰਨ ਦੀ ਗੱਲ ਕਹਿ ਕੇ ਪੱਲਾ ਝਾੜ ਲਿਆ ਹੈ।

# ਸਿੱਖ ਜਥਿਆਂ ਦੇ ਰਾਹ 'ਚ ਰੋੜਾ ਬਣੀ ਮੋਦੀ ਸਰਕਾਰ ਖਿਲਾਫ ਰੋਹ

**ਅੰਮ੍ਰਿਤਸਰ:** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ 178ਵੀਂ ਬਰਸੀ ਮਨਾਉਣ ਲਈ ਸਿੱਖ ਜਥੇ ਨੂੰ ਪੂਰੀ ਤਿਆਰੀ ਦੇ ਬਾਵਜੂਦ ਪਾਕਿਸਤਾਨ ਨਹੀਂ ਜਾਣ ਦਿੱਤਾ ਗਿਆ। ਅਟਾਰੀ ਪਹੁੰਚੇ ਇਨ੍ਹਾਂ 300 ਸਿੱਖ ਯਾਤਰੀਆਂ ਕੋਲ ਪਾਕਿਸਤਾਨ ਦੇ ਵੀਜ਼ੇ ਵੀ ਸਨ। ਪਾਕਿਸਤਾਨ ਤੋਂ ਲੈਣ ਆਈ ਵਿਸ਼ੇਸ਼ ਰੇਲ ਗੱਡੀ ਵੀ ਇਨ੍ਹਾਂ ਦੇ ਸਾਹਮਣੇ ਸੀ ਪਰ ਯਾਤਰੀਆਂ ਨੂੰ ਰੇਲ 'ਤੇ ਨਹੀਂ ਚੜ੍ਹਨ ਦਿੱਤਾ ਗਿਆ।

ਭਾਰਤ ਸਰਕਾਰ ਨੇ ਕਿਹਾ, ਸੁਰੱਖਿਆ ਦੇ ਮੱਦੇਨਜ਼ਰ ਅਸੀਂ ਆਪਣੇ ਦੇਸ਼ ਵਾਸੀਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦੇ ਸਕਦੇ। 300 ਯਾਤਰੀਆਂ ਦੀ ਗਿਣਤੀ ਵਾਲਾ ਸਿੱਖ ਜਥਾ ਅਟਾਰੀ ਸਰਹੱਦ ਪਹੁੰਚ ਗਿਆ ਸੀ। ਕਾਫੀ ਉਡੀਕ ਕਰਨ ਦੇ ਬਾਵਜੂਦ ਜਥੇ ਨੂੰ ਰੇਲ ਗੱਡੀ ਚੜ੍ਹਨ ਦੀ ਆਗਿਆ ਨਹੀਂ ਦਿੱਤੀ ਗਈ ਕਿਉਂਕਿ ਭਾਰਤ ਸਰਕਾਰ ਦੀ ਇਜਾਜ਼ਤ ਤੋਂ ਬਿਨਾ ਪਾਕਿਸਤਾਨੋਂ ਆਈ ਰੇਲ ਗੱਡੀ ਸਰਹੱਦ ਪਾਰ ਕਰ ਕੇ ਅਟਾਰੀ ਰੇਲਵੇ ਸਟੇਸ਼ਨ ਉਤੇ ਨਹੀਂ ਪਹੁੰਚ ਸਕਦੀ।

ਭਾਰਤ ਸਰਕਾਰ ਨੇ ਕੁਝ ਦਿਨ ਪਹਿਲਾਂ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਐਸ.ਜੀ.ਪੀ.ਸੀ. ਰਾਹੀਂ ਭੇਜੇ ਯਾਤਰੀਆਂ ਦੇ ਵੀਜ਼ੇ ਰੱਦ ਕਰਦਿਆਂ ਕਿਹਾ ਸੀ ਕਿ ਕਮੇਟੀ ਸਿੱਖ ਯਾਤਰੀਆਂ ਨੂੰ ਆਪਣੀ ਜ਼ਿੰਮੇਵਾਰੀ 'ਤੇ ਪਾਕਿਸਤਾਨ ਜਾਣ ਲਈ ਕਹਿ ਸਕਦੀ ਹੈ ਪਰ ਕੇਂਦਰ ਇਸ ਦੀ ਜ਼ਿੰਮੇਵਾਰੀ ਨਹੀਂ ਲਵੇਗਾ। ਕੇਂਦਰ ਦੀ ਹਦਾਇਤ ਤੋਂ ਬਾਅਦ ਕਮੇਟੀ ਨੇ ਜਥਾ ਭੇਜਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਇਕ ਸਿੱਖ ਸੰਸਥਾ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਨਿੱਜੀ ਤੌਰ 'ਤੇ ਚਾਹਵਾਨ 300 ਸਿੱਖ ਯਾਤਰੀਆਂ ਦੇ ਪਾਕਿਸਤਾਨ ਜਾਣ ਦੇ ਪ੍ਰਬੰਧ ਕੀਤੇ ਗਏ। ਇਨ੍ਹਾਂ ਯਾਤਰੀਆਂ ਨੂੰ 10 ਦਿਨ ਦਾ ਪਾਕਿਸਤਾਨ ਵੀਜ਼ਾ ਮਿਲਿਆ ਸੀ। ਇਸ ਤੋਂ ਪਹਿਲਾਂ ਅੱਠ ਜੂਨ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਮਨਾਉਣ ਲਈ ਵੀ 80 ਯਾਤਰੀਆਂ ਨੂੰ ਛੱਡ ਕੇ ਬਾਕੀ ਸੰਗਤ ਨੂੰ ਪਾਕਿਸਤਾਨ ਨਹੀਂ ਜਾਣ ਦਿੱਤਾ ਗਿਆ ਸੀ। ਧਾਰਮਿਕ ਯਾਤਰਾਵਾਂ 'ਤੇ ਪੈ ਰਿਹਾ ਅਸਰ ਭਾਰਤ-ਪਾਕਿਸਤਾਨ ਦੇ ਨਾਜ਼ੁਕ ਹੋ ਰਹੇ ਸਬੰਧਾਂ ਦਾ ਵੱਡਾ ਸਬੂਤ ਹੈ ਕਿਉਂਕਿ ਧਾਰਮਿਕ ਯਾਤਰਾ ਦੋਵਾਂ ਦੇਸ਼ਾਂ ਦਰਮਿਆਨ ਮਜ਼ਬੂਤ ਕੜੀ ਦਾ ਕੰਮ ਕਰਦੀ ਹੈ।

### ਪਾਕਿ ਦੇ ਵੀਜ਼ੇ ਹੋਣ ਦੇ ਬਾਵਜੂਦ ਸਰਹੱਦ ਤੋਂ ਮੁੜੇ ਜਥੇ




### ਸੰਯੁਕਤ ਰਾਸ਼ਟਰ ਕੋਲ ਸ਼ਿਕਾਇਤ ਦੀ ਤਿਆਰੀ

**ਲਾਹੌਰ:** ਪਾਕਿਸਤਾਨੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਅਤੇ ਪਾਕਿਸਤਾਨੀ ਔਕਾਫ ਬੋਰਡ ਦੇ ਅਧਿਕਾਰੀਆਂ ਦੀ ਮੀਟਿੰਗ ਵਿਚ ਭਾਰਤ ਵੱਲੋਂ ਸ਼ਰਧਾਲੂਆਂ ਨੂੰ ਪਾਕਿਸਤਾਨ ਆਉਣ ਤੋਂ ਰੋਕਣ ਦਾ ਸਖਤ ਵਿਰੋਧ ਕਰਦਿਆਂ ਸੰਯੁਕਤ ਰਾਸ਼ਟਰ ਨੂੰ ਸ਼ਿਕਾਇਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਨੇ ਜਾਣਬੁੱਝ ਕੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਆਉਣ ਤੋਂ ਰੋਕਿਆ ਹੈ। ਇਕ ਮਹੀਨੇ ਵਿਚ ਦੋ ਜਥਿਆਂ ਨੂੰ ਆਉਣ ਤੋਂ ਰੋਕਿਆ ਗਿਆ ਹੈ, ਜੋ ਭਾਰਤ ਅਤੇ ਪਾਕਿਸਤਾਨ ਵਿਚਾਲੇ ਧਾਰਮਿਕ ਯਾਤਰਾਵਾਂ 'ਤੇ ਸ਼ਰਧਾਲੂਆਂ ਨੂੰ ਭੇਜਣ ਸਬੰਧੀ ਹੋਈ ਸਮਝੌਤੇ ਦੀ ਉਲੰਘਣਾ ਹੈ। ਪੀ.ਜੀ.ਪੀ.ਸੀ. ਦੇ ਪ੍ਰਧਾਨ ਤਾਰਾ ਸਿੰਘ ਅਤੇ ਬੋਰਡ ਦੇ ਚੇਅਰਮੈਨ ਸਦੀਕ ਉਲ ਫਾਰੂਕ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਸੰਯੁਕਤ ਰਾਸ਼ਟਰ ਅਤੇ ਇਸਲਾਮਾਬਾਦ ਸਥਿਤ ਭਾਰਤੀ ਸਫ਼ਾਰਤਖਾਨੇ ਕੋਲ ਸ਼ਿਕਾਇਤ ਕੀਤੀ ਜਾਵੇਗੀ।

### ਪਾਕਿਸਤਾਨੀ ਸਿੱਖਾਂ ਵੱਲੋਂ ਭਾਰਤ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ

**ਲਾਹੌਰ:** ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਮਨਾਈ ਗਈ, ਜਿਥੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਹੋਇਆ। ਇਸ ਦੌਰਾਨ ਪਾਕਿਸਤਾਨੀ ਸਿੱਖਾਂ ਨੇ ਭਾਰਤ ਸਰਕਾਰ ਖਿਲਾਫ਼ ਰੋਸ ਵਿਖਾਵਾ ਕਰਦਿਆਂ ਸਰਕਾਰ 'ਤੇ ਸਿੱਖਾਂ ਨੂੰ ਪਾਕਿਸਤਾਨ ਆਉਣ ਤੋਂ ਰੋਕਣ ਦੇ ਦੋਸ਼ ਲਾਏ। ਇਸ ਸਮਾਗਮ ਦੌਰਾਨ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਮੁਹੰਮਦ ਸਦੀਕ ਉਲ ਫਾਰੂਕ, ਡਿਪਟੀ ਸਕੱਤਰ ਇਮਰਾਨ ਖਾਨ, ਫਰਾਜ਼ ਅੱਬਾਸ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ, ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ, ਸਾਬਕਾ ਪ੍ਰਧਾਨ ਬਿਸ਼ਨ ਸਿੰਘ ਤੇ ਕਾਰਜਕਾਰਨੀ ਦੇ ਮੈਂਬਰ ਮਨਿੰਦਰ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਮਗਨਰੇਗਾ ਦੇ ਹਿਸਾਬ ਕਿਤਾਬ 'ਚ ਊਣਤਾਈਆਂ ਨੇ ਕਸੂਤੀ ਫਸਾਈ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ (ਮਗਨਰੇਗਾ) ਤਹਿਤ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਮਜ਼ਦੂਰੀ ਮਿਲਣ ਵਿਚ ਦੇਰੀ ਹੋਣੀ ਆਮ ਗੱਲ ਹੈ ਪਰ ਹੁਣ ਸਾਫਟਵੇਅਰ ਰਾਹੀਂ ਤੱਥ ਸਾਹਮਣੇ ਆਉਣ ਕਾਰਨ ਸੂਬਾ ਸਰਕਾਰ ਫਸੀ ਨਜ਼ਰ ਆ ਰਹੀ ਹੈ। ਮਜ਼ਦੂਰੀ ਦੀ ਰਾਸ਼ੀ ਵਿਚ ਦੇਰੀ ਦੇ ਨਾਲ ਬਣਦਾ ਮੁਆਵਜ਼ਾ ਨਾ ਦੇਣ ਕਰ ਕੇ ਕੇਂਦਰ ਸਰਕਾਰ ਨੇ ਪੰਜਾਬ ਦੀ ਖਿਚਾਈ ਕੀਤੀ ਹੈ ਅਤੇ ਇਹ ਰਾਸ਼ੀ ਤੁਰਤ ਜਾਰੀ ਕਰਨ ਦੀ ਤਾਕੀਦ ਵੀ ਕੀਤੀ ਹੈ। ਇਸ ਤੋਂ ਇਲਾਵਾ ਕਈ ਹੋਰ ਮੁੱਦਿਆਂ ਉਤੇ ਉਠਾਏ ਸਵਾਲ ਪੰਜਾਬ ਵਿਚ ਮਗਨਰੇਗਾ ਦੀ ਢਿੱਲੀ ਕਾਰਗੁਜ਼ਾਰੀ ਨੂੰ ਪ੍ਰਗਟ ਕਰਦੇ ਹਨ।

ਕੇਂਦਰ ਸਰਕਾਰ ਦੀ ਸੰਯੁਕਤ ਸਕੱਤਰ ਅਪਰਾਜਿਤਾ ਸਾਰੰਗੀ ਵੱਲੋਂ ਲਿਖੀ ਚਿੱਠੀ ਵਿਚ ਪੰਜਾਬ ਸਰਕਾਰ ਦੇ ਮਗਨਰੇਗਾ ਲਾਗੂ ਕਰਨ ਦੇ ਅਮਲ ਵਿਚਲੀਆਂ ਊਣਤਾਈਆਂ ਨੂੰ ਉਜਾਗਰ ਕੀਤਾ ਗਿਆ ਹੈ। ਮਸਟਰੋਲ ਬੰਦ ਹੋ ਹੋਣ ਤੋਂ 15 ਦਿਨਾਂ ਤੱਕ ਮਜ਼ਦੂਰੀ ਦੀ ਅਦਾਇਗੀ ਕਰਨੀ ਹੁੰਦੀ ਹੈ। ਸੋਲਵੇਂ ਦਿਨ ਸਾਫਟਵੇਅਰ ਆਪਣਾ ਹਿਸਾਬ ਕਿਤਾਬ ਸ਼ੁਰੂ ਕਰ ਦਿੰਦਾ ਹੈ। ਕਾਨੂੰਨ ਅਨੁਸਾਰ ਜੇਕਰ 15 ਦਿਨਾਂ ਵਿਚ ਪੇਮੈਂਟ ਨਹੀਂ ਹੁੰਦੀ ਤਾਂ ਜਿੰਨੀ ਪੇਮੈਂਟ ਕੀਤੀ ਜਾਣੀ ਹੈ ਉਸ ਉਤੇ .05 ਫੀਸਦੀ ਦੀ ਦਰ ਨਾਲ ਹਰਜਾਨਾ ਜੋੜ ਕੇ ਦੇਣਾ ਪਵੇਗਾ। ਪੰਜਾਬ ਸਰਕਾਰ ਨੇ ਅਜੇ ਤੱਕ ਮਜ਼ਦੂਰਾਂ ਦੇ ਮੁਆਵਜ਼ੇ ਵਜੋਂ ਬਣਦੇ 80 ਹਜ਼ਾਰ ਰੁਪਏ ਅਦਾ ਨਹੀਂ ਕੀਤੇ। ਹੋਰ 47 ਹਜ਼ਾਰ ਰੁਪਏ ਦੇ ਕੇਸਾਂ ਬਾਰੇ ਫੈਸਲਾ ਅਜੇ ਹੋਣਾ ਹੈ। ਕੇਂਦਰ ਸਰਕਾਰ ਨੇ ਝਾੜ ਪਾਉਂਦਿਆਂ ਸਵਾਲ ਕੀਤਾ ਹੈ ਕਿ ਅਜੇ ਤੱਕ ਪੰਜਾਬ ਸਰਕਾਰ ਨੇ ਪੇਮੈਂਟ ਵਿਚ ਦੇਰੀ ਕਾਰਨ ਮੁਆਵਜ਼ਾ ਦੇਣ ਸਬੰਧੀ ਨਿਯਮ ਹੀ ਨੋਟੀਫਾਈ ਨਹੀਂ ਕੀਤੇ। ਪੰਜਾਬ ਦੀ ਸਥਿਤੀ ਇਹ ਹੈ ਕਿ ਇਸ ਦੀਆਂ 13079 ਪੰਚਾਇਤਾਂ ਵਿਚੋਂ 6510 ਪੰਚਾਇਤਾਂ ਨੇ ਇਸ ਚਾਲੂ ਸਾਲ ਦੌਰਾਨ ਮਗਨਰੇਗਾ ਤਹਿਤ ਇਕ ਪੈਸਾ ਵੀ ਖਰਚ ਨਹੀਂ ਕੀਤਾ ਹੈ।

ਚਿੱਠੀ ਵਿਚ ਇਕ ਹੋਰ ਮੁੱਦਾ ਉਠਾਇਆ ਗਿਆ ਹੈ। ਸਰਕਾਰ ਨੇ ਸਮਾਜਿਕ, ਆਰਥਿਕ ਅਤੇ ਜਾਤੀਗਤ ਮਰਦਮਸ਼ੁਮਾਰੀ 2011 ਵਿਚ ਹੱਥੀਂ ਕੰਮ ਕਰਨ ਵਾਲੇ ਅਸਥਾਈ ਕਾਮਿਆਂ ਦੇ ਸਾਰੇ ਪਰਿਵਾਰਾਂ ਨੂੰ ਜੌਬ ਕਾਰਡ ਬਣਾ ਕੇ ਦੇਣੇ ਸਨ। ਮਰਦਮਸ਼ੁਮਾਰੀ ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਅਜਿਹੇ 7,07,741 ਪਰਿਵਾਰਾਂ ਦੀ ਸ਼ਨਾਖਤ ਕੀਤੀ ਗਈ ਸੀ। ਪੰਜਾਬ ਦੇ ਅਧਿਕਾਰੀਆਂ ਵੱਲੋਂ ਦਿਹਾਤੀ ਵਿਕਾਸ ਮੰਤਰਾਲੇ ਨੂੰ ਦਿੱਤੀ ਗਈ ਸੂਚਨਾ ਮੁਤਾਬਕ ਇਨ੍ਹਾਂ ਪਰਿਵਾਰਾਂ ਵਿਚੋਂ 3,70,657 ਦਾ ਸਰਵੇ ਕੀਤਾ ਗਿਆ ਅਤੇ ਸਿਰਫ 2735 ਪਰਿਵਾਰਾਂ ਨੇ ਹੀ ਮਗਨਰੇਗਾ ਤਹਿਤ ਕੰਮ ਕਰਨ ਵਿਚ ਸਹਿਮਤੀ ਦਿੱਤੀ।

ਕੇਂਦਰ ਸਰਕਾਰ ਨੇ ਇਸ ਵਾਰ ਪਾਣੀ ਦੀ ਸੰਭਾਲ ਲਈ ਅੱਤ-ਸ਼ੋਸ਼ਿਤ ਬਲਾਕਾਂ ਵਿਚ ਮਗਨਰੇਗਾ ਦਾ ਪੈਸਾ ਖਰਚ ਕਰਨ ਦੀ ਵਿਸ਼ੇਸ਼ ਯੋਜਨਾ ਬਣਾਈ ਹੈ। ਕੁੱਲ ਖਰਚ ਦਾ 65 ਫੀਸਦੀ ਹਿੱਸਾ ਇਨ੍ਹਾਂ ਬਲਾਕਾਂ ਵਿਚ ਖਰਚ ਕੀਤਾ ਜਾਵੇਗਾ। ਦੇਸ਼ ਪੱਧਰ ਉਤੇ ਅਜਿਹੇ 2264 ਬਲਾਕਾਂ ਵਿਚੋਂ 113 ਬਲਾਕ ਪੰਜਾਬ ਦੇ ਹਨ।



## ਖਾੜਕੂਵਾਦ ਵੇਲੇ 'ਕੈਟ-ਤੰਤਰ' ਦੀ ਜਾਂਚ ਮੰਗੀ

**ਜਲੰਧਰ:** ਦਲ ਖਾਲਸਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਇਕ ਨਿਆਇਕ ਕਮਿਸ਼ਨ ਬਣਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਪੁਲਿਸ ਵੱਲੋਂ ਖਾੜਕੂਵਾਦ ਵਿਰੁੱਧ ਲੜਨ ਦੇ ਨਾਂ ਹੇਠ ਖੜ੍ਹੇ ਕੀਤੇ 'ਕੈਟ-ਤੰਤਰ' ਦੀ ਜਾਂਚ ਹੋ ਸਕੇ ਅਤੇ ਨਾਲ ਹੀ ਉਨ੍ਹਾਂ ਪੁਲਿਸ ਅਫਸਰਾਂ ਦਾ ਪਤਾ ਲਾਇਆ ਜਾਵੇ ਜਿਨ੍ਹਾਂ ਨੇ ਉਸ ਵੇਲੇ ਦੇ ਨਾਜਾਇਜ਼ ਹਥਿਆਰ ਆਪਣੇ ਕੋਲ ਸਾਂਭ ਕੇ ਰੱਖੇ ਹੋਏ ਹਨ।

ਜਥੇਬੰਦੀ ਦੀ ਇਹ ਮੰਗ ਬਰਖਾਸਤ ਪੁਲਿਸ ਅਧਿਕਾਰੀ ਇੰਦਰਜੀਤ ਸਿੰਘ ਨੂੰ ਨਸ਼ਾ ਵਿਰੋਧੀ ਸਪੈਸ਼ਲ ਟਾਸਕ ਫੋਰਸ ਵੱਲੋਂ ਗ੍ਰਿਫਤਾਰ ਕਰਨ ਅਤੇ ਉਸ ਪਾਸੋਂ ਏ.ਕੇ. 47 ਰਾਈਫਲ ਸਮੇਤ ਨਾਜਾਇਜ਼ ਹਥਿਆਰਾਂ ਦੀ ਬਰਾਮਦਗੀ ਦੇ ਮੱਦੇਨਜ਼ਰ ਕੀਤੀ ਗਈ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਇੰਦਰਜੀਤ ਸਿੰਘ ਦੀ ਗ੍ਰਿਫਤਾਰੀ ਤੋਂ ਗੱਲ ਅੱਗੇ ਨਹੀਂ ਤੁਰੀ ਅਤੇ ਜਾਂਚ ਅਧਿਕਾਰੀਆਂ ਨੇ ਉਸ ਦੇ 'ਆਕਾਵਾਂ' ਬਾਰੇ ਵੀ ਕੋਈ ਖੁਲਾਸਾ ਨਹੀਂ ਕੀਤਾ ਹੈ।

ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਆਪਣੇ ਤੌਰ 'ਤੇ ਇਸ ਮਾਮਲੇ ਦਾ ਨੋਟਿਸ ਲੈਣਾ ਚਾਹੀਦਾ ਹੈ। 'ਕੈਟ-ਤੰਤਰ' ਬਾਰੇ ਉਨ੍ਹਾਂ ਕਿਹਾ ਕਿ ਚੋਣਵੇਂ ਅਧਿਕਾਰੀਆਂ ਵੱਲੋਂ ਗੈਰਕਾਨੂੰਨੀ ਕੰਮਾਂ ਲਈ 'ਕੈਟਾਂ' ਦੇ ਰੂਪ ਵਿਚ ਗੈਰਕਾਨੂੰਨੀ ਬ੍ਰਿਗੇਡ ਖੜ੍ਹੀ ਕੀਤੀ ਗਈ ਸੀ। 'ਕੈਟਾਂ' ਨੂੰ ਸਰਕਾਰੀ ਸਰਪ੍ਰਸਤੀ ਹਾਸਲ ਸੀ, ਜਿਸ ਕਾਰਨ ਉਨ੍ਹਾਂ ਵਿਚੋਂ ਬਹੁਤਾਤ ਜ਼ਮੀਨਾਂ 'ਤੇ ਕਬਜ਼ੇ ਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋ ਗਏ।

ਕੰਵਰਪਾਲ ਸਿੰਘ ਨੇ ਕਿਹਾ ਕਿ ਸੰਨ 1980 ਤੋਂ 1995 ਤੱਕ ਵੱਡੇ ਪੱਧਰ 'ਤੇ ਏ.ਕੇ. 47 ਰਾਈਫਲਾਂ, ਵਿਸਫੋਟਕ ਸਮੱਗਰੀ ਅਤੇ ਹੋਰ ਹਥਿਆਰ ਜ਼ਬਤ ਕਰਨ ਦੇ ਦਾਅਵੇ ਕੀਤੇ ਗਏ ਸਨ। ਪੁਲਿਸ ਮੁਲਾਜ਼ਮਾਂ ਦੇ ਇਕ ਧੜੇ ਨੇ ਅਜਿਹੇ ਕੁਝ ਹਥਿਆਰਾਂ ਨੂੰ ਆਪਣੇ ਕੋਲ ਸਾਂਭ ਲਿਆ।

## ਆਸਟਰੇਲੀਆ ਦੇ ਮੁੱਖ ਪਾਦਰੀ ਉਤੇ ਲੱਗੇ ਸਰੀਰਕ ਸ਼ੋਸ਼ਣ ਦੇ ਦੋਸ਼

**ਮੈਲਬਰਨ:** ਸੂਬਾਈ ਪੁਲਿਸ ਨੇ ਆਸਟਰੇਲੀਆ ਦੇ ਕੈਥੋਲਿਕ ਮੱਤ ਦੇ ਮੁੱਖ ਪਾਦਰੀ ਜੌਰਜ ਪੈਲ ਉਤੇ ਸਰੀਰਕ ਸ਼ੋਸ਼ਣ ਦੇ ਦੋਸ਼ ਲਾਏ ਹਨ। ਸਥਾਨਕ ਰੇਡੀਓ ਮੁਤਾਬਕ ਮੌਜੂਦਾ ਸਮੇਂ ਵੈਟੀਕਨ ਵਿਚ ਤੀਸਰੇ ਸਥਾਨ ਦੇ ਸੀਨੀਅਰ ਸਲਾਹਕਾਰ ਵਜੋਂ ਨਿਯੁਕਤ ਜੌਰਜ ਪੈਲ ਇਨ੍ਹਾਂ ਦੋਸ਼ਾਂ ਤਹਿਤ 18 ਜੁਲਾਈ ਨੂੰ ਮੈਲਬਰਨ ਦੀ ਅਦਾਲਤ ਮੂਹਰੇ ਪੇਸ਼ ਹੋਵੇਗਾ। ਉਧਰ, ਉਕਤ ਪਾਦਰੀ ਨੇ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ 'ਕਿਰਦਾਰਕੁਸ਼ੀ' ਦਾ ਯਤਨ ਦੱਸਿਆ ਹੈ। ਹਾਲਾਂਕਿ ਪੁਲਿਸ ਦਾ ਕਹਿਣਾ ਹੈ ਕਿ ਪਾਦਰੀ ਖਿਲਾਫ਼ ਦੋਸ਼ ਕਾਨੂੰਨੀ ਮਸ਼ਵਰੇ ਮਗਰੋਂ ਆਇਦ ਕੀਤੇ ਗਏ ਹਨ।

ਪੁਲਿਸ ਮੁਤਾਬਕ ਇਨ੍ਹਾਂ ਦੋਸ਼ਾਂ ਦੀ ਪਿਛਲੇ ਕਰੀਬ ਦੋ ਸਾਲ ਤੋਂ ਜਾਂਚ ਚੱਲ ਰਹੀ ਹੈ। ਕਈ ਸ਼ਿਕਾਇਤਕਰਤਾਵਾਂ ਨੇ ਪਾਦਰੀ ਖਿਲਾਫ਼ ਆਪਣਾ ਪੱਖ ਰੱਖਿਆ ਹੈ, ਪਰ ਫਿਲਹਾਲ ਇਨ੍ਹਾਂ ਦੋਸ਼ਾਂ ਵਿਚਲੀ ਪੂਰੀ ਜਾਣਕਾਰੀ ਨੂੰ ਜਨਤਕ ਨਹੀਂ ਕੀਤਾ ਗਿਆ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਚੋਣਾਂ 'ਚ ਬਾਦਲਾਂ ਨੇ ਇਸ਼ਤਿਹਾਰਾਂ ਉਤੇ ਵਹਾਇਆ ਪਾਣੀ ਵਾਂਗ ਪੈਸਾ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਉਤੇ ਕੁੱਲ 15.67 ਕਰੋੜ ਰੁਪਏ ਖਰਚੇ। ਸਭ ਤੋਂ ਵੱਡਾ ਖਰਚਾ ਮੀਡੀਆ ਇਸ਼ਤਿਹਾਰਾਂ 'ਤੇ 8.83 ਕਰੋੜ ਕੀਤਾ ਗਿਆ, ਜਿਸ ਵਿਚੋਂ ਇਕੱਲੇ ਪ੍ਰਿੰਟ ਮੀਡੀਆ ਨੂੰ 6.63 ਕਰੋੜ ਦੇ ਇਸ਼ਤਿਹਾਰ ਦਿੱਤੇ ਗਏ। ਚੋਣਾਂ ਵਿਚ ਪ੍ਰਚਾਰ ਲਈ ਔਰਬਿਟ ਕੰਪਨੀ ਦਾ ਹੈਲੀਕਾਪਟਰ ਦਿਨ ਰਾਤ ਉਡਿਆ, ਜਿਸ ਲਈ ਅਕਾਲੀ ਦਲ ਦੇ ਖਜ਼ਾਨੇ ਵਿਚੋਂ 1.37 ਕਰੋੜ ਰੁਪਏ ਤਾਰੇ ਗਏ। ਅਕਾਲੀ ਦਲ ਨੇ ਚੋਣਾਂ ਵਿਚ 27 ਦਿਨ ਔਰਬਿਟ ਐਵੀਏਸ਼ਨ ਕੰਪਨੀ ਦਾ ਹੈਲੀਕਾਪਟਰ ਵਰਤਿਆ, ਜਿਸ ਨੇ ਚੋਣਾਂ ਵੇਲੇ ਵਿਧਾਨ ਸਭਾ ਹਲਕਿਆਂ ਦੇ 104 ਗੇੜੇ ਲਾਏ।



ਭਾਵੇਂ ਅਕਾਲੀ ਦਲ ਦੇ 40 ਸਟਾਰ ਪ੍ਰਚਾਰਕ ਸਨ ਪਰ ਔਰਬਿਟ ਹੈਲੀਕਾਪਟਰ ਦੀ ਵਰਤੋਂ ਸਿਰਫ ਬਾਦਲ ਪਰਿਵਾਰ ਨੇ ਕੀਤੀ। ਦੋ ਦਿਨ ਬਿਕਰਮ ਮਜੀਠੀਆ ਅਤੇ ਇਕ ਦਿਨ ਹਰਸਿਮਰਤ ਕੌਰ ਬਾਦਲ ਨੇ ਇਸ ਦੀ ਵਰਤੋਂ ਕੀਤੀ। 24 ਦਿਨ ਹੈਲੀਕਾਪਟਰ ਦੀ ਵਰਤੋਂ ਇਕੱਲੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੀ ਕੀਤੀ ਗਈ। ਅਕਾਲੀ ਦਲ ਦੇ ਖਜ਼ਾਨਚੀ ਐਨ.ਕੇ. ਸ਼ਰਮਾ ਨੇ ਹੁਣ ਚੋਣ ਕਮਿਸ਼ਨ ਕੋਲ ਪੰਜਾਬ ਚੋਣਾਂ ਵਿਚ ਪਾਰਟੀ ਦੇ ਹੋਏ ਕੁੱਲ ਖਰਚ ਦੀ ਰਿਟਰਨ ਜਮ੍ਹਾਂ ਕਰਾਈ ਹੈ, ਉਸ ਮੁਤਾਬਕ ਸੋਸ਼ਲ ਮੀਡੀਆ ਉਤੇ ਅਕਾਲੀ ਦਲ ਨੇ 1.73 ਕਰੋੜ ਅਤੇ ਪੋਸਟਰਾਂ, ਫਲੈਕਸਾਂ ਅਤੇ ਝੰਡਿਆਂ ਆਦਿ 'ਤੇ 4.06 ਕਰੋੜ ਖਰਚ ਕੀਤੇ ਗਏ।

ਇਲੈਕਟ੍ਰਾਨਿਕ ਮੀਡੀਆ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੇ ਪੀ.ਟੀ.ਸੀ. ਚੈਨਲ ਨੂੰ 57.50 ਲੱਖ, ਫਾਸਟ ਵੇਅ ਨੂੰ 28.75 ਲੱਖ ਦੇ ਇਸ਼ਤਿਹਾਰ ਦਿੱਤੇ ਜਦਕਿ ਜ਼ੀ ਪੰਜਾਬੀ ਨੂੰ 30 ਲੱਖ ਦੇ ਇਸ਼ਤਿਹਾਰ ਦਿੱਤੇ ਗਏ। ਇਹ ਸਾਰਾ ਖਰਚਾ ਵੋਟਾਂ ਪੈਣ ਤੋਂ ਪਹਿਲਾਂ ਵਾਲੇ ਆਖਰੀ 16 ਦਿਨਾਂ ਦੌਰਾਨ ਕੀਤਾ ਗਿਆ। ਪਾਰਟੀ ਦਫਤਰਾਂ ਦਾ ਖਰਚਾ 1.18 ਕਰੋੜ ਰੁਪਏ ਆਇਆ। ਅਕਾਲੀ ਦਲ ਨੇ ਸਾਲ 2012 ਦੀਆਂ ਚੋਣਾਂ ਵਿਚ ਹੈਲੀਕਾਪਟਰ ਉਤੇ 1.41 ਕਰੋੜ ਰੁਪਏ ਖਰਚ ਕੀਤੇ ਸਨ। ਐਤਕੀਂ ਚੋਣਾਂ ਵਿਚ ਇਕੱਲੀ ਔਰਬਿਟ ਕੰਪਨੀ ਦਾ ਹੈਲੀਕਾਪਟਰ ਵਰਤਿਆ ਗਿਆ, ਜਿਸ ਉਤੇ ਬਾਦਲ ਪਰਿਵਾਰ ਨੇ 12 ਗੇੜੇ ਕਾਲਝਰਾਨੀ ਦੇ ਹੀ ਲਾਏ। ਉਮੀਦਵਾਰਾਂ ਦਾ ਖਰਚਾ ਇਸ ਤੋਂ ਵੱਖਰਾ ਹੈ।

### ਉਮੀਦਵਾਰਾਂ ਨੂੰ ਚੋਣ ਫੰਡਾਂ ਵਿਚ ਕੰਜੂਸੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਉਮੀਦਵਾਰਾਂ ਵਿਚੋਂ ਸਿਰਫ ਪਟਿਆਲਾ ਦੇ ਉਮੀਦਵਾਰ ਜਰਨਲ ਜੇ.ਜੇ. ਸਿੰਘ ਨੂੰ 20 ਲੱਖ ਰੁਪਏ ਦਿੱਤੇ ਜਦਕਿ ਬਾਕੀ ਕਿਸੇ ਉਮੀਦਵਾਰ ਨੂੰ ਕੋਈ ਚੋਣ ਫੰਡ ਨਹੀਂ ਦਿੱਤਾ ਗਿਆ। ਦੂਜੇ ਬੰਨੇ ਕਾਂਗਰਸ ਨੇ ਪੰਜਾਬ ਚੋਣਾਂ ਲੜਨ ਵਾਲੇ 117 ਉਮੀਦਵਾਰਾਂ ਵਿਚੋਂ 44 ਉਮੀਦਵਾਰਾਂ ਨੂੰ ਚੋਣ ਫੰਡ ਵਜੋਂ 10.90 ਕਰੋੜ ਦਿੱਤੇ। ਹਰ ਉਮੀਦਵਾਰ ਨੂੰ 25 ਲੱਖ ਰੁਪਏ ਦਾ ਚੋਣ ਫੰਡ ਦਿੱਤਾ ਗਿਆ।

### ਬਿਨਾ ਖਰਚੇ ਤੋਂ ਲੜੀ ਤ੍ਰਿਣਮੂਲ ਕਾਂਗਰਸ

**ਚੰਡੀਗੜ੍ਹ:** ਤ੍ਰਿਣਮੂਲ ਕਾਂਗਰਸ ਨੇ ਚੋਣਾਂ ਬਿਨਾਂ ਕੋਈ ਪੈਸਾ ਖਰਚਿਆਂ ਹੀ ਲੜੀਆਂ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਟਾਰ ਪ੍ਰਚਾਰਕਾਂ ਨੇ ਬੱਸਾਂ ਵਿਚ ਸਫਰ ਕੀਤਾ। ਪਾਰਟੀ ਦੇ ਸਟਾਰ ਪ੍ਰਚਾਰਕ ਬੰਤ ਸਿੰਘ ਬਰਾੜ ਦੇ ਬੱਸ ਸਫਰ ਦਾ ਖਰਚਾ 1210 ਰੁਪਏ ਅਤੇ ਗੁਰਨਾਮ ਕੰਵਰ ਦਾ 2880 ਰੁਪਏ ਖਰਚ ਆਇਆ। ਪਾਰਟੀ ਆਗੂ ਲਾਲ ਜੀ ਦੇ ਬੱਸ ਸਫਰ ਦਾ ਖਰਚ 1640 ਰੁਪਏ, ਵਿਜੈ ਸ਼ਰਮਾ ਦਾ 890 ਰੁਪਏ ਅਤੇ ਸਤਿਆਦੇਵ ਸੈਣੀ ਦਾ ਬੱਸ ਅਤੇ ਟੈਕਸੀ ਦਾ 8271 ਰੁਪਏ ਖਰਚਾ ਆਇਆ। ਸੀ.ਪੀ.ਆਈ. ਨੇ ਚੋਣਾਂ ਵਿਚ ਕੁੱਦੇ ਆਪਣੇ 23 ਉਮੀਦਵਾਰਾਂ ਨੂੰ 1.80 ਲੱਖ ਰੁਪਏ ਚੋਣ ਫੰਡ ਵਜੋਂ ਦਿੱਤੇ।

# ਚਾਰ ਨਗਰ ਨਿਗਮਾਂ ਤੇ 32 ਨਗਰ ਕੌਂਸਲਾਂ ਦੀਆਂ ਚੋਣਾਂ ਮੁਲਤਵੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਚਾਰ ਨਗਰ ਨਿਗਮਾਂ (ਜਲੰਧਰ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ) ਅਤੇ 32 ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਸਤੰਬਰ ਵਿਚ ਕਰਾਉਣ ਬਜਾਏ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ ਪਰ ਇਹ ਚੋਣਾਂ ਇਸ ਸਾਲ 31 ਦਸੰਬਰ ਤੋਂ ਪਹਿਲਾਂ ਕਰਾਈਆਂ ਜਾਣਗੀਆਂ। ਚਾਰ ਨਗਰ ਨਿਗਮਾਂ ਦੀ ਮਿਆਦ ਇਸ ਸਾਲ 13 ਸਤੰਬਰ ਤੋਂ ਪਹਿਲਾਂ ਖਤਮ ਹੋ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਬੰਧਤ ਨਗਰ ਨਿਗਮਾਂ ਦੇ ਵਿਧਾਇਕਾਂ ਨਾਲ ਗੱਲਬਾਤ ਬਾਅਦ ਚੋਣਾਂ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ।

ਨਿਗਮ ਚੋਣਾਂ ਅੱਗੇ ਪਾਉਣ ਬਾਰੇ ਵੱਖ-ਵੱਖ ਤਰਕ ਦਿੱਤੇ ਜਾ ਰਹੇ ਹਨ ਕਿ ਲੁਧਿਆਣਾ ਨਗਰ ਨਿਗਮ ਦੀ ਵਾਰਡਬੰਦੀ ਦਾ ਕੰਮ ਅਜੇ ਤੱਕ ਨਹੀਂ ਹੋ ਸਕਿਆ। ਇਹ ਕੰਮ ਇਸ ਦੀ ਮਿਆਦ ਖਤਮ ਹੋਣ ਭਾਵ 10 ਸਤੰਬਰ ਤੱਕ ਪੂਰਾ ਹੋਣ ਦੇ ਆਸਾਰ ਨਹੀਂ ਹਨ। ਦੂਜਾ ਕਾਂਗਰਸ ਸਰਕਾਰ ਸ਼ਹਿਰਾਂ ਵਿਚ ਵਿਕਾਸ ਕਾਰਜ ਕਰਵਾ ਕੇ ਆਪਣੀ ਪੈਂਠ ਬਣਾਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ਦੀ ਸਥਿਤੀ 32 ਮਿਊਂਸਪਲ ਕਮੇਟੀਆਂ ਦੀ ਹੈ। ਜਾਣਕਾਰੀ ਅਨੁਸਾਰ ਅਗਲੇ ਤਿੰਨ ਚਾਰ ਮਹੀਨਿਆਂ 'ਚ ਸ਼ਹਿਰਾਂ ਦੇ ਵਿਕਾਸ ਕੰਮਾਂ ਨੂੰ




ਪਹਿਲ ਦਿੱਤੀ ਜਾਵੇਗੀ ਤੇ ਵਿਕਾਸ ਦੇ ਆਧਾਰ ਉਤੇ ਚੋਣਾਂ ਲੜੀਆਂ ਜਾਣਗੀਆਂ। ਵਿਧਾਇਕਾਂ ਨਾਲ ਮੀਟਿੰਗ 'ਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਜੀ.ਐਸ.ਟੀ. ਖਿਲਾਫ਼ ਛੋਟੇ ਵਪਾਰੀਆਂ ਤੇ ਕਾਰੋਬਾਰੀਆਂ ਵਿਚ ਰੋਸ ਹੈ।

ਇਸ ਵਿਰੋਧ ਨੂੰ ਸ਼ਾਂਤ ਕਰਨ ਲਈ ਜਿਹੜੇ ਕਦਮ ਪੰਜਾਬ ਸਰਕਾਰ ਚੁੱਕ ਸਕਦੀ ਹੈ, ਉਹ ਚੁੱਕੇ ਜਾਣੇ ਚਾਹੀਦੇ ਹਨ ਅਤੇ ਜਿਹੜੇ ਮਸਲੇ ਜੀ.ਐਸ.ਟੀ. ਕੌਂਸਲ ਨਾਲ ਸਬੰਧਤ ਹਨ, ਉਨ੍ਹਾਂ ਨੂੰ ਹੱਲ ਕਰਾਉਣ ਲਈ ਰਾਜ ਸਰਕਾਰ ਨੂੰ ਕੌਂਸਲ 'ਚ ਚਾਰਾਜੋਈ ਕਰਨੀ ਚਾਹੀਦੀ ਹੈ। ਸ੍ਰੀ ਜਾਖੜ ਨੇ ਕਿਹਾ ਕਿ ਜੀ.ਐਸ.ਟੀ. ਦਾ ਕੰਮ ਤਾਂ ਕਾਂਗਰਸ ਸਰਕਾਰ ਨੇ ਸ਼ੁਰੂ ਕੀਤਾ ਸੀ ਪਰ ਭਾਜਪਾ ਸਰਕਾਰ ਨੇ ਇਸ ਨੂੰ ਲਾਗੂ ਕਰਨ ਸਮੇਂ ਇਸ ਦੀ ਆਤਮਾ ਬਦਲ ਕੇ ਇਸ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ।

# ਪੰਥਕ ਵੋਟਾਂ ਬਟੋਰਨ ਲਈ ਅਕਾਲੀਆਂ ਨੇ ਬਣਾਈ ਰਣਨੀਤੀ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੇ ਮਾਲਵੇ ਵਿਚ ਸਿਆਸੀ ਸਾਖ ਨੂੰ ਬਹਾਲ ਕਰਨ ਲਈ ਪੰਥਕ ਪੈਂਤੜਾ ਲਿਆ ਹੈ, ਜਿਸ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਹਿਮ ਭੂਮਿਕਾ ਨਿਭਾਏਗੀ। ਸ਼੍ਰੋਮਣੀ ਅਕਾਲੀ ਦਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਪੰਜਾਬ ਚੋਣਾਂ ਵਿਚ ਵੱਡੀ ਸਿਆਸੀ ਸੱਟ ਵੱਜੀ ਹੈ। ਇਸ ਸਿਆਸੀ ਨੁਕਸਾਨ ਦੀ ਪੂਰਤੀ ਲਈ ਬਾਦਲ ਪਰਿਵਾਰ ਨੇ ਮਾਲਵੇ ਵਿਚ ਪੰਥਕ ਪੈਂਤੜਾ ਅਪਨਾਉਣ ਦੀ ਰਣਨੀਤੀ ਘੜੀ ਹੈ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਸੀਨੀਅਰ ਆਗੂਆਂ ਨਾਲ ਤਾਲਮੇਲ ਬਣਾਇਆ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦਾ ਸਬ ਦਫਤਰ ਤਿੰਨ ਚਾਰ ਸਾਲ ਪਹਿਲਾਂ ਖੋਲ੍ਹ ਦਿੱਤਾ ਸੀ ਪਰ ਉਥੇ ਕਦੇ ਬਹੁਤੀ ਸਰਗਰਮੀ ਨਹੀਂ ਦਿਸੀ। ਹੁਣ ਇਕਦਮ ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਦੀ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਨੂੰ ਮਾਲਵੇ ਵਿਚ ਪੂਰੇ ਜ਼ੋਰ-ਸ਼ੋਰ ਨਾਲ ਧਰਮ ਪ੍ਰਚਾਰ ਮੁਹਿੰਮ ਵਿੱਢਣ ਦੀ ਹਦਾਇਤ ਕੀਤੀ ਹੈ।

ਮੁਢਲੇ ਪੜਾਅ 'ਤੇ ਪਿੰਡ ਪੱਧਰ ਉਤੇ ਸਕੂਲੀ ਬੱਚਿਆਂ ਦੇ ਇਕੱਠ ਕਰ ਕੇ ਧਰਮ ਪ੍ਰਚਾਰ ਕਰਨ ਦਾ ਏਜੰਡਾ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਇਨ੍ਹਾਂ ਮੈਂਬਰਾਂ ਦੀਆਂ ਗਤੀਵਿਧੀਆਂ ਉਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਿੱਧੀ ਨਜ਼ਰ ਰੱਖ ਰਹੇ ਹਨ।

ਸ਼੍ਰੋਮਣੀ ਕਮੇਟੀ ਨੇ ਮਾਲਵੇ ਦੇ ਕਰੀਬ ਅੱਠ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਗੱਡੀਆਂ ਦਿੱਤੀਆਂ ਹਨ ਅਤੇ ਹੋਰ ਮੁਲਾਜ਼ਮ ਵੀ ਦਮਦਮਾ ਸਾਹਿਬ ਭੇਜੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨੇ ਕਿਹਾ ਕਿ ਇਹ ਨਿਰੋਲ ਧਰਮ ਪ੍ਰਚਾਰ ਲਹਿਰ ਹੈ। ਇਸ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਮਾਲਵੇ ਨੂੰ ਜ਼ੋਨਾਂ ਵਿਚ ਵੰਡ ਕੇ ਪਿੰਡ ਪਿੰਡ ਸਮਾਗਮ ਕੀਤੇ ਜਾਣਗੇ।

### ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਧਰਮ ਪ੍ਰਚਾਰ ਲਈ ਮੁਹਿੰਮ ਵਿੱਢਣ ਦਾ ਐਲਾਨ



### ਭਾਰਤੀਆਂ ਲਈ ਖੁਸ਼ਖਬਰੀ

**ਨਵੀਂ ਦਿੱਲੀ:** ਵਿਦੇਸ਼ ਜਾਣ ਵਾਲੇ ਭਾਰਤੀਆਂ ਨੂੰ ਪਹਿਲੀ ਜੁਲਾਈ ਤੋਂ ਦੇਸ਼ ਦੇ ਕੌਮਾਂਤਰੀ ਹਵਾਈ ਅੱਡਿਆਂ ਉਤੇ ਡਿਪਾਰਚਰ ਕਾਰਡ ਨਹੀਂ ਭਰਨਾ ਹੋਵੇਗਾ।

ਯਾਤਰੀਆਂ ਨੂੰ ਦਿੱਕਤਾਂ ਤੋਂ ਬਚਾਉਣ ਲਈ ਇਸ ਦੀ ਸ਼ੁਰੂਆਤ ਕੀਤੀ ਹੈ। ਦੱਸ ਦਾਈਏ ਕਿ ਹੁਣ ਤੱਕ ਵਿਦੇਸ਼ ਜਾਣ ਵਾਲੇ ਭਾਰਤੀਆਂ ਨੂੰ ਹਵਾਈ ਅੱਡੇ 'ਤੇ ਨਾਮ, ਜਨਮ ਮਿਤੀ, ਪਾਸਪੋਰਟ ਨੰਬਰ ਤੇ ਭਾਰਤ ਵਿਚ ਰਿਹਾਇਸ਼ੀ ਪਤੇ ਤੋਂ ਇਲਾਵਾ ਫ਼ਲੇਟ ਆਫ ਬੋਰਡਿੰਗ ਵਰਗੀਆਂ ਜਾਣਕਾਰੀਆਂ ਡਿਪਾਰਚਰ ਕਾਰਡ ਵਿਚ ਭਰਨੀਆਂ ਹੁੰਦੀਆਂ ਸਨ। ਗ੍ਰਹਿ ਮੰਤਰਾਲੇ ਨੇ ਆਖਿਆ ਹੈ ਕਿ ਡਿਪਾਰਚਰ ਕਾਰਡ ਨੂੰ ਖਤਮ ਕੀਤਾ ਜਾ ਰਿਹਾ ਹੈ।

### ਭਾਰਤੀ-ਬਰਤਾਨਵੀ ਲੜਕੇ ਨੇ ਤੋੜਿਆ ਰਿਕਾਰਡ

**ਲੰਡਨ:** ਭਾਰਤੀ ਮੂਲ ਦਾ 11 ਸਾਲਾ ਬਰਤਾਨਵੀ ਲੜਕਾ ਅਰਨਵ ਸ਼ਰਮਾ ਮੇਨਸਾ ਆਈਕਿਊ ਟੈਸਟ ਵਿਚੋਂ 162 ਅੰਕ ਹਾਸਲ ਕਰ ਕੇ ਦੇਸ਼ 'ਚ ਸਭ ਤੋਂ ਵੱਧ ਦਿਮਾਗੀ ਬਣ ਗਿਆ ਹੈ। ਉਸ ਨੇ ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਤੇ ਸਟੀਫਨ ਹਾਕਿੰਗ ਮੁਕਾਬਲੇ ਦੋ ਅੰਕ ਵੱਧ ਹਾਸਲ ਕੀਤੇ।

# ਟੈਕਸ ਡਿਓਢੀਆਂ ਸਨ ਮਿਸਲਾਂ ਵੇਲੇ ਸੁਚੱਜੇ ਪ੍ਰਸ਼ਾਸਨ ਦੀ ਮਿਸਾਲ

**ਅੰਮ੍ਰਿਤਸਰ:** ਸਿੱਖ ਮਿਸਲਾਂ ਦੇ ਸਮੇਂ ਅੰਮ੍ਰਿਤਸਰ ਸ਼ਹਿਰ ਨੂੰ ਛੋਟੇ-ਛੋਟੇ ਹਿੱਸਿਆਂ 'ਚ ਵੰਡਣ ਵਾਲੇ ਕਟੜਿਆਂ ਦੀਆਂ ਚੁੰਗੀ ਡਿਓਢੀਆਂ ਅੱਜ ਵੀ ਅੰਦਰੂਨੀ ਸ਼ਹਿਰ 'ਚ ਮੌਜੂਦ ਹਨ। ਇਨ੍ਹਾਂ ਦੀ ਹੋਂਦ ਅਤੇ ਇਤਿਹਾਸਕ ਮਹੱਤਤਾ ਬਾਰੇ ਸਬੰਧਤ ਵਿਭਾਗਾਂ ਨੂੰ ਜਾਣਕਾਰੀ ਨਾ ਹੋਣ ਕਰ ਕੇ ਤਕਰੀਬਨ 250 ਵਰ੍ਹੇ ਪੁਰਾਣੀਆਂ ਵਿਰਾਸਤੀ ਡਿਓਢੀਆਂ ਖੰਡਰਾਂ 'ਚ ਤਬਦੀਲ ਹੁੰਦੀਆਂ ਜਾ ਰਹੀਆਂ ਹਨ।

ਦੱਸਣਯੋਗ ਹੈ ਕਿ ਸਿੱਖ ਮਿਸਲਾਂ ਦੇ ਹੋਂਦ 'ਚ ਆਉਣ ਤੋਂ ਬਾਅਦ ਇਨ੍ਹਾਂ ਦੇ ਬਹੁਤੇ ਸਰਦਾਰਾਂ ਨੇ ਅੰਮ੍ਰਿਤਸਰ ਵਿਚ ਆਪੋ-ਆਪਣੇ ਨਾਵਾਂ 'ਤੇ ਕਟੜੇ ਵਸਾ ਕੇ ਉਨ੍ਹਾਂ ਵਿਚ ਆਪਣੀ ਰਿਹਾਇਸ਼ ਲਈ ਮਹਿਲਨੁਮਾ ਹਵੇਲੀਆਂ ਅਤੇ ਰਿਹਾਇਸ਼ੀ ਕਿਲ੍ਹੇ ਉਸਾਰ ਲਏ। ਅੰਮ੍ਰਿਤਸਰ ਨਾਲ ਸਬੰਧਤ ਇਤਿਹਾਸਕ ਦਸਤਾਵੇਜ਼ਾਂ ਅਨੁਸਾਰ ਮਿਸਲ ਕਾਲ ਸਮੇਂ ਅੰਮ੍ਰਿਤਸਰ 'ਚ 65 ਦੇ ਕਰੀਬ ਕਟੜੇ ਸਨ ਅਤੇ ਤਕਰੀਬਨ ਹਰ ਕਟੜੇ 'ਚ ਇਕ-ਦੋ ਵੱਡੇ ਬਾਜ਼ਾਰ ਜਾਂ ਮੰਡੀਆਂ ਸਥਾਪਤ ਕੀਤੀਆਂ ਗਈਆਂ।

ਇਹ ਕਟੜੇ ਇਕ ਕਿਸਮ ਦੇ ਸ਼ਹਿਰ ਦੇ ਅੰਦਰ ਹੀ 'ਮਿੰਨੀ ਸਿਟੀ' (ਛੋਟੇ ਨਗਰ) ਬਣੇ ਹੋਏ ਸਨ ਅਤੇ ਦੱਸਿਆ ਜਾਂਦਾ ਹੈ ਕਿ ਜੇਕਰ ਇਕ ਕਟੜੇ ਦਾ ਵਿਅਕਤੀ ਅਪਰਾਧ ਕਰ ਕੇ ਦੂਸਰੇ ਕਟੜੇ ਵਿਚ ਭੱਜ ਜਾਂਦਾ ਤਾਂ ਦੂਸਰੇ ਕਟੜੇ ਦੇ ਹਾਕਮ ਨੂੰ ਉਸ ਨੂੰ ਪਨਾਹ ਜਾਂ ਸਖਤ ਤੋਂ ਸਖਤ ਸਜ਼ਾ ਦੇਣ ਦਾ ਵੀ ਅਧਿਕਾਰ ਪ੍ਰਾਪਤ ਸੀ। ਇਕ ਕਟੜੇ ਦੇ ਵਪਾਰੀ ਵੱਲੋਂ ਦੂਸਰੇ ਕਟੜੇ ਦੇ ਮੰਡੀ ਵਿਚੋਂ ਸਾਮਾਨ ਖਰੀਦਣ 'ਤੇ ਬਕਾਇਦਾ ਉਸ ਕਟੜੇ ਦੇ ਪ੍ਰਮੁੱਖ ਰਸਤੇ 'ਤੇ ਸਥਾਪਤ ਕੀਤੀ ਗਈ ਟੈਕਸ ਡਿਓਢੀ ਦੇ ਅਧਿਕਾਰੀ ਨੂੰ ਟੈਕਸ ਵੀ ਦੇਣਾ ਪੈਂਦਾ ਸੀ। ਉਪਰੋਕਤ ਟੈਕਸ ਡਿਓਢੀਆਂ 'ਚੋਂ ਕਟੜਾ ਹਰੀ ਸਿੰਘ ਭੰਗੀ ਅਤੇ ਚੂੜਾ ਬਾਜ਼ਾਰ ਵਿਚਲੀਆਂ ਡਿਓਢੀਆਂ ਅੱਜ ਵੀ ਮੌਜੂਦ ਹਨ।

ਜ਼ਿਕਰਯੋਗ ਹੈ ਕਿ ਜਿਸ ਸਮੇਂ ਇਹ ਕਟੜੇ ਵਸਾਏ ਗਏ, ਉਸ ਵੇਲੇ ਰਹਿਣ ਲਈ ਜਗ੍ਹਾ ਲੈਣ ਵਾਲੇ ਨੂੰ ਕਟੜੇ ਦੇ ਹਾਕਮ ਨੂੰ ਸਾਲ ਬਾਅਦ ਗੁੜ ਦੀ ਰੋੜੀ ਜਾਂ ਅੱਠ ਆਨੇ ਦੇਣੇ ਪੈਂਦੇ ਸਨ। ਇਕ ਸਾਲ ਬਾਅਦ ਕਿਸੇ ਪਾਸੋਂ ਚਾਰ ਆਨੇ (25 ਪੈਸੇ), ਕਿਸੇ ਪਾਸੋਂ ਅੱਠ ਆਨੇ ਤੇ ਕਿਸੇ ਤੋਂ ਇਕ ਰੁਪਿਆ ਜਾਂ ਦੋ ਰੁਪਏ ਹੈਸੀਅਤ ਵੇਖ ਕੇ ਟੈਕਸ ਦੇ ਰੂਪ ਵਿਚ ਲਏ ਜਾਂਦੇ ਸਨ।

ਉਪਰੋਕਤ ਕਟੜਿਆਂ ਵਿਚੋਂ ਕਟੜਾ ਆਹਲੂਵਾਲੀਆਂ, ਕਟੜਾ ਫ਼ਤਿਹ ਸਿੰਘ ਕਾਲਿਆਂਵਾਲਾ, ਕਟੜਾ ਹਰੀ ਸਿੰਘ ਭੰਗੀ, ਗੁਰੂ ਬਾਜ਼ਾਰ, ਲੋਹਾ ਮੰਡੀ (ਆਹਨ ਫਰੋਸ਼ਾ ਮੰਡੀ), ਕਟੜਾ ਨਿਹਾਲ ਸਿੰਘ ਅਟਾਰੀ ਵਾਲਾ, ਕਟੜਾ ਫ਼ਤਿਹ ਸਿੰਘ ਮਾਨ, ਕਟੜਾ ਹਰਸਾ ਸਿੰਘ, ਚਾਕ ਦਰਬਾਰ ਸਾਹਿਬ, ਕਟੜਾ ਸ. ਲਹਿਣਾ ਸਿੰਘ (ਪ੍ਰਸਿੱਧ ਮੋਚੀ ਬਾਜ਼ਾਰ), ਕਟੜਾ ਜੱਲ੍ਹੇਵਾਲੀਆਂ, ਛਾਉਣੀ ਨਿਹੰਗਾਂ, ਕਟੜਾ ਸ਼ੇਰ ਸਿੰਘ, ਕਟੜਾ ਘਨਈਆ, ਕਟੜਾ ਕਰਮੋਂ ਡਿਓਢੀ, ਕਟੜਾ ਜੈਮਲ ਸਿੰਘ, ਕਟੜਾ ਖੜਕ ਸਿੰਘ, ਕਟੜਾ ਮੋਤੀ ਰਾਮ, ਕਟੜਾ ਚੜ੍ਹਤ ਸਿੰਘ ਭੰਗੀ, ਕਟੜਾ ਮਿਸਰ ਬੇਲੀ ਰਾਮ, ਮਜੀਠ ਮੰਡੀ, ਕਿਲ੍ਹਾ ਭੰਗੀਆਂ, ਕਟੜਾ ਹਕੀਮਾਂ, ਲੂਣ ਮੰਡੀ, ਕਣਕ ਮੰਡੀ, ਕਟੜਾ ਰਾਮਗੜ੍ਹੀਆਂ, ਕਟੜਾ ਮਾਈ ਸੇਵਾ, ਕਟੜਾ ਭਾਈ ਬਸਤੀ ਰਾਮ, ਚਾਕ ਪਾਸੀਆਂ, ਬਾਜ਼ਾਰ ਕੰਜਰੀਆਂ, ਬਾਜ਼ਾਰ ਬੱਤੀ ਹੱਟਾ, ਬਾਜ਼ਾਰ ਪੱਟਰੰਗਾ, ਚਾਵਲ ਮੰਡੀ, ਚੁਰਸਤੀ ਅਟਾਰੀ, ਦਰਸ਼ਨੀ ਦਰਵਾਜ਼ਾ, ਕਟੜਾ ਗੁਰੂ ਕੇ ਮਹਿਲ, ਕਟੜਾ ਮਹਿਤਾਬ ਸਿੰਘ (ਪਾਪੜਾਂ ਵਾਲਾ ਬਾਜ਼ਾਰ) ਆਦਿ ਪ੍ਰਮੁੱਖ ਕਟੜੇ ਸਨ।

### ਅੱਜ ਵੀ ਕਾਇਮ ਹਨ 250 ਸਾਲ ਪੁਰਾਣੀਆਂ ਡਿਓਢੀਆਂ



# ਬਾਦਲਾਂ ਨੇ ਪੰਜਾਬ ਪੁਲਿਸ ਕੀਤੀ ਕਰਜਾਈ

**ਬਠਿੰਡਾ:** ਬਾਦਲਾਂ ਦੇ ਗੇੜਿਆਂ ਨੇ ਬਠਿੰਡਾ ਜ਼ੋਨ ਦੀ ਪੁਲਿਸ ਉਤੇ ਤਕਰੀਬਨ ਦੋ ਕਰੋੜ ਰੁਪਏ ਦਾ ਕਰਜ਼ਾ ਚਾੜ੍ਹ ਦਿੱਤਾ ਹੈ। ਕਈ ਜ਼ਿਲ੍ਹਿਆਂ ਦੀ ਪੁਲਿਸ ਤਾਂ ਪ੍ਰਾਈਵੇਟ ਪੈਟਰੋਲ ਪੰਪ ਮਾਲਕਾਂ ਨੂੰ ਪੈਸੇ ਵੀ ਨਹੀਂ ਤਾਰ ਸਕੀ ਹੈ। ਇਸ ਇਲਾਕੇ ਵਿਚ ਬਾਦਲਾਂ ਦੇ ਨਿੱਤ ਦੇ ਗੇੜੇ ਰਹੇ ਹਨ, ਜਿਨ੍ਹਾਂ ਦੇ ਸੁਰੱਖਿਆ ਵਾਹਨਾਂ ਵਿਚ ਤੇਲ ਪੁਲਿਸ ਪਵਾਉਂਦੀ ਰਹੀ ਹੈ। ਇਹ ਪੈਸੇ ਹੁਣ ਪੁਲਿਸ ਦੇ ਸਿਰ 'ਤੇ ਬੋਝ ਬਣੇ ਹੋਏ ਹਨ। ਮੁਕਤਸਰ ਪੁਲਿਸ ਵੱਲੋਂ ਆਰ.ਟੀ.ਆਈ. ਤਹਿਤ ਦਿੱਤੇ ਅੰਕੜਿਆਂ ਅਨੁਸਾਰ ਪੁਲਿਸ ਪ੍ਰਾਈਵੇਟ ਪੰਪ ਮਾਲਕਾਂ ਦੀ 43.99 ਲੱਖ ਰੁਪਏ ਦੀ ਕਰਜ਼ਈ ਹੋ ਗਈ ਹੈ। ਦੋਦਾ ਦੇ ਇਕ ਪ੍ਰਾਈਵੇਟ ਪੰਪ ਦੇ ਲੱਖਾਂ ਰੁਪਏ ਪੁਲਿਸ ਵੱਲ ਖੜ੍ਹੇ ਹਨ।



ਮੁਕਤਸਰ ਪੁਲਿਸ ਦਾ ਜ਼ਿਆਦਾ ਤੇਲ ਤਾਂ ਬਾਦਲ ਪਰਿਵਾਰ ਦੇ ਸੁਰੱਖਿਆ ਵਾਹਨਾਂ ਵਿਚ ਹੀ ਪੈਂਦਾ ਰਿਹਾ ਹੈ। ਪਹਿਲੀ ਜਨਵਰੀ 2012 ਤੋਂ ਹੁਣ ਤੱਕ 9.40 ਲੱਖ ਰੁਪਏ ਦਾ ਤੇਲ ਇਕੱਲੇ ਬਾਦਲ ਪਰਿਵਾਰ ਦੇ ਸੁਰੱਖਿਆ ਵਾਹਨਾਂ ਵਿਚ ਪਿਆ ਹੈ। ਇਸ ਮਾਮਲੇ ਵਿਚ ਬਠਿੰਡਾ ਪੁਲਿਸ ਵੀ ਤਕਰੀਬਨ 42.21 ਲੱਖ ਰੁਪਏ ਦੀ ਕਰਜ਼ਈ ਹੈ।

ਬਾਦਲਾਂ ਦੇ ਨਿੱਤ ਦੇ ਗੇੜਿਆਂ ਅਤੇ ਗੱਠਜੋੜ ਸਰਕਾਰ ਸਮੇਂ ਦੋ ਵਜ਼ੀਰਾਂ ਤੋਂ ਇਲਾਵਾ ਹੋਰ ਵੀ.ਆਈ.ਪੀਜ਼. ਦੇ ਸੁਰੱਖਿਆ ਵਾਹਨਾਂ ਦਾ ਤੇਲ ਖਰਚ ਵੀ ਬਠਿੰਡਾ ਪੁਲਿਸ ਚੁੱਕਦੀ ਰਹੀ ਹੈ। ਪੰਪ ਮਾਲਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਦੇ ਵੇਲੇ ਸਿਰ ਅਦਾਇਗੀ ਨਹੀਂ ਹੋਈ ਹੈ ਅਤੇ ਮਜਬੂਰੀ ਵਿਚ ਉਨ੍ਹਾਂ ਨੂੰ ਤੇਲ ਦੇਣਾ ਪੈਂਦਾ ਹੈ। ਫ਼ਰੀਦਕੋਟ ਪੁਲਿਸ ਦਾ ਜ਼ਿਆਦਾ ਤੇਲ ਬਾਦਲ ਪਰਿਵਾਰ ਅਤੇ ਇਕ ਸਾਬਕਾ ਜਥੇਦਾਰ ਦੇ ਸੁਰੱਖਿਆ ਵਾਹਨਾਂ ਵਿਚ ਪੈਂਦਾ ਰਿਹਾ ਹੈ। ਮਾਨਸਾ ਪੁਲਿਸ ਵੀ ਪੰਪ ਮਾਲਕਾਂ ਦੀ ਤਕਰੀਬਨ 30 ਲੱਖ ਰੁਪਏ ਦੀ ਕਰਜ਼ਈ ਹੈ। ਮਾਰਚ 2017 ਤੱਕ ਤੇਲ ਦੇ ਕਰੀਬ ਤਿੰਨ ਲੱਖ ਰੁਪਏ ਦੇ ਬਕਾਏ ਸਨ। ਹੁਣ ਬਜਟ ਨਾ ਮਿਲਣ ਕਰ ਕੇ ਕਰਜ਼ ਵਧ ਗਿਆ ਹੈ। ਫ਼ਾਜ਼ਿਲਕਾ ਪੁਲਿਸ ਕੋਲ ਵੀ ਆਪਣਾ ਤੇਲ ਪੰਪ ਨਹੀਂ ਹੈ, ਇਸ ਜ਼ਿਲ੍ਹੇ ਦੀ ਪੁਲਿਸ ਵੀ ਕਰੀਬ 21 ਲੱਖ ਰੁਪਏ ਦੀ ਕਰਜ਼ਈ ਹੋ ਗਈ ਹੈ। ਹੁਣ ਵੀ.ਆਈ.ਪੀ. ਕਲਚਰ ਖਤਮ ਹੋਣ ਉਤੇ ਪੁਲਿਸ ਨੂੰ ਕੁਝ ਰਾਹਤ ਮਿਲੀ ਹੈ।

# ਬਾਦਲਾਂ ਦੇ 'ਭਲਵਾਨ' ਦੀ ਚੜ੍ਹਾਈ ਤੋਂ ਵਿਜੀਲੈਂਸ ਬਿਊਰੋ ਵੀ ਹੈਰਾਨ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤੇ ਬਾਦਲਾਂ ਦੇ ਖਾਸ ਅਫਸਰ ਰਹੇ ਸੁਰਿੰਦਰਪਾਲ ਸਿੰਘ 'ਭਲਵਾਨ' ਬਾਰੇ ਅਹਿਮ ਖੁਲਾਸੇ ਹੋਏ ਹਨ। 'ਭਲਵਾਨ' ਦੇ ਸੇਵਾ ਕਾਲ ਤੋਂ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪੰਜਾਬ ਮੰਡੀ ਬੋਰਡ ਵਿਚ ਜੂਨੀਅਰ ਇੰਜੀਨੀਅਰ ਭਰਤੀ ਹੋ ਕੇ ਚੀਫ ਇੰਜੀਨੀਅਰ ਤੇ ਹੋਰਨਾਂ ਅਹੁਦਿਆਂ 'ਤੇ ਕੰਮ ਕਰਨ ਵਾਲੇ ਇਸ ਅਫਸਰ 'ਤੇ ਬਾਦਲ ਪਰਿਵਾਰ ਹੀ ਨਹੀਂ ਸਗੋਂ ਕਾਂਗਰਸ ਸਰਕਾਰ ਵੇਲੇ ਵੀ ਸਿਆਸਤਦਾਨਾਂ ਦੀ ਪੂਰੀ ਮਿਹਰ ਰਹੀ ਹੈ। ਪਿਛਲੀ ਕੈਪਟਨ ਸਰਕਾਰ (2002-2007) ਵੇਲੇ ਵੀ ਸੁਰਿੰਦਰਪਾਲ ਸਿੰਘ ਨੂੰ ਲੁਧਿਆਣਾ ਵਿਚ ਕਾਰਜਕਾਰੀ ਇੰਜੀਨੀਅਰ ਹੁੰਦਿਆਂ ਮੁਕਤਸਰ ਜ਼ਿਲ੍ਹੇ ਦੇ ਕਾਰਜਕਾਰੀ ਇੰਜੀਨੀਅਰ ਦਾ ਵਾਧੂ ਚਾਰਜ ਦਿੱਤਾ ਗਿਆ ਸੀ।



ਸੁਰਿੰਦਰ ਸਿੰਘ ਪਹਿਲਵਾਨ 1993 ਵਿਚ ਜੇਈ ਭਰਤੀ ਹੋਣ ਤੋਂ ਬਾਅਦ ਮਹਿਜ਼ ਤਿੰਨ ਕੁ ਸਾਲਾਂ 'ਚ ਹੀ ਐਸ.ਡੀ.ਓ. ਦੇ ਅਹੁਦੇ 'ਤੇ ਪੁੱਜ ਗਿਆ ਅਤੇ ਐਸ.ਡੀ.ਓ. ਦੇ ਅਹੁਦੇ ਉਤੇ ਹੁੰਦਿਆਂ ਤਤਕਾਲੀ ਬਾਦਲ ਸਰਕਾਰ ਵੇਲੇ 1999 ਵਿਚ ਉਸ ਨੂੰ ਕਾਰਜਕਾਰੀ ਇੰਜੀਨੀਅਰ, ਲੁਧਿਆਣਾ ਦਾ ਵਾਧੂ ਚਾਰਜ ਦੇ ਦਿੱਤਾ ਗਿਆ। 8 ਸਾਲ ਵਿਚ ਉਹ ਕਾਰਜਕਾਰੀ ਇੰਜੀਨੀਅਰ ਵੀ ਬਣ ਗਿਆ। ਸੰਨ 2012 ਵਿਚ ਕਾਰਜਕਾਰੀ ਇੰਜੀਨੀਅਰ, ਲੁਧਿਆਣਾ ਹੁੰਦਿਆਂ ਮੁਹਾਲੀ ਵਿਚ ਇਸੇ ਅਹੁਦੇ ਦੇ ਬਰਾਬਰ ਦਾ ਚਾਰਜ ਤੇ ਗਮਾਡਾ ਵਿਚ ਵੀ ਕਾਰਜਕਾਰੀ ਇੰਜੀਨੀਅਰ ਦਾ ਚਾਰਜ ਦੇ ਦਿੱਤਾ ਗਿਆ। ਬਾਦਲ ਸਰਕਾਰ ਵੱਲੋਂ ਸੰਨ 2013 ਵਿਚ ਉਸ ਨੂੰ ਚਾਰ ਵਾਧੂ ਚਾਰਜ ਅਤੇ ਸੰਨ 2014 ਵਿਚ ਛੇ ਅਹਿਮ ਅਹੁਦਿਆਂ ਦਾ ਚਾਰਜ ਦਿੱਤਾ ਗਿਆ। ਸੰਨ 2015 ਤੋਂ 2016 ਤੱਕ ਪਹਿਲਵਾਨ ਨੂੰ ਅੱਠ ਚਾਰਜ ਜਿਨ੍ਹਾਂ ਵਿਚ ਕਾਰਜਕਾਰੀ ਇੰਜੀਨੀਅਰ ਲੁਧਿਆਣਾ, ਮੁਹਾਲੀ, ਗਮਾਡਾ ਦਾ ਵੀ ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨੀਅਰ ਮੰਡੀ ਬੋਰਡ ਲੁਧਿਆਣਾ, ਨਿਗਰਾਨ ਇੰਜੀਨੀਅਰ ਗਮਾਡਾ-1, ਨਿਗਰਾਨ ਇੰਜੀਨੀਅਰ ਗਮਾਡਾ-2 ਅਤੇ ਮੁੱਖ ਇੰਜੀਨੀਅਰ ਗਮਾਡਾ ਦਾ ਵੀ ਚਾਰਜ ਦਿੱਤਾ ਗਿਆ ਸੀ।

# ਆਈ.ਐਸ. ਨੇ ਭੁੱਖੀ ਮਾਂ ਨੂੰ ਬੱਚੇ ਦਾ ਮਾਸ ਖੁਆਇਆ

**ਬਗਦਾਦ:** ਇਸਲਾਮਿਕ ਸਟੇਟ (ਆਈ.ਐਸ.) ਦੇ ਅਤਿਵਾਦੀਆਂ ਨੇ ਇਕ ਮਾਂ ਨੂੰ ਉਸ ਦੇ ਹੀ ਮਾਸੂਮ ਬੱਚੇ ਦਾ ਮਾਸ ਪਕਾ ਕੇ ਖੁਆ ਦਿੱਤਾ, ਜਿਸ ਸਮੇਂ ਮਾਂ ਉਹ ਖਾਣਾ ਖਾ ਰਹੀ ਸੀ, ਉਸ ਨੂੰ ਪਤਾ ਨਹੀਂ ਸੀ ਕਿ ਉਹ ਆਪਣੇ ਹੀ ਇਕ ਸਾਲ ਦੇ ਬੱਚੇ ਦਾ ਮਾਸ ਖਾ ਕੇ ਪੇਟ ਭਰ ਰਹੀ ਹੈ। ਇਰਾਕ ਦੀ ਇਕ ਸੰਸਦ ਮੈਂਬਰ ਨੇ ਇਸ ਘਟਨਾ ਦਾ ਖੁਲਾਸਾ ਕੀਤਾ ਹੈ।

ਦੂਜੀ ਘਟਨਾ 'ਚ ਆਈ.ਐਸ. ਦੇ ਅਤਿਵਾਦੀਆਂ ਨੇ 10 ਸਾਲ ਦੀ ਇਕ ਲੜਕੀ ਨਾਲ ਉਸ ਦੇ ਪਰਿਵਾਰ ਦੇ ਸਾਹਮਣੇ ਤਦ ਤੱਕ ਜਬਰ ਜਨਾਹ ਕੀਤਾ ਜਦੋਂ ਤਕ ਕਿ ਉਸ ਦੀ ਮੌਤ ਨਾ ਹੋ ਗਈ। ਇਰਾਕ ਦੀ ਮਹਿਲਾ ਸੰਸਦ ਮੈਂਬਰ ਵਿਆਨ ਦਾਖਲ ਅਤੇ ਮਸ਼ਹੂਰ ਯਾਜਿਦੀ ਨੇਤਾ ਨੇ ਹਾਲੀਆ ਮਿਸਰ ਦੇ ਇਕ ਚੈਨਲ ਨੂੰ ਦਿੱਤੀ ਗਈ ਇੰਟਰਵਿਊ 'ਚ ਵਿਆਨ ਨੇ ਇਸ ਖੌਫਨਾਕ ਵਾਰਦਾਤ ਦਾ ਖੁਲਾਸਾ ਕੀਤਾ। ਇਸ ਇੰਟਰਵਿਊ ਨੂੰ ਮੱਧ ਪੂਰਬ ਰਿਸਰਚ ਇੰਸਟੀਚਿਊਟ ਨੇ ਅਨੁਵਾਦ ਕੀਤਾ ਹੈ।

ਇੰਟਰਵਿਊ ਵਿਚ ਵਿਆਨ ਕੁਝ ਅਜਿਹੀਆਂ ਯਾਜਿਦੀ ਔਰਤਾਂ ਅਤੇ ਲੜਕੀਆਂ ਬਾਰੇ ਦੱਸ ਰਹੀ ਸੀ ਜਿਨ੍ਹਾਂ ਨੂੰ ਉਨ੍ਹਾਂ ਆਈ.ਐਸ. ਦੇ ਕਬਜ਼ੇ 'ਚੋਂ ਛੁਡਾਇਆ ਸੀ। ਉਸ ਕਿਹਾ ਕਿ ਤਿੰਨ ਦਿਨ ਤੱਕ ਉਸ ਨੂੰ ਇਕ ਤਹਿਖਾਨੇ 'ਚ ਬੰਦ ਰੱਖਿਆ ਗਿਆ ਅਤੇ ਖਾਣ-ਪੀਣ ਲਈ ਕੁਝ ਨਹੀਂ ਦਿੱਤਾ ਗਿਆ।

ਇਸ ਦੇ ਬਾਅਦ ਆਈ.ਐਸ. ਦੇ ਕੁਝ ਅਤਿਵਾਦੀ ਉਸ ਕੋਲ ਥਾਲੀ 'ਚ ਚੌਲ ਅਤੇ ਮਾਸ ਲੈ ਕੇ ਆਏ। ਉਹ ਬਹੁਤ ਭੁੱਖੀ ਸੀ, ਇਸ ਲਈ ਉਸ ਨੇ ਤੁਰਤ ਉਹ ਖਾਣਾ ਖਾ ਲਿਆ। ਜਦੋਂ ਉਸ ਔਰਤ ਨੇ ਪੂਰਾ ਖਾਣਾ ਖਾ ਲਿਆ ਤਾਂ ਅਤਿਵਾਦੀਆਂ ਨੇ ਉਸ ਨੂੰ ਕਿਹਾ ਕਿ ਅਸੀਂ ਤੇਰੇ ਜਿਸ ਇਕ ਸਾਲ ਦੇ ਬੱਚੇ ਨੂੰ ਤੇਰੇ ਕੋਲ ਖੋਹਿਆ ਸੀ, ਉਸੇ ਦਾ ਮਾਸ ਪਕਾ ਕੇ ਤੈਨੂੰ ਖਾਣ ਲਈ ਦਿੱਤਾ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

**ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।**

*ਸੰਪਰਕ ਕਰੋ*

**ਫੋਨ: 515-291-1961**

26-29


## ਤੇਲ ਟੈਂਕਰ ਅੱਗ: ਮੌਤਾਂ ਦੀ ਗਿਣਤੀ 206 ਹੋਈ

**ਲਾਹੌਰ:** ਪਾਕਿਸਤਾਨ ਵਿਚ ਤੇਲ ਟੈਂਕਰ ਨੂੰ ਲੱਗੀ ਅੱਗ ਦੀ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ 206 ਹੋ ਗਈ ਹੈ। ਸੂਤਰਾਂ ਮੁਤਾਬਕ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਪਿਛਲ ਚਾਰ ਹੋਰ ਜ਼ਖ਼ਮੀਆਂ ਦੀ ਮੌਤ ਹੋ ਗਈ ਹੈ।







## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash
Grand Opening

- 8 Drive Tires For $3300
Kelly KDA
- Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 8 ਜੁਲਾਈ 2017*

## ਪੰਜਾਬ ਦਾ ਸਿਆਸੀ ਹਾਲ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਠੀਕ ਹੀ ਕਿਹਾ ਹੈ ਕਿ ਉਸ ਦਾ ਮੁੱਖ ਏਜੰਡਾ ਪੰਜਾਬ ਦਾ ਵਿਕਾਸ ਹੈ, ਕਿਸੇ ਕਿਸਮ ਦੀ ਬਦਲਾਖੋਰੀ ਵਾਲੀ ਸਿਆਸਤ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ। ਪੰਜਾਬ ਦਾ ਆਵਾਮ ਵੀ ਇਹੀ ਚਾਹੁੰਦਾ ਹੈ ਕਿ ਸੂਬੇ ਦਾ ਵਿਕਾਸ ਹੋਵੇ, ਵਿਕਾਸ ਨਾਲ ਸੂਬੇ ਦੇ ਪੈਰ ਇੰਨੇ ਕੁ ਪੁਖਤਾ ਜ਼ਰੂਰ ਹੋ ਜਾਣ ਕਿ ਨਵੀਂ ਪੀੜ੍ਹੀ ਪਰਵਾਸ ਉਡਾਰੀ ਮਾਰਨ ਲਈ ਸੋਚਣ ਦੀ ਥਾਂ ਪੰਜਾਬ ਵਿਚ ਹੀ ਆਪਣਾ ਭਵਿੱਖ ਤਲਾਸ਼ੇ। ਹੁਣ ਵਾਲੇ ਪੰਜਾਬ ਨੂੰ ਹਰ ਪੰਜਾਬੀ ਪਿੱਛੇ ਛੱਡ ਦੇਣਾ ਚਾਹੁੰਦਾ ਹੈ ਜਿਸ ਵਿਚ ਬੇਰੁਜ਼ਗਾਰਾਂ ਲਈ ਕੰਮ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ; ਜਿਥੇ ਨਸ਼ਿਆਂ ਕਾਰਨ ਪੂਰੀ ਦੀ ਪੂਰੀ ਪੀੜ੍ਹੀ ਤੇ ਪਰਿਵਾਰਾਂ ਦੇ ਪਰਿਵਾਰ ਤਬਾਹ ਹੋ ਗਏ; ਜਿਥੇ ਆਮ ਬੰਦਾ ਚੰਗੇ ਇਲਾਜ ਖੁਣੋਂ ਦਮ ਤੋੜ ਰਿਹਾ ਹੈ; ਜਿਥੋਂ ਦੇ ਸਕੂਲਾਂ-ਕਾਲਜਾਂ ਵਿਚ ਪੜ੍ਹਾਈ ਦਾ ਉਹ ਹਾਲ ਹੈ ਕਿ ਪੁੱਛੋ ਹੀ ਕੁਝ ਨਾ; ਜਿਥੇ ਬਦਮਾਸ਼ਾਂ ਦੇ ਟੋਲੇ ਬੇਖੌਫ ਵਿਚਰ ਰਹੇ ਹਨ। ਹਾਲਾਤ ਵਿਚ ਇੰਨਾ ਨਿਘਾਰ ਕੋਈ ਇਕ ਦਿਨ ਵਿਚ ਨਹੀਂ ਆਇਆ। ਹਾਕਮ ਪਾਰਟੀਆਂ ਦੀ ਨੀਤੀਆਂ ਨੇ ਹੀ ਸੂਬੇ ਨੂੰ ਇਸ ਕਗਾਰ 'ਤੇ ਪਹੁੰਚਾਇਆ ਹੈ। ਹੁਣ ਤੱਕ ਦੋ ਪਾਰਟੀਆਂ ਹੀ ਸੂਬੇ ਦਾ ਪ੍ਰਬੰਧ ਚਲਾਉਂਦੀਆਂ ਰਹੀਆਂ ਹਨ। ਇਕ ਸ਼੍ਰੋਮਣੀ ਅਕਾਲੀ ਦਲ, ਜੋ ਦਸ ਸਾਲ ਰਾਜ-ਭਾਗ ਭੋਗਣ ਤੋਂ ਬਾਅਦ ਅੱਜ ਕੱਲ੍ਹ ਸੱਤਾ ਤੋਂ ਬਾਹਰ ਹੈ ਅਤੇ ਦੂਜੀ ਪਾਰਟੀ ਕਾਂਗਰਸ ਹੁਣ ਸੱਤਾ ਵਿਚ ਹੈ। ਥੋੜ੍ਹੀ ਜਿਹੀ ਗਹਿਰਾਈ ਨਾਲ ਝਾਤੀ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਪਿਛਲੇ ਸਾਲਾਂ ਦੌਰਾਨ ਪੰਜਾਬ ਤਾਂ ਹੇਠਾਂ ਵੱਲ ਗਿਆ ਹੈ, ਪਰ ਇਨ੍ਹਾਂ ਪਾਰਟੀਆਂ ਤੇ ਇਨ੍ਹਾਂ ਦੇ ਆਗੂਆਂ ਦਾ ਗਰਾਫ ਉਤਾਂਹ ਵੱਲ ਉਡਿਆ ਹੈ। ਪਿਛਲੇ ਦਸ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਕੇਬਲ ਟੈਲੀਵਿਜ਼ਨ, ਰੇਤ-ਬਜਰੀ ਕਾਰੋਬਾਰ, ਨਸ਼ਿਆਂ ਦੇ ਮਾਮਲਿਆਂ ਵਿਚ ਅਜਿਹੀ ਹਨ੍ਹੇਰਗਰਦੀ ਮਚਾਈ, ਜਿਸ ਦਾ ਨਤੀਜਾ ਅੱਜ ਦੇ ਭਿਆਨਕ ਹਾਲਾਤ ਹਨ। ਅਜਿਹੇ ਹਾਲਾਤ ਲਈ ਜ਼ਿੰਮੇਵਾਰ ਲੋਕਾਂ ਨੂੰ ਜੇ ਕਟਹਿਰੇ ਵਿਚ ਖੜ੍ਹੇ ਨਹੀਂ ਕਰਨਾ ਤਾਂ ਫਿਰ ਕੀ ਕਰਨਾ ਹੈ? ਬਥੇਰੇ ਲੋਕ ਸਨ ਜਿਨ੍ਹਾਂ ਨੇ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਹਰਾਉਣ ਲਈ ਵੋਟਾਂ ਪਾਈਆਂ। ਲੋਕਾਂ ਨੇ ਸਗੋਂ ਐਤਕੀਂ ਇਨ੍ਹਾਂ ਦੋਹਾਂ ਮੁੱਖ ਸਿਆਸੀ ਧਿਰਾਂ ਨੂੰ ਸਬਕ ਸਿਖਾਉਣ ਦੀ ਸੋਚੀ ਹੋਈ ਸੀ। ਇਹ ਗੱਲ ਵੱਖਰੀ ਹੈ ਕਿ ਤੀਜੀ ਧਿਰ ਆਮ ਆਦਮੀ ਪਾਰਟੀ ਦੀ 'ਆਪਣੀ' ਸਿਆਸਤ ਕਾਰਨ ਆਖਰਕਾਰ ਫਾਇਦਾ ਕਾਂਗਰਸ ਨੂੰ ਮਿਲ ਗਿਆ ਜਿਸ ਕਰ ਕੇ ਅੱਜ ਇਹ ਸੱਤਾ ਵਿਚ ਹੈ ਅਤੇ ਤੈਅ ਕਰ ਰਹੀ ਹੈ ਕਿ ਸੂਬੇ ਵਿਚ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ; ਹਾਲਾਂਕਿ ਇਹ ਤਾਂ ਚੋਣਾਂ ਤੋਂ ਪਹਿਲਾਂ ਹੀ ਤੈਅ ਹੋ ਗਿਆ ਸੀ ਕਿ ਸੂਬੇ ਵਿਚ ਅਗਾਂਹ ਕੀ ਹੋਣਾ ਚਾਹੀਦਾ ਹੈ। ਸੂਬੇ ਦੀਆਂ ਤਰਜੀਹਾਂ ਬਾਰੇ ਹਰ ਪਾਰਟੀ ਨੇ ਵਧ-ਚੜ੍ਹ ਕੇ ਵਾਅਦੇ ਅਤੇ ਦਾਅਵੇ ਕੀਤੇ ਸਨ। ਜ਼ਾਹਰ ਹੈ ਕਿ ਇਹ ਵਾਅਦੇ ਨਿਭਾਉਣ ਦੀ ਜ਼ਿੰਮੇਵਾਰੀ ਸੱਤਾ ਧਿਰ ਉਤੇ ਹੀ ਪੈਂਦੀ ਹੈ।

ਹੁਣ ਚਹੁੰ ਮਹੀਨਿਆਂ ਬਾਅਦ ਹੀ ਕੈਪਟਨ ਅਮਰਿੰਦਰ ਸਿੰਘ ਕਈ ਮਾਮਲਿਆਂ ਵਿਚ ਪੈਰ ਪਿਛਾਂਹ ਖਿੱਚਣ ਲੱਗੇ ਹਨ। ਇਹ ਠੀਕ ਹੈ ਕਿ ਸੱਤਾ ਬਦਲਣ ਨਾਲ ਨਸ਼ਿਆਂ ਦੀ ਵਿਕਰੀ ਉਤੇ ਕੁਝ ਕੁ ਫਰਕ ਪਿਆ ਹੈ ਅਤੇ ਬਦਮਾਸ਼ਾਂ ਬਾਰੇ ਖਬਰਾਂ ਆਉਣੀਆਂ ਘਟ ਗਈਆਂ ਹਨ, ਪਰ ਇਹ ਵੀ ਤੱਥ ਹਨ ਕਿ ਇਨ੍ਹਾਂ ਅਤੇ ਹੋਰ ਮਾਮਲਿਆਂ ਦੀਆਂ ਜੜ੍ਹਾਂ ਫੜਨ ਵੱਲ ਸਰਕਾਰ ਨੇ ਕੋਈ ਖਾਸ ਤਵੱਜੋ ਨਹੀਂ ਦਿੱਤੀ ਹੈ। ਕੇਬਲ ਟੈਲੀਵਿਜ਼ਨ ਬਾਰੇ ਕੋਈ ਨੀਤੀ ਬਣਾਉਣ ਤੋਂ ਤਾਂ ਮੁੱਖ ਮੰਤਰੀ ਨੇ ਸਾਫ ਹੀ ਮਨ੍ਹਾਂ ਕਰ ਦਿੱਤਾ ਹੈ। ਨਸ਼ਿਆਂ ਦੇ ਕਾਰੋਬਾਰੀਆਂ ਦੀ ਪੈੜ ਅਜੇ ਵੀ ਨੱਪੀ ਨਹੀਂ ਜਾ ਸਕੀ, ਸਗੋਂ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਦੇ ਮੁਢਲੇ ਖੁਲਾਸਿਆਂ ਤੋਂ ਬਾਅਦ ਵੱਖ ਵੱਖ ਧਿਰਾਂ ਨੂੰ ਬਚਾਏ ਜਾਣ ਦੀਆਂ ਖਬਰਾਂ ਉਡ ਰਹੀਆਂ ਹਨ। ਸਕੂਲਾਂ ਵਿਚ ਸਹੂਲਤਾਂ ਤੇ ਅਧਿਆਪਕਾਂ ਦੀ ਨਫਰੀ ਪੂਰੀ ਕਰਨ ਦੀ ਥਾਂ ਅੰਗਰੇਜ਼ੀ ਵਾਲਾ ਰੱਫੜ ਅਰੰਭ ਕਰ ਦਿੱਤਾ ਗਿਆ ਹੈ। ਇਸ ਦੀ ਥਾਂ, ਨਿਯਮਾਂ ਦੀਆਂ ਧੱਜੀਆਂ ਉਡਾ ਕੇ ਮਾਪਿਆਂ ਦੀ ਹਰ ਤਰ੍ਹਾਂ ਨਾਲ ਲੁੱਟ-ਖਸੁੱਟ ਕਰ ਰਹੇ ਪ੍ਰਾਈਵੇਟ ਸਕੂਲਾਂ ਨੂੰ ਨੱਥ ਪਾਉਣਾ ਮੁੱਖ ਏਜੰਡਾ ਬਣਨਾ ਚਾਹੀਦਾ ਸੀ। ਬੇਰੁਜ਼ਗਾਰਾਂ ਦੀ ਲੰਮੀ ਕਤਾਰ ਵੱਲ ਤਾਂ ਧਿਆਨ ਉਕਾ ਨਹੀਂ ਦਿੱਤਾ ਜਾ ਰਿਹਾ। ਘਰ-ਪ੍ਰਤੀ ਨੌਕਰੀ ਦੀ ਸ਼ੁਰੂਆਤ ਪਛੜ ਰਹੀ ਹੈ। ਉਂਜ ਵੀ ਇਹ ਨੌਕਰੀਆਂ ਦੇਣੀਆਂ ਕਿਸ ਤਰ੍ਹਾਂ ਹਨ, ਕਿਸੇ ਨੂੰ ਕੁਝ ਪਤਾ ਨਹੀਂ।

ਸਪਸ਼ਟ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਮੁੱਖ ਤਰਜੀਹ ਸਿਰਫ ਸਰਕਾਰ ਚਲਾਉਣਾ ਹੈ। ਇਸ ਸੂਰਤ ਵਿਚ ਵਿਰੋਧੀ ਧਿਰ ਦੀ ਭੂਮਿਕਾ ਅਹਿਮ ਬਣਦੀ ਹੈ। ਇਸ ਵਾਰ ਵਿਰੋਧੀ ਧਿਰ ਵਾਲੀ ਭੂਮਿਕਾ ਵੀ ਨਵੀਂ ਧਿਰ ਕੋਲ ਹੈ। ਬਜਟ ਸੈਸ਼ਨ ਦੌਰਾਨ ਇਸ ਧਿਰ ਦਾ ਤਰਜਬਾ ਬਹੁਤਾ ਠੀਕ ਨਹੀਂ ਰਿਹਾ। ਇਹ ਧਿਰ ਨਾ ਸੱਤਾ ਧਿਰ ਕਾਂਗਰਸ ਅਤੇ ਨਾ ਹੀ ਸਾਬਕਾ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਦੀਆਂ ਗਿਣਤੀਆਂ-ਮਿਣਤੀਆਂ ਸਮਝ ਸਕੀ। ਚਾਹੀਦਾ ਤਾਂ ਇਹ ਸੀ ਕਿ ਇਹ ਧਿਰ ਇਨ੍ਹਾਂ ਘਾਗ ਸਿਆਸੀ ਧਿਰਾਂ ਦੀ ਤਾਕਤ ਤੋਲ ਕੇ ਆਪਣੀਆਂ ਤਰਜੀਹਾਂ ਤੈਅ ਕਰਦੀ, ਪਰ ਸਾਰਾ ਕੁਝ ਰੋਲ-ਘਚੋਲੇ ਦੀ ਭੇਟ ਚੜ੍ਹ ਗਿਆ; ਨਹੀਂ ਤਾਂ ਬਹੁਤ ਕੁਝ ਅਜਿਹਾ ਸੀ ਜਿਸ ਦੇ ਪੋਤੜੇ ਫਰੋਲ ਕੇ ਇਹ ਧਿਰ ਆਪਣੀ ਪੈਂਠ ਬਣਾ ਸਕਦੀ ਸੀ। ਅਜਿਹੀਆਂ ਨਾਕਾਮੀਆਂ ਕਾਰਨ ਪੰਜਾਬ ਦੇ ਲੋਕ ਮਾਯੂਸ ਤਾਂ ਹਨ, ਪਰ ਉਹ ਅੱਜ ਵੀ ਚਾਹੁੰਦੇ ਹਨ ਕਿ ਪੰਜਾਬ ਨੂੰ ਨਿਘਾਰ ਵੱਲ ਧੱਕਣ ਵਾਲਿਆਂ ਨੂੰ ਪਛਾੜਿਆ ਜਾਵੇ, ਪਰ ਨਵੀਂ ਲੀਹ ਪਾੜੇ ਬਗੈਰ ਪੰਜਾਬ ਵਿਚ ਕੁਝ ਨਹੀਂ ਸੌਰਨਾ। ਚੋਣਾਂ ਤੋਂ ਪਹਿਲਾਂ ਵਾਲੇ ਵਕਤਾਂ ਦੌਰਾਨ ਪਰਵਾਸੀ ਪੰਜਾਬੀਆਂ ਨੇ ਜਦੋਂ ਪੰਜਾਬ ਵਿਚ ਤਬਦੀਲੀ ਬਾਰੇ ਸੋਚਿਆ ਸੀ ਤਾਂ ਲੀਹ ਪਾੜ ਕੇ ਚੱਲਣ ਦੇ ਹਿਸਾਬ ਨਾਲ ਹੀ ਤੀਜੀ ਧਿਰ ਨੂੰ ਵਜ਼ਨਦਾਰ ਬਣਾਉਣ ਦੇ ਯਤਨ ਅਰੰਭੇ ਸਨ। ਪਰਵਾਸੀਆਂ ਨੂੰ ਇਕ ਵਾਰ ਫਿਰ ਅਜਿਹੇ ਹੰਭਲੇ ਅਰੰਭਣੇ ਚਾਹੀਦੇ ਹਨ। ਪੰਜਾਬ ਨੂੰ ਜਿੱਲ੍ਹਣ ਵਿਚੋਂ ਕੱਢਣ ਲਈ ਹੰਭਲੇ 'ਤੇ ਹੰਭਲੇ ਮਾਰਨੇ ਪੈਣਗੇ। ਲੰਘ ਚੁਕੀ ਅਸਫਲਤਾ ਵਿਚੋਂ ਹੀ ਸਫਲਤਾ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨੀ ਪਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਰ ਤੇ ਵਿਧਾਨਕਾਰ!*

ਚੋਣ-ਪ੍ਰਚਾਰ ਵੇਲੇ ਥੱਕਦੇ ਨਾ ਦਿਨ ਰਾਤ, 'ਡੋਰ-ਟੂ-ਡੋਰ' ਪਹੁੰਚ ਘਾਲਦੇ ਨੇ ਘਾਲਣਾ।
ਵੰਡਦੇ ਨੇ 'ਪੁੱਤ' ਹੀ ਨਿਸੰਗ ਹੋ ਕੇ ਸਾਰਿਆਂ ਨੂੰ, ਬਣਦੇ ਹੀ ਐਮ.ਐਲ.ਏ. ਸਿੱਖ ਜਾਂਦੇ ਟਾਲਣਾ।
ਸੱਤਾਧਾਰੀ ਖੂੰਜੇ ਲਾਈ ਰੱਖਦੇ 'ਵਿਰੋਧੀਆਂ' ਨੂੰ, ਲੱਗਦੈ ਇਨ੍ਹਾਂ ਨੇ ਹੁਣ ਲੋਕ ਰਾਜ ਗਾਲਣਾ।
ਰਹਿੰਦੇ ਨੇ ਚਲਾਉਂਦੇ ਪੰਜ ਸਾਲ ਪੂਰੇ ਚੰਮ ਦੀਆਂ, ਪਤਾ ਹੁੰਦਾ ਕਿਸੇ ਨਹੀਂਓਂ ਗੱਦੀਓਂ ਉਠਾਲਣਾ।
'ਤੀਸਰੇ' ਨੂੰ ਦੂਰ ਰੱਖਣੇ ਦੀ ਕਰੀ ਗਿਟਮਿਟ, ਵਾਰੋ ਵਾਰੀ ਰਾਜ ਕਹਿੰਦੇ 'ਦੋਹਾਂ' ਨੇ ਸੰਭਾਲਣਾ।
'ਕਾਰ' ਭਾਵੇਂ ਰੱਖਦਾ ਹਰੇਕ ਹੀ ਵਿਧਾਨਕਾਰ, ਪਰ ਹੁੰਦੀ ਉਹਦੇ ਤੋਂ 'ਵਿਧਾਨ' ਦੀ ਨਾ ਪਾਲਣਾ!

# ਹੁਣ ਹਿੰਦੂਤਵੀ ਬਣੇਗਾ 'ਧਰਮ ਨਿਰਪੱਖ' ਰਾਸ਼ਟਰ ਦਾ 'ਪਤੀ'

'ਧਰਮ ਨਿਰਪੱਖ' ਰਾਸ਼ਟਰ 17 ਜੁਲਾਈ ਨੂੰ ਆਪਣਾ 14ਵਾਂ ਰਾਸ਼ਟਰਪਤੀ ਚੁਣ ਰਿਹਾ ਹੈ ਜਿਸ ਦੇ ਰਾਜਭਾਗ ਉਪਰ ਇਸ ਵਕਤ ਸੰਘ ਬ੍ਰਿਗੇਡ ਕਾਬਜ਼ ਹੈ। ਕਾਂਗਰਸ ਵਲੋਂ ਥਾਪੇ 13ਵੇਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਦਾ ਕਾਰਜ ਕਾਲ 25 ਜੁਲਾਈ ਨੂੰ ਖ਼ਤਮ ਹੋ ਜਾਵੇਗਾ, ਇਸ ਤੋਂ ਪੰਜ ਦਿਨ ਪਹਿਲਾਂ 20 ਜੁਲਾਈ ਨੂੰ ਵੋਟਾਂ ਦੀ ਗਿਣਤੀ ਹੋ ਜਾਵੇਗੀ। ਆਸਾਰ ਸਪਸ਼ਟ ਹਨ- ਅਗਲਾ ਰਾਸ਼ਟਰਪਤੀ ਨਾਗਪੁਰ ਸਦਰ ਮੁਕਾਮ ਦਾ ਹੋਵੇਗਾ।

ਮੁਕਾਬਲਾ ਮੁੱਖ ਹਾਕਮ ਜਮਾਤੀ ਪਾਰਟੀਆਂ ਭਾਜਪਾ ਅਤੇ ਕਾਂਗਰਸ ਦੇ ਉਮੀਦਵਾਰਾਂ ਦਰਮਿਆਨ ਹੈ। ਸੰਸਦ ਦੇ ਦੋਹਾਂ ਸਦਨਾਂ ਦੇ 776 ਮੈਂਬਰਾਂ (543+223) ਅਤੇ ਵਿਧਾਨ ਸਭਾਵਾਂ ਦੇ ਕੁਲ 4120 ਮੈਂਬਰਾਂ ਦੇ ਆਧਾਰ 'ਤੇ ਵੋਟਾਂ ਦੀ ਵੈਲਿਊ ਤੈਅ ਕਰਨ ਦਾ ਨਿਸ਼ਚਿਤ ਫਾਰਮੂਲਾ ਹੈ; ਭਾਵ ਰਾਸ਼ਟਰਪਤੀ ਦੀ ਚੋਣ ਮੁਲਕ ਦੇ ਲੋਕ ਨਹੀਂ,

**ਬੂਟਾ ਸਿੰਘ**
ਫੋਨ: 91-94634-74342

ਉਨ੍ਹਾਂ ਦੇ ਚੁਣੇ ਹੋਏ 4896 ਨੁਮਾਇੰਦੇ 1098903 ਵੋਟਾਂ ਪਾ ਕੇ ਕਰਨਗੇ। ਇਸ ਫਾਰਮੂਲੇ ਅਨੁਸਾਰ ਕੁਲ 1098903 ਵੋਟਾਂ ਵਿਚੋਂ ਇਸ ਵਕਤ ਸੰਘ ਦੇ ਉਮੀਦਵਾਰ ਦੇ ਹੱਕ ਵਿਚ 62.44% ਅਤੇ ਕਾਂਗਰਸ ਦੀ ਉਮੀਦਵਾਰ ਦੇ ਹੱਕ ਵਿਚ 33.58% ਹਨ; 4% ਵੋਟਾਂ ਨੇ ਅਜੇ ਇਹ ਫ਼ੈਸਲਾ ਕਰਨਾ ਹੈ ਕਿ ਉਹ ਕਿਸ ਦੀ ਹਮਾਇਤ ਕਰਨਗੇ।

ਦਲਿਤਾਂ ਉਪਰ ਆਪਣੀ ਜਕੜ ਬਣਾਈ ਰੱਖਣ ਦੀ ਨੀਤੀ ਦੇ ਹਿੱਸੇ ਵਜੋਂ ਸੰਘ ਬ੍ਰਿਗੇਡ ਨੇ ਦਲਿਤ ਪਿਛੋਕੜ ਵਾਲੇ ਸ਼ਖਸ ਰਾਮ ਨਾਥ ਕੋਵਿੰਦ ਨੂੰ ਅਗਲਾ ਰਾਸ਼ਟਰਪਤੀ ਬਣਾਉਣ ਦਾ ਪੱਤਾ ਖੇਡਿਆ ਹੈ। ਉਹ ਭਾਜਪਾ ਦੇ ਦਲਿਤ ਮੋਰਚੇ ਦਾ ਸਾਬਕਾ ਪ੍ਰਧਾਨ ਰਹਿ ਚੁੱਕਾ ਹੈ ਅਤੇ ਕਿਹਾ ਜਾਂਦਾ ਹੈ, ਉਸ ਨੇ ਆਪਣਾ ਜੱਦੀ ਘਰ ਆਰ.ਐਸ.ਐਸ. ਨੂੰ ਭੇਟ ਕਰ ਦਿੱਤਾ ਸੀ। ਆਰ.ਐਸ.ਐਸ. ਦਾ ਸੰਵਿਧਾਨ ਮਨੂ ਸਮਰਿਤੀ ਹੈ, ਉਸ ਦੀ ਸਹੁੰ ਚੁੱਕ ਕੇ ਸੰਘ ਵਿਚ ਸ਼ਾਮਲ ਹੋਇਆ ਰਾਮ ਨਾਥ ਕੋਵਿੰਦ ਰਾਸ਼ਟਰਪਤੀ ਚੁਣੇ ਜਾਣ ਦੀ ਸੂਰਤ ਵਿਚ 'ਧਰਮ ਨਿਰਪੱਖ' ਸੰਵਿਧਾਨ ਦੀ ਸਹੁੰ ਚੁੱਕੇਗਾ! ਦੋਹਾਂ ਵਿਚੋਂ ਉਹ ਕਿਸ ਦਾ ਵਫ਼ਾਦਾਰ ਹੈ? ਜ਼ਾਹਿਰ ਹੈ, ਸੰਘ ਬ੍ਰਿਗੇਡ ਦੇ 'ਹਿੰਦੂ ਰਾਸ਼ਟਰ' ਦੇ ਮਿਸ਼ਨ ਜਾਂ ਮਨੂ ਸਮਰਿਤੀ ਦੇ ਬੋਲਬਾਲੇ ਦਾ। ਰਾਸ਼ਟਰਪਤੀ ਨੂੰ 'ਸੰਵਿਧਾਨ ਦੀ ਰਾਖੀ ਕਰਨ ਵਾਲਾ ਪਹਿਲਾ ਬੰਦਾ' ਮੰਨਿਆ ਜਾਂਦਾ ਹੈ। ਆਪਣੀ ਪੂਰੀ ਜ਼ਿੰਦਗੀ ਕਦੇ ਕਿਸੇ ਇਕ ਵੀ ਸੰਵਿਧਾਨਕ ਉਲੰਘਣਾ ਬਾਰੇ ਜ਼ੁਬਾਨ ਨਾ ਖੋਲ੍ਹਣ ਵਾਲਾ ਬੰਦਾ ਸੰਵਿਧਾਨ ਦੀ ਕਿਹੋ ਜਿਹੀ ਰਾਖੀ ਕਰੇਗਾ ਜੋ ਅੱਖਾਂ ਮੀਟ ਕੇ ਸੰਘ ਦੇ ਨਾਗਪੁਰ ਸਦਰ ਮੁਕਾਮ ਦੇ ਹੁਕਮਾਂ ਦੀ ਜੀ-ਹਜ਼ੂਰੀ ਕਰਦਾ ਆਇਆ ਹੈ? ਇਸੇ ਕੋਵਿੰਦ ਨੇ ਭਾਜਪਾ ਦੇ ਚੋਟੀ ਦੇ ਆਗੂ ਬੰਗਾਰੂ ਲਕਸ਼ਮਣ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬੇਕਸੂਰ ਸਾਬਤ ਕਰਨ ਲਈ ਉਸ ਦੇ ਹੱਕ ਵਿਚ ਗਵਾਹੀ ਦਿੱਤੀ ਸੀ। 'ਦਲਿਤ' ਰਾਮ ਨਾਥ ਨੂੰ ਇਹ ਭਰਮ ਪੈਦਾ ਕਰਨ ਲਈ ਅੱਗੇ ਲਿਆਂਦਾ ਗਿਆ ਹੈ ਕਿ ਦੇਖੋ, ਸੰਘ ਬ੍ਰਿਗੇਡ ਦਲਿਤਾਂ ਨੂੰ 'ਆਪਣੇ' ਸਮਝ ਕੇ ਕਿੰਨਾ ਮਾਣ-ਸਤਿਕਾਰ ਦਿੰਦਾ ਹੈ। ਸੰਘ ਬ੍ਰਿਗੇਡ ਦੀਆਂ ਨਜ਼ਰਾਂ ਵਿਚ ਦਲਿਤਾਂ ਦੀ ਅਸਲ ਹੈਸੀਅਤ ਕੀ ਹੈ, ਇਸ ਦਾ ਸਿੱਕੇਬੰਦ ਨਮੂਨਾ ਹਿੰਦੁਸਤਾਨੀ ਫ਼ੌਜ ਦੇ ਸਾਬਕਾ ਜਰਨੈਲ ਅਤੇ ਮੋਦੀ ਸਰਕਾਰ ਦੇ ਮੂੰਹਫਟ ਕੈਬਨਿਟ ਮੰਤਰੀ ਵੀ.ਕੇ. ਸਿੰਘ ਦਾ ਬਿਆਨ ਸੀ ਜਿਸ ਨੇ ਦਲਿਤਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਸੀ। ਦੂਜਾ ਸਿੱਕੇਬੰਦ ਨਮੂਨਾ ਯੋਗੀ ਅਦਿਤਿਆਨਾਥ ਦੀ ਸਹਾਰਨਪੁਰ ਫੇਰੀ ਵੇਲੇ ਦਲਿਤਾਂ ਨੂੰ ਸਾਬਣ ਅਤੇ ਸ਼ੈਂਪੂ ਵੰਡਣ ਦੀ ਮੁਹਿੰਮ ਸੀ ਤਾਂ ਜੋ ਦਲਿਤਾਂ ਦੇ ਮੁਸ਼ਕ ਨਾਲ ਕਿਤੇ ਉਚ ਜਾਤੀ ਮੁੱਖ ਮੰਤਰੀ ਦੀ ਪਵਿੱਤਰਤਾ ਨਾ ਭਿੱਟੀ ਜਾਵੇ!

ਕੋਵਿੰਦ ਦੇ ਮੁਕਾਬਲੇ ਕਾਂਗਰਸ ਨੇ ਜਗਜੀਵਨ ਰਾਮ (ਸਾਬਕਾ ਡਿਪਟੀ ਪ੍ਰਧਾਨ ਮੰਤਰੀ) ਦੀ ਧੀ ਮੀਰਾ ਕੁਮਾਰ ਨੂੰ ਉਮੀਦਵਾਰ ਬਣਾਇਆ ਹੈ। ਜਗਜੀਵਨ ਰਾਮ-ਕਿਆਂ ਦੀ ਕਾਂਗਰਸ ਨਾਲ 'ਸਾਂਝ' ਦਾ ਲੰਮਾ ਇਤਿਹਾਸ ਹੈ, ਜਿਸ ਦਾ ਸਿਲਾ ਕਾਂਗਰਸ ਨੇ ਉਸ ਦੀ ਧੀ ਨੂੰ ਆਪਣੀ ਸਰਕਾਰ ਵਿਚ ਸਮਾਜਿਕ ਨਿਆਂ ਮੰਤਰੀ ਅਤੇ ਲੋਕ ਸਭਾ ਸਪੀਕਰ ਦੇ ਅਹੁਦਿਆਂ ਨਾਲ ਨਿਵਾਜ ਕੇ ਅਤੇ ਉਸ ਨੂੰ ਆਪਣੇ ਸਰਕਾਰੀ ਬੰਗਲੇ ਨੂੰ ਅਣਅਧਿਕਾਰਤ ਤੌਰ 'ਤੇ ਜਗਜੀਵਨ ਰਾਮ ਮਿਊਜ਼ੀਅਮ ਬਣਾਉਣ ਦੀ ਖੁੱਲ੍ਹ ਦੇ ਕੇ ਤਾਰਿਆ। ਹੁਣ ਸੰਘ ਬ੍ਰਿਗੇਡ ਦੇ 'ਦਲਿਤ' ਉਮੀਦਵਾਰ ਨੂੰ ਸਿਆਸੀ ਤੌਰ 'ਤੇ ਕਾਟ ਕਰਨ ਲਈ ਇਸੇ 'ਦਲਿਤ' ਮੀਰਾ ਕੁਮਾਰ ਨੂੰ ਉਮੀਦਵਾਰ ਬਣਾਇਆ ਹੈ। ਸੱਤਾਧਾਰੀ ਅਤੇ ਵਿਰੋਧੀ ਧਿਰ, ਦੋਹਾਂ ਦੇ ਉਮੀਦਵਾਰਾਂ ਦੀ 'ਮੈਰਿਟ' ਉਨ੍ਹਾਂ ਦੀ ਜਾਤ ਹੈ। ਰਾਸ਼ਟਰਪਤੀ ਦੀ ਜਾਤ ਜਾਂ ਧਰਮ ਕੀ ਹੈ, ਮੁਲਕ ਦੇ ਅਵਾਮ ਲਈ ਇਹ ਕੋਈ ਮਾਇਨੇ ਨਹੀਂ ਰੱਖਦਾ; ਉਹ ਤਾਂ ਮਹਿਜ਼ ਸਟੇਟ ਦੇ ਜਾਬਰ ਢਾਂਚੇ ਵਲੋਂ ਕੀਤੇ ਫ਼ੈਸਲਿਆਂ ਉਪਰ ਲਗਾਏ ਜਾਣ ਵਾਲੀ ਸੰਵਿਧਾਨਕ ਮੋਹਰ ਹੈ ਜਿਸ ਕੋਲ ਬਹੁਤ ਸੀਮਤ ਰਸਮੀ ਹੱਕ ਹਨ। ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਵੀ 'ਦਲਿਤ' ਸੀ ਜਿਸ ਨੂੰ ਕਾਂਗਰਸ ਨੇ ਰਾਸ਼ਟਰਪਤੀ ਬਣਾਇਆ ਸੀ। ਉਸ ਦੇ ਰਾਸ਼ਟਰਪਤੀ ਬਣਨ ਨਾਲ ਦਲਿਤਾਂ ਦਾ ਕਿੰਨਾ ਕੁ ਭਲਾ ਹੋਇਆ ਸੀ? ਗਿਆਨੀ ਜ਼ੈਲ ਸਿੰਘ 'ਸਿੱਖ' ਸੀ, ਉਸ ਦੇ ਕਾਰਜਕਾਲ ਦੌਰਾਨ ਸਾਕਾ ਨੀਲਾ ਤਾਰਾ, 1984 ਵਿਚ ਸਿੱਖਾਂ ਦੇ ਕਤਲੇਆਮ ਸਮੇਤ ਸਿੱਖ ਭਾਈਚਾਰੇ ਦੀ ਦੁਰਦਸ਼ਾ ਸ਼ਾਇਦ ਹੀ ਕਿਸੇ ਨੂੰ ਭੁੱਲੀ ਹੋਵੇ।

ਵਿਹਾਰਕ ਸਿਆਸਤ ਅੰਦਰ ਰਾਸ਼ਟਰਪਤੀ ਦਾ ਅਹੁਦਾ ਸੱਤਾਧਾਰੀ ਪਾਰਟੀ ਦੇ ਵਫ਼ਾਦਾਰ




ਆਗੂਆਂ ਲਈ ਪੂਰਵ-ਰਿਟਾਇਰਮੈਂਟ ਤੋਹਫ਼ਾ ਮੰਨਿਆ ਜਾਂਦਾ ਹੈ। ਉਮੀਦਵਾਰ ਦੀ ਚੋਣ ਹਾਲਾਤ ਦੀ ਜ਼ਰੂਰਤ ਅਨੁਸਾਰ ਕੀਤੀ ਜਾਂਦੀ ਹੈ ਕਿ ਕਿਸ ਧਰਮ ਜਾਂ ਜਾਤ ਵਾਲੇ ਆਗੂ ਨੂੰ ਉਮੀਦਵਾਰ ਬਣਾ ਕੇ ਕਿਸ ਭਾਈਚਾਰੇ ਨੂੰ ਭਰਮਾਉਣਾ ਹੈ ਅਤੇ ਕਿਹੜਾ ਉਮੀਦਵਾਰ ਐਲਾਨ ਕੇ ਸੱਤਾਧਾਰੀ ਕੋੜਮੇ ਦੀ ਜ਼ਿਆਦਾਤਰ ਹਮਾਇਤ ਹਾਸਲ ਕੀਤੀ ਜਾ ਸਕਦੀ ਹੈ। ਇਹ ਵੋਟ ਸਿਆਸਤ ਦਾ ਹੀ ਕ੍ਰਿਸ਼ਮਾ ਹੈ ਕਿ ਭਾਜਪਾ ਨਾਲ ਦੋ ਵਾਰ ਗੱਠਜੋੜ ਸਰਕਾਰ ਬਣਾਉਣ ਵਾਲੀ ਕੁਮਾਰੀ ਮਾਇਆਵਤੀ ਹੁਣ ਕਾਂਗਰਸ ਦੇ ਉਮੀਦਵਾਰ ਦੀ ਹਮਾਇਤ ਕਰ ਰਹੀ ਹੈ ਅਤੇ ਬਿਹਾਰ ਵਿਚ ਲਾਲੂ ਪ੍ਰਸਾਦ ਨਾਲ ਮਿਲ ਕੇ ਭਾਜਪਾ ਨੂੰ ਹਰਾਉਣ ਵਾਲਾ ਨਿਤੀਸ਼ ਕੁਮਾਰ ਮੁੜ ਸੰਘ ਬ੍ਰਿਗੇਡ ਨਾਲ ਨੇੜਤਾ ਵਧਾਉਂਦੇ ਹੋਏ ਸੰਘ ਦੇ ਉਮੀਦਵਾਰ ਦੀ ਹਮਾਇਤ ਕਰ ਰਿਹਾ ਹੈ। ਨਿਤੀਸ਼ ਕੁਮਾਰ ਨੇ ਅਜੇ ਮਈ ਮਹੀਨੇ ਦੇ ਅਖ਼ੀਰਲੇ ਹਫ਼ਤੇ ਹੀ ਮੋਦੀ ਅਤੇ ਮਾਰੀਸ਼ਸ਼ ਦੇ ਪ੍ਰਧਾਨ ਮੰਤਰੀ ਨਾਲ ਦੁਪਹਿਰ ਦੇ ਖਾਣੇ ਉਪਰ ਐਲਾਨ ਕੀਤਾ ਸੀ ਕਿ ਵਿਰੋਧੀ ਧਿਰ ਰਾਸ਼ਟਰਪਤੀ ਚੋਣ ਨੂੰ ਲੈ ਕੇ ਇਕਮੱਤ ਹੈ। ਇਹ ਸ਼ਾਇਦ ਉਸ ਦਾ ਸੌਦੇਬਾਜ਼ੀ ਕਰਨ ਦਾ ਸੰਕੇਤ ਸੀ, ਕਿਉਂਕਿ ਉਸ ਨੇ ਪਾਕਿਸਤਾਨ ਅੰਦਰ ਹਿੰਦੁਸਤਾਨੀ ਫ਼ੌਜ ਦੇ 'ਸਰਜੀਕਲ ਸਟਰਾਈਕ' ਅਤੇ ਨੋਟਬੰਦੀ ਵਰਗੇ ਫ਼ੈਸਲਿਆਂ ਦੀ ਹਮਾਇਤ ਕਰ ਕੇ ਪਹਿਲਾਂ ਹੀ ਆਪਣੇ ਸੱਤਾਧਾਰੀ ਜੋਟੀਦਾਰ ਲਾਲੂ ਪ੍ਰਸਾਦ ਨਾਲੋਂ ਵਿੱਥ ਅਤੇ ਸੰਘ ਬ੍ਰਿਗੇਡ ਪ੍ਰਤੀ ਨੇੜਤਾ ਵਧਾਉਣ ਦੇ ਸੰਕੇਤ ਦੇ ਦਿੱਤੇ ਸਨ।

ਦਲਿਤਾਂ ਦੇ ਇਕ ਹਿੱਸੇ ਨੂੰ ਆਪਣੇ ਨਾਲ ਮਿਲਾ ਕੇ ਪੂਰੇ ਦਲਿਤ ਭਾਈਚਾਰੇ ਨੂੰ ਭਰਮ ਵਿਚ ਪਾ ਕੇ ਉਚ ਜਾਤੀ ਦਾਬੇ ਹੇਠ ਰੱਖਣਾ ਜਾਤਪਾਤਵਾਦੀ ਹੁਕਮਰਾਨ ਜਮਾਤ ਦੀ ਸੋਚੀ-ਸਮਝੀ ਨੀਤੀ ਹੈ। ਮੋਦੀ ਦੇ ਤਿੰਨ ਸਾਲ ਦੇ ਰਾਜ ਵਿਚ ਦਲਿਤਾਂ ਉਪਰ ਕੀਤੇ ਜ਼ੁਲਮਾਂ-ਦਰ-ਜ਼ੁਲਮਾਂ ਕਾਰਨ ਸੰਘ ਬ੍ਰਿਗੇਡ ਨੂੰ ਦਲਿਤਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਊਨਾ (ਗੁਜਰਾਤ) ਅਤੇ ਸਹਾਰਨਪੁਰ ਵਿਚ ਦਲਿਤਾਂ ਵਲੋਂ ਹਿੰਦੂਤਵੀ ਗਰੋਹਾਂ ਦੀ ਗੁੰਡਾਗਰਦੀ ਦਾ ਇਕਜੁੱਟ ਹੋ ਕੇ ਮੂੰਹ ਭੰਨਿਆ ਗਿਆ। 2002 ਵਿਚ ਗੁਜਰਾਤ ਵਿਚ ਸੰਘ ਬ੍ਰਿਗੇਡ ਮੁਸਲਮਾਨਾਂ ਦਾ ਕਤਲੇਆਮ ਕਰਨ ਲਈ ਦਲਿਤਾਂ ਨੂੰ ਮੋਹਰਿਆਂ ਵਜੋਂ ਇਸਤੇਮਾਲ ਕਰਨ ਵਿਚ ਕਾਮਯਾਬ ਰਿਹਾ ਸੀ। ਬਾਅਦ ਵਿਚ ਸੰਘ ਦੀਆਂ ਘਿਨਾਉਣੀਆਂ ਕਰਤੂਤਾਂ ਨੇ ਖ਼ੁਦ ਹੀ ਇਨ੍ਹਾਂ ਦਾ ਮਨੂਵਾਦੀ ਚਿਹਰਾ ਨੰਗਾ ਕਰ ਦਿੱਤਾ ਅਤੇ ਇਸ ਨਾਲ ਦਲਿਤਾਂ ਨੂੰ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਅਤੇ ਹੋਰ ਦੱਬੇ-ਕੁਚਲੇ ਸਮੂਹਾਂ ਨਾਲ ਮਿਲ ਕੇ ਭਗਵਾਂ ਦਹਿਸ਼ਤਗਰਦੀ ਵਿਰੁਧ ਇਕਜੁੱਟ ਹੋ ਕੇ ਲੜਨ ਦੀ ਜ਼ਰੂਰਤ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਸੰਘ ਬ੍ਰਿਗੇਡ ਵਲੋਂ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੂਲਾ ਦੇ ਸੰਸਥਾਗਤ ਕਤਲ ਵਿਰੁਧ ਵਿਦਿਆਰਥੀ ਅੰਦੋਲਨ, ਗਊ ਹੱਤਿਆ ਦੇ ਨਾਂ 'ਤੇ ਬਹੁਤ ਸਾਰੇ ਸੂਬਿਆਂ ਅੰਦਰ ਦਲਿਤਾਂ ਉਪਰ ਜ਼ੁਲਮਾਂ ਅਤੇ ਯੋਗੀ ਅਦਿਤਿਆਨਾਥ ਦੀ ਸਰਕਾਰ ਬਣਨ ਨਾਲ ਭੂਤਰੇ ਉਚ ਜਾਤੀ ਹਜੂਮਾਂ ਦੀ ਬਦਮਾਸ਼ੀ ਨੂੰ ਦਲਿਤਾਂ ਵਲੋਂ ਇਕਜੁੱਟ ਹੋ ਕੇ ਚੁਣੌਤੀ ਦੇਣ ਦਾ ਰੁਝਾਨ ਸ਼ੁਰੂ ਹੋਣ ਨਾਲ ਸੰਘ ਬ੍ਰਿਗੇਡ ਲਈ ਹੁਣ ਦਲਿਤਾਂ ਨੂੰ ਬੇਵਕੂਫ਼ ਬਣਾਉਣਾ ਪਹਿਲਾਂ ਜਿੰਨਾ ਸੌਖਾ ਨਹੀਂ ਰਿਹਾ। ਫਿਰ ਵੀ ਸੰਘ ਅਤੇ ਇਸ ਦੀਆਂ ਹਮਖ਼ਿਆਲ ਤਾਕਤਾਂ ਕੋਲ ਦਲਿਤਾਂ ਨੂੰ ਭਰਮਾਉਣ ਲਈ ਹਥਿਆਰਾਂ ਦੀ ਕਮੀ ਨਹੀਂ ਹੈ। ਇਨ੍ਹਾਂ ਵਿਚੋਂ ਇਕ ਕਾਰਗਰ ਹਥਿਆਰ ਦਲਿਤਾਂ ਦਾ ਸੰਸਕ੍ਰਿਤੀਕਰਨ ਹੈ ਜਿਸ ਤਹਿਤ ਦਲਿਤਾਂ ਦੇ ਦਿਮਾਗਾਂ ਵਿਚ ਇਹ ਭਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਵੀ ਹਿੰਦੂ ਹਨ।

ਸੰਘ ਬ੍ਰਿਗੇਡ ਵਲੋਂ ਦਲਿਤਾਂ ਵਿਚ ਹਿੰਦੂ ਭਾਈਚਾਰੇ ਦਾ ਅਨਿੱਖੜ ਹਿੱਸਾ ਹੋਣ ਦਾ ਭਰਮ ਬਣਾਈ ਰੱਖਣ ਲਈ ਰਾਮ ਨਾਥ ਕੋਵਿੰਦਾਂ, ਬੰਗਾਰੂ ਲਕਸ਼ਮਣਾਂ, ਰਾਮਵਿਲਾਸ ਪਾਸਵਾਨਾਂ ਵਰਗੇ ਨਮੂਨਿਆਂ ਦੀ ਖ਼ੂਬ ਨੁਮਾਇਸ਼ ਲਾਈ ਜਾਂਦੀ ਹੈ। ਦਲਿਤਾਂ ਵਿਚੋਂ ਉਭਰੇ ਕੁਲੀਨ ਵਰਗ ਦੇ ਉਪਰਲੇ ਹਿੱਸੇ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਘੋਰ ਮਨੂਵਾਦੀ ਭਾਜਪਾ ਅਤੇ ਸ਼ਿਵ ਸੈਨਾ ਨਾਲ ਸਿਆਸੀ ਗੰਢ-ਚਿਤਰਾਵਾ ਕਰਨ ਵਿਚ ਵੀ ਕੋਈ ਹਿਚਕ ਨਹੀਂ ਹੈ। ਇਸ ਦੀ ਮੁਖ ਮਿਸਾਲ ਮਹਾਰਾਸ਼ਟਰ ਹੈ ਜਿਥੇ ਬਾਲ ਠਾਕਰੇ ਨੇ 'ਸ਼ਿਵ ਸ਼ਕਤੀ' ਅਤੇ 'ਭੀਮ ਸ਼ਕਤੀ' ਭਾਵ ਸ਼ਿਵਜੀ ਅਤੇ ਅੰਬੇਡਕਰ ਦੇ ਪੈਰੋਕਾਰਾਂ ਦੀ ਏਕਤਾ ਦਾ ਨਾਅਰਾ ਦੇ ਕੇ ਵਿਕਾਊ ਆਗੂਆਂ ਦੀ ਮਦਦ ਨਾਲ ਦਲਿਤ ਸਮਾਜ ਦੀਆਂ ਭਾਵਨਾਵਾਂ ਦਾ ਲਾਹਾ ਲਿਆ। ਨਾਮਦੇਵ ਢਾਸਾਲ ਆਖ਼ਿਰਕਾਰ ਬਾਲ ਠਾਕਰੇ ਦਾ ਸ਼ਿਵ ਸੈਨਿਕ ਸਜ ਗਿਆ ਜੋ ਦਲਿਤ ਪੈਂਥਰ ਦਾ ਚੋਟੀ ਦਾ ਆਗੂ ਹੁੰਦਾ ਸੀ। ਇਹੀ ਹਸ਼ਰ ਉਦਿਤ ਰਾਜ ਵਰਗੇ ਦਲਿਤ ਬੁੱਧੀਜੀਵੀਆਂ ਅਤੇ ਰਿਪਬਲੀਕਨ ਪਾਰਟੀ ਆਫ ਇੰਡੀਆ ਦੇ ਆਗੂ ਰਾਮਦਾਸ ਅਠਾਵਲੇ ਦਾ ਹੋਇਆ। ਇਹ ਹਿੱਸੇ ਡਾ. ਅੰਬੇਡਕਰ ਦੀ ਸੋਚ ਦੇ ਜਾਤਪਾਤ ਵਿਰੋਧੀ ਤੱਤ ਨੂੰ ਨਸ਼ਟ ਕਰਨ ਲਈ ਉਸ ਨੂੰ ਨਿਰੋਲ ਮੂਰਤੀ ਵਜੋਂ ਅਪਣਾ ਕੇ ਆਪਣੇ ਮਨੂਵਾਦੀ ਏਜੰਡੇ ਲਈ ਵਰਤਣ ਦੀ ਸੰਘ ਬ੍ਰਿਗੇਡ ਦੀ ਮੁਹਿੰਮ ਨੂੰ ਵਾਜਬੀਅਤ ਮੁਹੱਈਆ ਕਰਦੇ ਹਨ। ਬ੍ਰਾਹਮਣਵਾਦ/ਮਨੂਵਾਦ ਦੇ ਜ਼ਹਿਰ ਉਪਰ ਦਲਿਤ ਜਾਂ ਅੰਬੇਡਕਰੀ ਮੁਲੰਮਾ ਚਾੜ੍ਹ ਕੇ ਵੇਚਣਾ ਸੁਖਾਲਾ ਹੈ; ਬਸ ਕੁਝ ਦਲਿਤ ਜਾਂ ਅੰਬੇਡਕਰਵਾਦੀ ਚਿਹਰਿਆਂ ਦੀ ਜ਼ਰੂਰਤ ਹੁੰਦੀ ਹੈ।

ਇਸੇ ਦਾ ਦੂਜਾ ਅਤੇ ਇਸ ਤੋਂ ਵੀ ਵਿਆਪਕ ਰੂਪ ਸਰਕਾਰ ਅਤੇ ਨੌਕਰਸ਼ਾਹੀ ਵਿਚ ਉਚੇ ਅਹੁਦਿਆਂ 'ਤੇ ਬੈਠੇ ਹਿੱਸੇ ਅਤੇ ਦਲਿਤ ਆਗੂਆਂ ਦਾ ਗੱਠਜੋੜ ਹੈ। ਇਨ੍ਹਾਂ ਦਾ ਮੁੱਖ ਕੰਮ ਜਾਗਰੂਕ ਹੋ ਰਹੇ ਦਲਿਤ ਭਾਈਚਾਰੇ ਨੂੰ ਇਕ ਹੱਦ ਤੋਂ ਅੱਗੇ ਜਾਣ ਤੋਂ ਰੋਕਣਾ ਅਤੇ ਇਕੋ ਇਕ ਉਦੇਸ਼ ਖ਼ੁਦ ਸਮਾਜਿਕ ਤੇ ਆਰਥਿਕ ਤਰੱਕੀ ਕਰਨਾ ਹੈ।

ਆਪਣੇ ਦਲਿਤ ਪਿਛੋਕੜ ਦਾ ਵੱਧ ਤੋਂ ਵੱਧ ਮੁੱਲ ਵੱਟਣ ਲਈ ਵਿਕਾਊ ਇਸ ਪਰਤ ਦੇ ਪ੍ਰਭਾਵ ਨੂੰ ਰੋਕਣ ਅਤੇ ਖ਼ਤਮ ਕਰਨ ਦਾ ਇਕੋ ਇਕ ਤਰੀਕਾ ਦਲਿਤ ਸਮਾਜ ਵਿਚ ਚੇਤਨਾ ਪੈਦਾ ਕਰਨਾ ਹੈ। ਲਿਹਾਜ਼ਾ ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਰਾਸ਼ਟਰਪਤੀ ਦਲਿਤ ਹੈ ਜਾਂ ਗ਼ੈਰਦਲਿਤ; ਜਾਂ ਕਿਸ ਭਾਈਚਾਰੇ ਵਿਚੋਂ ਹੈ। ਸਵਾਲ ਇਹ ਹੈ ਕਿ ਰਾਸ਼ਟਰਪਤੀ ਬਣ ਕੇ ਉਹ ਕਿਸ ਜਮਾਤ ਦੇ ਏਜੰਡੇ ਲਈ ਕੰਮ ਕਰਦਾ ਹੈ।

# ਹਜੂਮ ਨੂੰ ਹਤਿਆਰਾ ਬਣਾਉਣ ‘ਚ ਮੋਦੀ ਦਾ ਯੋਗਦਾਨ

**ਭਾਰਤ ਵਿਚ ਮੁਸਲਮਾਨਾਂ ਨੂੰ ਕੁੱਟ ਕੁੱਟ ਕੇ ਮਾਰਨ ਵਾਲੀਆਂ ਘਟਨਾਵਾਂ ਨੇ ਸਮੁੱਚੇ ਮੁਲਕ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸ਼ਾਹਨਵਾਜ਼ ਆਲਮ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਘਟਨਾਵਾਂ ਦੀਆਂ ਤਹਿਆਂ ਵਿਚ ਪਏ ਤੱਥਾਂ ਅਤੇ ਪਿਛੋਕੜ ਬਾਰੇ ਗਹਿਰ-ਗੰਭੀਰ ਗੱਲਾਂ ਕੀਤੀਆਂ ਹਨ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਅਸੀਂ ਚਾਹੁੰਦੇ ਹਾਂ ਕਿ ਪਾਠਕ ਇਸ ਮਸਲੇ ਬਾਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਹਕੀਕਤ ਬਾਰੇ ਜਾਣਨ। -ਸੰਪਾਦਕ**

ਸ੍ਰੀਨਗਰ ਦੀ ਜਾਮਾ ਮਸਜਿਦ ਦੇ ਬਾਹਰ ਡੀ.ਐਸ.ਪੀ. ਅਯੂਬ ਪੰਡਤ ਦੀ ਹਜੂਮ ਵਲੋਂ ਹੱਤਿਆ ਨੂੰ ਹਥਿਆਰ ਵਾਂਗ ਉਨ੍ਹਾਂ ਲੋਕਾਂ ਦੇ ਖਿਲਾਫ ਇਸਤੇਮਾਲ ਕੀਤਾ ਜਾ ਰਿਹਾ ਹੈ ਜੋ ਹਜੂਮ ਵਲੋਂ ਮੁਸਲਮਾਨਾਂ ਦੀਆਂ ਹੱਤਿਆਵਾਂ ਉਪਰ ਸਰਕਾਰ ਅਤੇ ਸੰਘ ਪਰਿਵਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਰਹੇ ਹਨ। ਇਹ ਸਰਕਾਰ ਹਮਾਇਤੀ ਟੋਲਾ ਅਤੇ ਉਨ੍ਹਾਂ ਦੇ ਟੀ.ਵੀ. ਪੈਨਲਿਸਟ ਚਾਹੁੰਦੇ ਹਨ ਕਿ ਮੁਸਲਮਾਨਾਂ ਦੇ ਹਜੂਮੀ ਕਤਲ (ਮੌਬ ਲਿੰਚਿੰਗ) ਦਾ ਵਿਰੋਧ ਕਰਨ ਵਾਲੇ ਅਯੂਬ ਪੰਡਤ ਦੀ ਹੱਤਿਆ ਨੂੰ ਵੀ ਉਸ ਦੇ ਬਰਾਬਰ ਰੱਖ ਕੇ ਗੱਲ ਕਰਨ। ਅਕਸਰ ਹੀ ਤਰਕ ਦਿਖਾਉਣ ਵਾਲੇ ਬਹੁਤ ਸਾਰੇ ਲੋਕ ਸੰਘ ਅਤੇ ਸਰਕਾਰ ਦੇ ਇਸ ਕੁਤਰਕ ਦੇ ਚਕਰਵਿਊ ਵਿਚ ਫਸ ਕੇ ਦੋਹਾਂ ਹੱਤਿਆਵਾਂ ਨੂੰ ਇਕੋ ਚੀਜ਼ ਦੱਸ ਕੇ ਉਸ ਦੀ

**ਸ਼ਾਹਨਵਾਜ਼ ਆਲਮ**
**ਅਨੁਵਾਦ: ਬੂਟਾ ਸਿੰਘ**

ਬਰਾਬਰੀ ਵੀ ਕਰ ਰਹੇ ਹਨ; ਲੇਕਿਨ ਸਵਾਲ ਇਹ ਹੈ- ਕੀ ਇਹ ਦੋਵੇਂ ਹੱਤਿਆਵਾਂ ਬਰਾਬਰ ਹਨ ਅਤੇ ਉਨ੍ਹਾਂ ਦੇ ਪਿੱਛੇ ਸੋਚ ਵੀ ਇਕੋ ਜਿਹੀ ਹੈ?

ਇਸ ਨੁਕਤੇ ਨੂੰ ਸਮਝਣ ਲਈ ਦੋਹਾਂ ਹੀ ਜੁਰਮਾਂ ਦੇ ਤੌਰ-ਤਰੀਕੇ ਨੂੰ ਸਮਝਣਾ ਜ਼ਰੂਰੀ ਹੋਵੇਗਾ। ਈਦ ਦੀ ਖ਼ਰੀਦਦਾਰੀ ਕਰ ਕੇ ਦਿੱਲੀ ਤੋਂ ਬਲਭਗੜ੍ਹ ਪਰਤ ਰਹੇ ਜੁਨੈਦ, ਜਾਂ ਗਊ ਮਾਸ ਜਾਂ ਗਊ ਤਸਕਰੀ ਦੇ ਨਾਮ 'ਤੇ ਮਾਰੇ ਗਏ ਅਖ਼ਲਾਕ ਜਾਂ ਪਹਿਲੂ ਖ਼ਾਨ ਉਪਰ ਹਮਲਾ ਕਰਨ ਵਾਲੇ ਹਜੂਮ ਦੇ ਮੈਂਬਰ 2014 ਵਿਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਵੀ ਸੜਕ ਜਾਂ ਟਰੇਨ ਦੇ ਹਜੂਮ ਦਾ ਹਿੱਸਾ ਸਨ, ਲੇਕਿਨ ਉਨ੍ਹਾਂ ਨੂੰ ਇਹ ਕਦੇ ਨਹੀਂ ਲੱਗਿਆ ਕਿ ਕਿਸੇ ਜੁਨੈਦ ਜਾਂ ਪਹਿਲੂ ਖ਼ਾਨ ਨੂੰ 'ਮੁਸਲਮਾਨ', ਬੀਫ਼ ਖਾਣ ਵਾਲਾ, ਦਹਿਸ਼ਤਗਰਦ, ਦੇਸ਼ ਧ੍ਰੋਹੀ, ਪਾਕਿਸਤਾਨ ਦੀ ਜਿੱਤ ਉਪਰ ਤਾੜੀਆਂ ਮਾਰਨ ਵਾਲਾ, 4-4 ਵਿਆਹ ਕਰਨ ਵਾਲਾ, 25 ਬੱਚੇ ਪੈਦਾ ਕਰਨ ਵਾਲਾ ਕਹਿ ਕੇ ਮਾਰ ਦਿੱਤਾ ਜਾਵੇ। ਇਨ੍ਹਾਂ ਇਲਜ਼ਾਮਾਂ ਤਹਿਤ ਕਿਸੇ ਮੁਸਲਮਾਨ ਨੂੰ ਮਾਰਿਆ ਜਾ ਸਕਦਾ ਹੈ, ਉਨ੍ਹਾਂ ਦੀ ਸਮਝਦਾਰੀ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਹੀ ਬਣੀ ਹੈ; ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਮੋਦੀ ਖ਼ੁਦ ਮੁਸਲਮਾਨਾਂ ਦੇ ਕਤਲੇਆਮ ਦਾ ਮਾਸਟਰਮਾਈਂਡ ਰਿਹਾ ਹੈ ਅਤੇ ਉਸ ਦੀ ਸਰਕਾਰ ਐਸੀ ਕਿਸੇ ਵੀ ਹੱਤਿਆ ਵਿਚ ਉਨ੍ਹਾਂ ਦਾ ਸਾਥ ਦੇਵੇਗੀ। ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਖੜ੍ਹੇ ਚਸ਼ਮਦੀਦ ਗਵਾਹਾਂ ਉਪਰ ਪੂਰਾ ਭਰੋਸਾ ਹੈ ਕਿ ਉਹ ਹਿੰਦੂ ਹੋਣ ਦਾ ਰਾਸ਼ਟਰੀ ਫਰਜ਼ ਨਿਭਾਉਂਦੇ ਹੋਏ, ਜਾਂ ਜੇ ਮੁਸਲਮਾਨ ਹੋਏ ਤਾਂ ਭੈਅ ਦੇ ਮਾਰੇ ਕਿਸੇ ਵੀ ਜਾਂਚ ਏਜੰਸੀ ਜਾਂ ਮੀਡੀਆ ਨੂੰ ਵਾਰਦਾਤ ਵਾਲੀ ਥਾਂ ਉਪਰ ਮੌਜੂਦ ਨਾ ਹੋਣ ਦਾ ਬਿਆਨ ਦੇ ਦੇਣਗੇ।

ਉਨ੍ਹਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਪੁਲਿਸ ਮਰਨ ਵਾਲੇ ਮੁਸਲਮਾਨ ਉਪਰ ਹੀ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਜਾਂ ਬੀਫ਼ ਖਾਣ ਜਾਂ ਲਿਜਾਣ ਦਾ ਮੁਕੱਦਮਾ ਦਰਜ ਕਰੇਗੀ। ਨਾਲ ਹੀ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਮੁਲਕ ਦੀ ਨਿਆਂਪਾਲਿਕਾ ਵੀ ਹੁਣ ਗਊ ਨੂੰ ਰਾਸ਼ਟਰੀ ਪਸ਼ੂ ਕਰਾਰ ਦੇਣ ਦੇ ਬਿਆਨ ਦੇ ਰਹੀ ਹੈ ਅਤੇ ਗਊ ਹੱਤਿਆ ਉਪਰ ਉਮਰ ਕੈਦ ਦੀ ਵਿਵਸਥਾ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਇਹ ਵੀ ਪੂਰਾ ਭਰੋਸਾ ਹੈ ਕਿ ਗਊ ਨਾਲ ਜੁੜੀ 'ਪਵਿੱਤਰ' ਰਾਸ਼ਟਰੀ ਆਮ ਰਾਇ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਤਕ ਵੀ ਇਸ ਨੂੰ 'ਸਮੂਹਿਕ ਚੇਤਨਾ ਨੂੰ ਸੰਤੁਸ਼ਟ' ਕਰਨ ਵਾਲੀ ਘਟਨਾ ਕਹਿ ਸਕਦੀ ਹੈ। ਇਸ ਲਈ ਜੋ ਲੋਕ ਮੁਸਲਮਾਨਾਂ ਦੀ ਹੱਤਿਆ ਨੂੰ 'ਹਜੂਮ' ਵਲੋਂ ਅੰਜਾਮ ਦਿੱਤੀ ਦੱਸ ਰਹੇ ਹਨ, ਉਹ ਜਾਂ ਤਾਂ ਬੇਸਮਝ ਹਨ, ਜਾਂ ਹਤਿਆਰਿਆਂ ਦੀ ਸ਼ਨਾਖ਼ਤ ਨੂੰ ਲੁਕੋਣ ਲਈ ਜਾਣ-ਬੁਝ ਕੇ ਐਸਾ ਕਰ ਰਹੇ ਹਨ। ਇਹ 'ਹਜੂਮ' ਨਹੀਂ; ਇਹ 2014 ਤੋਂ ਬਾਅਦ ਦਾ ਹਿੰਦੁਸਤਾਨੀ 'ਰਾਜ' ਹੈ ਜੋ ਆਪਣੀ ਪੂਰੀ ਰਾਜਕੀ, ਪ੍ਰਸ਼ਾਸਨਿਕ ਅਤੇ ਵਿਧਾਨਕ ਤਾਕਤ ਤੇ ਵਾਜਬੀਅਤ ਨਾਲ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਰਿਹਾ ਹੈ।

ਜੋ ਲੋਕ ਮੋਦੀ ਵਿਚ ਤਾਨਾਸ਼ਾਹੀ ਤਲਾਸ਼ ਰਹੇ ਹਨ, ਉਨ੍ਹਾਂ ਨੂੰ ਖ਼ੁਦ ਨੂੰ ਦਰੁਸਤ ਕਰ ਲੈਣਾ ਚਾਹੀਦਾ ਹੈ। ਮੋਦੀ ਤੋਂ ਜ਼ਿਆਦਾ ਵਿਧਾਨਕ ਤਾਕਤ ਅਤੇ ਇਮਿਊਨਿਟੀ (ਸਜ਼ਾ ਤੋਂ ਛੋਟ) ਦਾ ਵਿਕੇਂਦਰੀਕਰਨ ਅੱਜ ਤਕ ਕਿਸੇ ਵੀ ਪ੍ਰਧਾਨ ਮੰਤਰੀ ਨੇ ਨਹੀਂ ਕੀਤਾ। ਮੋਦੀ ਤੋਂ ਪਹਿਲਾਂ ਕਿਸੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਵਿਚ ਉਸ ਵਰਗਾ ਹੋਰ ਕੋਈ ਨਹੀਂ ਹੋਇਆ; ਲੇਕਿਨ ਅੱਜ ਬਸਤੀ, ਚੌਰਾਹੇ, ਟਰੇਨ ਵਿਚ ਮੁਸਲਮਾਨਾਂ ਦੀ ਰਸੋਈ ਤੋਂ ਆਉਣ ਵਾਲੀ ਖ਼ੁਸ਼ਬੂ ਦਾ ਪਤਾ ਲਾਉਣ ਵਾਲੇ ਹਜੂਮ ਜਾਂ ਹਿੰਦ-ਪਾਕਿਸਤਾਨ ਦਰਮਿਆਨ ਕਿਸੇ ਕ੍ਰਿਕਟ ਮੈਚ ਦੇ ਦੌਰਾਨ ਕਿਸੇ ਜਨਤਕ ਥਾਂ ਉਪਰ ਦੇਖ ਰਹੇ ਮੁਸਲਿਮ ਦਰਸ਼ਕ ਦੇ ਚਿਹਰੇ ਦੇ ਹਾਵ-ਭਾਵ ਉਪਰ ਨਜ਼ਰਾਂ ਟਿਕਾਈ ਬੈਠੇ ਹਜੂਮ ਦਾ ਹਰ ਮੈਂਬਰ 'ਮੋਦੀ' ਹੈ। ਇਹੀ 'ਹਰ-ਹਰ ਮੋਦੀ, ਘਰ-ਘਰ ਮੋਦੀ' ਦੇ ਨਾਅਰੇ ਦੀ ਹਕੀਕਤ ਹੈ।

ਇਤਿਹਾਸ ਵਿਚ ਐਸਾ ਬਹੁਤ ਘੱਟ ਹੁੰਦਾ ਹੈ ਕਿ ਕੋਈ ਨਾਅਰਾ ਸਚਾਈ ਬਣ ਜਾਵੇ। ਇਸ ਲਈ ਮੋਦੀ ਹੁਣ ਬੰਦਾ ਨਹੀਂ; ਇਕ ਰੁਝਾਨ, ਇਕ ਵਰਤਾਰਾ ਹੈ। ਇਸ ਤੋਂ ਪਹਿਲਾਂ ਕੋਈ ਵੀ ਪ੍ਰਧਾਨ ਮੰਤਰੀ ਆਪਣੀ ਸ਼ਖ਼ਸੀਅਤ ਦੇ ਵਿਕੇਂਦਰੀਕਰਨ ਵਿਚ ਐਨਾ ਉਦਾਰਦਿਲ ਨਹੀਂ ਸੀ। ਮੋਦੀ ਨੇ ਉਨ੍ਹਾਂ ਨੂੰ ਗ਼ਲਤ ਸਾਬਤ ਕਰ ਦਿੱਤਾ ਹੈ ਜੋ ਉਸ ਨੂੰ ਗ਼ੈਰਉਦਾਰ ਦੱਸਦੇ ਰਹੇ ਹਨ।

ਇਸੇ ਤਰ੍ਹਾਂ ਮੁਸਲਮਾਨਾਂ ਦੀਆਂ ਇਹ ਹੱਤਿਆਵਾਂ ਇਹ ਵੀ ਸਾਬਤ ਕਰਦੀਆਂ ਹਨ ਕਿ ਮੋਦੀ ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ ਦਾ ਸਮਾਜੀ ਸਰੂਪ ਵੀ ਹੋਰਾਂ ਤੋਂ ਬਿਹਤਰ ਤਰੀਕੇ ਨਾਲ ਅਮਲ ਵਿਚ ਲਿਆ ਸਕਦਾ ਹੈ। ਪਹਿਲਾਂ ਮੁਸਲਮਾਨਾਂ ਦੇ ਖ਼ਿਲਾਫ ਸਿਰਫ਼ ਪੀ.ਏ.ਸੀ. ਅਤੇ ਪੁਲਿਸ ਜੋ ਕੰਮ ਕਰਦੀ ਸੀ, ਹੁਣ ਹਜੂਮ ਦੀ ਸ਼ਕਲ ਵਿਚ ਨਿੱਜੀ ਫ਼ੌਜ ਉਨ੍ਹਾਂ ਦੀ ਮੌਜੂਦਗੀ ਵਿਚ ਇਹ ਕੰਮ ਕਰ ਰਹੀ ਹੈ। ਇਸ ਨੂੰ ਤੁਸੀਂ ਕਾਨੂੰਨ ਲਾਗੂ ਅਤੇ ਸੁਰੱਖਿਆ ਮੁਹੱਈਆ ਕਰਾਉਣ ਵਾਲੀ ਏਜੰਸੀ ਵਲੋਂ ਆਪਣੇ ਪ੍ਰਸ਼ਾਸਨਿਕ ਆਧਾਰ ਨੂੰ ਲੋਕਾਂ ਨੂੰ ਵੰਡਣਾ ਕਹਿ ਸਕਦੇ ਹੋ। ਇਹ ਪ੍ਰਸ਼ਾਸਨਿਕ ਵਿਕੇਂਦਰੀਕਰਨ ਹੈ। ਗਾਂਧੀ ਦੇ 'ਹਿੰਦ ਸਵਰਾਜ' ਨੂੰ ਕੇਜਰੀਵਾਲ ਤੋਂ ਜ਼ਿਆਦਾ ਗੰਭੀਰਤਾ ਨਾਲ ਮੋਦੀ ਨੇ ਲਿਆ ਹੈ।

ਇਸ ਦੇ ਮੁਕਾਬਲੇ ਜੇ ਡੀ.ਐਸ.ਪੀ. ਅਯੂਬ ਪੰਡਤ ਦੀ ਹੱਤਿਆ ਦੀਆਂ ਬਾਰੀਕੀਆਂ ਨੂੰ ਦੇਖਿਆ ਜਾਵੇ ਤਾਂ ਮੁਸਲਮਾਨਾਂ ਦੀਆਂ ਹੱਤਿਆਵਾਂ ਦੇ ਮੁਕਾਬਲੇ ਇਸ ਤੋਂ ਉਲਟ ਜ਼ਿਹਨੀਅਤ ਕੰਮ ਕਰਦੀ ਨਜ਼ਰ ਆਉਂਦੀ ਹੈ। ਮਸਲਨ, ਜਾਮਾ ਮਸਜਿਦ ਦੇ ਬਾਹਰ ਉਸ ਨੂੰ ਜਿਸ 'ਹਜੂਮ' ਨੇ ਮਾਰਿਆ, ਉਸ ਨੇ ਉਸ ਨੂੰ ਹਰ ਆਉਣ-ਜਾਣ ਵਾਲੇ ਦੀ ਫੋਟੋ ਖਿੱਚਦੇ ਦੇਖ ਕੇ ਜੋ ਉਸ ਦੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਦਾ ਹਿੱਸਾ ਸੀ, ਉਸ ਨੂੰ ਹਿੰਦੁਸਤਾਨੀ ਸਟੇਟ ਦਾ ਨੁਮਾਇੰਦਾ ਮੰਨਿਆ। ਉਸ ਸਟੇਟ ਦਾ ਜੋ ਉਨ੍ਹਾਂ ਦੀ ਸਰਜ਼ਮੀਨ ਉਪਰ ਪਿਛਲੇ 70 ਸਾਲ ਤੋਂ ਕਾਬਜ਼ ਹੈ; ਜੋ ਉਨ੍ਹਾਂ ਨੂੰ ਵਾਅਦੇ ਅਨੁਸਾਰ ਰਾਇ-ਸ਼ੁਮਾਰੀ ਨਹੀਂ ਕਰਵਾ ਰਿਹਾ; ਜਿਸ ਨੇ ਉਨ੍ਹਾਂ ਦੇ 'ਵਜ਼ੀਰ-ਏ-ਆਜ਼ਮ' ਨੂੰ ਜੇਲ੍ਹ ਵਿਚ ਸੁੱਟਿਆ; ਜਿਸ ਨੇ 1987 ਦੀਆਂ ਚੋਣਾਂ ਵਿਚ ਜਿੱਤ ਕੇ ਸਰਕਾਰ ਬਣਾਉਣ ਜਾ ਰਹੇ ਐਮ.ਯੂ.ਐਫ. (ਮੁਸਲਿਮ ਯੂਨਾਈਟਿਡ ਫਰੰਟ) ਦੇ ਉਮੀਦਵਾਰਾਂ ਨੂੰ ਜੇਲ੍ਹਾਂ ਵਿਚ ਤੁੰਨ ਦਿੱਤਾ; ਜਿਹੜਾ ਸਟੇਟ ਉਨ੍ਹਾਂ ਦੀਆਂ ਔਰਤਾਂ ਨਾਲ ਜਬਰ ਜਨਾਹ ਕਰਦਾ ਹੈ, ਤੇ ਜਿਸ ਦੀ ਨਿਆਂਪਾਲਿਕਾ ਬਲਾਤਕਾਰੀਆਂ ਨੂੰ ਬਚਾਉਂਦੀ ਹੈ; ਜਿਸ ਦੀ ਸੁਪਰੀਮ ਕੋਰਟ ਉਸ ਦੇ ਹਮਵਤਨੀਆਂ ਨੂੰ ਬਿਨਾ ਕਿਸੇ ਠੋਸ ਸਬੂਤ ਦੇ ਸਿਰਫ਼ ਬਹੁ ਗਿਣਤੀ ਹਿੰਦੂ ਸਮਾਜ ਦੀ ਮੁਸਲਿਮ ਵਿਰੋਧੀ ਤੁਅੱਸਬੀ ਸਮੂਹਿਕ ਚੇਤਨਾ ਨੂੰ ਸੰਤੁਸ਼ਟ ਕਰਨ ਲਈ ਫਾਂਸੀ ਦੇ ਦਿੰਦੀ ਹੈ ਅਤੇ ਆਮ ਨੈਤਿਕਤਾ ਨੂੰ ਤਾਕ 'ਤੇ ਰੱਖ ਕੇ ਉਨ੍ਹਾਂ ਦੀਆਂ ਲਾਸ਼ਾਂ ਵੀ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਦਿੰਦੀ; ਜੋ 'ਇੰਡੀਆ' ਪੜ੍ਹਨ ਗਏ ਉਨ੍ਹਾਂ ਦੇ ਭਾਈਆਂ ਉਪਰ ਹਮਲੇ ਕਰਦਾ ਹੈ।...

ਇਸ ਤਰ੍ਹਾਂ ਜੁਨੈਦ ਜਾਂ ਪਹਿਲੂ ਖ਼ਾਨ ਦੇ ਮਾਮਲੇ ਦੇ ਪੂਰੀ ਤਰ੍ਹਾਂ ਉਲਟ ਇਥੇ ਹਜੂਮ ਵਲੋਂ ਮਾਰੇ ਗਏ ਅਯੂਬ ਪੰਡਤ 'ਹਿੰਦੁਸਤਾਨੀ ਸਟੇਟ' ਹੋ ਜਾਂਦੇ ਹਨ ਅਤੇ ਹਤਿਆਰਾ ਹਜੂਮ ਰਾਜ ਧ੍ਰੋਹੀ। ਇਹ ਰਾਜ ਧ੍ਰੋਹੀ ਹਜੂਮ ਮੁਸਲਮਾਨਾਂ ਨੂੰ ਮਾਰਨ ਵਾਲੇ ਹਜੂਮ ਤੋਂ ਪੂਰੀ ਤਰ੍ਹਾਂ ਉਲਟ ਖ਼ੁਦ ਨੂੰ 'ਦੇਸ਼ ਧ੍ਰੋਹੀ' ਕਹਿਣ ਵਿਚ ਮਾਣ ਮਹਿਸੂਸ ਕਰਦਾ ਹੈ; ਠੀਕ ਉਸੇ ਤਰ੍ਹਾਂ, ਜਿਵੇਂ ਮੁਸਲਮਾਨਾਂ ਨੂੰ ਮਾਰਨ ਵਾਲਾ ਹਜੂਮ ਖ਼ੁਦ ਨੂੰ 'ਦੇਸ਼ ਭਗਤ' ਦੱਸਣ ਵਿਚ ਮਾਣ ਮਹਿਸੂਸ ਕਰਦਾ ਹੈ। ਦੋਨੋਂ ਹਤਿਆਰੇ ਹਜੂਮ ਇਕ ਦੂਜੇ ਤੋਂ ਉਲਟ ਨਾਅਰੇ ਲਗਾਉਂਦੇ ਹਨ। ਹਿੰਦੁਸਤਾਨ-ਪਾਕਿਸਤਾਨ ਮੈਚ ਦੇ ਦੌਰਾਨ ਮੁਸਲਮਾਨਾਂ ਦਾ ਹਤਿਆਰਾ ਹਜੂਮ 'ਹਿੰਦੁਸਤਾਨ ਜ਼ਿੰਦਾਬਾਦ-ਪਾਕਿਸਤਾਨ ਮੁਰਦਾਬਾਦ' ਚੀਕਦਾ ਹੈ ਤਾਂ ਅਯੂਬ ਦਾ ਹਤਿਆਰਾ ਹਜੂਮ 'ਪਾਕਿਸਤਾਨ ਜ਼ਿੰਦਾਬਾਦ-ਹਿੰਦੁਸਤਾਨ ਮੁਰਦਾਬਾਦ' ਚੀਕਦਾ ਹੈ।



ਜੁਨੈਦ ਖਾਨ



ਅਯੂਬ ਪੰਡਤ

ਅਯੂਬ ਦੇ ਹਤਿਆਰਾ ਹਜੂਮ ਨੂੰ ਫੜਨ ਲਈ ਸੱਤਾਧਾਰੀ ਭਾਜਪਾ ਫਾਸਟ ਟਰੈਕ ਅਦਾਲਤ ਦੀ ਮੰਗ ਕਰਦੀ ਹੈ, ਜੁਨੈਦ ਵਰਗਿਆਂ ਦੇ ਹਤਿਆਰੇ ਹਜੂਮ ਦੇ ਘਰ ਕੇਂਦਰੀ ਮੰਤਰੀਆਂ ਦਾ ਕਾਫਲਾ ਜਾਂਦਾ ਹੈ। ਜੁਨੈਦ ਦੇ ਹਤਿਆਰੇ ਹਜੂਮ ਜਿਵੇਂ ਮੋਦੀ ਵਿਚ ਆਪਣਾ ਅਕਸ ਦੇਖਦੀ ਹੈ, ਉਵੇਂ ਹੀ ਅਯੂਬ ਦਾ ਹਤਿਆਰਾ ਹਜੂਮ ਖ਼ੁਦ ਵਿਚ ਅਫ਼ਜ਼ਲ ਗੁਰੂ ਜਾਂ ਬੁਰਹਾਨ ਵਾਨੀ ਦਾ ਅਕਸ ਦੇਖਦਾ ਹੈ ਜਿਸ ਦੇ ਭਾਈ ਦੀ ਫ਼ੌਜ ਵਲੋਂ ਕੀਤੀ ਹੱਤਿਆ ਨੇ ਉਸ ਨੂੰ ਦਹਿਸ਼ਤਗਰਦ ਬਣਾ ਦਿੱਤਾ ਸੀ।

ਪਹਿਲੂ ਜਾਂ ਜੁਨੈਦ ਦਾ ਹਤਿਆਰਾ ਹਜੂਮ ਹਿੰਦੁਸਤਾਨੀ ਸਟੇਟ ਤੋਂ ਮਹਿਫ਼ੂਜ਼ ਮਹਿਸੂਸ ਕਰਦਾ ਹੈ, ਅਯੂਬ ਦਾ ਹਤਿਆਰਾ ਹਜੂਮ ਹਿੰਦੁਸਤਾਨੀ ਰਾਜ ਵਲੋਂ ਨਜ਼ਰਅੰਦਾਜ਼ ਕੀਤਾ ਮਹਿਸੂਸ ਕਰਦਾ ਹੈ। ਜ਼ਾਹਿਰ ਹੈ, ਨਾ ਤਾਂ ਦੋਨੋਂ ਹੱਤਿਆਵਾਂ ਨੂੰ ਇਕ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਦੋਨੋਂ ਹਤਿਆਰੇ ਹਜੂਮਾਂ ਨੂੰ। ਇਨ੍ਹਾਂ ਦੀ ਤੁਲਨਾ ਮਹਿਜ਼ ਵਿਰੋਧਾਭਾਸ ਅਤੇ ਉਲਟ ਵਜੋਂ ਹੀ ਹੋ ਸਕਦੀ ਹੈ। ਇਨ੍ਹਾਂ ਹੱਤਿਆਵਾਂ ਨੂੰ ਇਕ ਦੂਜੀ ਤੋਂ ਉਲਟ ਸਾਬਤ ਕਰਨ ਵਾਲੀ ਇਕ ਹੋਰ ਵਜ੍ਹਾ ਹੈ; ਦੋਨਾਂ ਮਾਮਲਿਆਂ ਵਿਚ ਹਜੂਮ ਦੀ ਧਾਰਮਿਕ ਸ਼ਨਾਖ਼ਤ ਅਤੇ ਉਸ ਦੇ ਇਸ ਧਾਰਮਿਕ ਸ਼ਨਾਖ਼ਤ ਦੇ ਨੁਮਾਇੰਦਿਆਂ ਦਾ ਪ੍ਰਤੀਕਰਮ।

ਹਜੂਮ ਪੰਡਤ ਦੀ ਹੱਤਿਆ ਉਪਰ ਕਸ਼ਮੀਰੀ ਮੁਸਲਮਾਨਾਂ ਦੇ ਧਰਮ ਗੁਰੂ ਅਤੇ ਹੁਰੀਅਤ ਨੇਤਾ ਮੀਰਵਾਇਜ਼ ਉਮਰ ਫ਼ਾਰੂਕ ਨੇ ਇਸ ਦੀ ਨਿਖੇਧੀ ਕਰਦੇ ਹੋਏ ਇਸ ਨੂੰ ਕਸ਼ਮੀਰੀ ਤੇ ਇਸਲਾਮੀ ਸੰਸਕ੍ਰਿਤੀ ਦੇ ਉਲਟ ਕਰਾਰ ਦਿੱਤਾ ਅਤੇ ਪੀੜਤ ਦੇ ਘਰ ਦੋ ਮੈਂਬਰੀ ਹੁਰੀਅਤ ਵਫ਼ਦ ਭੇਜਿਆ। ਹੋ ਸਕਦਾ ਹੈ, ਉਸ ਨੇ ਸਿਰਫ਼ ਦਿਖਾਵੇ ਲਈ ਲਈ ਐਸਾ ਕੀਤਾ ਹੋਵੇ; ਲੇਕਿਨ ਕੀ ਅਖ਼ਲਾਕ, ਪਹਿਲੂ ਖ਼ਾਨ ਜਾਂ ਜੁਨੈਦ ਦੀ ਹੱਤਿਆ ਨੂੰ ਕਿਸੇ ਹਿੰਦੂ ਧਰਮ ਗੁਰੂ, ਮਹਾਂ ਮੰਡਲ ਮੁਖੀ ਜਾਂ ਸ਼ੰਕਰਾਚਾਰੀਆ ਨੇ ਦਿਖਾਵੇ ਲਈ ਹੀ ਸਹੀ, ਇਸ ਨੂੰ ਹਿੰਦੂ ਧਰਮ ਵਿਰੋਧੀ ਜਾਂ ਹਿੰਦੁਸਤਾਨੀ ਸੰਸਕ੍ਰਿਤੀ ਵਿਰੋਧੀ ਕਿਹਾ ਅਤੇ ਉਨ੍ਹਾਂ ਦੇ ਘਰ ਆਪਣਾ ਵਫ਼ਦ ਭੇਜਿਆ? ਇਸੇ ਕਰ ਕੇ ਇਹ ਦੋਨੋਂ ਹੱਤਿਆਵਾਂ ਇਕ ਦੂਜੀ ਤੋਂ ਪੂਰੀ ਤਰ੍ਹਾਂ ਉਲਟ ਹਨ।

ਜੁਨੈਦ ਦੀ ਹੱਤਿਆ ਜਿਥੇ ਧਾਰਮਿਕ ਅਤੇ ਸਿਆਸੀ ਹੱਤਿਆ ਹੈ, ਉਥੇ ਅਯੂਬ ਪੰਡਤ ਦੀ ਹੱਤਿਆ ਨਿਰੋਲ ਸਿਆਸੀ ਹੱਤਿਆ ਹੈ। ਇਸ ਲਈ ਜੁਨੈਦ ਦੀ ਹੱਤਿਆ ਨਫਰਤੀ ਅਪਰਾਧ (ਹੇਟ ਕ੍ਰਾਈਮ) ਦੀ ਸ਼੍ਰੇਣੀ ਵਿਚ ਆਵੇਗੀ ਅਤੇ ਅਯੂਬ ਦੀ ਹੱਤਿਆ ਸਿਆਸੀ ਅਪਰਾਧ (ਪੁਲੀਟੀਕਲ ਕ੍ਰਾਈਮ) ਦੀ ਸ਼੍ਰੇਣੀ ਵਿਚ। ਇਸ ਲਈ ਜੋ ਲੋਕ ਇਨ੍ਹਾਂ ਨੂੰ ਇਕੋ ਜਿਹੀਆਂ ਕਹਿ ਰਹੇ ਹਨ, ਉਹ ਨਾ ਸਿਰਫ਼ ਗ਼ਲਤ ਹਨ, ਸਗੋਂ ਇਨ੍ਹਾਂ ਹੱਤਿਆਵਾਂ ਵਿਚ ਇਨਸਾਫ਼ ਹੋਣ ਦੀਆਂ ਸੰਭਾਵਨਾਵਾਂ ਨੂੰ ਵੀ ਰੋਕ ਰਹੇ ਹਨ; ਕਿਉਂਕਿ ਜੁਨੈਦ ਦੀ ਹੱਤਿਆ ਵਿਚ ਜੁਨੈਦ ਬਨਾਮ ਅਣਪਛਾਤੇ ਹਜੂਮ ਦਾ ਮੁਕੱਦਮਾ ਇਸ ਤ੍ਰਾਸਦੀ ਨੂੰ ਦਿਲ-ਲਗੀ ਵਿਚ ਬਦਲ ਦੇਵੇਗਾ ਅਤੇ ਇਹੀ ਹਾਲਤ ਅਯੂਬ ਦੀ ਹੱਤਿਆ ਦੇ ਮੁਕੱਦਮੇ ਵਿਚ ਵੀ ਹੋਵੇਗੀ, ਕਿਉਂਕਿ ਅਦਾਲਤ ਵਿਚ ਉਹ ਕੇਸ ਅਯੂਬ ਪੰਡਤ ਬਨਾਮ ਹਜੂਮ ਦੇ ਨਾਂ 'ਤੇ ਜਾਣਿਆ ਜਾਵੇਗਾ। ਜਦਕਿ ਅਸਲ ਨਿਆਂ ਫਿਰ ਹੁੰਦਾ, ਜੇ ਜੁਨੈਦ ਦੀ ਹੱਤਿਆ ਦਾ ਮੁਕੱਦਮਾ ਜੁਨੈਦ ਬਨਾਮ ਸਟੇਟ ਚਲਾਇਆ ਜਾਂਦਾ ਅਤੇ ਅਯੂਬ ਪੰਡਤ ਹੱਤਿਆ ਕਾਂਡ ਦਾ ਮੁਕੱਦਮਾ ਸਟੇਟ ਬਨਾਮ ਹਜੂਮ ਵਜੋਂ ਦਰਜ ਹੁੰਦਾ; ਲੇਕਿਨ ਇੰਞ ਨਹੀਂ ਹੋਵੇਗਾ, ਕਿਉਂਕਿ ਅਸੀਂ ਸਟੇਟ ਨੂੰ ਆਪਣੀ ਸਹੂਲਤ ਅਨੁਸਾਰ ਕਦੇ ਅਣਪਛਾਤੇ ਹਜੂਮ ਅਤੇ ਕਦੇ ਨਿਰੋਲ ਬੰਦੇ ਵਿਚ ਬਦਲ ਦੇਣ ਦੀ ਛੋਟ ਦੇ ਰੱਖੀ ਹੈ। ਸਾਡੀ ਇਹ ਕਮਜ਼ੋਰੀ ਹੀ ਹਤਿਆਰੇ ਸਟੇਟ ਦੀ ਤਾਕਤ ਹੈ। ਲੋਕਾਂ ਨੂੰ ਲੋਕਤੰਤਰ ਦੇ ਹਿਤ ਵਿਚ ਇਸ ਕਮਜ਼ੋਰੀ ਵਿਚੋਂ ਨਿਕਲਣਾ ਹੋਵੇਗਾ ਅਤੇ ਸਪਸ਼ਟ ਸ਼ਬਦਾਂ ਵਿਚ ਕਹਿਣਾ ਪਵੇਗਾ ਕਿ ਅਯੂਬ ਪੰਡਤ ਅਤੇ ਜੁਨੈਦ ਦੀ ਹੱਤਿਆ ਇਕੋ ਜਿਹੀ ਨਹੀਂ। ਅਸੀਂ ਦੋਨਾਂ ਦੀ ਇਕੋ ਜਿਹੀ ਆਲੋਚਨਾ ਕਰਨ ਤੋਂ ਇਨਕਾਰ ਕਰਦੇ ਹਾਂ।

# ਅਮਰੀਕੀ ਕਾਰੋਬਾਰੀਆਂ ਦੀਆਂ ਮੋਦੀ ਨੂੰ ਖਰੀਆਂ ਖਰੀਆਂ

ਸਾਡੇ ਕੌਮੀ ਜੀਵਨ ਵਿਚ ਘਟਨਾਵਾਂ ਅਜਿਹੇ ਤਰੀਕੇ ਨਾਲ ਵਾਪਰਨ ਲੱਗੀਆਂ ਹਨ ਕਿ ਸਾਨੂੰ ਛੋਟੀਆਂ ਛੋਟੀਆਂ ਮਿਹਰਾਂ ਨਾਲ ਹੀ ਸੰਤੁਸ਼ਟ ਮਹਿਸੂਸ ਕਰਵਾਇਆ ਜਾ ਰਿਹਾ ਹੈ। ਮੁਲਕ ਵਿਚ ਇਸ ਗੱਲ ਤੋਂ ਰਾਹਤ ਅਤੇ ਸ਼ੁਕਰਾਨੇ ਦੀ ਭਾਵਨਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਗਊ ਰੱਖਿਆ

**ਹਰੀਸ਼ ਖਰੇ**

ਦੇ ਨਾਂ 'ਤੇ ਇਕ ਖ਼ਾਸ ਫ਼ਿਰਕੇ ਦੇ ਲੋਕਾਂ ਨੂੰ ਕੋਹ ਕੋਹ ਕੇ ਮਾਰਨ ਦੇ ਸਭਿਆਚਾਰ ਦੇ ਪਸਾਰ ਬਾਰੇ ਆਖ਼ਿਰ ਕੁਝ ਤਾਂ ਬੋਲੇ ਹਨ! ਸਾਰੇ 'ਆਧੁਨਿਕਤਾਵਾਦੀਆਂ' ਨੇ ਸੁੱਖ ਦਾ ਸਾਹ ਲਿਆ ਹੈ ਕਿ ਪ੍ਰਧਾਨ ਮੰਤਰੀ ਨੇ ਆਖ਼ਿਰ ਮੂੰਹ ਤਾਂ ਖੋਲ੍ਹਿਆ ਹੈ। ਅਜਿਹਾ ਹੋਣ ਨਾਲ ਉਨ੍ਹਾਂ ਦੀ ਜ਼ਮੀਰ ਨੂੰ ਬੋਝ ਤੋਂ ਮੁਕਤੀ ਮਿਲ ਗਈ। ਸਿਵਲ ਸੁਸਾਇਟੀ ਵਿਚ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਨੌਟ ਇਨ ਮਾਈ ਨੇਮ' ਦੇ ਝੰਡੇ ਹੇਠ ਮੁਲਕ ਵਿਆਪੀ ਰੋਸ ਪ੍ਰਦਰਸ਼ਨਾਂ ਦੇ ਹੁੰਗਾਰੇ ਵਜੋਂ ਪ੍ਰਧਾਨ ਮੰਤਰੀ ਨੇ ਗਊ ਰੱਖਿਅਕਾਂ ਦੀਆਂ ਅਜਿਹੀਆਂ ਕਾਰਵਾਈਆਂ ਬਰਦਾਸ਼ਤ ਨਾ ਹੋਣ ਦੀ ਗੱਲ ਆਖੀ ਹੈ।

ਮੇਰਾ ਖ਼ੁਦ ਦਾ ਮੰਨਣਾ ਇਹ ਹੈ ਕਿ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਮੌਕੇ ਪ੍ਰਧਾਨ ਮੰਤਰੀ ਨੇ ਜੋ ਸੁਣਿਆ, ਸ਼ਾਇਦ ਉਸ ਕਰ ਕੇ ਹੀ ਉਹ ਇਹ ਗੱਲ ਆਖਣ ਲਈ ਮਜਬੂਰ ਹੋ ਗਏ ਜੋ ਉਨ੍ਹਾਂ ਨੇ ਸਾਬਰਮਤੀ ਆਸ਼ਰਮ ਵਿਚ ਆਖੀ। ਅਮਰੀਕੀ ਕੰਪਨੀਆਂ ਦੇ ਗੁਸਤਾਖ਼ ਸੀ.ਈ.ਓਜ਼ ਦਾ ਭਾਰਤੀ ਪ੍ਰਧਾਨ ਮੰਤਰੀ ਨੂੰ ਇਹ ਆਖਣਾ ਸੁਭਾਵਿਕ ਤੇ ਸਾਧਾਰਨ ਗੱਲ ਹੋਵੇਗਾ: "ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਮੁਲਕ ਵਿਚ ਆਪਣੇ ਵਪਾਰਕ ਅਦਾਰੇ ਸਥਾਪਿਤ ਕਰੀਏ ਤਾਂ ਕੋਹ ਕੋਹ ਕੇ ਮਾਰਨ ਦੇ ਇਸ ਦੌਰ ਨੂੰ ਬੰਦ ਕਰਵਾਉ।" ਮੁਸਲਮਾਨਾਂ ਨੂੰ ਮਾਰਨ ਦਾ ਰੁਝਾਨ ਡੋਨਲਡ ਟਰੰਪ ਪ੍ਰਸ਼ਾਸਨ ਦੇ ਅੰਦਰੂਨੀ ਤੁਅੱਸਬ ਨੂੰ ਸ਼ਾਇਦ ਸੂਤ ਬੈਠਦਾ ਹੋਵੇ, ਪਰ ਹੋਰ ਕਾਰੋਬਾਰੀਆਂ ਵਾਂਗ ਹੀ ਸ਼ਾਇਦ ਅਮਰੀਕੀ ਕਾਰੋਬਾਰੀ ਵੀ ਅੰਦਰੂਨੀ ਕਲੇਸ਼ ਵਾਲੇ ਕਿਸੇ ਮੁਲਕ ਵਿਚ ਨਿਵੇਸ਼ ਕਰਨ ਤੋਂ ਸੰਕੋਚ ਹੀ ਕਰਨਗੇ। ਇਹ ਆਮ ਰੁਝਾਨ ਵੀ ਹੈ ਤੇ ਨੈਤਿਕ ਤੌਰ 'ਤੇ ਅਜਿਹਾ ਕਰਨਾ ਲਾਜ਼ਮੀ ਵੀ ਹੈ।

ਮਿਸਾਲ ਵਜੋਂ, ਵਿੱਤ ਮੰਤਰੀ ਅਰੁਣ ਜੇਤਲੀ ਦਾ ਇਹ ਕਹਿਣਾ ਦਰੁਸਤ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਮੁਲਕ ਦੇ ਨਾਗਰਿਕ, ਟੈਕਸ ਅਦਾ ਕਰਨ ਦਾ ਸਭਿਆਚਾਰ ਵਿਕਸਤ ਕਰਨ। ਇਹ ਆਧੁਨਿਕ ਇਸਰਾਰ ਹੈ। ਟੈਕਸ ਲਾਉਣ ਦੀ ਸ਼ਕਤੀ ਦੇ ਨਾਲ ਨਾਲ ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਕਾਨੂੰਨੀ ਉਚਿਤਤਾ ਦੇ ਵਡੇਰੇ ਆਧੁਨਿਕ ਢਾਂਚੇ ਦੀ ਉਪਜ ਹੈ। ਕਾਨੂੰਨ ਦੀ ਪਾਲਣਾ ਹੋਣੀ ਚਾਹੀਦੀ ਹੈ, ਪਰ ਹਜੂਮ ਵੱਲੋਂ ਖ਼ਾਸ ਫ਼ਿਰਕੇ ਦੇ ਲੋਕਾਂ ਨੂੰ ਮਾਰਨ ਦਾ ਰੁਝਾਨ ਅਤੇ ਬੜੇ ਖ਼ਾਮੋਸ਼ ਢੰਗ ਨਾਲ ਅਜਿਹੇ ਜੁਰਮ ਨੂੰ ਪਚਾਉਣ ਦੀ ਬਿਰਤੀ, ਅਰੁਣ ਜੇਤਲੀ ਦੇ ਵਰਕ ਅਤੇ ਮੰਗ ਨਾਲ ਮੇਲ ਨਹੀਂ ਖਾਂਦੀ। ਫਿਰ ਵੀ ਇਹ ਗੱਲ ਸ਼ਲਾਘਾਯੋਗ ਸੀ ਕਿ ਭਾਰਤ ਵਿਚਲੇ ਬਹੁਤ ਸਾਰੇ ਲੋਕ ਅਤੇ ਕੁਝ ਪਰਵਾਸੀ ਭਾਰਤੀ ਵੀ 'ਨੌਟ ਇਨ ਮਾਈ ਨੇਮ' ਪ੍ਰਦਰਸ਼ਨ ਵਿਚ ਸ਼ਾਮਲ ਹੋਏ। ਇਹ ਹੌਸਲਾ ਦੇਣ ਅਤੇ ਮੁੜ ਭਰੋਸਾ ਦਿਵਾਉਣ ਵਾਲੀ ਗੱਲ ਸੀ ਕਿ ਸਮਾਜ ਦੇ ਵੱਡੇ ਵਰਗਾਂ ਨੇ ਹਿੰਦੂ 'ਭਾਵਨਾਵਾਂ' ਦੇ ਨਾਮ ਉਤੇ ਕੀਤੀਆਂ ਜਾ ਰਹੀਆਂ ਮੰਗਾਂ ਅਤੇ ਹਿੰਸਾ ਅੱਗੇ ਹਾਲੇ ਹਾਰ ਨਹੀਂ ਮੰਨੀ।

ਜੰਤਰ ਮੰਤਰ 'ਤੇ ਇਕਮੁੱਠਤਾ ਦਾ ਪ੍ਰਦਰਸ਼ਨ ਕਰਨਾ ਅਹਿਮ ਸੀ, ਕਿਉਂਕਿ ਅਸੀਂ ਜਥੇਬੰਦ ਰੂਪ ਵਿਚ ਪ੍ਰਾਚੀਨ ਕਬਾਇਲੀ ਮਾਨਸਿਕਤਾ ਵੱਲ ਸਰਕਦੇ ਜਾਣ ਦੀ ਬਿਰਤੀ ਦੇ ਗਵਾਹ ਹਾਂ। ਬਹੁਗਿਣਤੀ ਦੇ ਸਨਮਾਨ ਅਤੇ ਪੂਰਵ-ਅਨੁਮਾਨਿਤ ਸਭਿਆਚਾਰਕ ਤਰਜੀਹਾਂ ਦੇ ਨਾਮ ਉਤੇ ਜਥੇਬੰਦ ਹੋਏ ਅਨਸਰਾਂ ਦੀ ਘਿਨਾਉਣੀ ਊਰਜਾ ਨੂੰ 'ਸਤਿਕਾਰਿਆ' ਜਾ ਰਿਹਾ ਹੈ। ਮਨੋਵਿਕਾਰਾਂ ਅਤੇ ਬੇਥੁਵੇਪਨ ਦੀ 'ਨਵੀਂ ਸਾਧਾਰਨਤਾ' ਵਜੋਂ ਵਿਆਖਿਆ ਕੀਤੀ ਜਾ ਰਹੀ ਹੈ। ਮਾਰਨ ਦੀ ਇਹ ਖਾਰਿਸ਼ਨੁਮਾ ਚਾਹਤ, ਛੂਤ ਦਾ ਰੋਗ ਬਣਦੀ ਜਾ ਰਹੀ ਹੈ।

ਹਿੰਦੂਆਂ ਲਈ ਰੇਲ ਗੱਡੀ ਦੇ ਸਫ਼ਰ ਦੌਰਾਨ ਛੁਰੀਆਂ ਲੈ ਕੇ ਜਾਣਾ ਕਦੋਂ ਕੁ ਤੋਂ 'ਸਾਧਾਰਨ' ਗੱਲ ਹੋ ਗਿਆ ਹੈ? ਜੇ ਇਹ ਸੀਟਾਂ ਨੂੰ ਲੈ ਕੇ ਹੋਇਆ ਵਿਵਾਦ ਹੀ ਸੀ, ਤਾਂ ਵੀ ਆਪਣੇ ਮੁਸਲਿਮ ਸਹਿਯਾਤਰੀ ਨੂੰ ਛੁਰੇ ਨਾਲ ਮਾਰ ਦੇਣਾ ਕਿਸੇ ਹਿੰਦੂ ਲਈ ਕਿਸ ਨੇ 'ਸਾਧਾਰਨ ਕਾਰਾ' ਬਣਾਇਆ ਹੈ?

ਅਸੀਂ ਸਿਰਫ਼ ਉਮੀਦ ਹੀ ਕਰ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਵੱਲੋਂ ਪਾਈ ਗਈ ਫਿਟਕਾਰ 'ਤੇ ਕੰਨ ਧਰਿਆ ਜਾਵੇਗਾ। ਸਿਆਸੀ ਆਗੂ ਸ਼ਾਇਦ ਕਦੇ ਵੀ ਇਹ ਨਹੀਂ ਸਮਝਣਗੇ ਕਿ ਬੁਰਾਈ ਨੂੰ ਉਪਜਾਉਣਾ ਉਕਸਾਉਣਾ ਕਿੰਨਾ ਸੌਖਾ ਹੈ ਅਤੇ ਇਕ ਵਾਰ ਭੜਕਣ 'ਤੇ ਇਸ ਨੂੰ ਕਾਬੂ ਕਰਨਾ ਕਿੰਨਾ ਔਖਾ ਹੈ!

ਰੋਮ ਦਾ ਕਾਲੱਸੀਅਸ ਸੰਸਾਰ ਦੇ ਸੱਤ ਨਵੇਂ ਅਜੂਬਿਆਂ ਵਿਚ ਸ਼ੁਮਾਰ ਹੈ। ਨਵੇਂ ਅਜੂਬਿਆਂ ਬਾਰੇ ਐਲਾਨ 7 ਜੁਲਾਈ 2007 ਨੂੰ ਕੀਤਾ ਗਿਆ ਸੀ। ਮਰਹੂਮ ਦਲਜੀਤ ਸਿੰਘ ਐਡਮਿੰਟਨ ਨੇ ਨਵੇਂ-ਪੁਰਾਣੇ ਅਜੂਬਿਆਂ ਬਾਰੇ ਖੋਜ ਭਰਪੂਰ ਪੁਸਤਕ ਛਪਵਾਈ ਸੀ। ਉਨ੍ਹਾਂ ਐਲੈਕਸ ਹੇਲੀ ਦੇ ਵੱਡ ਆਕਾਰੀ ਸੰਸਾਰ ਪ੍ਰਸਿੱਧ ਨਾਵਲ 'ਰੂਟਸ' ਦਾ 'ਜੜ੍ਹਾਂ' ਸਿਰਲੇਖ ਤਹਿਤ ਅਨੁਵਾਦ ਵੀ ਕੀਤਾ ਹੋਇਆ ਹੈ। ਇਸ ਲੇਖ ਵਿਚ ਉਨ੍ਹਾਂ ਰੋਮਨ ਕਾਲੱਸੀਅਸ ਬਾਰੇ ਜਾਣਕਾਰੀ ਦਿੱਤੀ ਹੈ। ਇਹ ਇਮਾਰਤ ਦਾ ਆਪਣਾ ਇਤਿਹਾਸ ਹੈ ਜਿਸ ਨੂੰ ਦੇਖਣ ਸੰਸਾਰ ਭਰ ਤੋਂ ਲੋਕ ਪੁੱਜਦੇ ਹਨ। -ਸੰਪਾਦਕ

# ਰੋਮਨ ਕਾਲੱਸੀਅਮ



**ਦਲਜੀਤ ਸਿੰਘ ਐਡਮਿੰਟਨ**

ਰੋਮਨ ਕਾਲੱਸੀਅਮ ਨਵੇਂ ਐਲਾਨੇ ਗਏ ਅਜੂਬਿਆਂ ਵਿਚੋਂ ਹੈ। ਇਹ ਪ੍ਰਾਚੀਨ ਰੋਮ (ਇਟਲੀ) ਦਾ ਅਖਾੜਾ ਸੀ ਜਿਸ ਵਿਚ ਪੰਜਾਹ ਹਜ਼ਾਰ ਲੋਕ ਬੈਠ ਸਕਦੇ ਸਨ। ਅਖਾੜੇ ਵਿਚ ਖੇਡਾਂ ਖੇਡੀਆਂ ਜਾਂਦੀਆਂ ਸਨ ਅਤੇ ਖੂੰਖਾਰ ਜਾਨਵਰਾਂ ਦੀਆਂ ਲੜਾਈਆਂ ਕਰਵਾਈਆਂ ਜਾਂਦੀਆਂ ਸਨ। ਤੇਗਬਾਜ਼ਾਂ ਦੀਆਂ ਮਰਨ ਤੱਕ ਲੜਾਈਆਂ ਕਰਵਾਉਣ ਦਾ ਬੰਦੋਬਸਤ ਸੀ, ਪਰ ਇਹ ਰਵਾਇਤ ਕਰੀਬ ਸੰਨ 404 ਵਿਚ ਬੰਦ ਕਰ ਦਿੱਤੀ ਗਈ। ਜਿਉਂਦੇ ਗੁਲਾਮਾਂ ਨੂੰ ਭੁੱਖੇ ਸ਼ੇਰਾਂ ਮੂਹਰੇ ਸੁੱਟ ਕੇ ਖੁਆਇਆ ਜਾਂਦਾ ਸੀ। ਦੁਸ਼ਮਣਾਂ ਨੂੰ ਤਸੀਹੇ ਦਿੱਤੇ ਜਾਂਦੇ ਸਨ। ਅਖਾੜੇ ਨੂੰ ਪਾਣੀ ਨਾਲ ਭਰ ਕੇ ਸਮੁੰਦਰੀ ਲੜਾਈ ਦੀ ਮਸ਼ਕ ਕੀਤੀ ਜਾਂਦੀ ਸੀ। ਬੱਸ, ਇਸੇ ਤਰ੍ਹਾਂ ਦਾ ਹੋਰ ਵੀ ਕਿੰਨਾ ਕੁਝ ਹੁੰਦਾ ਸੀ।

ਕਾਲੱਸੀਅਮ ਇਟਲੀ ਬੋਲੀ ਦੇ ਸ਼ਬਦ 'ਕਾਲੱਸੀਓ' ਤੋਂ ਬਣਿਆ ਹੈ। ਅੰਗਰੇਜ਼ੀ ਅਰਥਾਂ ਅਨੁਸਾਰ ਕਾਲੱਸੀਅਮ ਨੂੰ ਸਟੇਡੀਅਮ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਵਿਚ ਸਟੇਡੀਅਮ ਸ਼ਬਦ ਆਮ ਵਰਤਿਆ ਜਾਂਦਾ ਹੈ। ਆਪਣੀ ਆਪਣੀ ਬੋਲੀ ਵਿਚ ਕੁਝ ਵੀ ਕਹਿ ਲਵੋ, ਪਰ ਇਹ ਅਖਾੜਾ/ਸਟੇਡੀਅਮ ਰੋਮਨ ਕਾਲੱਸੀਅਮ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ। ਅਸਲ ਵਿਚ ਰੋਮਨ ਕਾਲੱਸੀਅਮ ਦਾ ਮੁਢਲਾ ਨਾਂ ਫਲੇਵੀਅਨ ਐਂਫੀਥੀਏਟਰ ਸੀ। ਇਸ ਇਮਾਰਤ ਨੂੰ ਇਟਲੀ ਦੇ ਫਲੇਵੀਅਨ ਖਾਨਦਾਨ ਦੇ ਸ਼ਹਿਨਸ਼ਾਹ ਨੇ ਬਣਵਾਇਆ ਸੀ ਜਿਸ ਕਾਰਨ ਫਲੇਵੀਅਨ ਨਾਂ ਜੁੜ ਗਿਆ। ਐਂਫੀਥੀਏਟਰ ਦੇ ਅਰਥ ਹਨ ਗੋਲ/ਅੰਡਾਕਾਰ ਖੇਡ-ਘਰ। ਇਸ ਦੇ ਨੇੜੇ ਹੀ ਸ਼ਹਿਨਸ਼ਾਹ ਨੀਰੋ ਦਾ ਕੋਲੋਸਲ ਬੁੱਤ (ਦਿਓ ਕੱਦ ਬੁੱਤ) ਬਣਿਆ ਹੋਇਆ ਹੈ। ਕਾਲੱਸੀਅਮ ਨੀਰੋ ਦੇ ਕੋਲੋਸਲ ਸ਼ਬਦ ਦਾ ਬਦਲਿਆ ਰੂਪ ਵੀ ਹੈ। ਨੀਰੋ ਦਾ ਜਨਮ 15 ਦਸੰਬਰ ਸੰਨ 37 ਸੀ। ਉਸ ਨੇ 13 ਅਕਤੂਬਰ ਸੰਨ 54 ਤੋਂ 9 ਜੂਨ ਸੰਨ 68 ਤੱਕ ਰੋਮਨ ਸਲਤਨਤ 'ਤੇ ਰਾਜ ਕੀਤਾ।

ਰੋਮ ਇਟਲੀ ਦੇਸ਼ ਵਿਚ ਟਾਇਬਰ ਦਰਿਆ ਦੇ ਦੋਵੇਂ ਕੰਢਿਆਂ ਉਤੇ ਵਸਿਆ ਹੋਇਆ ਹੈ। ਟਾਇਬਰ ਦਰਿਆ ਮੱਧਵਰਤੀ ਇਟਲੀ ਵਿਚ ਵਗਦਾ ਹੋਇਆ 395 ਕਿਲੋਮੀਟਰ ਦਾ ਲੰਮਾ ਸਫਰ ਤੈਅ ਕਰਦਾ ਮੈਡਿਟਰੇਨੀਅਨ ਸਾਗਰ (ਭੂਮੱਧ ਸਾਗਰ/ਰੋਮ ਸਾਗਰ) ਵਿਚ ਜਾ ਡਿਗਦਾ ਹੈ। ਇਹ ਸ਼ਹਿਰ ਪ੍ਰਾਚੀਨ ਕਾਲ ਤੋਂ ਇਟਲੀ ਦੀ ਰਾਜਧਾਨੀ ਰਿਹਾ ਹੈ। ਰੋਮਨ ਕਾਲੱਸੀਅਮ ਬੇਸ਼ੱਕ ਹੁਣ ਖੰਡਰ ਬਣਿਆ ਪਿਆ ਹੈ, ਪਰ ਉਸ ਦੀ ਸ਼ਾਨ ਆਪਣੇ ਸਮੇਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ।

ਰੋਮ ਦਾ ਇਤਿਹਾਸ ਬਹੁਤ ਪੁਰਾਣਾ ਹੈ। ਰਵਾਇਤ ਅਨੁਸਾਰ ਰੋਮ ਨੂੰ ਰਾਮਲਸ ਬਾਦਸ਼ਾਹ ਨੇ 753 ਬੀ.ਸੀ. ਵਿਚ ਵਸਾਇਆ ਸੀ। ਇਹ ਐਟਰੀਕਨ (ਐਟਰੀਆ ਇਟਲੀ ਦਾ ਇਕ ਇਲਾਕਾ ਹੈ) ਸ਼ਾਹੀ ਖਾਨਦਾਨ ਸੀ। ਕਰੀਬ 500 ਬੀ.ਸੀ. ਵਿਚ ਇਸ ਸ਼ਾਹੀ ਖਾਨਦਾਨ ਦੇ ਰਾਜ ਦਾ ਖਾਤਮਾ ਹੋ ਗਿਆ ਅਤੇ ਰਾਜ ਨੂੰ ਰਿਪਬਲਿਕ (ਗਣਤੰਤਰ) ਬਣਾ ਦਿੱਤਾ ਗਿਆ (ਰਿਪਬਲਿਕ/ਗਣਤੰਤਰ ਵਿਚ ਬਾਦਸ਼ਾਹ ਨਹੀਂ ਹੁੰਦਾ, ਇਕ ਤਰ੍ਹਾਂ ਦਾ ਲੋਕ ਰਾਜ ਹੁੰਦਾ ਹੈ)।

ਇਹ ਰਿਪਬਲਿਕ ਰਾਜ 400 ਸਾਲਾਂ ਤੱਕ ਵਧਦਾ-ਫੁੱਲਦਾ ਰਿਹਾ। ਆਖਰ ਪਹਿਲੇ ਰੋਮੀ ਸ਼ਹਿਨਸ਼ਾਹ ਆਗਸਟਸ (27 ਬੀ.ਸੀ. ਸੰਨ 14) ਦੇ ਰਾਜ ਕਾਲ ਵਿਚ ਇਹ ਰਾਜ ਸਾਮਰਾਜ ਦਾ ਰੂਪ ਧਾਰ ਗਿਆ। ਆਗਸਟਸ, ਜੂਲੀਅਸ ਸੀਜ਼ਰ ਦਾ ਉਤਰਾਧਿਕਾਰੀ ਸੀ। ਇਸ ਸ਼ਹਿਨਸ਼ਾਹ ਨੂੰ ਸੁਧਾਰਕ ਅਤੇ ਕਲਾ ਤੇ ਸਾਹਿਤ ਦਾ ਸਰਪ੍ਰਸਤ ਕਿਹਾ ਜਾਂਦਾ ਹੈ।

ਰੋਮ ਸ਼ਹਿਰ ਉਸ ਸਮੇਂ ਦੁਨੀਆਂ ਦਾ ਪ੍ਰਸਿੱਧ ਸ਼ਹਿਰ ਸੀ, ਪਰ ਸੰਨ 323 ਵਿਚ ਸ਼ਹਿਨਸ਼ਾਹ ਕਾਨਸਟਨਟੀਨ ਨੇ ਰੋਮ ਦੀ ਰਾਜਧਾਨੀ ਨੂੰ ਬਦਲ ਦਿੱਤਾ ਅਤੇ ਉਸ ਦੀ ਬਜਾਏ ਬਜ਼ੈਨਸ਼ੀਅਮ ਰਾਜਧਾਨੀ ਬਣਾ ਲਈ ਜਿਸ ਤੋਂ ਰੋਮ ਦੀ ਪ੍ਰਸਿੱਧੀ ਨੂੰ ਧੱਕਾ ਲੱਗਾ। ਸਮੇਂ ਦੀ ਧੂੜ ਵਿਚ ਕਈ ਬਾਦਸ਼ਾਹੀਆਂ ਆਈਆਂ ਅਤੇ ਚਲੀਆਂ ਗਈਆਂ। ਆਖਰ ਸੰਨ 1871 ਵਿਚ ਰੋਮ ਫਿਰ ਇਟਲੀ ਦੀ ਰਾਜਧਾਨੀ ਬਣਾ ਲਿਆ ਗਿਆ।

ਵੈਸਪੇਈਅਨ ਰੋਮ ਦਾ ਸ਼ਹਿਨਸ਼ਾਹ ਸੀ। ਉਸ ਨੇ ਰੋਮਨ ਸਲਤਨਤ ਉਤੇ ਸੰਨ 69 ਤੋਂ ਸੰਨ 79 ਤੱਕ ਰਾਜ ਕੀਤਾ। ਉਸ ਨੇ ਆਪਣੇ ਰਾਜ ਵਿਚ ਖੁਸ਼ਹਾਲੀ ਲਿਆਂਦੀ। ਫੌਜ ਦਾ ਸੁਧਾਰ ਕੀਤਾ। ਉਹ ਕਲਾਵਾਂ ਦਾ ਵੀ ਸਰਪ੍ਰਸਤ ਸੀ। ਉਸ ਨੇ ਫਲੇਵੀਅਨ ਐਂਫੀਥੀਏਟਰ ਨੂੰ ਸੰਨ 75 ਵਿਚ ਬਣਵਾਉਣਾ ਅਰੰਭ ਕੀਤਾ, ਪਰ ਇਸ ਥੀਏਟਰ ਦੀ ਉਸਾਰੀ ਨੂੰ ਉਸ ਦੇ ਬੇਟੇ ਟਾਇਟਸ (ਰਾਜ ਕਾਲ 79-81) ਨੇ ਸੰਨ 80 ਵਿਚ ਨੇਪਰੇ ਚਾੜ੍ਹਿਆ।



ਰੋਮ ਅੰਦਰ ਸਥਿਤ ਕਾਲੱਸੀਅਮ ਦਾ ਅੰਦਰੂਨੀ ਨਜ਼ਾਰਾ।

ਵੈਸਪੇਈਅਨ ਦਾ ਛੋਟਾ ਪੁੱਤਰ ਡੁਮਿਸ਼ਨ ਸੀ। ਉਹ ਰੋਮਨ ਸਲਤਨਤ ਦਾ ਸੰਨ 81 ਤੋਂ ਸੰਨ 96 ਤੱਕ ਸ਼ਹਿਨਸ਼ਾਹ ਰਿਹਾ। ਸੰਨ 89 ਤੋਂ ਪਿਛੋਂ ਉਹ ਡਿਕਟੇਟਰ ਬਣ ਗਿਆ। ਉਸ ਦੇ ਜ਼ੁਲਮਾਂ ਕਾਰਨ ਰਾਜ ਦੇ ਲੋਕਾਂ ਵਿਚ ਦਹਿਸ਼ਤ ਫੈਲ ਗਈ। ਅੰਤ ਡੁਮਿਸ਼ਨ ਕਤਲ ਕਰ ਦਿੱਤਾ ਗਿਆ। ਡੁਮਿਸ਼ਨ ਨੇ ਆਪਣੇ ਰਾਜ ਕਾਲ ਵਿਚ ਕਾਲੱਸੀਅਮ ਦੇ ਥੱਲੇ ਜ਼ਮੀਨਦੋਜ਼ ਕਬਰਸਤਾਨ ਬਣਵਾਇਆ। ਕਈ ਸੁਰੰਗਾਂ ਬਣਵਾਈਆਂ ਜਿਨ੍ਹਾਂ ਵਿਚ ਪਸ਼ੂ ਅਤੇ ਗੁਲਾਮ ਰੱਖੇ ਜਾਂਦੇ ਸਨ। ਉਸ ਨੇ ਕਾਲੱਸੀਅਮ ਦੀ ਉਪਰਲੀ ਮੰਜ਼ਲ 'ਤੇ ਗੈਲਰੀ ਵੀ ਬਣਵਾਈ ਤਾਂ ਕਿ ਹੋਰ ਸੀਟਾਂ ਦਾ ਵਾਧਾ ਹੋ ਜਾਏ।

ਕਾਲੱਸੀਅਮ ਪ੍ਰਾਚੀਨ ਰੋਮ ਦੇ ਭਵਨ ਨਿਰਮਾਣ ਦਾ ਬਹੁਤ ਪ੍ਰਭਾਵਸ਼ਾਲੀ ਨਮੂਨਾ ਹੈ। ਫਲੇਵੀਅਨ ਐਂਫੀਥੀਏਟਰ ਦੀ ਥਾਂ 'ਤੇ ਕਾਲੱਸੀਅਮ ਨਾਂ ਅਠਵੀਂ ਸਦੀ ਤੋਂ ਪਿਛੋਂ ਕਿਹਾ ਜਾਣ ਲੱਗ ਪਿਆ। ਚਾਰ ਮੰਜ਼ਲਾ ਕਾਲੱਸੀਅਮ ਅੰਡਾਕਾਰ ਸ਼ਕਲ ਵਿਚ 615×510 ਫੁੱਟ ਹੈ। ਖੇਤਰਫਲ ਕਰੀਬ 6 ਏਕੜ ਹੈ। ਬਾਹਰਲੀ ਦੀਵਾਰ ਦੀ ਉਚਾਈ 157 ਫੁੱਟ ਹੈ। ਕਾਲੱਸੀਅਮ ਦਾ ਘੇਰਾ 1788 ਫੁੱਟ ਹੈ। ਕੇਂਦਰੀ ਅਖਾੜਾ 287×180 ਫੁੱਟ ਹੈ। ਇਸ ਦੇ ਆਲੇ-ਦੁਆਲੇ ਦੀਵਾਰ ਦੀ ਉਚਾਈ 15 ਫੁੱਟ ਹੈ। ਉਸ ਤੋਂ ਉਤੇ ਬੈਠਣ ਲਈ ਥੀਏਟਰ ਵਾਲੀਆਂ ਕਤਾਰਾਂ ਬਣੀਆਂ ਹੋਈਆਂ ਹਨ। ਬੈਠਣ ਵਾਲੀਆਂ ਥਾਂਵਾਂ ਸੰਗਮਰਮਰ ਦੀਆਂ ਬਣਾਈਆਂ ਹੋਈਆਂ ਸਨ।

ਕਾਲੱਸੀਅਮ ਵਿਚ ਭਾਰੀ ਭੀੜ ਦਾ ਖਿਆਲ ਰੱਖਿਆ ਗਿਆ ਸੀ। ਸੰਕਟ ਸਮੇਂ ਕਾਲੱਸੀਅਮ ਵਿਚੋਂ ਭੀੜ ਛੇਤੀ ਤੋਂ ਛੇਤੀ ਖਾਲੀ ਕਰਨ ਵਾਸਤੇ 80 ਦਰਵਾਜ਼ੇ ਬਣੇ ਹੋਏ ਸਨ। ਇਨ੍ਹਾਂ ਵਿਚੋਂ 76 ਦਰਵਾਜ਼ੇ ਆਮ ਲੋਕਾਂ ਨੂੰ ਕੱਢਣ ਵਾਸਤੇ ਸਨ। ਦਰਵਾਜ਼ਿਆਂ ਅਤੇ ਪੌੜੀਆਂ ਉਤੇ ਨੰਬਰ ਲਿਖੇ ਹੋਏ ਸਨ। ਸ਼ਹਿਨਸ਼ਾਹ ਪਰਿਵਾਰ ਅਤੇ ਦਰਬਾਰੀਆਂ ਵਾਸਤੇ ਅਲੱਗ ਦਰਵਾਜ਼ੇ ਸਨ। ਬਾਹਰਲੀ ਦੀਵਾਰ ਢਹਿਣ ਕਾਰਨ ਬਹੁਤ ਸਾਰੇ ਦਰਵਾਜ਼ੇ ਲੋਪ ਹੋ ਚੁੱਕੇ ਸਨ। ਸਿਰਫ 23 ਤੋਂ 54 ਨੰਬਰ ਤੱਕ ਦੇ ਦਰਵਾਜ਼ੇ ਖੜ੍ਹੇ ਹਨ।

ਆਮ ਤੌਰ 'ਤੇ ਐਂਫੀਥੀਏਟਰ ਇਕ ਪਾਸੇ ਪਹਾੜ ਦੇ ਸਹਾਰੇ ਨਾਲ ਬਣਾਏ ਜਾਂਦੇ ਸਨ, ਪਰ ਇਹ ਥੀਏਟਰ ਆਪਣੇ ਆਪ ਦੇ ਸਹਾਰੇ ਪੱਥਰ ਅਤੇ ਕੰਕਰੀਟ/ਰੋੜੀ ਦਾ ਬਣਿਆ ਹੋਇਆ ਹੈ। ਖੰਡਰ ਹੋ ਜਾਣ ਦੇ ਬਾਵਜੂਦ ਇਸ ਦਾ ਬਹੁਤ ਸਾਰਾ ਹਿੱਸਾ ਹਾਲੇ ਵੀ ਖੜ੍ਹਾ ਹੈ। ਮੱਧ ਕਾਲ ਵਿਚ ਕਾਲੱਸੀਅਮ ਨੂੰ ਬਿਜਲੀ ਅਤੇ ਭੂਚਾਲਾਂ ਨੇ ਕਈ ਵਾਰ ਨੁਕਸਾਨ ਪਹੁੰਚਾਇਆ। ਸੰਨ 217 ਵਿਚ ਬਹੁਤ ਵੱਡੀ ਅੱਗ ਨੇ ਇਸ ਦਾ ਬਹੁਤ ਭਾਰੀ ਨੁਕਸਾਨ ਕੀਤਾ। ਮੱਧ ਕਾਲ ਦੇ ਬਹੁਤ ਸਾਰੇ ਬਾਦਸ਼ਾਹਾਂ ਨੇ ਇਸ ਦੀ ਮੁਰੰਮਤ ਵੀ ਕਰਵਾਈ।

ਮੱਧ ਕਾਲ ਵਿਚ ਬਾਦਸ਼ਾਹਾਂ ਨੇ ਇਸ ਵਿਚ ਕਈ ਤਬਦੀਲੀਆਂ ਵੀ ਕੀਤੀਆਂ। ਛੇਵੀਂ ਸਦੀ ਦੇ ਅਖੀਰ ਵਿਚ ਚਰਚ ਬਣਵਾ ਦਿੱਤਾ ਗਿਆ। ਇਸ ਵਿਚ ਕਈ ਘਰ ਅਤੇ ਵਰਕਸ਼ਾਪਾਂ ਬਣ ਗਏ। ਸੰਨ 1200 ਲਾਗੇ ਫਰੈਂਜਿਪੈਨੀ ਪਰਿਵਾਰ ਨੇ ਇਸ ਨੂੰ ਕਿਲ੍ਹੇ ਦੀ ਸ਼ਕਲ ਦੇ ਦਿੱਤੀ।

ਸੰਨ 1749 ਵਿਚ ਪੋਪ ਬੈਨੀਡਿਕਟ ਯੀੜ ਨੇ ਕਾਲੱਸੀਅਮ ਨੂੰ ਪਵਿੱਤਰ ਸਥਾਨ ਕਰਾਰ ਦਿੱਤਾ, ਕਿਉਂਕਿ ਕਿਹਾ ਜਾਂਦਾ ਸੀ ਕਿ ਇਥੇ ਈਸਾਈਆਂ ਨੂੰ ਤਸੀਹੇ ਦਿੱਤੇ ਜਾਂਦੇ ਸਨ, ਪਰ ਇਸ ਤੱਥ ਦੀ ਪੁਸ਼ਟੀ ਨਹੀਂ ਹੋ ਸਕੀ। ਲੋਕ ਇਸ ਬਿਲਡਿੰਗ ਦੇ ਮਲਬੇ ਨੂੰ ਚੁੱਕੀ ਜਾ ਰਹੇ ਸਨ ਅਤੇ ਆਪਣੇ ਘਰ ਬਣਾਉਣ ਵਿਚ ਵਰਤ ਰਹੇ ਸਨ। ਇਸ ਵਾਸਤੇ ਉਪਰੋਕਤ ਬੈਨੀਡਿਕਟ ਨੇ ਹੁਕਮ ਜਾਰੀ ਕੀਤਾ ਕਿ ਕੋਈ ਮਲਬੇ ਨੂੰ ਚੁੱਕ ਨਹੀਂ ਸਕਦਾ।

ਸੰਨ 1993-2000 ਵਿਚ ਕਾਲੱਸੀਅਮ ਦੀ ਬਾਹਰਲੀ ਦੀਵਾਰ ਦੀ ਸਫਾਈ ਕਰਵਾਈ ਗਈ। ਕਾਲੱਸੀਅਮ ਹੁਣ ਰੋਮਨ ਕੈਥੋਲਿਕ ਰਸਮਾਂ ਲਈ ਵਰਤਿਆ ਜਾਂਦਾ ਹੈ। ਹਰ ਗੁੱਡ ਫਰਾਈਡੇ ਨੂੰ ਪੋਪ ਵਾਇਆ ਕਰੂਸਿਜ਼/ਵੇ ਆਫ ਸਰੋਜ਼ (ਜੀਸਸ ਦੇ ਅੰਤਲੇ ਸਮੇਂ ਨੂੰ ਦਰਸਾਉਣਾ) ਦੇ ਜਲੂਸ ਦੀ ਅਗਵਾਨੀ ਕਾਲੱਸੀਅਮ ਤੱਕ ਕਰਦਾ ਹੈ। ਹੁਣ ਕਾਲੱਸੀਅਮ ਸੈਲਾਨੀਆਂ ਨੂੰ ਬਹੁਤ ਖਿੱਚ ਰਿਹਾ ਹੈ। ਹੁਣ ਰੋਮ ਵੀ ਰੌਣਕ ਭਰਿਆ ਮਹਾਂ ਨਗਰ ਹੈ। ਇਸ ਦੀ ਪਿੱਠ ਭੂਮੀ ਵਿਚ ਕਾਲੱਸੀਅਮ ਖੜ੍ਹਾ ਦਿਖਾਈ ਦਿੰਦਾ ਹੈ।

#

# ਧਰਮ ਅੱਜ ਕਟਹਿਰੇ 'ਚ ਹੈ...

ਮੈਨੂੰ ਅਕਸਰ ਲੋਕ ਜਾਂ ਕਹਿ ਦੇਵਾਂ ਕਿ ਧਰਮਾਂ ਵਾਲੇ ਲੋਕ ਸਵਾਲ ਪੁੱਛ ਲੈਂਦੇ ਹਨ ਕਿ ਥੋਡਾ ਕੋਈ ਧਰਮ ਨਹੀਂ! ਕਿਉਂ ਧਰਮਾਂ ਨੂੰ ਭੰਡਣ ਲੱਗੇ ਰਹਿੰਦੇ ਓਂ, ਕਦੇ ਰੱਬ ਦੇ ਘਰ ਆ ਕੇ ਦੇਖੋ, ਰੱਬ ਦਾ ਨਾਮ ਜਪ ਕੇ ਦੇਖੋ, ਮਨ ਨੂੰ ਸ਼ਾਂਤੀ ਮਿਲੇਗੀ।

ਮੈਂ ਥੋੜ੍ਹੀ ਜਿਹੀ ਚਰਚਾ ਕਰਨੀ ਚਾਹੁੰਦਾ ਹਾਂ ਕਿ ਧਰਮ ਕੀ ਸੀ ਤੇ ਅਸੀਂ ਕੀ ਬਣਾ ਦਿੱਤਾ? ਧਰਮ ਇੱਕ ਕੜੀ ਦੇ ਰੂਪ ਵਿਚ ਸਾਹਮਣੇ ਆਇਆ ਸੀ ਜਿਸ ਵਿਚ ਖਾਸ ਲੋਕਾਂ ਦੁਆਰਾ ਆਮ ਲੋਕਾਂ ਦੀ ਸਿੱਧੇ ਰੂਪ ਵਿਚ ਮਦਦ ਕਰਦੇ ਅਤੇ ਫਿਰ ਜਾਂ ਤਾਂ ਉਹ ਮਦਦ ਲੈਣ ਵਾਲੇ ਨੂੰ ਗੁਲਾਮ ਬਣਾ ਲੈਂਦੇ ਸਨ ਤੇ ਜਾਂ ਫਿਰ ਮਦਦ ਲੈਣ ਵਾਲਾ ਆਪ ਹੀ ਗੁਲਾਮ ਬਣ ਜਾਂਦਾ। ਇਸੇ ਲਈ ਧਰਮ ਨੂੰ ਹੋਂਦ ਵਿਚ ਲਿਆਉਣ ਦੀ ਜ਼ਰੂਰਤ ਪਈ ਤਾਂ ਕਿ ਹਰ ਵਿਅਕਤੀ ਨੂੰ ਮਾਨਸਿਕ ਤੇ ਸਰੀਰਕ ਪੱਧਰ ਉਤੇ ਗੁਲਾਮ ਹੋਣ ਤੋਂ ਬਚਾਇਆ ਜਾ ਸਕੇ। ਸ਼ੁਰੂ ਸ਼ੁਰੂ ਵਿਚ ਇਹ ਕਾਫੀ ਸਫਲ ਵੀ ਰਿਹਾ ਪਰ ਲੋਕ ਇਸ ਦੇ ਫਾਇਦੇ ਤਾਂ ਜਾਣਦੇ ਸਨ ਪਰ ਉਹ ਇਸ ਦੀਆਂ ਘਾਟਾਂ ਤੋਂ ਅਣਜਾਣ ਰਹਿ ਗਏ। ਉਹ ਨਹੀਂ ਜਾਣਦੇ ਸਨ ਕਿ ਇੱਕ ਧਰਮ ਦੇ ਨਾਲ ਹੋਰ ਧਰਮ ਵੀ ਉਪਜ ਕੇ ਮਨੁੱਖਤਾ ਦੀਆਂ ਭਾਵਨਾਵਾਂ ਨੂੰ ਭੜਕਾ ਦੇਵੇਗਾ। ਜੋ ਪੁਰਾਣੇ ਰਾਜੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਂਦੇ ਸਨ, ਉਹ ਕਮਲੇ ਨਹੀਂ ਸਨ ਤੇ ਨਾ ਹੀ ਨਾਸਤਿਕ। ਸਗੋਂ ਉਹ ਜਾਣਦੇ ਸਨ ਕਿ ਜਿੰਨੇ ਧਰਮ ਵੱਧ ਹੋਣਗੇ, ਉਨੀ ਹੀ ਅੰਦਰੂਨੀ ਵਿਰੋਧ ਦੀ ਸੰਭਾਵਨਾ ਵਧੇਗੀ। ਇਸੇ ਕਰਕੇ ਹੀ ਉਹ ਲੋਕਾਂ ਨੂੰ ਕਿਸੇ ਇੱਕ ਧਰਮ ਨਾਲ ਜੋੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਜਾਂ ਦੂਜੇ ਧਰਮਾਂ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਜਬਰੀ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ।


ਅੱਜ ਕੋਈ ਕੁੱਝ ਵੀ ਕਹੇ, ਅੱਜ ਧਰਮ ਤੇ ਸਹੀ ਅਰਥਾਂ ਵਿਚ ਧਰਮ ਖਤਮ ਹੈ। ਅੱਜ 100 ਮਗਰ 98 ਬੰਦਿਆਂ ਨੂੰ ਧਰਮ ਦੀ ਜਾਣਕਾਰੀ ਨਹੀਂ ਕਿ ਧਰਮ ਹੈ ਕੀ? ਬਸ ਆਪਣੇ ਦੁੱਖਾਂ ਤੋਂ ਖਹਿੜਾ ਛੁਡਾਉਣ ਲਈ ਕਿਸੇ ਪੱਥਰ ਉਤੇ ਨੋਟਾਂ ਦੀ ਥੈਲੀ ਚੜ੍ਹਾ ਕੇ ਆਪਣੇ ਮਨ ਦੀ ਤਸੱਲੀ ਕਰ ਲੈਂਦੇ ਹਨ, ਆਪਣੇ ਆਪ ਨੂੰ ਪਵਿੱਤਰ ਸਮਝ ਲੈਂਦੇ ਹਨ। ਬਸ ਉਨ੍ਹਾਂ ਲਈ ਏਹੀ ਧਰਮ ਹੈ।

ਅੱਜ ਅਸੀਂ ਕੁਝ ਨਹੀਂ ਕਰ ਰਹੇ, ਸਿਵਾਏ ਆਪਣੇ ਸਵਾਰਥ ਖਾਤਰ ਗੁਰੂਆਂ-ਪੀਰਾਂ ਦੇ ਸੋਹਲੇ ਗਾ ਕੇ ਪੈਸੇ ਬਟੋਰਨ ਤੋਂ। ਪੈਸੇ ਨੂੰ ਸਹੀ ਪਾਸੇ ਵਰਤਣ ਦੀ ਬੁੱਧੀ ਵੀ ਨਹੀਂ ਸਾਡੇ ਕੋਲ। ਅਸੀਂ ਪੱਥਰ ਦੀਆਂ ਇਮਾਰਤਾਂ ਬਣਾਉਣ ਲੱਗੇ ਹੋਏ ਆਂ, ਕੰਧਾਂ 'ਤੇ ਸੋਨਾ ਚੜ੍ਹਾਉਣ ਲੱਗੇ ਹੋਏ ਆਂ, ਭੁੱਖਿਆਂ ਤੋਂ ਖੋਹ ਕੇ ਰੱਜਿਆਂ ਨੂੰ ਹੋਰ ਰਜਾਉਣ ਲੱਗੇ ਹੋਏ ਆਂ। ਅੱਜ ਜਿਆਦਾਤਰ ਲੰਗਰ ਵੀ ਉਹੀ ਲਾਉਂਦੇ ਨੇ ਜਿਹੜੇ ਇੱਕ ਮਜਦੂਰ ਨੂੰ ਤਿੰਨ ਸੌ ਦਿਹਾੜੀ ਦੇ ਬਦਲੇ ਦੌ ਸੌ ਰੁਪਏ ਇਸ ਲਈ ਦਿੰਦੇ ਹਨ ਕਿ ਤੂੰ ਤਿੰਨ ਟੈਮ ਰੋਟੀ ਵੀ ਖਾਧੀ ਆ।

ਇਹ ਹੈ ਸਾਡਾ ਧਰਮ! ਇੱਕ ਪਾਸੇ ਗਰੀਬ ਘਰ ਬਣਾਉਣ ਤੇ ਦੋ ਡੰਗ ਦੀ ਰੋਟੀ ਨੂੰ ਤਰਸ ਰਿਹਾ ਹੈ। ਦੂਜੇ ਪਾਸੇ ਧਰਮਾਂ ਦੇ ਠੇਕੇਦਾਰ ਗੱਡੀਆਂ 'ਤੇ ਚੜ੍ਹੇ ਝੁੱਗੀਆਂ ਵੱਲ ਬਿਨਾ ਦੇਖੇ ਹੀ ਲੰਘ ਜਾਂਦੇ ਨੇ। ਉਨ੍ਹਾਂ ਤੋਂ ਕੋਈ ਨਹੀਂ ਪੁੱਛਦਾ ਕਿ ਭਾਈ ਇਹ ਐਨੇ ਪੈਸੇ ਦੀ ਬਰਬਾਦੀ ਕਿਉਂ ਮੰਦਿਰ, ਮਸਜਿਦ, ਗੁਰਦੁਆਰੇ ਬਣਾਉਣ 1ਚ ਕੀਤੀ ਜਾ ਰਹੀ ਆ? ਇਸ ਲਈ ਕਿਉਂਕਿ ਅਸੀਂ ਧਰਮਾਂ ਨੂੰ ਨਹੀਂ ਮੰਨਦੇ ਤੇ ਬਸ ਆਸਤਿਕ ਹੋਣ ਦੇ 'ਕੱਲੇ ਦਿਖਾਵੇ ਕਰਦੇ ਹਾਂ। ਅਸੀਂ ਅਣਜਾਣ ਹਾਂ ਕਿ ਜੋ ਬੰਦੇ ਗਰੀਬੀ, ਜ਼ਿੱਲਤ, ਬਿਮਾਰੀਆਂ ਤੇ ਭੁੱਖਮਰੀ ਨਾਲ ਮਰ ਗਏ ਜਾਂ ਮਰ ਰਹੇ ਨੇ, ਉਨ੍ਹਾਂ ਲਈ ਧਰਮ ਇੱਕ ਅਮੀਰਾਂ ਦੇ ਘਰ ਤੋਂ ਇਲਾਵਾ ਕੁਝ ਨਹੀ।

*-ਬਲਜਿੰਦਰ ਆਲੀਕੇ*
*ਫੋਨ: 91-94645-62678*


# ਰੈਸਟੋਰੈਂਟ ਲਈ ਲੋੜ ਹੈ



**ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**

**ਸੰਪਰਕ ਕਰੋ: ਦਵਿੰਦਰ ਸਿੰਘ**

**ਫੋਨ: 262-391-7666**

27-28

# ਮਨੁੱਖ ਅਤੇ ਜਲ ਸੋਮਿਆਂ ਦਾ ਪ੍ਰਦੂਸ਼ਣ

*ਵਿਗਿਆਨ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਪਰ ਨਾਲ ਹੀ ਸਾਡੇ ਲਈ ਬਹੁਤ ਸਾਰੀਆਂ ਅਲਾਮਤਾਂ ਵੀ ਖੜ੍ਹੀਆਂ ਕੀਤੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਹੈ, ਵਾਤਾਵਰਣ ਦਾ ਗੰਧਲਾਪਨ। ਇਸ ਨਾਲ ਦਿਮਾਗੀ ਤੰਤਰ ਦੇ ਰੋਗ ਅਤੇ ਫੇਫੜਿਆਂ ਦੇ ਰੋਗ ਲੱਗਦੇ ਹਨ। ਦੂਸ਼ਿਤ ਪਾਣੀ ਵਿਚ ਨਹਾਉਣ ਨਾਲ ਐਗਜ਼ੀਮਾ, ਚੰਬਲ, ਖਾਜ ਖੁਜਲੀ ਵਰਗੇ ਚਮੜੀ ਦੇ ਰੋਗ ਲੱਗਦੇ ਹਨ। ਇਸ ਲੇਖ ਵਿਚ ਵਿਜੈ ਬੰਬੇਲੀ ਨੇ ਇਹੋ ਚਿੰਤਾ ਜ਼ਾਹਰ ਕੀਤੀ ਹੈ। -ਸੰਪਾਦਕ*



ਸਾਗਰ ਵਿਚ ਸਮਾਇਆ ਕਚਰਾ!

ਜਾਪਾਨ ਦੀ ਮਿਨਾਮਾਤਾ ਖਾੜੀ ਨੇੜੇ ਮਛੇਰਿਆਂ ਦੀ ਨਿੱਕੀ ਜਿਹੀ ਬਸਤੀ ਸੀ। ਮਛੇਰਿਆਂ ਨੇ ਰੋਜ਼ ਵਾਂਗ ਇਸ ਖਾੜੀ ਵਿਚੋਂ ਮੱਛੀਆਂ ਫੜੀਆਂ ਅਤੇ ਮੰਡੀ ਵਿਚ ਵੇਚ ਦਿੱਤੀਆਂ। ਮੱਛੀ ਖਾਂਦੇ ਸਾਰ ਹੀ ਸੈਂਕੜੇ ਜਾਪਾਨੀ ਮਰਨ ਕਿਨਾਰੇ ਹੋ ਗਏ। ਜਦੋਂ ਬਾਕੀ ਮੱਛੀਆਂ ਦੇ ਢਿੱਡ ਪਾੜੇ ਗਏ ਤਾਂ ਲੋਕੀਂ ਭੈ-ਭੀਤ ਹੋ ਗਏ। ਮੱਛੀਆਂ ਵਿਚ ਉਹ ਜ਼ਹਿਰੀਲਾ ਪਾਰਾ ਸੀ ਜਿਹੜਾ ਮਿਨਾਮਾਤਾ ਕੰਢੇ ਲੱਗੇ ਕਾਰਖਾਨਿਆਂ ਨੇ ਸਾਗਰ ਵਿਚ ਕਦੇ ਗੰਦਗੀ ਵਜੋਂ ਡੋਲ੍ਹਿਆ ਸੀ।

ਚੌਗਿਰਦਾ ਮਾਹਿਰ ਡਾ. ਡੇਵਿਡ ਸੁਜ਼ੂਕੀ ਦਿਲਚਸਪ ਵਰਣਨ ਕਰਦੇ ਹਨ, "40ਵਿਆਂ ਵਿਚ ਜਦੋਂ ਅਜੇ ਉਹ ਜਵਾਨੀ ਵਿਚ ਪੈਰ ਧਰ ਰਹੇ ਸਨ ਤਾਂ ਔਨਤੇਰੀਓ ਦੀ ਝੀਲ 'ਤੇ ਕੱਪ ਲੈ ਕੇ ਚਲੇ ਜਾਂਦੇ ਤੇ ਸਵੱਛ ਪਾਣੀ ਪੀ ਲਿਆ ਕਰਦੇ ਸਨ।

**ਵਿਜੈ ਬੰਬੇਲੀ**

ਫੋਨ: +91-94634-39075

ਇਹ ਝੀਲ ਆਸਟਰੇਲੀਆ ਵਿਚ ਹੈ। ਮੈਂ ਅਤੇ ਮੇਰੇ ਹਾਣੀ ਹੁਣ ਚੌਗਿਰਦਾ ਬਿਲਕੁਲ ਹੀ ਬਦਲਿਆ ਹੋਇਆ ਦੇਖਦੇ ਹਾਂ। ਹੁਣ ਇਸ ਝੀਲ ਦੇ ਕੰਢੇ ਚਿਤਾਵਨੀਆਂ ਵਾਲੇ ਬੋਰਡ ਲਿਖ ਕੇ ਲਾਏ ਹੋਏ ਹਨ ਜਿਨ੍ਹਾਂ 'ਤੇ ਲਿਖਿਆ ਹੋਇਆ ਹੈ, ਜੇ ਤੁਸੀਂ ਗਰਭਵਤੀ ਹੋ ਤਾਂ ਇਸ ਝੀਲ ਵਿਚੋਂ ਨਿਕਲਣ ਵਾਲੀ ਮੱਛੀ ਦਾ ਇਕ ਵੀ ਪਕੌੜਾ ਨਾ ਖਾਇਓ। ਜੇ ਤੁਸੀਂ ਗਰਭਵਤੀ ਨਹੀਂ ਹੋ ਤਾਂ ਇਕ ਮਹੀਨੇ ਵਿਚ ਇਸੇ ਝੀਲ ਵਿਚੋਂ ਨਿਕਲਣ ਵਾਲੀ ਮੱਛੀ ਕੁਝ ਔਂਸਾਂ ਤੋਂ ਵੱਧ ਨਾ ਖਾਇਓ।"

ਦਰਅਸਲ, ਸਮੁੰਦਰ ਵਿਚੋਂ ਭੋਜਨ ਲਈ ਫੜੀ ਗਈ ਇਕ ਟਨ ਮੱਛੀ ਬਦਲੇ ਉਸ ਵਿਚ ਤਿੰਨ ਟਨ ਕੂੜਾ ਕਰਕਟ ਸੁੱਟ ਦਿੱਤਾ ਜਾਂਦਾ ਹੈ। ਇਸ ਵਿਚ ਬਹੁਤਾ ਕਸੂਰ ਭਾਵੇਂ ਧੜਵੈਲ ਮੁਲਕਾਂ ਅਤੇ ਸਥਾਨਕ ਰਾਜ ਪ੍ਰਬੰਧਾਂ ਦਾ ਹੈ, ਫਿਰ ਵੀ ਇਹ ਭਾਈਚਾਰਕ ਸਮੱਸਿਆ ਹੈ ਅਤੇ ਪੂਰੇ ਭਾਈਚਾਰੇ ਵੱਲੋਂ ਹੀ ਮਿਲ ਕੇ ਹੱਲ ਕੀਤੀ ਜਾ ਸਕਦੀ ਹੈ। ਵਾਤਾਵਰਣ ਮਾਹਿਰ ਦ੍ਰਿੜ੍ਹ ਸਨ, "ਆਉਂਦੀ 21ਵੀਂ ਸਦੀ ਤੱਕ ਇਸ ਰੋੜ੍ਹ ਦੀ ਜ਼ੀਰੋ-ਸੀਮਾ ਪ੍ਰਾਪਤ ਕਰਨੀ ਪਵੇਗੀ ਨਹੀਂ ਤਾਂ ਕੁਦਰਤ ਦੇ ਇਸ ਅੰਗ ਦੀ ਤਬਾਹੀ ਮਨੁੱਖ ਨੂੰ ਵੀ ਤਬਾਹ ਕਰ ਦੇਵੇਗੀ।"

ਪਾਣੀ ਅੰਦਰ ਅਣਇੱਛਤ ਅਤੇ ਨੁਕਸਾਨਦੇਹ ਪਦਾਰਥਾਂ ਦੀ ਮੌਜੂਦਗੀ ਨੂੰ ਜਲ ਪ੍ਰਦੂਸ਼ਣ ਆਖਿਆ ਜਾਂਦਾ ਹੈ। ਪਾਣੀ ਵਿਚ ਬਹੁਤ ਸਾਰੇ ਪਦਾਰਥਾਂ ਨੂੰ ਆਪਣੇ ਵਿਚ ਘੋਲ ਲੈਣ ਦੀ ਸਮਰੱਥਾ ਹੈ। ਪਾਣੀ ਦਾ ਇਹੋ ਗੁਣ ਹੀ ਜਲ ਪ੍ਰਦੂਸ਼ਣ ਦਾ ਮੁੱਖ ਕਾਰਨ ਹੈ। ਪਾਣੀ ਨੂੰ ਬਹੁਤ ਸਾਰੇ ਪਦਾਰਥ ਦੂਸ਼ਿਤ ਕਰਦੇ ਹਨ, ਪਰ ਮੁੱਖ ਰੂਪ ਵਿਚ ਪੈਟਰੋਲੀਅਮ ਪਦਾਰਥ, ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ, ਪਾਰਾ, ਕੇਮੀਅਮ, ਆਰਸੈਨਿਕ, ਕਈ ਪ੍ਰਕਾਰ ਦੀਆਂ ਖਾਦਾਂ, ਪਰਮਾਣੂ ਤੇ ਮਨੁੱਖੀ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲਤਿਆਗ ਅਤੇ ਕੂੜਾ ਕਚਰਾ ਆਦਿ ਹਨ। ਪਾਰਾ, ਕੇਮੀਅਮ ਅਤੇ ਆਰਸੈਨਿਕ ਤਾਂ ਬਹੁਤ ਹੀ ਜ਼ਹਿਰੀਲੇ ਅੰਸ਼ ਹਨ ਜੋ ਜਲ ਪ੍ਰਦੂਸ਼ਿਤ ਕਰਦੇ ਹਨ ਅਤੇ ਕਾਰਖਾਨਿਆਂ ਦੀ ਨੁਕਸਾਨਦੇਹ ਰਹਿੰਦ-ਖੂੰਹਦ ਵਜੋਂ ਪਾਣੀ ਵਿਚ ਆ ਰਲਦੇ ਹਨ। ਵਰਖਾ ਪੈਣ ਨਾਲ ਖਾਦਾਂ ਵਿਚਲੇ ਜ਼ਹਿਰੀਲੇ ਅਤੇ ਮਾਰੂ ਤੱਤ ਜਲ ਸੋਮਿਆਂ ਵਿਚ ਰਲ ਜਾਂਦੇ ਹਨ ਅਤੇ ਵੱਡੇ-ਵੱਡੇ ਸ਼ਹਿਰਾਂ ਦਾ ਮਨੁੱਖੀ ਮਲ ਮੂਤਰ ਤੇ ਕੂੜੇ ਕਰਕਟ ਸਮੇਤ ਸਮੁੱਚੀ ਰਹਿੰਦ-ਖੂੰਹਦ ਜਲ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।

ਰਹਿੰਦ-ਖੂੰਹਦ ਦੇ ਸੰਸਾਰ ਪੱਧਰੀ ਅੰਕੜੇ ਦੱਸਦੇ ਹਨ ਕਿ ਪੱਛਮੀ ਦੇਸ਼ਾਂ ਵਿਚ ਹਰ ਸਾਲ ਔਸਤਨ 35 ਕਰੋੜ ਟਨ ਕਚਰਾ ਪੈਦਾ ਹੁੰਦਾ ਹੈ। ਇਸ ਵਿਚ ਇਕੱਲੇ ਅਮਰੀਕਾ ਦਾ ਹਿੱਸਾ 20 ਕਰੋੜ ਟਨ ਹੈ। ਇਸ ਕਚਰੇ ਦੇ ਵੱਡੇ ਹਿੱਸੇ ਨੂੰ ਭੰਡਾਰ ਵਜੋਂ ਸਾਂਭ ਕੇ ਬਾਕੀ ਨੂੰ ਫੂਕਿਆ ਜਾਂਦਾ ਹੈ। ਭੰਡਾਰ ਨੂੰ ਉਹ ਵਿਕਾਸਸ਼ੀਲ ਦੇਸ਼ਾਂ ਨੂੰ ਚੁਕਾ ਦਿੰਦੇ ਹਨ। ਇਸ ਲਈ ਕਚਰੇ ਦੀ ਇਹ ਸਮੱਸਿਆ ਸਥਾਨਕ ਲੱਛਣਾਂ ਵਾਲੀ ਨਹੀਂ ਰਹੀ। ਜਿਵੇਂ ਜੇ ਅਸੀਂ ਗੰਗਾ ਵਿਚ ਕਾਰਖਾਨਿਆਂ ਦੇ ਰੋੜ੍ਹ ਅਤੇ ਸ਼ਹਿਰੀ ਗੰਦਗੀ ਡੋਲ੍ਹਦੇ ਹਾਂ ਤਾਂ ਇਸ ਨਾਲ ਬੰਗਾਲ ਦੀ ਖਾੜੀ ਮਲੀਨ ਹੁੰਦੀ ਹੈ, ਫਿਰ ਹਿੰਦ ਮਹਾਂਸਾਗਰ ਤੇ ਫਿਰ ਸਾਰੇ ਮਹਾਂਸਾਗਰ ਭ੍ਰਿਸ਼ਟੇ ਜਾਂਦੇ ਹਨ।

ਵਿਹੁਲਾ ਕਚਰੇ ਤੋਂ ਪੈਦਾ ਹੋਇਆ ਵਾਤਾਵਰਣ ਸੰਕਟ ਲੋਕਾਂ ਨੂੰ ਸਿਹਤਮੰਦ ਹੋਣ ਤੋਂ ਵਾਂਝਿਆਂ ਰੱਖ ਰਿਹਾ ਹੈ। ਗੰਦਗੀ ਪਹਿਲਾਂ ਵੀ ਦਰਿਆਵਾਂ, ਝੀਲਾਂ ਤੇ ਸਾਗਰਾਂ ਵਿਚ ਰਲਦੀ ਸੀ, ਪਰ ਉਹ ਗੰਦਗੀ ਰਵਾਇਤੀ ਅਤੇ ਘੱਟ ਮਾਤਰਾ ਵਿਚ ਹੁੰਦੀ ਸੀ ਅਤੇ ਉਸ ਵਿਚ ਬਹੁਤ ਘੱਟ ਜ਼ਹਿਰੀ ਅੰਸ਼ ਹੁੰਦੇ ਸਨ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾਲਣ ਅਤੇ ਰੀਸਾਈਕਲ ਕਰਨ ਦੇ ਸਮਰੱਥ ਹੁੰਦੇ ਸਨ, ਪਰ ਹੁਣ ਤਾਂ ਰਹਿੰਦ-ਖੂੰਹਦ ਵਿਚ ਸਿੰਥੈਟਿਕ ਪਦਾਰਥ ਬਹੁਤ ਹੁੰਦੇ ਹਨ। ਕੁਦਰਤੀ ਕਾਰਜ ਇਨ੍ਹਾਂ ਨਾਮੁਰਾਦ ਵਸਤਾਂ ਨੂੰ ਕਾਬੂ ਰੱਖਣ ਦੀ ਯੋਗਤਾ ਨਹੀਂ ਰੱਖਦੇ। ਪਾਰੇ, ਪਲਾਸਟਿਕ ਅਤੇ ਪੈਟਰੋਲੀਅਮ ਪਦਾਰਥਾਂ ਦੇ ਰਹਿੰਦ-ਖੂੰਹਦ ਨੂੰ ਕੌਣ ਗਾਲੇਗਾ? ਸਿਡਨੀ ਦੀ ਵਾਤਾਵਰਣ ਸਬੰਧੀ ਸੰਸਥਾ ਓ.ਆਰ.ਆਰ.ਸੀ.ਏ. (ਓਰਕਾ) ਦੇ ਸਰਵੇਖਣ ਅਨੁਸਾਰ ਜੋ ਕੂੜਾ ਕਰਕਟ ਸੁੱਟਿਆ ਜਾਂਦਾ ਹੈ, ਉਸ 'ਚ 42 ਪ੍ਰਤੀਸ਼ਤ ਪਲਾਸਟਿਕ ਹੁੰਦਾ ਹੈ। ਵਾਤਾਵਰਣ 'ਚ ਗਲਣ ਲਈ ਪਲਾਸਟਿਕ ਕੋਈ 450 ਸਾਲ ਦਾ ਸਮਾਂ ਲੈਂਦਾ ਹੈ।

ਹਰ ਰੋਜ਼ ਹਰ ਭਾਰਤੀ ਪਰਿਵਾਰ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਇਸ ਵਿਚ ਮਲ-ਮੂਤਰ ਤੋਂ ਇਲਾਵਾ, ਰਹਿੰਦ-ਖੂੰਹਦ, ਘਰਾਂ ਦੀ ਗੰਦਗੀ ਆਦਿ ਸ਼ਾਮਿਲ ਹਨ। ਕਰੀਬ 20 ਕਰੋੜ ਪਰਿਵਾਰ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਦੀਆਂ ਪੈਦਾ ਕਰ ਰਹੇ ਹਨ। ਇਕ ਸਾਲ ਵਿਚ ਗੰਦਗੀ ਦੇ 40 ਅਰਬ ਟੋਕਰੇ ਢੇਰਾਂ ਉਪਰ ਪੁੱਜ ਜਾਂਦੇ ਹਨ। ਇਹ ਕਚਰਾ ਆਪਣੀਆਂ ਨਿਸ਼ਚਿਤ ਥਾਂਵਾਂ ਉਤੇ ਨਹੀਂ ਪੁੱਜਦਾ, ਸਗੋਂ ਜਿਥੇ ਜੀ ਚਾਹੇ ਖਲਾਰ ਦਿੱਤਾ ਜਾਂਦਾ ਹੈ। ਬਹੁਤ ਵਾਰੀ ਤਾਂ ਇਹ ਦਰਿਆਵਾਂ, ਝੀਲਾਂ ਜਾਂ ਫਿਰ ਸਾਗਰਾਂ ਦਾ ਹਿੱਸਾ ਹੀ ਬਣ ਜਾਂਦਾ ਹੈ।

ਇਸ ਗੰਦਗੀ ਕਾਰਨ ਹੀ ਗੰਗਾ ਮਲੀਨ ਹੋ ਚੁਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖਰੀ ਸਾਹ ਲੈ ਰਹੀ ਹੈ। ਸ੍ਰੀਨਗਰ ਦੀ ਆਰਥਿਕ ਸ਼ਾਹ-ਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ। ਮਨੀਪੁਰ ਦੀ ਲੋਕਤਾਰ ਝੀਲ ਦਾ ਵੀ ਇਹੋ ਹਸ਼ਰ ਹੋ ਰਿਹਾ ਹੈ। ਇਸ ਵਿਚ ਏਨੀ ਬਨਸਪਤੀ ਉਗ ਚੁਕੀ ਹੈ ਕਿ ਤੁਸੀਂ ਬੜੀ ਆਸਾਨੀ ਨਾਲ ਝੀਲ ਅੰਦਰ ਤੁਰ-ਫਿਰ ਸਕਦੇ ਹੋ। ਉੜੀਸਾ ਦੀ ਝਿਲਕਾ ਝੀਲ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਇਹੀ ਹਾਲ ਕੂਮ ਨਦੀ ਅਤੇ ਹੈਦਰਾਬਾਦ ਤੇ ਸਿੰਕਦਰਾਬਾਦ ਨੂੰ ਵੰਡਦੇ ਹੁਸੈਨ ਸਾਗਰ ਦਾ ਹੈ।

ਭਾਰਤ ਦੇ ਪਵਿਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਰਿਆਵਾਂ ਦਾ ਜਲ ਵੀ ਬੇਹਦ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਨਦੀ ਦੇ ਕੰਢੇ ਉਪਰ 98 ਸ਼ਹਿਰ ਅਤੇ ਕਸਬੇ ਹਨ। ਇਸ ਦੀ 2525 ਕਿਲੋਮੀਟਰ ਦੀ ਲੰਬਾਈ ਵਿਚ ਕਰੀਬ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਕੇਵਲ 16 ਸ਼ਹਿਰ ਅਜਿਹੇ ਹਨ ਜਿਨ੍ਹਾਂ ਕੋਲ ਸੀਵਰ ਵਰਗੀ ਵਿਵਸਥਾ ਹੈ; ਬਾਕੀ 82 ਸ਼ਹਿਰਾਂ ਤੇ ਨਗਰਾਂ ਦਾ ਮਲ ਮੂਤਰ ਤੇ ਕਚਰਾ ਸਿੱਧਾ ਹੀ ਨਦੀ ਵਿਚ ਸੁੱਟਿਆ ਜਾ ਰਿਹਾ ਹੈ।

ਸਭ ਤੋਂ ਵੱਧ ਗੰਦਗੀ ਕਾਨਪੁਰ, ਵਾਰਾਨਸੀ ਤੇ ਕਲਕੱਤਾ ਦੇ ਸ਼ਹਿਰ ਸੁੱਟ ਰਹੇ ਹਨ। ਵਾਰਾਨਸੀ ਦੀਆਂ ਪੌੜੀਆਂ ਉਪਰ ਖੜ੍ਹੇ ਹੋ ਜਾਓ, ਸ਼ਹਿਰ ਦਾ ਕਚਰਾ, ਮਲਮੂਤਰ ਅਤੇ ਅੱਧ ਜਲੀਆਂ ਲਾਸ਼ਾਂ ਤੁਹਾਨੂੰ ਦਿਸ ਪੈਣਗੀਆਂ। ਕਾਨਪੁਰ ਦੇ ਚਮੜਾ ਉਦਯੋਗਾਂ ਦਾ ਸਾਰਾ ਰੋੜ੍ਹ ਇਸ ਵਿਚ ਹੀ ਡਿੱਗ ਰਿਹਾ ਹੈ। ਕੋਲਕਾਤਾ ਦੇ ਕਾਰਖਾਨੇ ਗੰਗਾ ਨੂੰ ਸੀਵਰ ਵਾਂਗ ਵਰਤ ਰਹੇ ਹਨ। ਲਗਪਗ ਰੋਜ਼ਾਨਾ ਤਿੰਨ ਲੱਖ ਕਿਲੋ ਗੰਦਗੀ ਅਤੇ ਕਚਰਾ ਇਕੱਲੇ ਕਲਕੱਤੇ ਵਿਚੋਂ ਹੀ ਗੰਗਾ ਵਿਚ ਰਲ ਜਾਂਦਾ ਹੈ।

> ***ਸਤਲੁਜ ਪ੍ਰਦੂਸ਼ਿਤ ਹੋ ਚੁੱਕਾ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ। ਪਾਣੀ ਐਨਾ ਗੰਦਾ ਹੋ ਗਿਆ ਹੈ ਕਿ ਖਪਤ ਦੇ ਯੋਗ ਹੀ ਨਹੀਂ ਰਿਹਾ। ਸਾਰਾ ਜਲ-ਥਲੀ ਵਾਤਾਵਰਨ ਇਸ ਨਾਲ ਪ੍ਰਭਾਵਿਤ ਹੁੰਦਾ ਹੈ।... ਹਰੇ ਇਨਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ ਦਾ ਕਹਿਰ ਢਾਹਿਆ ਹੈ। ਅੰਧਾਧੁੰਦ ਵਰਤੇ ਜਾ ਰਹੇ ਖਾਦ-ਪਦਾਰਥਾਂ, ਨਦੀਨ, ਉੱਲੀ ਅਤੇ ਕੀਟ ਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜ਼ਮੀਨ, ਜਲ ਵਹਿਣਾ ਅਤੇ ਜਲ ਕੁੰਡਾਂ 'ਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਫਾਲਤੂ ਮਿਕਦਾਰ ਹਵਾ, ਮਿੱਟੀ ਅਤੇ ਜਲ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਤ ਕਰਦੀ ਹੈ।***

ਦਿੱਲੀ ਵੀ ਕਲਕੱਤੇ ਨਾਲੋਂ ਪਿੱਛੇ ਨਹੀਂ। ਦਿੱਲੀ ਦੀ ਗੰਦਗੀ ਵੀ ਜਮਨਾ ਰਾਹੀਂ ਗੰਗਾ ਤੱਕ ਹੀ ਪੁੱਜਦੀ ਹੈ। ਗੰਗਾ ਅਤੇ ਜਮਨਾ ਨਦੀਆਂ ਸਭ ਤੋਂ ਵੱਧ ਦੂਸ਼ਿਤ ਹੋ ਚੁਕੀਆਂ ਹਨ। ਜਮਨਾ ਨਦੀ ਵਿਚ ਦਿੱਲੀ ਦੇ ਲਾਗਲੇ ਖੇਤਰਾਂ ਵਿਚੋਂ ਹੀ ਹਰ ਰੋਜ਼ 200 ਮਿਲੀਅਨ ਲਿਟਰ ਸੀਵਰੇਜ (ਮਲਮੂਤਰ) ਆਦਿ ਮਿਲ ਜਾਂਦਾ ਹੈ।

ਬਹੁਤ ਸਾਰੇ ਲੋਕ ਜਿਹੜੇ ਪਾਣੀਆਂ ਕੰਢੇ ਧੂਫ-ਬੱਤੀ ਕਰਦੇ ਹਨ, ਦੀਵੇ ਬਾਲਦੇ ਹਨ, ਦਲੀਆ/ਪ੍ਰਸ਼ਾਦ ਚੜ੍ਹਾਉਂਦੇ ਹਨ, ਉਹ ਵੀ ਜਲ ਸੋਮਿਆਂ ਵਿਚ ਗੰਦ-ਮੰਦ ਉਲੱਦੀ ਜਾਂਦੇ ਹਨ ਜਿਸ ਨਾਲ ਪਾਣੀ ਵੀ ਗੰਧਲਾ ਹੁੰਦਾ ਹੈ ਅਤੇ ਸਹਿਜ-ਵਹਿਣ ਵਿਚ ਪੈਦਾ ਹੋਣ ਵਾਲੇ ਅੜਿੱਕੇ ਹੜ੍ਹ ਦੇ ਖਤਰੇ ਵੀ ਵਧਾਉਂਦੇ ਹਨ। ਫਿਰ ਅਸੀਂ ਮਨੁੱਖੀ ਰਾਖ-ਹੱਡੀਆਂ ਅਤੇ ਲਾਸ਼ਾਂ ਤੱਕ ਪਾਣੀਆਂ ਵਿਚ ਰੋੜ੍ਹ ਦਿੰਦੇ ਹਾਂ। ਭਾਰਤ ਵਿਚ ਇਕ ਹੋਰ ਭਾਣਾ ਵਾਪਰਦਾ ਹੈ- ਅਸੀਂ ਤਿਉਹਾਰਾਂ ਮੌਕੇ ਵੀ ਆਪਣੇ ਜਲ ਸੋਮਿਆਂ ਨੂੰ ਗੰਦਾ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਅਸੀਂ ਮੂਰਤੀਆਂ ਆਦਿ ਨੂੰ ਜਲ ਪ੍ਰਵਾਹ ਕਰਦੇ ਹਾਂ। ਰੰਗ-ਰੋਗਨੀ (ਮੂਰਤੀਆਂ) ਜ਼ਹਿਰ ਨਾਲ ਜਲ-ਜੀਵ ਮਰ ਜਾਂਦੇ ਹਨ।

ਪੰਜਾਬ ਦੀ ਸ਼ਾਹ-ਰਗ ਸਤਲੁਜ ਦਰਿਆ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁਕਾ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾ ਸੋਧੇ ਇਸ ਵਿਚ ਪੈਂਦਾ ਹੈ। ਪਾਣੀ ਐਨਾ ਗੰਦਾ ਹੋ ਗਿਆ ਹੈ ਕਿ ਖਪਤ ਦੇ ਯੋਗ ਹੀ ਨਹੀਂ ਰਿਹਾ। ਸਾਰਾ ਜਲ-ਥਲੀ ਵਾਤਾਵਰਣ ਇਸ ਨਾਲ ਪ੍ਰਭਾਵਿਤ ਹੁੰਦਾ ਹੈ। ਭਾਖੜਾ ਡੈਮ ਤੋਂ ਮੈਦਾਨੀ ਇਲਾਕੇ 'ਚ ਦਾਖਲ ਹੋਣ ਅਤੇ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਤਕਰੀਬਨ 277 ਕਿਲੋਮੀਟਰ ਦੇ ਸਫਰ ਦੌਰਾਨ ਨੰਗਲ ਟਾਊਨਸ਼ਿਪ, ਨਯਾ ਨੰਗਲ, ਅਨੰਦਪੁਰ ਸਾਹਿਬ, ਰੋਪੜ, ਨਵਾਂਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਦਾ ਘਰੇਲੂ ਅਤੇ ਸਨਅਤੀ ਪਾਣੀ ਆਖਰ ਸਿੱਧਾ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ। ਇਸ ਪਾਣੀ ਨੂੰ ਦਰਿਆ ਵਿਚ ਡਿੱਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਪ੍ਰਦੂਸ਼ਿਤ ਕਰਨ ਵਾਲੇ ਨਾਲਿਆਂ ਵਿਚ ਬੁੱਢਾ ਨਾਲਾ, ਪੂਰਬੀ ਵੇਈਂ ਅਤੇ ਪੱਛਮੀ ਵੇਈਂ ਵੀ ਸ਼ਾਮਿਲ ਹਨ।

ਫੈਕਟਰੀਆਂ ਜਲ ਨੂੰ ਸਭ ਤੋਂ ਵੱਧ ਦੂਸ਼ਿਤ ਕਰਦੀਆਂ ਹਨ। ਬਨਸਪਤੀ ਤੇਲ, ਰੰਗਾਈ, ਸ਼ਰਾਬ ਅਤੇ ਉੱਨ ਦੀਆਂ ਫੈਕਟਰੀਆਂ 100 ਕਿਲੋ ਮਾਲ ਬਣਾਉਣ ਪਿੱਛੇ ਕ੍ਰਮਵਾਰ 400, 500, 750 ਅਤੇ 800 ਲੀਟਰ ਗੰਧਲਾ ਤੇ ਜ਼ਹਿਰੀਲਾ ਪਾਣੀ ਛੱਡਦੀਆਂ ਹਨ। ਪੰਜਾਬ ਦੇ ਕਈ ਉਦਯੋਗਿਕ ਨਗਰਾਂ ਦੇ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਇਹ ਕਿੰਨਾ ਹਾਨੀਕਾਰਕ ਬਣ ਗਿਆ ਹੈ। ਸਾਈਕਲ ਸਨਅਤ ਨੇੜਲੇ ਜਲ ਨਮੂਨੇ ਵਿਚ ਸਾਇਆਕਸਾਈਡ ਦੀ ਮਾਤਰਾ ਵੱਧ ਪਾਈ ਗਈ ਹੈ। ਬੁੱਢੇ ਨਾਲੇ ਵਿਚੋਂ ਵੱਖ-ਵੱਖ ਥਾਂਵਾਂ ਤੋਂ ਲਏ ਗਏ ਪਾਣੀ ਦੇ ਨਮੂਨੇ ਵਿਚੋਂ ਬਹੁਤ ਹੀ ਜ਼ਹਿਰੀਲੀਆਂ ਧਾਤਾਂ ਦੇ ਅੰਸ਼ ਨਿਰਧਾਰਿਤ ਮਾਤਰਾ ਨਾਲੋਂ ਕਈ ਗੁਣਾ ਵੱਧ ਮਿਲੇ ਹਨ। ਬੁੱਢੇ ਨਾਲੇ ਦੇ ਪਾਣੀ ਦੇ ਸੈਂਪਲ ਵਿਚ ਆਕਸੀਜਨ ਦੀ ਮਾਤਰਾ ਵੀ ਘੱਟ ਵੇਖੀ ਗਈ ਹੈ। ਹਮੀਰਾ ਡਿਸਟਿਲਰੀ ਵਿਚੋਂ ਨਿਕਲ ਕੇ ਪਾਣੀ ਵਿਚ ਮਿਲਣ ਵਾਲੇ ਦੂਸ਼ਿਤ ਪਦਾਰਥਾਂ ਕਾਰਨ ਇਨ੍ਹਾਂ ਇਲਾਕਿਆਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਲੁਧਿਆਣਾ, ਜਲੰਧਰ, ਫਗਵਾੜਾ, ਗੋਰਾਇਆ, ਰਾਜਪੁਰਾ ਅਤੇ ਗੋਬਿੰਦਗੜ੍ਹ ਆਦਿ ਦੇ ਕਾਰਖਾਨਿਆਂ ਵਿਚੋਂ ਨਿਕਲ ਕੇ ਪਾਣੀ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਮਾਤਰਾ ਵਧਦੀ ਜਾ ਰਹੀ ਹੈ। ਚੰਡੀਗੜ੍ਹ ਦੀ ਸੁਖਨਾ ਝੀਲ ਦਾ ਵੀ ਮੰਦਾ ਹਾਲ ਹੈ। ਪੰਜਾਬ ਦੇ ਮੌਸਮੀ ਜਲ-ਵਹਿਣ (ਬੇਈਆਂ-ਚੋਅ ਆਦਿ) ਵੀ ਸੁਰੱਖਿਅਤ ਨਹੀਂ ਰਹੇ, ਹੁਣ ਇਹ ਲਾਗਲੇ ਸ਼ਹਿਰਾਂ ਦਾ ਸੀਵਰੇਜ ਬਣ ਗਏ ਹਨ।

ਹਰੇ ਇਨਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ ਦਾ ਕਹਿਰ ਢਾਹਿਆ ਹੈ। ਅੰਧਾਧੁੰਦ ਵਰਤੇ ਜਾ ਰਹੇ ਖਾਦ-ਪਦਾਰਥਾਂ, ਨਦੀਨ, ਉੱਲੀ ਅਤੇ ਕੀਟ ਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜਮੀਨ, ਜਲ ਵਹਿਣਾਂ ਅਤੇ ਜਲ ਕੁੰਡਾਂ 'ਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਫਾਲਤੂ ਮਿਕਦਾਰ ਹਵਾ, ਮਿੱਟੀ ਅਤੇ ਜਲ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਦੀ ਹੈ।

ਮੀਂਹ ਦਾ ਪਾਣੀ ਜਮੀਨ ਵਿਚ ਰਿਸਣ ਨਾਲ ਵਿਸ਼ੈਲੇ ਤੱਤ ਭੂ-ਜਲ ਵਿਚ ਰਿਸ ਜਾਂਦੇ ਹਨ। ਘੱਟ ਗਹਿਰਾਈ ਤੋਂ ਪਾਣੀ ਖਿੱਚਣ ਨਾਲ ਆਰਸੈਨਿਕ ਅਤੇ ਦੂਸਰੇ ਮਾਰੂ ਤੱਤ ਪੀਣ ਵਾਲੇ ਪਾਣੀ ਰਾਹੀਂ ਅਸਾਧ ਰੋਗ ਲਾ ਦਿੰਦੇ ਹਨ। ਆਰਸੈਨਿਕ ਤੱਤਾਂ ਦੀ ਜ਼ਿਆਦਾ ਵਰਤੋਂ ਨਾਲ ਕੈਂਸਰ ਰੋਗ ਤੋਂ ਬਿਨਾ ਫੇਫੜਿਆਂ ਤੇ ਚਮੜੀ ਦੇ ਰੋਗ ਵੀ ਹੋ ਜਾਂਦੇ ਹਨ। ਆਰਸੈਨਿਕ ਤੱਤਾਂ ਨੂੰ ਧੀਮਾ ਜ਼ਹਿਰ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਆਰਸੈਨਿਕ ਤੱਤ ਧਰਤੀ ਦੇ ਬਹੁਤ ਹੇਠਾਂ ਹੁੰਦੇ ਸਨ, ਪਰ ਹੁਣ ਅਸੀਂ ਅਚੇਤ-ਸੁਚੇਤ ਇਨ੍ਹਾਂ ਨੂੰ ਉਪਰਲੀਆਂ ਤੱਗੀਆਂ ਜਾਂ ਜਲ-ਕੁੰਡਾਂ ਵਿਚ ਧੱਕ ਰਹੇ ਹਾਂ।

ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲੀ ਤਰਲ ਗੰਦਗੀ ਤੇ ਰੋੜ੍ਹ ਨੂੰ ਲਾਹਣ ਦਾ ਨਾਂ ਦਿੱਤਾ ਗਿਆ ਹੈ। ਇਹ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਤਾਜ਼ਾ ਪਾਣੀ ਨਾਲ ਸੋਧਣਾ ਜ਼ਰੂਰੀ ਹੁੰਦਾ ਹੈ, ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰ ਰਹੇ ਹਨ? ਇਹ ਕਾਰਜ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਦੀ ਖਪਤ ਮੰਗਦਾ ਹੈ। ਇਸੇ ਲਈ ਹੁਣ ਜੀਵੀ-ਸੋਧਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਾਧਾਰਨ ਜਿਹੀ ਡਿਸਟਿਲਰੀ ਜਿਹੜੀ ਪ੍ਰਤੀਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੈ, ਉਹ ਇਸ ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲਿਟਰ ਮਾਤਰਾ ਨਾਲ ਹੀ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ।

ਵਾਤਾਵਰਣ ਸੁਰੱਖਿਆ ਅਧਿਨਿਯਮ (ਜੀਵੀ ਆਕਸੀਜਨ ਮੰਗ) ਇਸ ਰੋੜ੍ਹ ਨੂੰ ਪਾਣੀ ਵਿਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲਿਟਰ ਅਤੇ ਜਮੀਨੀ ਰੋੜ੍ਹ ਲਈ 100 ਮਿਲੀ ਗ੍ਰਾਮ ਪ੍ਰਤੀ ਲਿਟਰ ਦੀ ਆਗਿਆ ਦਿੰਦੀ ਹੈ, ਪਰ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲਿਟਰ ਦੀ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ।

ਦੂਸ਼ਿਤ ਜਲ ਪੀਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਇਹ ਰੋਗ ਪਾਣੀ ਵਿਚ ਪੈਦਾ ਹੋਏ ਕੀਟਾਣੂਆਂ ਤੇ ਜੀਵਾਣੂਆਂ ਕਾਰਨ ਲੱਗਦੇ ਹਨ। ਹੈਜ਼ਾ, ਮਿਆਦੀ ਬੁਖਾਰ, ਪੀਲੀਆ, ਦਸਤ, ਤਪਦਿਕ, ਪੇਟ, ਅਧਰੰਗ ਦੇ ਰੋਗ ਆਦਿ ਦੂਸ਼ਿਤ ਜਲ ਪੀਣ ਕਾਰਨ ਹੀ ਲੱਗਦੇ ਹਨ। ਤਾਂਬਾ, ਸਿੱਕਾ, ਜਿਸਤ, ਕੋਬਾਲਟ, ਕਰੋਮੀਅਮ ਅਤੇ ਅਲਮੀਨੀਅਮ ਵਰਗੀਆਂ ਧਾਤਾਂ ਦੀ ਪਾਣੀ ਵਿਚ ਮਿਲੀ ਹੋਈ ਰਹਿੰਦ-ਖੂੰਹਦ ਕੈਂਸਰ ਵਰਗੇ ਭਿਆਨਕ ਰੋਗਾਂ ਨੂੰ ਪੈਦਾ ਕਰਦੀ ਹੈ। ਇਸ ਨਾਲ ਦਿਮਾਗੀ ਤੰਤਰ ਦੇ ਰੋਗ ਅਤੇ ਫੇਫੜਿਆਂ ਦੇ ਰੋਗ ਲੱਗਦੇ ਹਨ। ਦੂਸ਼ਿਤ ਪਾਣੀ ਵਿਚ ਨਹਾਉਣ ਨਾਲ ਐਗਜ਼ੀਮਾ, ਚੰਬਲ, ਖਾਜ ਖੁਜਲੀ ਵਰਗੇ ਚਮੜੀ ਦੇ ਰੋਗ ਲੱਗਦੇ ਹਨ। ਮੁੱਕਦੀ ਗੱਲ, ਸਾਡਾ ਭਵਿੱਖ ਪਦਾਰਥਵਾਦੀ ਸਹੂਲਤਾਂ ਅਤੇ ਰਾਜਨੀਤੀ ਦੇ ਤੱਕੜ ਵਿਚ ਨਹੀਂ, ਸਗੋਂ ਭੌਤਿਕ ਤੱਕੜ ਵਿਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿਚ ਕੀ ਹੋਵੇਗਾ? ਇਸ ਦਾ ਨਿਤਾਰਾ ਇਸ ਗੱਲ 'ਤੇ ਹੋਣਾ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ ਹੈ!

# ਖਾੜੀ ਮੁਲਕਾਂ ਤੋਂ ਪਰਤੇ ਨੌਜਵਾਨਾਂ ਦੇ ਬੜੇ ਦਰਦਨਾਕ ਖੁਲਾਸੇ

**ਜਲੰਧਰ:** ਸਾਊਦੀ ਅਰਬ ਸਮੇਤ ਹੋਰ ਦੇਸ਼ਾਂ ਤੋਂ ਵਾਪਸ ਪਰਤੇ ਨੌਜਵਾਨਾਂ ਨੇ ਇਨ੍ਹਾਂ ਦੇਸ਼ਾਂ ਵਿਚ ਏਜੰਟਾਂ ਦੇ ਧੱਕੇ ਚੜ੍ਹ ਕੇ ਪੁੱਜੇ ਪੰਜਾਬੀ ਨੌਜਵਾਨਾਂ ਦੀ ਹੋਣੀ ਬਾਰੇ ਬੜੇ ਦਰਦਨਾਕ ਖੁਲਾਸੇ ਕੀਤੇ ਹਨ। ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਹੈ ਕਿ ਗੁੰਮਰਾਹ ਕਰ ਕੇ ਅਰਬ ਦੇਸ਼ਾਂ 'ਚ ਲਿਜਾਏ ਗਏ ਕਈ ਪੰਜਾਬੀਆਂ ਦੀਆਂ ਲਾਸ਼ਾਂ ਦੋ ਸਾਲ ਬਾਅਦ ਵੀ ਉਥੇ ਪਈਆਂ ਹਨ ਜਿਨ੍ਹਾਂ ਨੂੰ ਲਿਆਉਣ ਲਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

ਬਹਿਰੀਨ, ਸਾਊਦੀ ਅਰਬ ਸਮੇਤ ਹੋਰ ਦੇਸ਼ਾਂ ਤੋਂ 20 ਦੇ ਕਰੀਬ ਵਾਪਸ ਆਏ ਨੌਜਵਾਨਾਂ 'ਚੋਂ ਇਕ ਚੱਬੇਵਾਲ ਹੁਸ਼ਿਆਰਪੁਰ ਵਾਸੀ ਚਰਨਜੀਤ ਕੁਮਾਰ ਨੇ ਦੱਸਿਆ ਕਿ ਸਾਊਦੀ ਅਰਬ ਵਿਚ ਕਈ ਪੰਜਾਬੀਆਂ ਦੀਆਂ ਲਾਸ਼ਾਂ ਤਾਂ ਦੋ-ਦੋ ਸਾਲਾਂ ਤੋਂ ਉਥੇ ਹੀ ਹਸਪਤਾਲਾਂ ਵਿਚ ਪਈਆਂ ਹਨ ਜਿਨ੍ਹਾਂ ਨੂੰ ਧੋਖੇ ਨਾਲ ਏਜੰਟਾਂ ਨੇ ਰਕਮਾਂ ਲੈ ਕੇ ਵੇਚ ਦਿੱਤਾ ਸੀ।

ਇਸ 'ਚੋਂ ਇਕ ਨੌਜਵਾਨ ਰਾਕੇਸ਼ ਕੁਮਾਰ ਦਾ ਜ਼ਿਕਰ ਕਰਦਿਆਂ ਉਸ ਨੇ ਦੱਸਿਆ ਕਿ ਉਸ ਦੀ ਸਾਊਦੀ ਅਰਬ 'ਚ ਇਕ ਹਾਦਸੇ ਵਿਚ ਸੜ ਕੇ ਮੌਤ ਹੋ ਗਈ ਸੀ, ਈਸਪੁਰ ਲਾਗੇ ਨਵਨੀਤ ਪੁਰ ਦੇ ਇਸ ਨੌਜਵਾਨ ਦੀ ਲਾਸ਼ ਉਥੇ ਪਈ ਹੈ। ਉਥੇ ਦੋ ਪੰਜਾਬੀਆਂ 'ਚੋਂ ਇਕ ਦੀ 6 ਮਹੀਨੇ ਪਹਿਲਾਂ ਤਾਂ ਇਕ ਦੀ 11 ਮਹੀਨੇ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਦੀਆਂ ਲਾਸ਼ਾਂ ਉਥੇ ਹੀ ਪਈਆਂ ਹਨ। ਚਰਨਜੀਤ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਾਰਿਆਂ ਦੇ ਪਾਸਪੋਰਟ ਵੀ ਖੋਹ ਲਏ ਗਏ ਸਨ। ਟਰੱਕ ਡਰਾਈਵਰੀ ਕਰਨ ਲਈ ਗਏ ਨੌਜਵਾਨਾਂ ਨੂੰ ਸਾਊਦੀ ਅਰਬ ਦੀ ਅੱਲ ਪਰਤਣੀਆਂ ਕੰਪਨੀ ਨੇ 3-3 ਮਹੀਨੇ ਤੱਕ ਰੋਟੀ ਨਹੀਂ ਦਿੱਤੀ। ਜਾਣਕਾਰੀ ਮਿਲਣ 'ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਭਗਵੰਤ ਮਾਨ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਵਿਦੇਸ਼ ਮੰਤਰਾਲੇ ਨਾਲ ਗੱਲਬਾਤ ਕਰ ਕੇ ਅਰਬ ਦੇਸ਼ਾਂ ਵਿਚ ਸਥਿਤ ਭਾਰਤੀ ਦੂਤਘਰਾਂ ਨੂੰ ਨੌਜਵਾਨਾਂ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰਵਾਈ।

ਚਰਨਜੀਤ ਨੇ ਕਿਹਾ ਕਿ ਉਸ ਨੇ ਤਾਂ ਅਕਾਲੀ-ਭਾਜਪਾ ਮੰਤਰੀਆਂ ਨਾਲ ਵੀ ਇਸ ਮਾਮਲੇ 'ਚ ਸੰਪਰਕ ਕੀਤਾ ਪਰ ਕਿਸੇ ਨੇ ਹੱਥ ਪੱਲਾ ਨਹੀਂ ਫੜਾਇਆ ਸੀ, ਹਾਲਾਂਕਿ ਭਾਜਪਾ ਦੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਵੱਲੋਂ ਪਤਾ ਲੈਣ ਲਈ ਤਿੰਨ ਵਾਰ ਬੰਦੇ ਭੇਜੇ ਗਏ ਸਨ। ਭਗਵੰਤ ਮਾਨ ਨੇ ਇਸ ਮਾਮਲੇ ਨੂੰ ਗੰਭੀਰ ਦੱਸਦਿਆਂ ਕਿਹਾ ਕਿ ਉਹ ਹੁਣ ਮੁੱਖ ਮੰਤਰੀ ਨੂੰ ਵਾਪਸ ਆਏ ਨੌਜਵਾਨਾਂ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਮਿਲਣਗੇ ਤੇ ਮੰਗ ਕਰਨਗੇ ਕਿ ਮਨੁੱਖੀ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।




## ਪੰਜਾਬੀ ਦੀ ਦੁਬਈ ਵਿਚ ਭੇਤਭਰੀ ਹਾਲਤ ਵਿਚ ਮੌਤ

**ਕਾਹਨੂੰਵਾਨ:** ਬਲਾਕ ਦੇ ਪਿੰਡ ਭਰੋ ਹਾਰਨੀ ਦੇ ਨੌਜਵਾਨ ਦੀ ਦੁਬਈ ਵਿਚ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਇਹ ਨੌਜਵਾਨ ਪਿਛਲੇ 10 ਸਾਲਾਂ ਤੋਂ ਦੁਬਈ ਵਿਚ ਰਹਿ ਰਿਹਾ ਸੀ। ਮ੍ਰਿਤਕ ਦੇ ਭਰਾ ਸਰਦਾਰਾ ਸਿੰਘ ਨੇ ਦੱਸਿਆ ਕਿ ਈਦ ਵਾਲੀ ਰਾਤ ਉਸ ਦੇ ਭਰਾ ਨਾਨਕ ਸਿੰਘ ਦੀ ਲਾਸ਼ ਉਸ ਦੇ ਕਮਰੇ ਨੇੜਲੇ ਪਾਰਕ ਵਿਚੋਂ ਬਰਾਮਦ ਹੋਈ ਹੈ। ਨਾਨਕ ਸਿੰਘ ਦੇ ਸਾਥੀ ਕਮਰੇ ਵਿਚ ਸੁੱਤੇ ਹੋਏ ਸਨ ਅਤੇ ਉਹ ਕਮਰੇ ਦੇ ਬਾਹਰ ਪਾਰਕ ਵਿਚ ਸੌਂ ਗਿਆ ਸੀ, ਜਿਥੋਂ ਉਸ ਦੀ ਮ੍ਰਿਤਕ ਦੇਹ ਮਿਲੀ ਹੈ।

## ਦੁਬਈ ਨੇੜੇ ਸਮੁੰਦਰ ਵਿਚ ਫਸੇ 100 ਭਾਰਤੀ

**ਦੁਬਈ:** ਦੁਬਈ ਦੇ ਨੇੜੇ ਸਮੁੰਦਰ ਵਿਚ ਤਕਰੀਬਨ 100 ਭਾਰਤੀ ਨਾਗਰਿਕ ਫਸੇ ਹੋਏ ਹਨ। ਇਨ੍ਹਾਂ ਭਾਰਤੀਆਂ ਨੇ ਦੁਬਈ ਸਥਿਤ ਭਾਰਤੀ ਹਾਈ ਕਮਿਸ਼ਨ ਨੂੰ ਮਦਦ ਦੀ ਅਪੀਲ ਕੀਤੀ ਹੈ। 22 ਸਮੁੰਦਰੀ ਜਹਾਜ਼ਾਂ ਦੇ ਦਸਤਿਆਂ ਦੇ 100 ਦੇ ਕਰੀਬ ਅਮਲੇ ਦੇ ਲੋਕ ਸਮੁੰਦਰ ਵਿਚ ਫਸੇ ਹੋਏ ਹਨ। ਭਾਰਤੀਆਂ ਤੋਂ ਇਲਾਵਾ ਜਹਾਜ਼ ਵਿਚ ਸ੍ਰੀਲੰਕਾ, ਫਿਲੀਪੀਨਜ਼, ਮਿਆਂਮਾਰ ਤੇ ਪਾਕਿਸਤਾਨ ਦੇ ਨਾਗਰਿਕ ਵੀ ਹਨ। ਚਾਲਕ ਅਮਲੇ ਦੇ ਲੋਕਾਂ ਨੂੰ ਘੱਟ ਤਨਖਾਹ, ਘਟੀਆ ਖਾਣਾ, ਸਾਫ ਪਾਣੀ ਨਾ ਮਿਲਣਾ ਦੀ ਸ਼ਿਕਾਇਤ ਦੂਤਾਵਾਸ ਨੂੰ ਕੀਤੀ ਹੈ। ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਨੂੰ ਕਈ ਮਹੀਨੇ ਤੋਂ ਤਨਖਾਹ ਵੀ ਨਹੀਂ ਮਿਲ ਰਹੀ। ਦੂਜੇ ਪਾਸੇ ਭਾਰਤੀ ਹਾਈ ਕਮਿਸ਼ਨ ਦਾ ਕਹਿਣਾ ਹੈ ਕਿ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਈ ਕਮਿਸ਼ਨ ਅਨੁਸਾਰ ਜਹਾਜ਼ ਦੇ ਮਾਲਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਹਾਈ ਕਮਿਸ਼ਨ ਦੇ ਅਧਿਕਾਰੀ ਵਿਪੁਲ ਅਨੁਸਾਰ ਭਾਰਤੀਆਂ ਨੂੰ ਖਾਣਪੀਣ ਤੇ ਹੋਰ ਜ਼ਰੂਰੀ ਸਾਮਾਨ ਪਹੁੰਚ ਦਿੱਤਾ ਗਿਆ ਹੈ।



## ਆਸਟਰੇਲੀਆ 'ਚ ਪੰਜਾਬੀ ਵਿਦਿਆਰਥੀ 'ਤੇ ਹਮਲਾ

**ਬ੍ਰਿਸਬੇਨ:** ਆਸਟਰੇਲੀਆ ਦੇ ਸ਼ਹਿਰ ਪਰਥ ਵਿਚ ਇਕ ਗੋਰੇ ਵੱਲੋਂ ਪੰਜਾਬੀ ਵਿਦਿਆਰਥੀ 'ਤੇ ਹਮਲਾ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਇਥੇ ਮੈਨੇਜਮੈਂਟ ਦਾ ਵਿਦਿਆਰਥੀ ਪ੍ਰਭਜੀਤ ਸੰਧੂ ਪੜ੍ਹਾਈ ਦੇ ਨਾਲ-ਨਾਲ ਉਬਰ ਟੈਕਸੀ ਚਲਾਉਂਦਾ ਹੈ। ਜਦੋਂ ਉਹ ਕੰਮ ਤੋਂ ਬਾਅਦ ਰਾਤ ਨੂੰ ਫਲੈਟ ਪਹੁੰਚਿਆ ਤਾਂ ਵੇਖਿਆ ਕਿ ਉਚੀ ਆਵਾਜ਼ ਵਿਚ ਗਾਣੇ ਚੱਲ ਰਹੇ ਸਨ। ਪ੍ਰਭਜੀਤ ਅਨੁਸਾਰ ਜ਼ਿਆਦਾ ਆਵਾਜ਼ ਕਾਰਨ ਇਤਰਾਜ਼ ਕਰਨ ਉਤੇ ਗੋਰੇ ਨੇ ਉਸ 'ਤੇ ਹਮਲਾ ਕਰ ਦਿੱਤਾ। ਉਸ ਨੇ ਪ੍ਰਭਜੀਤ ਦੀ ਅੱਖ ਅਤੇ ਸਿਰ ਉਤੇ ਡੂੰਘੀਆਂ ਸੱਟਾਂ ਮਾਰੀਆਂ। ਪ੍ਰਭਜੀਤ ਨੇ ਕਿਹਾ ਕਿ ਉਹ ਅਤੇ ਉਸ ਦਾ ਪਰਿਵਾਰ ਇਸ ਘਟਨਾ ਤੋਂ ਬਾਅਦ ਚਿੰਤਾ 'ਚ ਹਨ ਅਤੇ ਉਹ ਵਤਨ ਵਾਪਸੀ ਲਈ ਸੋਚ ਰਿਹਾ ਹੈ।

# ਪੁਲਿਸ ਅਧਿਕਾਰੀਆਂ ਦੁਆਲੇ ਘੁੰਮਣ ਲੱਗੀ ਬਰਗਾੜੀ ਕਾਂਡ ਦੀ ਜਾਂਚ

**ਚੰਡੀਗੜ੍ਹ:** ਬਰਗਾੜੀ ਕਾਂਡ ਅਤੇ ਬੇਅਦਬੀ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰ ਰਹੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਕਮਿਸ਼ਨ ਨੇ 60 ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਸੰਮਨ ਜਾਰੀ ਕੀਤੇ ਹਨ।

ਪਤਾ ਲੱਗਿਆ ਹੈ ਕਿ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਦੋ ਮੌਜੂਦਾ ਐਸ.ਐਸ.ਪੀ. ਅਤੇ ਇਕ ਤਤਕਾਲੀ ਡਿਪਟੀ ਕਮਿਸ਼ਨਰ ਨੂੰ ਬਿਆਨ ਦਰਜ ਕਰਵਾਉਣ ਲਈ ਕਿਹਾ ਗਿਆ ਹੈ। ਸਾਰੇ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਜੁਲਾਈ ਦੇ ਪਹਿਲੇ ਹਫਤੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਪਤਾ ਲੱਗਿਆ ਹੈ ਕਿ ਆਈ.ਜੀ. ਅਤੇ ਇਕ ਹੋਰ ਅਧਿਕਾਰੀ ਨੂੰ ਦੂਜੀ ਵਾਰ ਸੰਮਨ ਜਾਰੀ ਕੀਤੇ ਗਏ ਹਨ ਕਿਉਂਕਿ ਪਿਛਲੀ ਪੇਸ਼ੀ ਨੂੰ ਉਹ ਹਾਜ਼ਰ ਨਹੀਂ ਹੋਏ ਸਨ। ਬਰਗਾੜੀ ਕਾਂਡ ਦੌਰਾਨ ਚਰਚਾ ਵਿਚ ਰਹੇ ਮੋਗਾ ਦੇ ਸੇਵਾ ਮੁਕਤ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਅਜੇ ਸੰਮਨ ਜਾਰੀ ਨਹੀਂ ਕੀਤੇ ਗਏ। ਇਸ ਕਾਂਡ ਦੌਰਾਨ ਧਰਨੇ ਉਤੇ ਬੈਠੇ ਦੋ ਜਣੇ ਪੁਲਿਸ ਗੋਲੀਬਾਰੀ ਵਿਚ ਮਾਰੇ ਗਏ ਸਨ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਬਰਗਾੜੀ ਕਾਂਡ ਦੀ ਜਾਂਚ ਲਈ ਜ਼ੋਰਾ ਸਿੰਘ ਕਮਿਸ਼ਨ ਕਾਇਮ ਕੀਤਾ ਸੀ, ਜਿਸ ਨੇ ਆਪਣੀ ਜਾਂਚ ਵਿਚ ਕਿਹਾ ਸੀ ਕਿ ਗੋਲੀਬਾਰੀ ਅਤੇ ਅਣਗਹਿਲੀ ਲਈ ਪੁਲੀਸ ਜ਼ਿੰਮੇਵਾਰ ਹੈ ਪਰ ਉਨ੍ਹਾਂ ਕਿਸੇ ਵੀ ਪੁਲਿਸ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਨਹੀਂ ਸੀ ਕੀਤੀ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਐਲਾਨ ਕੀਤਾ ਸੀ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਉਤੇ ਬਰਗਾੜੀ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਲਈ ਕਮਿਸ਼ਨ ਕਾਇਮ ਕੀਤਾ ਜਾਵੇਗਾ ਤੇ ਕੈਪਟਨ ਨੇ ਸੱਤਾ ਸੰਭਾਲਣ ਤੋਂ ਇਕ ਮਹੀਨੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਰਣਜੀਤ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਕਾਇਮ ਕਰ ਦਿੱਤਾ ਸੀ।



# ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਦੇ 150ਵੇਂ ਦਿਵਸ ਮੌਕੇ ਵਧਾਈ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ 150ਵੇਂ ਦਿਵਸ ਮੌਕੇ ਇਥੋਂ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ ਅਤੇ ਇਸ ਨੂੰ ਦੇਸ਼ ਦੀ ਤਰੱਕੀ ਦੇ ਸਫਰ ਦਾ ਇਕ ਇਤਿਹਾਸਕ ਮੌਕਾ ਦੱਸਿਆ ਹੈ, ਜਿਸ ਵਿਚ ਪੰਜਾਬੀ ਅਤੇ ਭਾਰਤੀ ਭਾਈਚਾਰੇ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੈਨੇਡਾ ਦੇ ਲੋਕਾਂ ਨੂੰ ਭੇਜੇ ਇਕ ਸੰਦੇਸ਼ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਕੈਨੇਡਾ ਦਾ ਸੰਵਿਧਾਨਿਕ ਐਕਟ ਪਹਿਲੀ ਜੁਲਾਈ 1867 ਨੂੰ ਬਣਿਆ, ਜਿਸ ਨੇ ਦੁਨੀਆਂ ਭਰ ਵਿਚ ਸਭ ਤੋਂ ਵੱਧ ਚਮਕਦੇ ਸਿਤਾਰੇ ਦੀ ਬੁਨਿਆਦ ਰੱਖੀ। ਮੁੱਖ ਮੰਤਰੀ ਨੇ ਕੈਨੇਡਾ ਵਿਚ ਵਸਦੇ ਭਾਰਤੀ ਭਾਈਚਾਰੇ ਨੂੰ ਵਿਸ਼ੇਸ਼ ਵਧਾਈ ਭੇਜਦੇ ਹੋਏ ਕਿਹਾ ਹੈ ਕਿ ਉਹ ਇਸ ਪੱਛਮੀ ਦੇਸ਼ ਦੀ ਪ੍ਰਗਤੀ ਦਾ ਅਨਿੱਖੜਵਾਂ ਅੰਗ ਹਨ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੈਨੇਡਾ ਕਨਫੈਡਰੇਸ਼ਨ ਦੇ 150 ਸਾਲਾ ਦਿਵਸ 'ਤੇ ਕੈਨੇਡਾ ਸਰਕਾਰ ਅਤੇ ਉਥੇ ਵਸਦੇ ਪੰਜਾਬੀ ਭਾਈਚਾਰੇ ਨੂੰ ਵਧਾਈ ਦਿੱਤੀ ਹੈ।

# ਰਾਜੇਵਾਲ ਤੇ ਲੱਖੋਵਾਲ ਸਾਂਝੇ ਸੰਘਰਸ਼ ਲਈ ਸਹਿਮਤ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਅਤੇ ਲੱਖੋਵਾਲ ਦੇ ਧੜਿਆਂ ਨੇ ਇਕਜੁੱਟ ਹੋ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਦੋਵਾਂ ਯੂਨੀਅਨਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਕਿਸਾਨੀ ਹਿੱਤਾਂ ਨੂੰ ਮੁੱਖ ਰੱਖ ਕੇ ਭਵਿੱਖ ਵਿਚ ਦੋਵੇਂ ਗਰੁੱਪ ਆਪਸੀ ਸਹਿਮਤੀ ਨਾਲ ਕਿਸਾਨ ਸੰਘਰਸ਼ ਵਿਚ ਇਕ-ਦੂਜੇ ਦਾ ਡਟ ਕੇ ਸਾਥ ਦੇਣਗੇ। ਸੰਘਰਸ਼ ਦੀ ਰੂਪ ਰੇਖਾ ਲਈ ਦੋਵਾਂ ਗਰੁੱਪਾਂ ਦੇ ਆਗੂਆਂ ਦੀ ਤਾਲਮੇਲ ਕਮੇਟੀ ਬਣਾਈ ਜਾਵੇਗੀ। ਮੀਟਿੰਗ ਵਿਚ ਕੇਂਦਰ ਸਰਕਾਰ ਵੱਲੋਂ ਖਾਦਾਂ, ਕੀੜੇਮਾਰ ਦਵਾਈਆਂ ਅਤੇ ਖੇਤੀ ਮਸ਼ੀਨਰੀ ਉਤੇ ਲਾਏ ਜੀ.ਐਸ.ਟੀ. ਦੀ ਨਿੰਦਾ ਕੀਤੀ ਗਈ। ਆਗੂਆਂ ਨੇ ਕਿਹਾ ਕਿ ਪਹਿਲਾਂ ਹੀ ਆਰਥਿਕ ਸੰਕਟ ਵਿਚ ਫਸੀ ਖੇਤੀ ਬਰਬਾਦੀ ਦੇ ਮੂੰਹ ਧੱਕ ਦਿੱਤੀ ਗਈ ਹੈ।

ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 13 ਜੁਲਾਈ ਨੂੰ ਸਾਂਝੇ ਤੌਰ ਉਤੇ ਖੇਤੀ ਨੂੰ ਜੀ.ਐਸ.ਟੀ. ਤੋਂ ਬਾਹਰ ਰੱਖਣ ਦੀ ਮੰਗ ਨੂੰ ਲੈ ਕੇ ਸਾਰੇ ਪੰਜਾਬ ਵਿਚ ਐਸ.ਡੀ.ਐਮ. ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਕੈਪਟਨ ਸਰਕਾਰ ਕਿਸਾਨਾਂ ਨਾਲ ਕੀਤੇ ਕਰਜ਼ਾ ਮੁਆਫੀ ਦੇ ਵਾਅਦੇ ਨੂੰ ਲਮਕਾਉਣ ਦੇ ਰਾਹ ਪਈ ਹੋਈ ਹੈ।

ਸਰਕਾਰ ਦੇ ਇਸ ਢਿੱਲ-ਮੱਠ ਵਾਲੇ ਵਤੀਰੇ ਦੀ ਨਿੰਦਾ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਕਿਸਾਨਾਂ ਦੇ ਸਮੁੱਚੇ ਕਰਜ਼ੇ ਉਤੇ ਲਕੀਰ ਫੇਰੀ ਜਾਵੇ। ਇਕ ਮਤੇ ਵਿਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਿਸਾਨਾਂ ਦਾ ਪਿਛਲੀ ਗੰਨੇ ਦੀ ਫਸਲ ਦਾ ਖੰਡ ਮਿੱਲਾਂ ਵੱਲ 130 ਕਰੋੜ ਰੁਪਏ ਬਕਾਇਆ ਖੜ੍ਹਾ ਹੈ। ਸਰਕਾਰ ਤੁਰਤ ਦਖਲ ਦੇ ਕੇ ਗੰਨੇ ਦੇ ਕੀਮਤ ਦੀ ਕਿਸਾਨਾਂ ਨੂੰ ਅਦਾਇਗੀ ਕਰਵਾਏ।

# ਧਰਤੀ ਹੇਠਲੇ ਮਾੜੇ ਪਾਣੀ ਨੇ ਵਧਾਈ ਪੰਜਾਬੀਆਂ ਦੀ ਚਿੰਤਾ

**ਚੰਡੀਗੜ੍ਹ:** ਪੰਜਾਬ ਵਿਚ ਦੂਸ਼ਿਤ ਪਾਣੀ ਪੀਣ ਕਾਰਨ ਲੱਗਣ ਵਾਲੀਆਂ ਬਿਮਾਰੀਆਂ ਵਿਚ ਇਕਦਮ ਵਾਧਾ ਹੋਇਆ ਹੈ। ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਪੇਚਸ਼ ਤੇ ਅੰਤੜੀ ਸੋਜ਼ਸ਼ ਦੇ ਮਰੀਜ਼ ਵੱਡੀ ਗਿਣਤੀ ਵਿਚ ਹਸਪਤਾਲਾਂ ਵਿਚ ਪੁੱਜ ਰਹੇ ਹਨ। ਲੁਧਿਆਣਾ ਦੇ ਗਿਆਸਪੁਰਾ ਖੇਤਰ ਵਿਚ ਪੇਚਸ਼ ਫੈਲਣ ਅਤੇ ਇਹ ਘਟਨਾਕ੍ਰਮ ਸਿਆਸੀ ਮੁੱਦਾ ਬਣਨ ਮਗਰੋਂ ਹੁਣ ਪੂਰੇ ਸਾਹਨੇਵਾਲ ਬਲਾਕ ਵਿਚ ਅਜਿਹੀਆਂ ਮਰਜ਼ਾਂ ਫੈਲਣ ਦੇ ਖਤਰੇ ਦੀਆਂ ਰਿਪੋਰਟਾਂ ਮੀਡੀਆ ਵਿਚ ਆਈਆਂ ਹਨ।

ਫਾਜ਼ਿਲਕਾ ਤੇ ਫਿਰੋਜ਼ਪੁਰ ਵਿਚ ਵੀ 175 ਦੇ ਕਰੀਬ ਅਜਿਹੇ ਮਰੀਜ਼ ਹਸਪਤਾਲਾਂ ਵਿਚ ਪਹੁੰਚੇ ਹਨ। ਸੂਬਾਈ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਰਮੀਆਂ ਦੀ ਆਮਦ ਦੇ ਨਾਲ ਹੀ ਪੇਚਸ਼, ਅੰਤੜੀ ਸੋਜ ਤੇ ਅਜਿਹੀਆਂ ਹੋਰ ਮਰਜ਼ਾਂ ਦਾ ਪਾਸਾਰ ਰੋਕਣ ਅਤੇ ਸਰਕਾਰੀ ਹਸਪਤਾਲਾਂ ਤੇ



ਡਿਸਪੈਂਸਰੀਆਂ ਵਿਚ ਇਨ੍ਹਾਂ ਰੋਗਾਂ ਦੇ ਮਰੀਜ਼ਾਂ ਦੇ ਇਲਾਜ ਲਈ ਪੇਸ਼ਗੀ ਪ੍ਰਬੰਧ ਕੀਤੇ ਜਾਂਦੇ ਹਨ। ਅਜਿਹੇ ਪੇਸ਼ਗੀ ਪ੍ਰਬੰਧਾਂ ਦੇ ਬਾਵਜੂਦ ਫਿਲੌਰ ਇਲਾਕੇ ਵਿਚ ਪੇਚਸ਼ ਕਾਰਨ ਦੋ ਮੌਤਾਂ ਹੋਣਾ ਤੇ 300 ਤੋਂ ਵੱਧ ਲੋਕਾਂ ਦੇ ਬਿਮਾਰ ਹੋਣ ਬਾਰੇ ਪਤਾ ਲੱਗਾ ਹੈ। ਮੁਕਤਸਰ ਜ਼ਿਲ੍ਹੇ ਵਿਚ ਸਿਹਤ ਅਧਿਕਾਰੀਆਂ ਵੱਲੋਂ ਪਰਖੇ ਗਏ ਪਾਣੀ ਦੇ 45 ਨਮੂਨਿਆਂ ਵਿਚੋਂ 23 ਪੀਣ ਦੇ ਯੋਗ ਨਹੀਂ ਨਿਕਲੇ। ਇਹ ਨਮੂਨੇ ਜ਼ਮੀਨਦੋਜ਼ ਪਾਣੀ, ਨਹਿਰੀ ਪਾਣੀ ਅਤੇ ਸਕੂਲਾਂ ਤੇ ਜਨਤਕ ਥਾਵਾਂ ਉਤੇ ਉਪਲੱਬਧ ਆਰ.ਓ. ਵਾਲੇ ਪਾਣੀ ਤੋਂ ਲਏ ਗਏ ਸਨ। ਜਿਵੇਂ ਮੁਕਤਸਰ ਵਿਚ ਜ਼ਮੀਨ ਹੇਠਲਾ ਪਾਣੀ ਖਾਰਾ ਹੋਣ ਜਾਂ ਸ਼ੋਰਾ ਜ਼ਿਆਦਾ ਹੋਣ ਦੀ ਸ਼ਿਕਾਇਤ ਆਮ ਹੈ, ਉਸੇ ਤਰ੍ਹਾਂ ਦੀ ਸਥਿਤੀ ਮਾਲਵਾ ਤੇ ਪੁਆਧ ਦੇ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਹੈ।

ਦੂਸ਼ਿਤ ਪਾਣੀ ਕਾਰਨ ਹੈਪੇਟਾਈਟਿਸ 'ਸੀ' ਦੇ ਮਰੀਜ਼ਾਂ ਦੀ ਤਾਦਾਦ ਲਗਾਤਾਰ ਵਧਦੀ ਜਾ ਰਹੀ ਹੈ। ਇਹ ਸਮੱਸਿਆ ਸਿਰਫ ਧਰਤੀ ਹੇਠਲੇ ਪਾਣੀ ਤੱਕ ਹੀ ਸੀਮਤ ਨਹੀਂ ਸਗੋਂ ਨਹਿਰੀ ਪਾਣੀ ਦੇ ਵੱਧ ਦੂਸ਼ਿਤ ਹੋਣ ਦੀਆਂ ਰਿਪੋਰਟਾਂ ਹਨ।

## ਨਾਭਾ ਰਿਆਸਤ ਦੇ 'ਮਹਾਰਾਜੇ' ਦਾ ਦੇਹਾਂਤ

**ਨਾਭਾ:** ਨਾਭਾ ਰਿਆਸਤ ਦੇ 9ਵੇਂ ਮਹਾਰਾਜਾ ਹਨੂੰਮੰਤ ਸਿੰਘ ਦਾ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਮਹਾਰਾਜਾ ਹਨੂੰਮੰਤ ਸਿੰਘ ਨੇ ਆਪਣੇ ਅੰਤਿਮ ਸਾਹ ਹਰਿਦੁਆਰ ਵਿਚ ਲਏ ਅਤੇ ਉਹ 65 ਸਾਲਾਂ ਦੇ ਸਨ।

ਮਹਾਰਾਜਾ ਹਨੂੰਮੰਤ ਸਿੰਘ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਪੋਤਰੇ ਅਤੇ ਮਹਾਰਾਜਾ ਪ੍ਰਤਾਪ ਸਿੰਘ ਦੇ ਪੁੱਤਰ ਸਨ। ਅੱਜ ਕੱਲ੍ਹ ਉਹ ਦਿੱਲੀ ਵਿਚ ਰਹਿ ਰਹੇ ਸਨ। ਮਹਾਰਾਜੇ ਦੇ ਦੇਹਾਂਤ ਦੀ ਖਬਰ ਤੋਂ ਬਾਅਦ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ।

# ਪੀ.ਸੀ.ਐਸ. ਸੈਕਰਾਮੈਂਟੋ ਦਾ 'ਤੀਆਂ ਦਾ ਮੇਲਾ' 6 ਅਗਸਤ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਦਾ 'ਤੀਆਂ ਦਾ ਮੇਲਾ' ਆਉਂਦੀ 6 ਅਗਸਤ ਨੂੰ ਇਥੇ ਲੂਥਰ ਬਰਬੈਂਕ ਹਾਈ ਸਕੂਲ (3500 ਫਲੋਰਿਨ ਰੋਡ) ਵਿਖੇ ਦੁਪਹਿਰ ਇਕ ਵਜੇ ਤੋਂ ਹੋਵੇਗਾ। ਸੰਸਥਾ ਦਾ ਇਹ 18ਵਾਂ 'ਤੀਆਂ ਦਾ ਮੇਲਾ' ਹੈ।

ਮੇਲੇ ਵਿਚ ਗਿੱਧਾ, ਭੰਗੜਾ, ਡਾਂਸ, ਸਕਿੱਟ, ਲਾਈਵ ਬੋਲੀਆਂ ਪੇਸ਼ ਕੀਤੀਆਂ ਜਾਣਗੀਆਂ। ਮੇਲੇ ਲਈ ਕੋਈ ਟਿਕਟ ਨਹੀਂ ਹੈ ਅਤੇ ਹਰ ਉਮਰ ਦੀ ਬੀਬੀ ਹਿੱਸਾ ਲੈ ਸਕਦੀ ਹੈ। ਇਸ ਮੌਕੇ ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ। ਮੇਲੇ 'ਚ ਹਿੱਸਾ ਲੈਣ ਅਤੇ ਸਟਾਲ ਲਾਉਣ ਲਈ ਮਨਦੀਪ ਫਰਵਾਲਾ 916-212-1826, ਪਰਦੀਪ ਪੂਨੀ 916-308-7889 ਜਾਂ ਬਲਦੇਵ ਕੌਰ 916-996-2010 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਸੰਸਥਾ ਪਿਛਲੇ 28 ਸਾਲਾਂ ਤੋਂ ਵਿਸਾਖੀ ਮੇਲਾ ਕਰਵਾਉਂਦੀ ਆ ਰਹੀ ਹੈ। ਪ੍ਰਬੰਧਕਾਂ ਅਨੁਸਾਰ ਸੰਸਥਾ ਦਾ ਮਕਸਦ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ, ਬੋਲੀ, ਪਹਿਰਾਵੇ ਅਤੇ ਗੀਤ-ਸੰਗੀਤ ਨਾਲ ਜੋੜੀ ਰੱਖਣਾ ਹੈ।



*ਪਿਛਲੇ ਸਾਲ ਦੇ ਮੇਲੇ ਦਾ ਇਕ ਦ੍ਰਿਸ਼*

# ਪਾਬੰਦੀ ਦਾ ਸਲਾਹੁਦੀਨ 'ਤੇ ਕੋਈ ਫਰਕ ਨਹੀਂ

**ਨਵੀਂ ਦਿੱਲੀ:** ਅਮਰੀਕਾ ਵੱਲੋਂ ਹਿਜ਼ਬੁਲ ਮੁਜਾਹਦੀਨ ਦੇ ਮੁਖੀ ਸਈਦ ਸਲਾਹੁਦੀਨ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਦਾ ਪਾਕਿਸਤਾਨ 'ਤੇ ਕੋਈ ਅਸਰ ਨਹੀਂ ਹੋਇਆ। ਇਸ ਦੀ ਤਾਜ਼ਾ ਮਿਸਾਲ ਉਦੋਂ ਮਿਲੀ ਜਦੋਂ ਹਿਜ਼ਬੁਲ ਦੇ ਅਤਿਵਾਦੀ ਦਾ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫਰਾਬਾਦ ਵਿਚ ਭਰਵਾਂ ਸਵਾਗਤ ਕੀਤਾ ਗਿਆ। ਅਮਰੀਕਾ ਵੱਲੋਂ ਸਲਾਹੁਦੀਨ ਨੂੰ ਅੰਤਰਰਾਸ਼ਟਰੀ ਅਤਿਵਾਦੀ ਐਲਾਨਣ ਦੇ ਕੁਝ ਦਿਨਾਂ ਬਾਅਦ ਹੀ ਮੁਜ਼ੱਫਰਾਬਾਦ 'ਚ ਕੀਤੇ ਭਰਵੇਂ ਸਵਾਗਤ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਸਲਾਹੁਦੀਨ ਦਾ ਸੈਂਕੜੇ ਸਮਰਥਕਾਂ ਦੀ ਭੀੜ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।

ਅਮਰੀਕਾ ਵੱਲੋਂ ਇਹ ਦਰਜਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਮੁਲਾਕਾਤ ਤੋਂ ਕੁਝ ਸਮਾਂ ਪਹਿਲਾਂ ਦਿੱਤਾ ਗਿਆ। ਅਮਰੀਕੀ ਪ੍ਰਸ਼ਾਸਨ ਦੀ ਇਸ ਕਾਰਵਾਈ ਨਾਲ ਸਈਦ ਸਲਾਹੁਦੀਨ ਵੀ ਲਸ਼ਕਰ-ਏ-ਤਾਇਬਾ ਦੇ ਮੁਖੀ ਹਾਫਿਜ਼ ਸਈਦ ਤੇ ਦਾਊਦ ਇਬਰਾਹਿਮ ਵਾਲੀ ਕੌਮਾਂਤਰੀ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ।









# ਬਰਤਾਨੀਆ ਨੇ ਕੀਤੀ ਸੀ ਜਲ੍ਹਿਆਂਵਾਲਾ ਬਾਗ ਪੀੜਤਾਂ ਦੀ ਮਦਦ

**ਚੰਡੀਗੜ੍ਹ:** ਪੰਜਾਬ ਪੁਰਾਤਤਵ ਨੂੰ ਡਿਜੀਟਲ ਰੂਪ ਦੇਣ ਪਿੱਛੋਂ ਮਿਲੇ ਦਸਤਾਵੇਜ਼ਾਂ ਵਿਚ ਪਤਾ ਲੱਗਾ ਹੈ ਕਿ ਬਰਤਾਨੀਆ ਨੇ ਜਲ੍ਹਿਆਂਵਾਲਾ ਬਾਗ ਸਾਕੇ ਦੇ ਪੀੜਤ ਪਰਿਵਾਰਾਂ ਲਈ 'ਖੁੱਲ੍ਹੇ ਦਿਲ ਨਾਲ' ਮੁਆਵਜ਼ਾ ਐਲਾਨਿਆ ਸੀ। ਕਰਨਲ ਰੈਗੀਨਲਡ ਡਾਇਰ ਦੇ ਹੁਕਮਾਂ 'ਤੇ ਹੋਏ ਇਸ ਸਾਕੇ ਦੇ ਜ਼ਖ਼ਮੀਆਂ ਨੂੰ ਵੀ ਮੁਆਵਜ਼ਾ ਦਿੱਤਾ ਗਿਆ ਸੀ।ਕੁਝ ਦਿਹਾੜੀਦਾਰਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਇਕ ਕਾਰੋਬਾਰੀ, ਜਿਸ ਦੀ ਸਾਲਾਨਾ ਆਮਦਨ 9 ਹਜ਼ਾਰ ਰੁਪਏ ਆਂਕੀ ਗਈ ਸੀ, ਦੇ ਪਰਿਵਾਰ ਲਈ 1.01 ਲੱਖ ਰੁਪਏ ਮੁਆਵਜ਼ਾ ਐਲਾਨਿਆ ਸੀ। ਬਰਤਾਨੀਆ ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ 1592155 ਰੁਪਏ ਅਤੇ ਜ਼ਖ਼ਮੀਆਂ ਲਈ 350762 ਰੁਪਏ ਨੂੰ ਮਨਜ਼ੂਰੀ ਦਿੱਤੀ ਸੀ।

ਸਰਕਾਰੀ ਰਿਕਾਰਡ ਮੁਤਾਬਕ ਕੁੱਲ 376 ਮੌਤਾਂ ਹੋਈਆਂ ਸਨ ਅਤੇ ਸਿਰਫ 218 ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ। ਭਾਵੇਂ ਖੁੱਲ੍ਹੇ ਦਿਲ ਨਾਲ ਮੁਆਵਜ਼ਾ ਐਲਾਨਿਆ ਗਿਆ ਸੀ ਪਰ ਫਰਵਰੀ 1921 ਤੱਕ ਅੰਮ੍ਰਿਤਸਰ ਸ਼ਹਿਰ ਦੇ 19 ਪਰਿਵਾਰਾਂ, ਤਰਨ ਤਾਰਨ ਤਹਿਸੀਲ ਦੇ 13 ਅਤੇ ਅਜਨਾਲਾ ਤਹਿਸੀਲ ਦੇ ਸੱਤ ਪਰਿਵਾਰਾਂ ਨੂੰ ਮਹਿਜ਼ 14150 ਰੁਪਏ ਮੁਆਵਜ਼ਾ ਦਿੱਤਾ ਗਿਆ। ਬਰਤਾਨੀਆ ਦੇ ਪ੍ਰਸ਼ਾਸਨ ਵਾਲੇ ਪੰਜਾਬ ਦੇ ਗ੍ਰਹਿ ਵਿਭਾਗ ਦੀਆਂ ਚਾਰ ਫਾਈਲਾਂ (1920 ਤੋਂ 1922) ਵਿਚ ਇਹ ਤੱਥ ਦਰਜ ਹਨ, ਜੋ ਚੰਡੀਗੜ੍ਹ ਸਥਿਤ ਪੰਜਾਬ ਡਿਜੀਟਲ ਲਾਇਬ੍ਰੇਰੀ (ਪੀ.ਡੀ.ਐਲ.) ਦੇ ਸਟਾਫਰਾਂ ਨੇ ਸਰਕਾਰੀ ਦਸਤਾਵੇਜ਼ਾਂ ਨੂੰ ਡਿਜੀਟਲ ਰੂਪ ਦਿੱਤੇ ਜਾਣ ਦੌਰਾਨ ਲੱਭੇ ਸਨ।

ਪੀ.ਡੀ.ਐਲ. ਦੇ ਐਗਜ਼ੀਕਿਊਟਵ ਡਾਇਰੈਕਟਰ ਦਵਿੰਦਰ ਸਿੰਘ ਨੇ ਕਿਹਾ, 'ਕੀ ਅਸੀਂ ਸੋਚ ਸਕਦੇ ਹਾਂ ਕਿ ਬਰਤਾਨੀਆ ਸਾਮਰਾਜ ਜਲ੍ਹਿਆਂਵਾਲਾ ਬਾਗ ਪੀੜਤਾਂ ਨੂੰ ਮੁਆਵਜ਼ਾ ਵੀ ਦੇ ਸਕਦਾ ਹੈ? ਇਹ 300 ਸਫੇ ਅਣਗੌਲੇ ਤੱਥ ਬਾਰੇ ਦਸਤਾਵੇਜ਼ੀ ਸਬੂਤ ਪੇਸ਼ ਕਰਦੇ ਹਨ। ਪੰਜਾਬ ਪੁਰਾਤਤਵ ਵਿਚ ਇਸ ਤਰ੍ਹਾਂ ਦੇ ਲੱਖਾਂ ਸਫੇ ਹਨ, ਜਿਨ੍ਹਾਂ 'ਚ ਸਾਡੇ ਬੀਤੇ ਬਾਰੇ ਬਹੁਮੁੱਲੀ ਜਾਣਕਾਰੀ ਲੁਕੀ ਹੋਈ ਹੈ। ਭਾਵੇਂ ਮੁਆਵਜ਼ੇ ਦੇ ਹੁਕਮ ਦੇਣ ਪਿਛਲੇ ਕਾਰਨਾਂ ਬਾਰੇ ਇਹ ਫਾਈਲਾਂ ਚੁੱਪ ਹਨ ਪਰ ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਸ਼ਾਸਕ 200 ਤੋਂ 600 ਰੁਪਏ ਵਿਚਕਾਰ ਮੁਆਵਜ਼ਾ ਦੇਣ ਤੋਂ ਸੰਤੁਸ਼ਟ ਸਨ। ਨੌਂ ਫਰਵਰੀ, 1921 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਚ.ਡੀ. ਕਰਾਇਕ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਇਕ ਗੁਪਤ ਪੱਤਰ ਭੇਜਿਆ, ਜਲ੍ਹਿਆਂਵਾਲਾ ਬਾਗ 'ਚ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ 13050 ਰੁਪਏ ਵੰਡੇ ਜਾ ਚੁੱਕੇ ਹਨ। ਹੁਣ ਤੱਕ ਸਿਰਫ ਦੋ ਜ਼ਖ਼ਮੀਆਂ ਨੂੰ ਮੁਆਵਜ਼ਾ (1100 ਰੁਪਏ) ਦਿੱਤਾ ਗਿਆ ਹੈ। ਅਪਾਹਜ ਹੋਏ ਵਿਅਕਤੀਆਂ ਨੂੰ ਵੰਡਣ ਲਈ ਹਾਲ ਹੀ ਪੰਜ ਹਜ਼ਾਰ ਰੁਪਏ ਜਾਰੀ ਹੋਏ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਦੇ ਮੁਖੀ ਤੇ ਸੇਵਾ ਮੁਕਤ ਪ੍ਰੋਫੈਸਰ ਡਾ. ਹਰੀਸ਼ ਸ਼ਰਮਾ ਨੇ ਦੱਸਿਆ, 'ਇਹ ਸੱਚ ਹੈ ਕਿ ਬਰਤਾਨੀਆ ਨੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਸੀ ਪਰ ਇਸ ਸਾਕੇ ਦੇ ਇਸ ਪੱਖ ਉਤੇ ਵਿਸਥਾਰ ਨਾਲ ਰੌਸ਼ਨੀ ਪਾਉਣ ਵਾਲਾ ਕੋਈ ਖੋਜ ਪੱਤਰ ਜਾਂ ਕਿਤਾਬ ਮੈਨੂੰ ਕਦੇ ਨਹੀਂ ਮਿਲੀ। ਆਜ਼ਾਦੀ ਸੰਗਰਾਮ ਦੇ ਇਤਿਹਾਸ ਦਾ ਇਹ ਤੱਥ ਕਦੇ ਹਿੱਸਾ ਨਹੀਂ ਬਣਿਆ।'



## ਮੁਆਵਜ਼ੇ ਤੋਂ ਵਾਂਝੇ ਪੀੜਤ ਵੱਲੋਂ ਹਾਈ ਕੋਰਟ ਪਹੁੰਚ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ 98 ਸਾਲ ਪਹਿਲਾਂ ਵਾਪਰੇ ਜਲ੍ਹਿਆਂਵਾਲਾ ਬਾਗ ਕਾਂਡ ਦੀ ਗੂੰਜ ਉਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸੁਣਾਈ ਦਿੱਤੀ, ਜਦੋਂ ਇਕ ਸੁਤੰਤਰਤਾ ਸੈਨਾਨੀ ਨੇ ਇਸ ਕਾਂਡ ਦੌਰਾਨ ਆਪਣੇ ਦਾਦੇ ਦੀ ਮੌਤ ਲਈ ਮੁਆਵਜ਼ੇ ਦੀ ਮੰਗ ਕੀਤੀ।

ਪਟੀਸ਼ਨਰ ਮੋਹਨ ਸਿੰਘ ਨੇ ਦਲੀਲ ਦਿੱਤੀ ਕਿ ਉਸ ਨੂੰ ਮੁਆਵਜ਼ੇ ਦਾ ਭੁਗਤਾਨ ਕੀਤਾ ਜਾਵੇ ਕਿਉਂਕਿ ਉਹ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਮਾਰੇ ਗਏ ਈਸ਼ਰ ਸਿੰਘ ਦਾ ਪੋਤਾ ਹੈ। ਉਨ੍ਹਾਂ ਕਿਹਾ ਕਿ ਉਸ ਦਾ ਦਾਦਾ 15-16 ਹੋਰ ਪਿੰਡ ਵਾਸੀਆਂ ਨਾਲ ਜਲ੍ਹਿਆਂਵਾਲਾ ਬਾਗ ਵਿਚ ਇਕੱਠ ਵਿਚ ਸ਼ਾਮਲ ਹੋਣ ਗਿਆ ਸੀ ਪਰ ਉਥੇ ਗੋਲੀਬਾਰੀ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਭਾਰਤ ਤੇ ਪੰਜਾਬ ਸਰਕਾਰ ਨੇ ਆਜ਼ਾਦੀ ਤੋਂ ਬਾਅਦ ਸੁਤੰਤਰਤਾ ਸੈਨਾਨੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਪਰ ਸਕੀਮ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਨਾਂਹਪੱਖੀ ਮਾਨਸਿਕਤਾ ਤੇ ਉਦਾਸੀਨਤਾ ਕਾਰਨ ਇਨ੍ਹਾਂ ਦਾ ਲਾਭ ਨਹੀਂ ਮਿਲ ਰਿਹਾ। ਪਟੀਸ਼ਨਰ ਨੇ ਖੁਦ ਨੂੰ ਸੁਤੰਤਰਤਾ ਸੈਨਾਨੀ ਅਤੇ ਪੀੜਤ ਦੱਸਿਆ।

## ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਦੀ ਮਾਸਿਕ ਇਕੱਤਰਤਾ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਦੀ ਮਾਸਿਕ ਇਕੱਤਰਤਾ ਲੰਘੇ ਦਿਨੀਂ ਇਥੇ ਸਭਾ ਦੇ ਪ੍ਰਧਾਨ ਜਸਵੰਤ ਸ਼ੀਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬੋਲਦਿਆਂ ਸ੍ਰੀ ਸ਼ੀਮਾਰ ਨੇ ਸਭਾ ਨਾਲ ਜੁੜੇ ਰਹਿਣ ਦੇ ਸਫਰ ਬਾਰੇ ਵਿਸਥਾਰ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜਦੋਂ ਤੋਂ ਪੰਜਾਬੀ ਸਾਹਿਤ ਸਭਾ ਦਾ ਵਿਸਥਾਰ ਹੋਇਆ ਹੈ, ਮੈਂ ਉਸ ਵੇਲੇ ਤੋਂ ਸਭਾ ਨਾਲ




ਜੁੜਿਆ ਹੋਇਆ ਹਾਂ। ਉਨ੍ਹਾਂ ਹਰਬੰਸ ਸਿੰਘ ਜਗਿਆਸੂ ਦਾ ਸਭਾ ਨਾਲ ਜੋੜਨ ਲਈ ਉਚੇਚਾ ਧੰਨਵਾਦ ਕੀਤਾ।

ਸਭਾ ਦੇ ਸਕੱਤਰ ਗੋਗੀ ਸੰਧੂ ਦੇ ਸੱਦੇ 'ਤੇ ਆਏ ਸਾਹਿਤਕਾਰਾਂ-ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ, ਰਾਠੇਸ਼ਵਰ ਸੂਰਾਪੁਰੀ, ਬਿੱਕਰ ਕੰਮੇਆਣਾ ਅਤੇ ਸੋਹਣ ਲਾਲ ਖਟਕੜ ਨੇ ਪੂਰਨ ਸਹਿਯੋਗ ਦੀ ਗੱਲ ਆਖੀ। ਵਿਛੜੇ ਲੇਖਕ ਇਕਬਾਲ ਰਾਮੂਵਾਲੀਆ ਅਤੇ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਪਰਮਿੰਦਰ ਰਾਏ, ਬਿੱਕਰ ਕੰਮੇਆਣਾ, ਅਜੈਬ ਚੀਮਾ, ਕਮਲ ਬੰਗਾ, ਰਾਠੇਸ਼ਵਰ ਸੂਰਾਪੁਰੀ, ਹਰਭਜਨ ਢੇਰੀ, ਜੋਤੀ ਸਿੰਘ, ਸੋਹਣ ਲਾਲ ਖਟਕੜ, ਜਸਵੰਤ ਸ਼ੀਮਾਰ, ਇੰਦਰਜੀਤ ਗਰੇਵਾਲ, ਗੋਗੀ ਸੰਧੂ, ਹਰਬੰਸ ਸਿੰਘ ਜਗਿਆਸੂ, ਰਮੇਸ਼ ਬੰਗੜ, ਤਰਦੀਪ ਸਿੰਘ ਅਤੇ ਤਤਿੰਦਰ ਕੌਰ ਨੇ ਆਪਣੀ ਰਚਨਾਵਾਂ ਪੜ੍ਹੀਆਂ। ਸੋਹਣ ਲਾਲ ਖਟਕੜ ਨੇ ਆਪਣੀਆਂ ਕਿਤਾਬਾਂ ਦਾ ਇਕ ਸੈਟ ਸਭਾ ਨੂੰ ਭੇਟ ਕੀਤਾ। ਹੋਰ ਜਾਣਕਾਰੀ ਲਈ ਜਸਵੰਤ ਸ਼ੀਮਾਰ ਨਾਲ ਫੋਨ: 916-293-6030 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਫਿਲਮ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਦਾ ਯੂਟਾ ਦੇ ਗਵਰਨਰ ਵਲੋਂ ਸਨਮਾਨ

**ਸਾਲਟ ਲੇਕ ਸਿਟੀ, ਯੂਟਾ (ਬਿਊਰੋ):** ਸਿੱਖ ਇਤਿਹਾਸ ਬਾਰੇ ਵਧੀਆ ਫਿਲਮਾਂ ਬਣਾਉਣ ਲਈ ਜਾਣੇ ਜਾਂਦੇ ਉਘੇ ਲੇਖਕ ਤੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਦਾ ਯੂਟਾ ਸਟੇਟ ਦੇ



ਗਵਰਨਰ ਜਨਰਲ ਸਪੈਂਸਰ ਜੇ. ਕੌਕਸ ਵੱਲੋਂ ਬੀਤੇ ਦਿਨੀਂ ਸਨਮਾਨ ਕੀਤਾ ਗਿਆ। ਇਹ ਸਨਮਾਨ ਸ੍ਰੀ ਸਮੁੰਦਰੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਿਭਾਈਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ।

ਕੁੱਝ ਸਮਾਂ ਪਹਿਲਾਂ ਉਨ੍ਹਾਂ ਦਾ ਦਸਤਾਵੇਜ਼ੀ ਫਿਲਮ 'ਰਾਈਜ਼ ਆਫ ਖਾਲਸਾ' ਬਣਾਉਣ ਲਈ ਨਿਊ ਯਾਰਕ ਵਿਖੇ ਅੰਤਰਰਾਸ਼ਟਰੀ ਫਿਲਮ ਉਤਸਵ ਵਿਚ ਸਨਮਾਨ ਕੀਤਾ ਗਿਆ ਸੀ। ਪਿਛਲੇ ਸਾਲ ਉਨ੍ਹਾਂ ਦੀ ਫਿਲਮ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਹੋਈ। ਅੱਜਕਲ ਜਗਮੀਤ ਸਿੰਘ ਅਮਰੀਕਾ ਵਿਚ ਹਨ ਅਤੇ ਉਨ੍ਹਾਂ ਦੀ ਬਣਾਈ ਫਿਲਮ 'ਸ਼ਹੀਦ' ਜੋ ਅੰਗਰੇਜ਼ੀ ਅਤੇ ਪੰਜਾਬੀ-ਦੋਹਾਂ ਭਾਸ਼ਾਵਾਂ ਵਿਚ ਹੈ। ਫਿਲਮ ਗੈਰ ਸਿੱਖਾਂ ਅਤੇ ਅਮਰੀਕਨਾਂ ਵਲੋਂ ਸਲਾਹੀ ਗਈ ਹੈ। ਸ੍ਰੀ ਸਮੁੰਦਰੀ ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਫਿਲਮਾਂ ਬਣਾਉਂਦੇ ਰਹਿਣਗੇ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਇਨ੍ਹਾਂ ਨੂੰ ਪਹੁੰਚਾਉਣ ਦਾ ਯਤਨ ਕਰਦੇ ਰਹਿਣਗੇ। ਆਉਂਦੇ ਮਹੀਨਿਆਂ ਵਿਚ ਫਿਲਮ 'ਸ਼ਹੀਦ' ਕੈਨੇਡਾ, ਇੰਗਲੈਂਡ ਅਤੇ ਕੀਨੀਆ ਆਦਿ ਵਿਚ ਵੀ ਦਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਵੱਡੀ ਪ੍ਰਾਪਤੀ ਹੈ ਅਤੇ ਅਜਿਹੀਆਂ ਫਿਲਮਾਂ ਬਣਾਉਣ ਲਈ ਪ੍ਰੇਰਨਾ ਸ੍ਰੋਤ ਸਾਬਤ ਹੋਵੇਗਾ।

ਅਮਰੀਕਾ ਦੇ ਚਾਲੀ ਸ਼ਹਿਰਾਂ ਵਿਚ ਦਿਖਾਈ ਜਾ ਰਹੀ ਹੈ।

ਫਿਲਮ 'ਸ਼ਹੀਦ' ਸਿੱਖ ਇਤਿਹਾਸ ਬਾਰੇ ਵਿੱਦਿਅਕ ਨਜ਼ਰੀਏ ਤੋਂ ਬਣੀ ਪਹਿਲੀ ਫਿਲਮ ਹੈ

## ਭਾਜਪਾ ਆਗੂ ਨੂੰ ਸਬਕ ਸਿਖਾਉਣ ਵਾਲੀ ਅਫਸਰ ਬੁਰੀ ਫਸੀ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੇ ਇਕ ਨੇਤਾ ਨੂੰ ਸਬਕ ਸਿਖਾਉਣ ਵਾਲੀ ਇਕ ਇਮਾਨਦਾਰ ਮਹਿਲਾ ਪੁਲਿਸ ਅਧਿਕਾਰੀ ਸ਼੍ਰੇਸ਼ਠਾ ਠਾਕੁਰ ਦਾ ਬੁਲੰਦ ਸ਼ਹਿਰ ਤੋਂ ਬਹਿਰਾਈਚ ਵੱਲ ਤਬਾਦਲਾ ਕਰ ਦਿੱਤਾ ਗਿਆ ਹੈ। ਸ਼੍ਰੇਸ਼ਠਾ ਠਾਕੁਰ ਨੇ ਹਫਤਾ ਪਹਿਲਾਂ ਇਕ ਸਥਾਨਕ ਭਾਜਪਾ ਨੇਤਾ ਨੂੰ ਪੁਲਿਸ ਕਾਰਵਾਈ ਵਿਚ ਦਖਲ ਦੇਣ ਅਤੇ ਇਕ ਪੁਲਿਸ ਅਧਿਕਾਰੀ ਨਾਲ ਬਦਤਮੀਜ਼ੀ ਕਰਨ ਦੇ ਦੋਸ਼ ਵਿਚ ਜੇਲ੍ਹ ਭੇਜ ਦਿੱਤਾ ਸੀ।

ਵਰਣਨਯੋਗ ਹੈ ਕਿ ਪਿਛਲੇ ਹਫਤੇ ਭਾਜਪਾ ਦੀ ਜ਼ਿਲ੍ਹਾ ਪੰਚਾਇਤ ਮੈਂਬਰ ਦੇ ਪਤੀ ਪ੍ਰਮੋਦ ਲੋਧੀ ਦਾ ਟਰੈਫਿਕ ਨਿਯਮ ਤੋੜਨ ਉਤੇ ਚਾਲਾਨ ਕੀਤਾ ਗਿਆ ਸੀ। ਚਲਾਨ ਕੱਟਣ ਤੋਂ ਨਾਰਾਜ਼ ਪ੍ਰਮੋਦ ਲੋਧੀ ਉਥੇ ਪੁਲਿਸ ਨਾਲ ਉਲਝ ਗਏ ਅਤੇ ਨੌਬਤ ਹੱਥੋਪਾਈ ਤੱਕ ਆ ਪੁੱਜੀ। ਇਸ ਘਟਨਾ ਦਾ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਇਆ ਸੀ। ਘਟਨਾ ਤੋਂ ਬਾਅਦ ਸਥਾਨਕ ਨੇਤਾ ਇਸ ਨੂੰ ਆਪਣੇ ਸਨਮਾਨ ਦਾ ਸਵਾਲ ਬਣਾ ਲਿਆ ਅਤੇ ਸ਼੍ਰੇਸ਼ਠਾ ਠਾਕੁਰ ਦੇ ਖਿਲਾਫ ਕਾਰਵਾਈ ਦੀ ਮੰਗ ਉਤੇ ਜ਼ੋਰ ਪਾਇਆ।

## ਕਬੂਤਰਬਾਜ਼ੀ ਮੁਕਾਬਲਿਆਂ ਵਿਚ ਰੰਮੀ ਧਾਲੀਵਾਲ ਦੇ ਕਬੂਤਰ ਦੀ ਬਾਜ਼ੀ



**ਬੇਕਰਜ਼ਫੀਲਡ (ਬਿਊਰੋ):** ਬੋਸ ਕਲੱਬ ਬੇਕਰਜ਼ਫੀਲਡ ਵੱਲੋਂ ਜੀਤੇ ਢਿੱਲੋਂ ਦੀ ਅਗਵਾਈ ਵਿਚ ਕਰਵਾਏ ਗਏ ਕਬੂਤਰਬਾਜ਼ੀ ਮੁਕਾਬਲਿਆਂ ਵਿਚ ਰੰਮੀ ਧਾਲੀਵਾਲ ਦੇ ਕਬੂਤਰ ਬਾਜ਼ੀ ਮਾਰ ਗਏ। ਇਸ ਬਾਜ਼ੀ ਵਿਚ ਤਕਰੀਬਨ 26 ਕਬੂਤਰਾਂ ਨੇ ਹਿੱਸਾ ਲਿਆ।

ਰੰਮੀ ਧਾਲੀਵਾਲ ਦੇ ਕਬੂਤਰਾਂ ਨੇ ਮੁਕਾਬਲੇ ਵਿਚ ਇੱਕ ਘੰਟਾ ਵੱਧ ਉਡ ਕੇ ਪਹਿਲੇ ਇਨਾਮ ਬੁਲਿਟ ਮੋਟਰ ਸਾਈਕਲ 'ਤੇ ਕਬਜ਼ਾ ਕੀਤਾ। ਦੂਸਰਾ ਇਨਾਮ ਕਮਲ ਨਰ ਅਤੇ ਦਵਿੰਦਰ ਮਾਂਗਟ ਦੇ ਹਿੱਸੇ ਆਇਆ। ਰਸੂਲਪੁਰ, ਜੀਤਾ ਢਿੱਲੋਂ ਤੇ ਮਹਿੰਦਰ ਢਿੱਲੋਂ ਦੇ ਕਬੂਤਰਾਂ ਨੇ ਵੀ ਚੰਗਾ ਪ੍ਰਦਰਸ਼ਨ ਕੀਤਾ। ਜੱਜਾਂ ਦੀ ਭੂਮਿਕਾ ਧਾਮੀ ਨੰਗਲ, ਪੰਮਾ ਗਿਰੀ ਅਤੇ ਰੰਮੀ ਧਾਲੀਵਾਲ ਨੇ ਸੇਵਾ ਨਿਭਾਈ। ਬੌਬੀ ਬਰਾੜ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

## ਹੁਣ ਸਮੇਂ ਦੀ ਹਾਣੀ ਬਣੇਗੀ ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਵਿਭਾਗ ਵਿਚ ਵਿਆਪਕ ਸੁਧਾਰ ਕਰਦਿਆਂ ਸੂਬੇ ਵਿਚ ਤਿੰਨ ਜ਼ੋਨ ਖਤਮ ਕਰ ਕੇ ਸੱਤ ਪੁਲਿਸ ਰੇਂਜਾਂ ਕਾਇਮ ਕਰਨ ਦਾ ਐਲਾਨ ਕੀਤਾ ਹੈ। ਰੇਂਜਾਂ ਦੇ ਇੰਚਾਰਜ ਆਈ.ਜੀ. ਪੱਧਰ ਦੇ ਅਧਿਕਾਰੀ ਹੋਣਗੇ। ਪਹਿਲਾਂ ਤੋਂ ਬਣੀ ਬਾਰਡਰ ਰੇਂਜ ਦੇ ਇੰਚਾਰਜ ਐਸ.ਟੀ.ਐਫ. ਮੁਖੀ ਐਚ.ਐਸ. ਸਿੱਧੂ ਅਤੇ ਡੀ.ਜੀ.ਪੀ. ਦੋਵੇਂ ਹੋਣਗੇ। ਇਸ ਲਈ ਸਿੱਧੂ ਦੀ ਬਾਰਡਰ ਰੇਂਜ ਦੀ ਬਦਲੀ ਕਰ ਦਿੱਤੀ ਹੈ।

ਜ਼ਿਲ੍ਹਾ ਪੁਲਿਸ ਮੁਖੀ ਅਤੇ ਆਈ.ਜੀ. ਦਾ ਘੱਟੋ-ਘੱਟ ਇਕ ਸਾਲ ਦਾ ਕਾਰਜਕਾਲ ਹੋਵੇਗਾ, ਉਸ ਤੋਂ ਪਹਿਲਾਂ ਉਨ੍ਹਾਂ ਦੀ ਬਦਲੀ ਨਹੀਂ ਕੀਤੀ ਜਾਵੇਗੀ। ਸੱਤ ਪੁਲਿਸ ਰੇਂਜਾਂ ਵਿਚ ਅੰਮ੍ਰਿਤਸਰ, ਬਠਿੰਡਾ, ਪਟਿਆਲਾ, ਫਿਰੋਜ਼ਪੁਰ, ਜਲੰਧਰ, ਰੋਪੜ ਤੇ ਲੁਧਿਆਣਾ ਸ਼ਾਮਲ ਹਨ। ਰੇਂਜਾਂ ਦੇ ਸਮੁੱਚੇ ਕੰਮਕਾਜ ਦੀ ਜ਼ਿੰਮੇਵਾਰੀ ਆਈ.ਜੀ. ਹੀ ਲੈਣਗੇ। ਇਕ ਰੇਂਜ ਵਿਚ 3 ਤੋਂ ਚਾਰ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਇਸ ਦੇ ਨਾਲ ਚਾਰ ਏ. ਡੀ. ਜੀ. ਪੀ. ਨੂੰ ਤਰੱਕੀਆਂ ਦੇ ਕੇ ਡੀ.ਜੀ.ਪੀ. ਬਣਾ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਛੇਤੀ ਹੀ ਸਨਅਤੀ ਨੀਤੀ ਤੇ ਟਰਾਂਸਪੋਰਟ ਨੀਤੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਕੋਲ 1400 ਮੈਗਾਵਾਟ ਸਰਪਲੱਸ ਬਿਜਲੀ ਹੈ, ਜਿਹੜੀ ਸਨਅਤਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਦਿੱਤੀ ਜਾਵੇਗੀ। ਆਪਣੇ ਪਲਾਂਟਾਂ ਤੋਂ ਬਿਜਲੀ ਮਹਿੰਗੀ ਮਿਲ ਰਹੀ ਹੈ, ਜਦੋਂਕਿ ਰਿਲਾਇੰਸ ਤੇ ਹੋਰ ਕੰਪਨੀਆਂ ਪੌਣੇ ਦੋ ਰੁਪਏ ਯੂਨਿਟ ਦੇ ਹਿਸਾਬ ਨਾਲ ਬਿਜਲੀ ਦੇਣ ਨੂੰ ਤਿਆਰ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਬਿਜਲੀ ਵੇਚਣ ਬਾਰੇ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ ਹੈ ਤੇ ਉਨ੍ਹਾਂ ਨੇ ਇਸ ਬਾਰੇ ਹਾਮੀ ਭਰ ਦਿੱਤੀ ਪਰ ਉਸ ਦੇਸ਼ ਨਾਲ ਤਣਾਅ ਦੇ ਚਲਦਿਆਂ ਗੱਲ ਸਿਰੇ ਨਹੀਂ ਲੱਗ ਰਹੀ।

# ਵਿਪਸਾਅ ਬੇ ਏਰੀਆ ਵਲੋਂ ਵਿਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਬੇ ਏਰੀਆ ਦੀ ਇਥੇ ਹੋਈ ਮਾਸਿਕ ਮੀਟਿੰਗ ਵਿਚ ਵਿਛੜੇ ਸਾਹਿਤਕਾਰਾਂ ਅਜਮੇਰ ਸਿੰਘ ਔਲਖ, ਸ੍ਰੀਮਤੀ ਕੈਲਾਸ਼ ਪੁਰੀ ਅਤੇ ਇਕਬਾਲ ਸਿੰਘ ਰਾਮੂਵਾਲੀਆ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਪੰਜਾਬੀ ਦੇ ਮਿਆਰੀ ਰਸਾਲੇ



'ਰਾਗ' ਦਾ ਦੂਜਾ ਅੰਕ ਵੀ ਲੋਕ ਅਰਪਿਤ ਕੀਤਾ ਗਿਆ ਅਤੇ ਵਿਪਸਾਅ ਬੇ ਏਰੀਆ ਦੇ ਪ੍ਰਧਾਨ ਸ੍ਰੀ ਕੰਬੋਜ ਨੇ ਪਰਚੇ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ 'ਰਾਗ' ਦਾ ਭਾਵੇਂ ਇਹ ਸਿਰਫ ਦੂਜਾ ਅੰਕ ਹੈ ਪਰ ਇਸ ਅੰਕ ਨੇ ਇਸ ਨੂੰ ਪੱਕੀ ਲੀਹੇ ਪਾ ਦਿੱਤਾ ਹੈ। ਕਹਾਣੀਕਾਰ ਅਜਮੇਰ ਸਿੱਧੂ ਦੀ ਸੰਪਾਦਕੀ ਅਤੇ ਆਦਿਵਾਸੀ ਕਵਿਤਾਵਾਂ ਅਤੇ ਹਿੰਦੀ ਕਵਿਤਾਵਾਂ ਦੇ ਪਾਤਰ ਇਸ ਨੂੰ ਚਾਰ ਚੰਨ ਲਾ ਰਹੇ ਹਨ। ਨੀਲਮ ਸੈਣੀ ਨੇ ਕਿਹਾ ਕਿ ਇਹ ਰਸਾਲਾ ਮਿਆਰੀ ਹੈ ਅਤੇ ਇਹ ਇੰਦਰਜੀਤ ਪੁਰੇਵਾਲ, ਅਜਮੇਰ ਸਿੱਧੂ ਅਤੇ ਅਜੇ ਤਨਵੀਰ ਦੀ ਸਖਤ ਮਿਹਨਤ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਸੰਪਾਦਕੀ ਮੰਡਲ ਇਸ ਵਧੀਆ ਕਾਰਜ ਲਈ ਵਧਾਈ ਦਾ ਹੱਕਦਾਰ ਹੈ।

ਮੀਟਿੰਗ ਦੇ ਸ਼ੁਰੂ ਵਿਚ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਸਭ ਨੂੰ ਜੀਅ ਆਇਆਂ ਕਿਹਾ। ਮਿਲਣੀ ਵਿਚ ਡਾਕੂਮੈਂਟਰੀ ਸਿਨੇਮਾ ਖੇਤਰ ਦੇ ਜੱਸੀ ਸੰਘਾ (ਇੰਡੀਆ) ਅਤੇ ਹੈਦਰ ਮੈਦੀ (ਪਾਕਿਸਤਾਨ) ਤੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਜੱਸ ਫਿਜ਼ਾ ਨੇ ਇਨ੍ਹਾਂ ਦੋਹਾਂ ਸ਼ਖਸੀਅਤਾਂ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਭਾਸ਼ਾ ਨੂੰ ਜਿਉਂਦੇ ਰੱਖਣ ਲਈ ਯਥਾਰਥਵਾਦੀ ਡਾਕੂਮੈਂਟਰੀ ਫਿਲਮਾਂ ਬਣਾਉਣਾ ਬਹੁਤ ਜ਼ਰੂਰੀ ਹੈ ਅਤੇ ਇਹ ਦੋਵੇਂ ਇਸੇ ਉਦੇਸ਼ ਦੀ ਪੂਰਤੀ ਲਈ ਅੱਜਕਲ੍ਹ ਅਮਰੀਕਾ ਆਏ ਹੋਏ ਹਨ। ਗੁਲਸ਼ਨ ਦਿਆਲ ਨੇ ਕਿਹਾ ਕਿ ਉਹ ਜੱਸੀ ਸੰਘਾ ਨੂੰ ਪਿਛਲੇ ਚਾਰ ਸਾਲ ਤੋਂ ਜਾਣਦੀ ਹੈ ਅਤੇ ਜੱਸੀ ਆਪਣੇ ਕੰਮ ਨੂੰ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ।

ਜੱਸੀ ਸੰਘਾ ਅਤੇ ਹੈਦਰ ਮੈਦੀ ਨੇ ਆਪਣੀ ਜਾਣ-ਪਛਾਣ ਦੇ ਨਾਲ-ਨਾਲ ਇਸ ਖੇਤਰ ਵਿਚ ਮਿਲ ਰਹੀਆਂ ਚੁਣੌਤੀਆਂ ਵਿਚ ਕੋਝੀ ਸਿਆਸਤ ਦਾ ਜ਼ਿਕਰ ਕੀਤਾ। ਜੱਸੀ ਨੇ ਕਿਹਾ ਕਿ ਉਹ ਨਵਤੇਜ ਭਾਰਤੀ ਅਤੇ ਵਿਜੇ ਵਿਵੇਕ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਿਤ ਹੈ ਅਤੇ ਉਨ੍ਹਾਂ ਦੀ ਸਿਰਜਣਾ 'ਤੇ ਡਾਕੂਮੈਂਟਰੀ ਬਣਾਉਣਾ ਚਾਹੁੰਦੀ ਹੈ। ਇਸ ਤੋਂ ਬਾਅਦ ਸੁਰਿੰਦਰ ਸਿੰਘ ਸੀਰਤ ਦੀ ਨਵੀਂ ਕਹਾਣੀ 'ਪੱਗ' 'ਤੇ ਉਸਾਰੂ ਚਰਚਾ ਹੋਈ। ਗੁਲਸ਼ਨ ਦਿਆਲ ਨੇ ਕਿਹਾ ਕਿ ਕਹਾਣੀ ਬਹੁਤ ਖੂਬਸੂਰਤ ਹੈ ਪਰ ਇਸ ਕਹਾਣੀ ਵਿਚ ਆਇਆ ਬੀਫ ਦਾ ਜ਼ਿਕਰ ਇਸ ਕਹਾਣੀ ਵਿਚ ਇਕ ਹੋਰ ਵਿਸ਼ਾ ਪੈਦਾ ਕਰ ਦਿੰਦਾ ਹੈ। ਗੁਰਮੀਤ ਸਿੰਘ ਬਰਸਾਲ ਨੇ ਕਿਹਾ ਕਿ 'ਪੱਗ' ਖੁੱਦਦਾਰੀ, ਸਭਿਆਚਾਰ ਅਤੇ ਧਰਮ ਦਾ ਪ੍ਰਤੀਕ ਹੈ। ਸੁਰਿੰਦਰ ਸਿੰਘ ਸੀਰਤ ਨੇ ਇਸ ਵਿਸ਼ੇ 'ਤੇ ਕਹਾਣੀ ਲਿਖ ਕੇ ਵਧੀਆ ਉਪਰਾਲਾ ਕੀਤਾ ਹੈ।

ਤਾਰਾ ਸਿੰਘ ਸਾਗਰ ਨੇ ਕਿਹਾ ਕਿ ਸੁਰਿੰਦਰ ਸਿੰਘ ਸੀਰਤ ਨੇ 'ਪੱਗ' ਬਹੁਤ ਹੀ ਗੰਭੀਰ ਵਿਸ਼ਾ ਚੁਣਿਆ ਹੈ ਅਤੇ 1984 ਦੇ ਦੰਗਿਆਂ ਦਾ ਜ਼ਿਕਰ ਵੀ ਗੰਭੀਰਤਾ ਨਾਲ ਕੀਤਾ ਹੈ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਕਹਾਣੀ ਬਹੁਤ ਖੂਬਸੂਰਤ ਹੈ ਪਰ ਮੈਂ ਵਿਸ਼ੇ ਨਾਲ ਸਹਿਮਤ ਨਹੀਂ ਹਾਂ। ਕਮਲ ਪਾਲ ਨੇ ਕਹਾਣੀ ਤੋਂ ਹਟ ਕੇ 'ਪੱਗ' ਦੇ ਮਹੱਤਵ ਬਾਰੇ ਗੱਲ ਕੀਤੀ। ਕੁਲਵਿੰਦਰ ਨੇ ਕਿਹਾ ਕਿ ਕਹਾਣੀ ਵਿਚ ਭਾਸ਼ਾ ਬਹੁਤ ਸੁਚੱਜੀ ਅਤੇ ਸਰਲ ਵਰਤੀ ਗਈ ਹੈ। ਨੀਲਮ ਸੈਣੀ ਨੇ ਕਿਹਾ ਕਿ ਸੁਰਿੰਦਰ ਸਿੰਘ ਸੀਰਤ ਨੇ 'ਪੱਗ' ਕਹਾਣੀ ਰਾਹੀਂ ਪਰਵਾਸ ਵਿਚ ਪੱਗ ਦੀ ਪਹਿਚਾਣ ਦੇ ਅਰਥਾਂ ਨੂੰ ਸਾਕਾਰਾਤਮਕ ਛੋਹ ਦਿੱਤੀ ਹੈ।

ਸੁਰਿੰਦਰ ਸਿੰਘ ਸੀਰਤ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਇਸ ਕਹਾਣੀ ਵਿਚ ਵੱਖਰਾ ਰੰਗ ਇਹ ਦਿਖਾਇਆ ਹੈ ਕਿ ਕਹਾਣੀ ਦਾ ਇਕ ਪਾਤਰ ਜੋ ਅਮਰੀਕੀ ਸੁਪਰਵਾਈਜ਼ਰ ਹੈ, ਪੱਗ ਦਾ ਮਹੱਤਵ ਸਮਝਦਾ ਹੈ ਅਤੇ ਇੱਜਤ ਕਰਦਾ ਹੈ ਪਰ ਦੂਜੇ ਪਾਸੇ ਕੰਪਨੀ ਵਿਚ ਕੰਮ ਕਰ ਰਹੇ ਪੰਜਾਬੀ ਮੂਲ ਦੇ ਕਰਮਚਾਰੀ ਕਹਾਣੀ ਦੇ ਮੁੱਖ ਪਾਤਰ ਜੱਸ ਦਾ 'ਪੱਗ' ਬੰਨਣ ਕਾਰਨ ਮੁਜ਼ਾਕ ਉਡਾਉਂਦੇ ਹਨ।

ਮੀਟਿੰਗ ਦੇ ਦੂਜੇ ਸੈਸ਼ਨ ਕਵੀ ਦਰਬਾਰ ਦੀ ਪ੍ਰਧਾਨਗੀ ਹਰਭਜਨ ਢਿੱਲੋਂ, ਜੱਸ ਫਿਜ਼ਾ ਅਤੇ ਜੱਸੀ ਸੰਘਾ ਨੇ ਕੀਤੀ। ਰੇਸ਼ਮ ਸਿੱਧੂ, ਗੁਰਦੇਵ ਸਿੰਘ ਘਣਗਸ, ਗੁਲਸ਼ਨ ਦਿਆਲ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਰਦੀਪ, ਗੁਰਮੀਤ ਸਿੰਘ ਬਰਸਾਲ, ਮਾਸਟਰ ਕੁੰਦਨ ਲਾਲ, ਤਾਰਾ ਸਿੰਘ ਸਾਗਰ, ਈਸ਼ਰ ਸਿੰਘ ਮੋਮਨ, ਕਮਲ ਪਾਲ, ਸੁਖਵਿੰਦਰ ਕੰਬੋਜ, ਕੁਲਵਿੰਦਰ, ਸਰਿੰਦਰ ਸੀਰਤ, ਜੱਸ ਫਿਜ਼ਾ, ਨੀਲਮ ਸੈਣੀ ਅਤੇ ਹਰਭਜਨ ਸਿੰਘ ਢਿੱਲੋਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਸੁਰਿੰਦਰ ਸਿੰਘ ਸੀਰਤ ਨੇ ਜੰਮੂ ਕਸ਼ਮੀਰ ਵਿਚ ਕਸ਼ਮੀਰੀ, ਡੋਗਰੀ ਤੇ ਬੋਧੀ ਨੂੰ ਰੀਜਨਲ ਭਾਸ਼ਾਵਾਂ ਵਜੋਂ ਲਾਜ਼ਮੀ ਕਰਾਰ ਦਿੱਤੇ ਜਾਣ ਅਤੇ ਪੰਜਾਬੀ ਨੂੰ ਅਣਗੌਲੇ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਅਤੇ ਪੰਜਾਬੀ ਭਾਸ਼ਾ ਦੇ ਹੱਕ ਵਿਚ ਆਵਾਜ਼ ਉਠਾਉਣ ਲਈ ਮਤਾ ਪੇਸ਼ ਕੀਤਾ, ਜਿਸ ਨੂੰ ਸਰਵ ਸੰਮਤੀ ਨਾਲ ਪਾਸ ਕੀਤਾ ਗਿਆ।

## ਸਿੱਖ ਫਿਲਮ 'ਬਲੈਕ ਪ੍ਰਿੰਸ' ਨੂੰ ਗਲੇ ਲਾਉਣ-ਸ਼ਬਾਨਾ ਆਜ਼ਮੀ

**ਲੰਡਨ (ਬਿਊਰੋ):** ਅੱਜ ਕਲ੍ਹ ਇੱਥੇ ਇਕ ਫਿਲਮ ਦੀ ਸ਼ੂਟਿੰਗ ਉਤੇ ਆਈ ਬਾਲੀਵੁੱਡ ਦੀ ਮੰਨੀ-ਪ੍ਰਮੰਨੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ




ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਬਣੀ ਫਿਲਮ 'ਦਾ ਬਲੈਕ ਪ੍ਰਿੰਸ' ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਇਹ ਫਿਲਮ ਤਾਂ ਗਲੇ ਲਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੈਂ ਫਿਲਮ ਦੀ ਸਕਰਿਪਟ ਤਾਂ ਚਾਹੇ ਪੜ੍ਹੀ ਸੀ ਪਰ ਪਰਦੇ ਤੇ ਸਕਰਿਪਟ ਨੂੰ ਹੂ-ਬ-ਹੂ ਡਾਇਰੈਕਟਰ ਪੇਸ਼ ਕਰ ਸਕਿਆ ਹੈ ਕਿ ਨਹੀਂ, ਵੀ ਬਹੁਤ ਵੱਡਾ ਚੈਲੇਜ ਹੁੰਦਾ ਹੈ, ਡਾਇਰੈਕਟਰ ਕਵੀ ਰਾਜ਼ ਇਸ ਵਿਚ ਕਾਮਯਾਬ ਹੋਏ ਹਨ।

21 ਜੁਲਾਈ ਨੂੰ ਵਿਸ਼ਵ ਭਰ ਵਿਚ ਰਿਲੀਜ਼ ਹੋਣ ਵਾਲੀ ਅਤੇ ਕਈ ਕੌਮਾਂਤਰੀ ਇਨਾਮ ਜਿੱਤ ਚੁਕੀ ਇਸ ਫਿਲਮ ਸਬੰਧੀ ਸ਼ਬਾਨਾ ਨੇ ਦਸਿਆ ਕਿ ਉਸ ਨੇ ਪੂਰੀ ਫਿਲਮ ਦੇਖੀ ਹੈ ਅਤੇ ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਸਿੱਖਾਂ ਵੱਲੋਂ ਭਾਰਤ ਦੀ ਆਜ਼ਾਦੀ ਵਿਚ ਪਾਏ ਇਸ ਯੋਗਦਾਰ ਬਾਰੇ ਕਿਸੇ ਨੂੰ ਵੀ ਪਤਾ ਨਹੀਂ। ਸਿੱਖਾਂ ਵੱਲੋਂ ਆਜ਼ਾਦੀ ਦੌਰਾਨ ਪਾਏ 1915 ਤੋਂ ਬਾਅਦ ਦੇ ਸਮੇਂ ਬਾਰੇ ਤਾਂ ਗੱਲ ਹੁੰਦੀ ਹੈ ਪਰ 1880ਵਿਆਂ ਵਿਚ ਅਨੇਕਾਂ ਹੀ ਸਿੱਖ ਜੇਲ੍ਹਾਂ ਵਿਚ ਗਏ, ਮਾਰੇ ਗਏ ਜਾਂ ਕਾਲੇ ਪਾਣੀ ਦੀ ਉਨ੍ਹਾਂ ਨੂੰ ਜਲਾਵਤਨੀ ਸਹਿਣੀ ਪਈ, ਇਸ ਬਾਰੇ ਭਾਰਤ ਦੇ ਇਤਿਹਾਸ ਦੀ ਕਿਸੇ ਕਿਤਾਬ ਵਿਚ ਸ਼ਾਇਦ ਦਰਜ਼ ਨਹੀਂ।

ਸ਼ਬਾਨਾ ਆਜ਼ਮੀ ਨੇ ਕਿਹਾ ਕਿ ਮੈਂ ਬਹੁਤ ਖੁਸ਼ ਹਾਂ ਕਿ ਪ੍ਰੋਡਿਊਸਰਾਂ ਨੇ ਪੂਰੀ ਤਨਦੇਹੀ ਨਾਲ ਇਹ ਭੁੱਲਿਆ ਇਤਿਹਾਸ ਸਾਡੇ ਸਾਹਮਣੇ ਲਿਆਂਦਾ ਹੈ। ਮੇਰੀ ਇਹ ਪਹਿਲੀ ਫਿਲਮ ਹੈ ਜਿਸ ਵਿਚ ਮੈਂ ਪੰਜਾਬੀ ਬੋਲੀ ਹੈ ਅਤੇ ਇਕ ਮਹਾਨ ਔਰਤ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ।


ਉਨ੍ਹਾਂ ਕਿਹਾ ਕਿ ਸਿਰਫ ਸਿੱਖ ਹੀ ਨਹੀਂ ਸਗੋਂ ਸਾਰੇ ਭਾਰਤੀਆਂ ਨੂੰ ਇਹ ਫਿਲਮ ਦੇਖ ਕੇ ਮਹਾਰਾਜਾ ਦਲੀਪ ਸਿੰਘ ਦੀ ਕੁਰਬਾਨੀ ਦੀ ਦਾਦ ਦੇਣੀ ਚਾਹੀਦੀ ਹੈ।

## ਖੇਤਾਂ ਵਿਚ ਰੋਟੀ ਦੇ ਕੇ ਪਰਤ ਰਹੇ ਤਿੰਨ ਬੱਚਿਆਂ ਦੀ ਮੌਤ

**ਕਪੂਰਥਲਾ:** ਝੋਨਾ ਲਾਉਣ ਪੰਜਾਬ ਆਏ ਇਕ ਪਰਵਾਸੀ ਪਰਿਵਾਰ 'ਤੇ ਉਦੋਂ ਦੁੱਖਾਂ ਦਾ ਪਹਾੜ ਟੁੱਟ ਪਿਆ ਜਦੋਂ ਉਨ੍ਹਾਂ ਨੂੰ ਖੇਤਾਂ ਵਿਚ ਝੋਨਾ ਲਾਉਂਦੇ ਸਮੇਂ ਰੋਟੀ ਦੇ ਕੇ ਮੁੜਦੇ ਸਮੇਂ ਉਨ੍ਹਾਂ ਦੇ ਤਿੰਨ ਬੱਚਿਆਂ ਦੀ ਡੂੰਘੇ ਟੋਏ 'ਚ ਡੁੱਬਣ ਕਾਰਨ ਮੌਤ ਹੋ ਗਈ। ਇਹ ਬੱਚੇ ਆਪਸ ਵਿਚ ਭੈਣ ਭਰਾ ਸਨ। ਪਿੰਡ ਅਲੋਦੀਪੁਰ ਵਿਚ ਝੋਨਾ ਲਗਾ ਰਹੇ ਜੋਗਿੰਦਰ ਰਿਸ਼ੀਕੇਸ਼ ਅਤੇ ਉਸ ਦੀ ਪਤਨੀ ਖਿਰਵਾ ਦੇਵੀ ਨੂੰ ਉਨ੍ਹਾਂ ਦੇ ਤਿੰਨ ਬੱਚੇ 12 ਸਾਲਾ ਲੜਕਾ ਰਾਜਾ, 7 ਸਾਲਾ ਲੜਕੀ ਸ਼ੋਭਾ ਅਤੇ 3 ਸਾਲਾ ਲੜਕੀ ਗੋਰੀ ਦੁਪਹਿਰ ਦੀ ਰੋਟੀ ਦੇ ਕੇ ਪਰਤ ਰਹੇ ਸਨ।

ਪਿੰਡ ਵਿਚ ਇੱਟਾਂ ਬਣਾਉਣ ਲਈ ਪੁੱਟੀ ਮਿੱਟੀ ਕਾਰਨ ਬਣੇ ਕਰੀਬ 12 ਫੁੱਟ ਡੂੰਘੇ ਟੋਏ ਵਿਚ ਡਿੱਗ ਕੇ ਡੁੱਬ ਗਏ। ਟੋਏ ਵਿਚ ਡਿੱਗਣ ਪਿੱਛੋਂ ਬੱਚਿਆਂ ਨੇ ਜਾਨ ਬਚਾਉਣ ਲਈ ਹੱਥ ਪੈਰ ਮਾਰੇ ਤਾਂ ਨੇੜੇ ਝੁੱਗੀ ਵਿਚ ਬੈਠੀ ਉਨ੍ਹਾਂ ਦੀ ਪੰਜ ਸਾਲਾ ਭੈਣ ਮਹਾਵਤੀ ਨੇ ਉਨ੍ਹਾਂ ਨੂੰ ਵੇਖ ਲਿਆ ਤੇ ਭੈਣ ਭਰਾਵਾਂ ਨੂੰ ਬਚਾਉਣ ਲਈ ਦੌੜ ਕੇ ਕੋਲ ਪੁੱਜੀ ਅਤੇ ਰੌਲਾ ਪਾਇਆ। ਧੀ ਦੀਆਂ ਚੀਕਾਂ ਸੁਣ ਕੇ ਜੋਗਿੰਦਰ ਤੇ ਹੋਰ ਮਜ਼ਦੂਰ ਭੱਜ ਕੇ ਆਏ ਤੇ ਉਨ੍ਹਾਂ ਬੱਚਿਆਂ ਨੂੰ ਬਚਾਉਣ ਦਾ ਯਤਨ ਕੀਤਾ ਪਰ ਉਦੋਂ ਬੱਚਿਆਂ ਦੀ ਮੌਤ ਹੋ ਚੁੱਕੀ ਸੀ।

*To Advertise with Punjab Times*
***Call: 847-359-0746***
***punjabtimesusa.com***

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes | MASON-McDUFFIE

GET A CUT
Hair & Threading Salon
GRAND OPENING!!

MEN, WOMEN & KIDS HAIRCUTS
Shahnaz Diamond Professional Facial
Cleansing, Extraction, Massage, Mask for $45
Eyebrow Threading
MEN & BOYS HAIRCUTS $7.50 Reg. $10-$15 must present coupon expires 7/31/17
WOMEN HAIRCUTS $10 Reg. $18 must present coupon expires 7/31/17
EYEBROW THREADING $5 Reg. $10 must present coupon expires 7/31/17
Natomas: 2063 Arena Blvd 160 Sacramento, CA 95834 Ph: 916-285-0229
Roseville: 3031 Foothills Blvd 165 Roseville, CA 94747 Ph: 916-755-4260
Foothills Blvd / Vineyard Rd
GETACUT916
HOURS M-F (9-7) Sat (9-5) Sun (10-5)

# ਭਾਰਤ ਤੋਂ ਨਿਊ ਯਾਰਕ



## ਹੈਨਰੀ ਕਾਰਟਰ-ਬ੍ਰੈਸਨ ਦੀਆਂ ਫੋਟੋਆਂ ਦਾ ਸਫਰ

ਕਲਾ ਪਰਿਕਰਮਾ

ਨਿਊ ਯਾਰਕ ਦਾ ਰੂਬਿਨ ਮਿਊਜ਼ੀਅਮ... ਫਰਾਂਸ ਦੇ ਮਸ਼ਹੂਰ ਫੋਟੋਗ੍ਰਾਫ਼ਰ ਹੈਨਰੀ ਕਾਰਟਰ-ਬ੍ਰੈਸਨ ਦੀਆਂ ਭਾਰਤ ਬਾਰੇ ਫੋਟੋਆਂ ਦੀ ਨੁਮਾਇਸ਼... ਭਾਰਤੀ ਅਤੇ ਗੈਰ-ਭਾਰਤੀ ਲੋਕ ਮਿਊਜ਼ੀਅਮ ਦੇ ਇਕ ਹਿੱਸੇ ਅੰਦਰ ਲੱਗੀ ਇਹ ਖਾਸ ਨੁਮਾਇਸ਼ ਦੇਖਣ ਆ ਜਾ ਰਹੇ ਹਨ। ਨਾਲ ਦੀ ਨਾਲ ਮੂੰਹ ਵਿਚ ਉਂਗਲਾਂ ਪਾ ਰਹੇ ਹਨ। ਭਾਰਤ ਦੇ ਇਹ ਦਰਸ਼ਨ ਤਾਂ ਉਨ੍ਹਾਂ ਕਦੀ ਪਹਿਲਾਂ ਨਹੀਂ ਸਨ ਕੀਤੇ... ਇਹ ਸਿਲਸਿਲਾ 21 ਅਪਰੈਲ ਤੋਂ ਸ਼ੁਰੂ ਹੋਇਆ ਹੋਇਆ ਹੈ ਅਤੇ ਇਹ ਚਾਰ ਸਤੰਬਰ ਤੱਕ ਚੱਲੇਗਾ।

**ਪਰਮਪਾਲ ਸਿੰਘ ਰੈਣਾ**

ਹੈਨਰੀ ਕਾਰਟਰ-ਬ੍ਰੈਸਨ ਵੱਲੋਂ ਬਣਾਈ ਸੰਸਥਾ 'ਮੈਗਨਮ ਫੋਟੋਜ਼' ਦੀ 70ਵੀਂ ਵਰ੍ਹੇਗੰਢ ਮੌਕੇ ਉਸ ਵੱਲੋਂ ਭਾਰਤ ਦੀਆਂ ਖਿੱਚੀਆਂ ਤਸਵੀਰਾਂ ਦੀ ਨੁਮਾਇਸ਼ ਰੂਬਿਨ ਮਿਊਜ਼ੀਅਮ ਵਿਚ ਲਾਈ ਗਈ ਹੈ। ਇਸ ਨੁਮਾਇਸ਼ ਦਾ ਨਾਂ ਰੱਖਿਆ ਹੈ- 'ਇੰਡੀਆ ਇਨ ਫੁਲ ਬਲੂਮ'। ਇਹ ਫੋਟੋਆਂ ਬਾਰਤ ਦੀ ਆਜ਼ਾਦੀ ਦੇ ਨੇੜੇ-ਤੇੜੇ ਦੀਆਂ ਹਨ। ਸਾਰੀਆਂ ਹੀ ਫੋਟੋਆਂ ਉਨ੍ਹਾਂ ਵਕਤਾਂ ਦੀਆਂ ਕਹਾਣੀਆਂ ਕਹਿ ਰਹੀਆਂ ਹਨ।

ਆਜ਼ਾਦੀ ਤੋਂ ਪਹਿਲਾਂ ਵੀ ਕਾਰਟਰ-ਬ੍ਰੈਸਨ ਨੇ ਭਾਰਤ ਵਿਚ ਫੋਟੋਗ੍ਰਾਫੀ ਕਤਿੀ ਸੀ ਅਤੇ ਆਜ਼ਾਦੀ ਤੋਂ ਬਾਅਦ ਉਹ ਜਨਵਰੀ 1941 ਨੂੰ ਫਿਰ ਭਾਰਤ ਗਿਆ ਸੀ; ਇਹ ਵੇਖਣ ਕਿ ਆਜ਼ਾਦੀ ਤੋਂ ਬਾਅਦ ਉਥੇ ਲੋਕਾਂ ਹਾਲ ਕੀ ਹੈ! ਇਤਫ਼ਾਕ ਇਹ ਹੋਇਆ ਕਿ ਉਸੇ ਮਹੀਨੇ ਮਹਾਤਮਾ ਗਾਂਧੀ ਦਾ ਕਤਲ ਹੋ ਗਿਆ ਅਤੇ ਕਾਰਟਰ-ਬ੍ਰੈਸਨ ਨੇ ਗਾਂਧੀ ਦੇ ਆਖਰੀ ਘੰਟਿਆਂ ਦੀ ਜੋ ਤਸਵੀਰਾਂ ਆਪਣੇ ਕੈਮਰੇ ਵਿਚ ਕੈਦ ਕੀਤੀਆਂ ਸਨ, ਉਹ ਜਦੋਂ ਦੁਨੀਆ ਅੱਗੇ ਆਈਆਂ ਤਾਂ ਹਰ ਪਾਸੇ ਕਾਰਟਰ-ਬ੍ਰੈਸਨ ਦਾ ਨਾਂ ਗੂੰਜਣ ਲੱਗ ਪਿਆ।

ਇਸ ਨੁਮਾਇਸ਼ ਵਿਚ ਭਾਰਤ ਬਾਰੇ ਕੁੱਲ 69 ਫੋਟੋਗ੍ਰਾਫ਼ਰਾਂ ਤੋਂ ਇਲਾਵਾ ਕਾਰਟਰ-ਬ੍ਰੈਸਨ



ਨਾਲ ਸਬੰਧਤ ਖਤ ਅਤੇ ਹੋਰ ਸਮਾਨ ਵੀ ਰੱਖਿਆ ਗਿਆ ਹੈ। ਕਾਰਟਰ-ਬ੍ਰੈਸਨ ਜੋ 22 ਅਗਸਤ 1908 ਨੂੰ ਜੰਮਿਆ ਅਤੇ 3 ਅਗਸਤ 2004 ਨੂੰ 95 ਵਰ੍ਹਿਆਂ ਦੀ ਉਮਰ ਵਿਚ ਇਸ ਸੰਸਾਰ ਤੋਂ ਰੁਖਸਤ ਹੋਇਆ, ਨੇ ਪਹਿਲਾਂ ਪਹਿਲ ਚਿੱਤਰਕਾਰ ਬਣਨ ਦੀ ਸੋਚੀ ਸੀ। ਉਸ ਦਾ ਚਾਚਾ ਲੂਈਸ ਬੜਾ ਪ੍ਰਤਿਭਾਸ਼ਾਲੀ ਚਿੱਤਰਕਾਰ ਸੀ, ਪਰ ਪਹਿਲੇ ਸੰਸਾਰ ਯੁੱਧ ਦੌਰਾਨ ਮਾਰਿਆ ਗਿਆ ਅਤੇ ਉਸ ਤੋਂ ਕੁਝ ਸਾਲਾਂ ਬਾਅਦ ਹੀ ਕਾਰਟਰ-ਬ੍ਰੈਸਨ ਦੀ ਚਿੱਤਰਕਾਰੀ ਵੀ ਛੁੱਟ ਗਈ। 1928 ਵਿਚ ਉਹ ਫੌਜ ਵਿਚ ਜਾ ਭਰਤੀ ਹੋਇਆ ਅਤੇ ਦੋ ਸਾਲ ਉਥੇ ਰਿਹਾ। ਇਸ ਸਮੇਂ ਦੌਰਾਨ ਉਸ ਨੇ ਕਲਾ ਅਤੇ ਸਾਹਿਤ ਬਾਰੇ ਰੱਜ ਕੇ ਪੜ੍ਹਿਆ, ਪਰ 1929 ਵਿਚ ਬਿਨਾਂ ਲਾਈਸੈਂਸ ਸ਼ਿਕਾਰ ਕਰਨ 'ਤੇ ਉਸ ਨੂੰ ਫੌਜ ਨੇ ਘਰੇ ਨਜ਼ਰਬੰਦ ਕਰ ਦਿੱਤਾ। ਇਸੇ ਦੌਰਾਨ ਉਸ ਦੀ ਮੁਲਾਕਾਤ ਅਮਰੀਕੀ ਜਲਾਵਤਨ ਹੈਰੀ ਕਰੋਸਬੀ ਨਾਲ ਹੋਈ। ਉਸ ਨੇ ਫੌਜ ਦੇ ਕਮਾਂਡੈਂਟ ਨੂੰ ਕਹਿ-ਕਹਾ ਕੇ ਕਾਰਟਰ-ਬ੍ਰੈਸਨ ਦੀ ਕੁਝ ਦਿਨਾਂ ਲਈ ਰਿਹਾਈ ਅਤੇ ਉਸ ਦੇ ਹਵਾਲੇ ਕਰਨ ਲਈ ਮਨਾ ਲਿਆ। ਅਸਲ ਵਿਚ ਦੋਹਾਂ ਦੀ ਫੋਟੋਗ੍ਰਾਫੀ ਵਿਚ ਬੜੀ ਦਿਲਚਸਪੀ ਸੀ ਅਤੇ ਹੈਰੀ ਨੇ ਉਸ ਨੂੰ ਵੀ ਕੈਮਰਾ ਤੋਹਫ਼ੇ ਵਜੋਂ ਦਿਤਾ ਸੀ। ਉਨ੍ਹਾਂ ਖੂਬ ਫੋਟੋਆਂ ਖਿੱਚੀਆਂ। ਇਸ ਦੌਰਾਨ ਕਰੋਸਬੀ ਦੀ ਪਤਨੀ ਕੈਰੇਸ ਨਾਲ ਉਸ ਨੂੰ ਬੇਪਨਾਹ ਮੁਹੱਬਤ ਹੋ ਗਈ। ਦੋ ਵਰ੍ਹਿਆਂ ਬਾਅਦ ਕਰੋਸਬੀ ਚਲਾਣਾ ਕਰ ਗਿਆ ਅਤੇ ਉਸ ਦੀ ਕੈਰੇਸ ਨਾਲ ਮੁਹੱਬਤ ਵੀ ਮੁੱਕ ਗਈ। ਇਨ੍ਹਾਂ ਦਿਨਾਂ ਦੌਰਾਨ ਉਹ ਬੜਾ ਔਖਾ ਰਿਹਾ। ਉਸ ਦਾ ਦਿਲ ਹੀ ਟੁੱਟ ਗਿਆ ਸੀ। ਇਥੇ ਹੀ ਉਸ ਨੇ ਕੋਨਰਾਡ ਦਾ ਨਾਵਲ 'ਹਾਰਟ ਆਫ਼ ਡਾਰਕਨੈੱਸ' ਪੜ੍ਹਿਆ। ਨਾਵਲ ਪੜ੍ਹਦਿਆਂ ਸਾਰ ਉਹ ਭੱਜਣ ਬਾਰੇ ਸੋਚਣ ਲੱਗ ਪਿਆ। ਫਿਰ ਜਦੋਂ ਉਹ ਫੋਟੋਗ੍ਰਾਫੀ ਵੱਲ ਮੁੜਿਆ ਤਾਂ ਮੁੜ ਕੇ ਪਿਛੇ ਨਹੀਂ ਦੇਖਿਆ। 1937 ਵਿਚ ਉਸ ਦਾ ਵਿਆਹ ਜਾਵਾ ਦੀ ਡਾਂਸਰ ਰਤਨਾ ਮੋਹਿਨੀ ਨਾਲ ਹੋਇਆ। ਇਹ ਵਿਆਹ 30 ਸਾਲ ਚੱਲਿਆ ਅਤੇ ਫਿਰ 1970 ਵਿਚ ਉਸ ਨੇ ਮਸ਼ਹੂਰ ਫੋਟੋਗ੍ਰਾਫਰ ਮਾਰਟਿਨ ਫਰੈਂਕ ਨਾਲ ਵਿਆਹ ਕਰਵਾ ਲਿਆ।

ਰੂਬਿਨ ਮਿਊਜ਼ੀਅਮ ਵਿਚ ਲੱਗੀ ਨੁਮਾਇਸ਼ ਵਿਚ ਬਾਰਤ ਦੀ ਆਜ਼ਾਦੀ ਤੋਂ ਬਾਅਦ ਰਿਫਿਊਜ਼ੀ ਕੈਂਪਾਂ ਵਿਚ ਰੁਲ ਰਹੇ ਭਾਰਤੀਆਂ ਦੀ ਦਸ਼ਾ ਬਹੁਤ ਮਾਰਮਿਕ ਰੂਪ ਵਿਚ ਬੰਨ੍ਹੀ ਗਈ ਹੈ। ਸਭ ਤੋਂ ਉਪਰ ਲਾਈ ਫੋਟੋ ਉਨ੍ਹਾਂ ਮੁਸਲਮਾਨ ਰਿਫਿਊਜ਼ੀਆਂ ਦੀ ਹੈ ਜੋ 1947 ਵਿਚ ਦਿੱਲੀ ਤੋਂ ਲਾਹੌਰ ਜਾ ਰਹੇ ਸਨ। ਇਸ ਤੋਂ ਇਲਾਵਾ ਮਾਊਂਟਬੇਟਨ ਜੋੜੀ ਨਾਲ ਜਵਾਹਰ ਲਾਲ ਨਹਿਰੂ ਦੀ ਤਸਵੀਰ ਵੀ ਧਿਆਨ ਖਿੱਚਦੀ ਹੈ ਜਿਸ ਵਿਚ ਹਲਕੇ ਫੁਲਕੇ ਪਲ ਕੈਦ ਹੋਏ ਪਏ ਹਨ। ਸੜਕ ਕਿਨਾਰੇ ਲਗਾਇਆ ਸਕੂਲ ਵੀ ਖੂਬ ਹੈ।








*ਫੋਟੋਆਂ 'ਤੇ ਝਾਤ (ਖੱਬਿਓਂ): ਸੜਕ ਉਤੇ ਖੁੱਲ੍ਹਿਆ ਸਕੂਲ, (ਵਿਚਕਾਰ) ਕੁਰੂਕਸ਼ੇਤਰ ਵਿਚ ਰਿਫਿਊਜੀ ਕੈਂਪ ਅਤੇ (ਸੱਜੇ) ਮਾਊਂਟਬੇਟਨ ਜੋੜੀ ਨਾਲ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਜੁਲਾਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-281



*ਬਾਬੇ-ਨਾਨੇ ਬੱਚਿਆਂ ਨੂੰ ਜੇ ਦੇਣ ਧਿਆਨ ਇਉਂ ਪੂਰਾ।*
*ਰਹਿ ਜਾਵੇਗਾ ਸਦਾ ਸਲਾਮਤ, ਊੜਾ ਨਾਲੇ ਜੂੜਾ।*

## ਕੈਪਸ਼ਨ ਮੁਕਾਬਲਾ-279



ਬਚਪਨ ਬੜਾ ਅਨਭੋਲ ਹੈ ਹੁੰਦਾ
ਸਦਾ ਜੱਗ ਤੋਂ ਬੇਪਰਵਾਹ।
ਹਾਣ ਨੂੰ ਹਾਣ ਪਿਆਰਾ ਹੁੰਦਾ
ਲੋਕੀਂ ਗੱਲਾਂ ਕਰਨ ਭਾਵੇਂ ਬੇਥਾਹ।
'ਤੁਫਾਨ ਮੇਲ' ਤੋਂ ਘੱਟ ਨਾ ਸਮਝਣ
ਜਦੋਂ ਸਾਈਕਲ ਚਲਾਉਣ ਨਿਆਣੇ।
ਮਜ਼ਾ 'ਆਈਸ ਕਰੀਮ' ਦਾ ਦੁੱਗਣਾ ਲੈਂਦੇ
ਪਰ ਸੱਟ ਫੇਟ ਤੋਂ ਡਰਨ ਸਿਆਣੇ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਉਲਝੇ ਵਾਲ ਜਟੂਰੀਆਂ ਹੋਈਆਂ
ਨਾਲ ਮੈਲ ਦੇ ਅਸੀਂ ਨਹਾਈਏ।
ਪਰ ਪੰਛੀਆਂ ਵਾਂਗੂ ਮਾਣ ਆਜ਼ਾਦੀ
ਆਪਣੇ ਮਨ ਦੀ ਮੌਜ ਮਨਾਈਏ।
ਭੋਰਾ-ਚੋਰਾ ਜੋ ਮਿਲ ਜੇ ਕਿਧਰੋਂ
ਆਪੋ ਵਿਚੀਂ ਵੰਡ ਕੇ ਖਾਈਏ।

***-ਜਗਮੀਤ ਸਿੰਘ ਪੰਧੇਰ***

---

ਹਾਣ ਨੂੰ ਹਾਣ ਪਿਆਰਾ ਸਭ ਨੂੰ
ਚਾਟ ਕਰਾਰੇ, ਪੌਪ ਕੌਰਨ
ਆ ਜਾ ਰਲ ਮਿਲ ਖਾਈਏ।
ਬੇਪਰਵਾਹੀ ਦੀ ਉਮਰੇ
ਨਾ ਲਿੰਗ ਭੇਦ ਦਾ ਪਤਾ
ਹੱਸ ਖੇਡ ਕੇ ਵਕਤ ਲੰਘਾਈਏ।
ਬਾਲ ਵਰੇਸੇ ਮਨ ਨਿਰਮਲ
ਅਮੀਰੀ-ਗਰੀਬੀ ਕੁਝ ਨਾ ਦੇਖੇ
ਚੰਚਲਤਾ 'ਚ ਲੋਟ-ਪੋਟ ਹੋ ਜਾਈਏ।

***-ਜਗਜੀਤ ਕੌਰ, ਚੰਡੀਗੜ੍ਹ***

---

ਬਚਪਨ ਤੋਂ ਅੱਲੜ੍ਹ ਵਰੇਸ ਉਮਰ
ਰਹਿੰਦੀ ਸ਼ਰਾਰਤਾਂ ਦੇ ਸੰਗ।
ਐਪਰ ਮੁਕਾਬਲੇ ਦੇ ਯੁਗ ਵਿਚ
ਅੰਤਾਂ ਦੀ ਗਰੀਬੀ ਕਰਦੀ ਮੌਜਾਂ ਭੰਗ।
ਕਈ ਕਿਤਾਬਾਂ ਦੇ ਢੇਰ ਥੱਲੇ
ਕੋਈ ਬਾਲ ਮਜਦੂਰੀ ਕਰਕੇ ਆਵੇ ਤੰਗ।

***-ਅਮਰਜੀਤ ਸਿੰਘ ਤੂਰ***

---

ਖਿੜੀਆਂ ਵਾਛਾਂ, ਤੱਕ ਸਾਈਕਲ ਖੜਿਆ।
ਭੈਣ ਬਿਠਾ ਲਈ ਪਿੱਛੇ,
ਆਪੂੰ ਕਾਠੀ ਉਪਰ ਚੜ੍ਹਿਆ।
ਦੋਨੋਂ ਉਡਣ ਅਸਮਾਨੀਂ ਲੱਗੇ,
ਭੁੱਲ ਗਏ ਖਾਣਾ ਹੱਥ ਜੋ ਫੜ੍ਹਿਆ।
ਬਚਪਨ ਦੀਆਂ ਇਹ ਬਾਦਸ਼ਾਹੀਆਂ,
ਬਖਸ਼ੇ ਉਹੀ ਜਿਸ ਨੇ ਹੈ ਘੜਿਆ।

***-ਦਵਿੰਦਰ ਕੌਰ***

---

ਭੈਣ-ਭਰਾ ਬੈਠੇ ਸਾਈਕਲ ਉਤੇ
ਨੇੜੇ ਨਹੀਂ ਦਿਸਦੇ ਮਾਪੇ।
ਨੰਨ੍ਹੀ ਪਰੀ ਪਾ ਕੇ ਸੋਹਣੀ ਫਰਾਕ
ਪਰੀਆਂ ਤੋਂ ਵੱਧ ਸੋਹਣੀ ਜਾਪੇ।
ਕਿੰਨਾ ਪਿਆਰ ਹੈ ਦੋਹਾਂ ਵਿਚ
ਰਲ ਮਿਲ ਬੈਠ 'ਕੱਠਿਆਂ ਖਾਂਦੇ।
ਖੁਦ ਤੱਕਣ ਕੁਦਰਤ ਦੇ ਨਜ਼ਾਰੇ
ਲੋਕੀਂ ਤੱਕਣ ਆਉਂਦੇ-ਜਾਂਦੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਅੱਜ ਇਹ ਹਨ ਨੰਨ੍ਹੇ ਹਮ ਉਮਰੇ
ਕਰਦੇ ਮਜ਼ਾਕ, ਪਾਉਂਦੇ ਹਾਸੇ
ਪਾਉਣ ਗਲਵੱਕੜੀ, ਖੇਡਣ ਲੁਕਣਮੀਚੀ।
ਜੁਆਨੀ ਵੇਲੇ ਕਰਦੇ ਤਾਜ਼ੀਆਂ ਯਾਦਾਂ।
ਹੈ ਕਸ਼ਸ਼ ਪਿਆਰ ਦੀ ਕੁਦਰਤੀ ਜਜ਼ਬਾ।
ਅੱਖਾਂ ਚਾਰ ਹੋ ਸੁਫਨੇ ਕਾਰਗਰ ਹੁੰਦੇ।
ਬੱਝ ਜਾਂਦੇ ਬੰਧਨਾਂ 'ਚ ਬਣ ਨਰ ਤੇ ਨਾਰੀ।
ਤੰਦ ਤੋਂ ਬਣ ਗਈ ਇਹ ਪੂਣੀ
ਬਣ ਗਲੋਟਾ ਨਜ਼ਰ ਆਇਆ।
ਪੈ ਤਾਣੀ ਦੇ ਚੱਕਰ 'ਚ
ਕੋਈ ਨਵਾਂ ਗਲੀਚਾ ਬੁਣ ਹੋਇਆ।

***-ਦਰਸ਼ਨਪਾਲ ਦੋਸਾਂਝ***

# ਮੰਗਲ ਹਠੂਰ ਦੀ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਰਿਲੀਜ਼


**ਫਰਿਜ਼ਨੋ (ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰ ਅੰਦਰ ਸਾਫ-ਸੁਥਰੀ ਗੀਤਕਾਰੀ ਅਤੇ ਵਾਰਤਕ ਦੇ ਸਮੁੰਦਰ ਮੰਗਲ ਹਠੂਰ ਹੁਣ ਕਿਸੇ ਪਹਿਚਾਣ ਦੇ ਮੁਥਾਜ ਨਹੀ। ਪਿਛਲੇ ਤਿੰਨ ਦਹਾਕਿਆਂ ਤੋਂ ਉਹ ਸਾਫ ਸੁਥਰੀ ਗੀਤਕਾਰੀ ਜ਼ਰੀਏ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਹਨ। ਇਸ ਦੇ ਨਾਲ-ਨਾਲ ਉਨ੍ਹਾਂ ਵਾਰਤਕ ਵੀ ਬੜੀ ਸਫਲਤਾ ਨਾਲ ਲਿਖੀ। ਉਨ੍ਹਾਂ ਦੀਆਂ ਹੁਣ ਤੱਕ ਤਕਰੀਬਨ ਦਸ ਕਿਤਾਬਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸਿੰਗਾਰ ਬਣ ਚੁਕੀਆਂ ਹਨ। ਉਨ੍ਹਾਂ ਦੀ ਗਿਆਰਾਵੀਂ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਇਥੇ ਇੰਡੀਅਨ ਓਵਨ ਰੈਸਟੋਰੈਂਟ ਵਿਚ ਭਾਰੀ ਇਕੱਠ ਦੌਰਾਨ ਲੋਕ ਅਰਪਿਤ ਕੀਤੀ ਗਈ। ਫਰਿਜ਼ਨੋ ਇਲਾਕੇ ਦੀਆਂ ਬਹੁਤ ਸਾਰੀਆਂ ਸਾਹਿਤਕ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਚਾਰ ਚੰਨ ਲਾਏ।

ਇਸ ਮੌਕੇ ਮੰਗਲ ਹਠੂਰ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਅਤੇ ਮਿਆਰੀ ਸ਼ਾਇਰੋ-ਸ਼ਾਇਰੀ ਰਾਹੀ ਚੰਗਾ ਸਮਾਂ ਬੰਨਿਆ। ਸ਼ਾਇਰ ਸੁੱਖੀ ਧਾਲੀਵਾਲ, ਗਾਇਕ ਤੇ ਗੀਤਕਾਰ ਧਰਮਵੀਰ ਥਾਂਦੀ, ਦਿਲਦਾਰ ਗਰੁਪ ਦੇ ਗਾਇਕ ਅਵਤਾਰ ਗਰੇਵਾਲ, ਅਦਾਕਾਰ ਤੇ ਗਾਇਕ ਸੁਰਜੀਤ ਸਿੰਘ ਮਾਛੀਵਾੜਾ, ਕਵੀ ਗੈਰੀ ਢੇਸੀ, ਰੇਡੀਉ ਹੋਸਟ ਤੇ ਕਵੀਸ਼ਰ ਮਨਜੀਤ ਸਿੰਘ ਪੱਤੜ ਆਦਿਕ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਨੇ ਗੀਤ ਤੇ ਕਵਿਤਾਵਾਂ ਪੇਸ਼ ਕਰਕੇ ਦਰਸ਼ਕਾਂ ਦੀ ਵਾਹਵਾ ਖੱਟੀ।

ਇਸੇ ਦੌਰਾਨ ਡਾ. ਅਰਜਨ ਸਿੰਘ ਜੋਸਨ, ਡਾ. ਮਲਕੀਤ ਸਿੰਘ ਕਿੰਗਰਾ, ਨਾਜਰ ਸਿੰਘ ਸਹੋਤਾ, ਗੁਰਿੰਦਰਜੀਤ ਸਿੰਘ, ਕੁਲਵੰਤ ਧਾਲੀਆਂ, ਅਵਤਾਰ ਗਿੱਲ, ਪਾਲ ਕੈਲੇ, ਸਵਰਨ ਸਿੱਧੂ, ਸਤਨਾਮ ਬੱਲ, ਮਹਿੰਦਰ ਸਿੰਘ ਕੰਡਾ, ਪਿੰਦਾ ਚੀਮਾ, ਸਤਵੀਰ ਹੀਰ, ਜਸਵੰਤ ਮਹਿੰਮੀ, ਪ੍ਰਮੋਧ ਲੋਈ, ਜਸਵੀਰ ਸਰਾਏ, ਕਾਲਾ ਸਿੱਧੂ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਹਰਜੀਤ ਗਰੇਵਾਲ, ਰਣਮੇਘ ਢੇਸੀ, ਡਾ. ਸਿਮਰਜੀਤ ਧਾਲੀਵਾਲ, ਅਮਰਜੀਤ ਸਿੰਘ ਦੌਧਰ ਆਦਿ ਬਹੁਤ ਸਾਰੇ ਸੱਜਣਾਂ ਨੇ ਮੰਗਲ ਹਠੂਰ ਨੂੰ ਉਨ੍ਹਾਂ ਦੀ ਨਵੀਂ ਕਿਤਾਬ ਦੇ ਪ੍ਰਕਾਸ਼ਨ ਲਈ ਵਧਾਈ ਦਿੰਦਿਆਂ ਸਾਫ-ਸੁਥਰੀ ਗੀਤਕਾਰੀ ਲਈ ਉਸ ਦੀ ਪ੍ਰਸ਼ੰਸਾ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।



*ਪੁਸਤਕ ਲੋਕ ਅਰਪਣ ਕਰਨ ਸਮੇਂ ਮੰਗਲ ਹਠੂਰ ਪਤਵੰਤੇ ਸੱਜਣਾ ਨਾਲ।*










































































# ਇਸਾਈ ਭਾਈਚਾਰੇ ਵੱਲੋਂ ਜਥੇਦਾਰ ਤੱਕ ਪਹੁੰਚ

## ਦੋਵਾਂ ਧਰਮਾਂ ਦੇ ਆਗੂਆਂ ਵੱਲੋਂ ਆਪਸੀ ਭਾਈਚਾਰੇ ਦੀ ਅਪੀਲ



**ਅੰਮ੍ਰਿਤਸਰ:** ਇਸਾਈ ਅਤੇ ਸਿੱਖ ਭਾਈਚਾਰੇ ਵਿਚਾਲੇ ਪਿਛਲੇ ਕੁਝ ਦਿਨਾਂ ਤੋਂ ਵਧ ਰਹੇ ਵਿਵਾਦ ਨੂੰ ਖਤਮ ਕਰਨ ਦੇ ਮੰਤਵ ਨਾਲ ਡਾਇਸਿਸ ਆਫ ਜਲੰਧਰ ਦੇ ਆਗੂਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ ਹੈ। ਦੋਵਾਂ ਧਰਮਾਂ ਦੇ ਆਗੂਆਂ ਵੱਲੋਂ ਵਿਚਾਰ-ਵਟਾਂਦਰੇ ਮਗਰੋਂ ਆਪੋ ਆਪਣੀ ਕੌਮ ਦੇ ਲੋਕਾਂ ਨੂੰ ਆਪਸੀ ਭਾਈਚਾਰਾ ਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਗਈ ਹੈ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਆਏ ਮਸੀਹ ਭਾਈਚਾਰੇ ਦੇ ਆਗੂਆਂ ਵਿਚ ਜਲੰਧਰ ਡਾਇਸਿਸ ਦੇ ਬਿਸ਼ਪ ਫਰੈਂਕੋ ਮੁਲੱਕਲ, ਫਾਦਰ ਪੀਟਰ ਕਾਵੁਮਪੁਰਮ ਤੇ ਹੋਰ ਸ਼ਾਮਲ ਸਨ। ਇਨ੍ਹਾਂ ਨੇ ਪਿਛਲੇ ਦਿਨੀਂ ਸਿੱਖ ਆਗੂ ਪਰਮਜੀਤ ਸਿੰਘ ਅਕਾਲੀ ਵੱਲੋਂ ਪ੍ਰਭੂ ਯਸੂ ਮਸੀਹ ਖਿਲਾਫ਼ ਵਰਤੀ ਇਤਰਾਜ਼ਯੋਗ ਸ਼ਬਦਾਵਲੀ ਦਾ ਮੁੱਦਾ ਉਠਾਇਆ, ਜਿਸ ਕਾਰਨ ਬਾਅਦ ਵਿਚ ਜਲੰਧਰ ਖੇਤਰ ਵਿਚ ਭੰਨ-ਤੋੜ ਦੀਆਂ ਘਟਨਾਵਾਂ ਵੀ ਹੋਈਆਂ। ਇਸ ਸਬੰਧੀ ਪਰਮਜੀਤ ਸਿੰਘ ਸਮੇਤ ਹੋਰ ਸਿੱਖ ਕਾਰਕੁਨਾਂ ਨੂੰ ਪੁਲਿਸ ਨੇ ਗ੍ਰਿਫਤਾਰ ਵੀ ਕੀਤਾ ਹੈ। ਉਨ੍ਹਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਮੌਜੂਦਾ ਫਿਰਕੂ ਘਟਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਦੋਵਾਂ ਫਿਰਕਿਆਂ ਨੂੰ ਸਾਂਝੇ ਤੌਰ 'ਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਇਸਾਈ ਭਾਈਚਾਰਾ ਸ਼ਾਂਤੀ ਤੇ ਪਿਆਰ ਵਿਚ ਵਿਸ਼ਵਾਸ ਰੱਖਣ ਵਾਲਾ ਹੈ ਅਤੇ ਉਹ ਭਾਈਚਾਰਕ ਸਾਂਝ ਨੂੰ ਤਰਜੀਹ ਦਿੰਦੇ ਹਨ, ਪਰ ਫਿਰਕਿਆਂ ਵਿਚ ਕੁਝ ਸ਼ਰਾਰਤੀ ਅਨਸਰ ਵੀ ਹੁੰਦੇ ਹਨ, ਜੋ ਭਾਈਚਾਰਕ ਸਾਂਝ ਨੂੰ ਤਾਰਪੀਡੋ ਕਰਨਾ ਚਾਹੁੰਦੇ ਹਨ। ਇਸ ਲਈ ਅਜਿਹੇ ਅਨਸਰਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਇਸਾਈ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਬਣਾਏ ਰੱਖਣ ਅਤੇ ਸਰਕਾਰ ਨੂੰ ਆਪਣਾ ਕੰਮ ਕਰਨ ਵਿਚ ਸਹਿਯੋਗ ਦੇਣ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ ਕੌਮ ਆਪਸੀ ਪ੍ਰੇਮ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਦੀ ਸਮਰਥਕ ਹੈ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਆਪਸੀ ਸਾਂਝ, ਸ਼ਾਂਤੀ ਅਤੇ ਭਾਈਚਾਰਾ ਬਣਾ ਕੇ ਰੱਖਿਆ ਜਾਵੇ। ਕਿਸੇ ਤਰ੍ਹਾਂ ਦੀ ਭੜਕਾਊ ਬਿਆਨਬਾਜ਼ੀ ਨਾ ਕੀਤੀ ਜਾਵੇ।

# ਕਰਜ਼ ਮੁਆਫੀ: ਕਿਸਾਨਾਂ ਦੇ ਤਿੱਖੇ ਸਵਾਲਾਂ ਨੇ ਉਡਾਈ ਕੈਪਟਨ ਸਰਕਾਰ ਦੀ ਨੀਂਦ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕਰਜ਼ ਮੁਆਫੀ ਬਾਰੇ ਜਾਰੀ ਹੁਕਮਾਂ ਨੇ ਕਿਸਾਨਾਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਕਿਸਾਨਾਂ ਦੇ ਸਵਾਲ ਹਨ ਕਿ ਢਾਈ ਅਤੇ ਪੰਜ ਏਕੜ ਵਾਲੇ ਕਿਸਾਨਾਂ ਦੀ ਪਰਿਭਾਸ਼ਾ ਕੀ ਹੋਵੇਗੀ? ਕੀ ਇਹ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਹੋਵੇਗੀ ਜਾਂ ਸਹਿਕਾਰੀ ਸਭਾਵਾਂ ਵਿਚ ਬਣੇ ਹੱਦ ਕਰਜ਼ੇ ਦੇ ਰਿਕਾਰਡ ਅਨੁਸਾਰ? ਕਿਸਾਨ ਇਸ ਗੱਲ ਨੂੰ ਲੈ ਕੇ ਵੀ ਦੁਚਿੱਤੀ 'ਚ ਹਨ ਕਿ ਮਾਲ ਵਿਭਾਗ ਦੇ ਰਿਕਾਰਡ ਵਿਚ ਤਾਂ ਕਿਸਾਨਾਂ ਦੀਆਂ ਜ਼ਮੀਨਾਂ ਦੇ ਖਾਤੇ ਕਈ-ਕਈ ਪੁਸ਼ਤਾਂ ਤੋਂ ਤਕਸੀਮ ਨਾ ਹੋਣ ਕਾਰਨ ਸਾਂਝੇ ਹਨ, ਫਿਰ ਕੀ ਪੈਮਾਨਾ ਹੋਵੇਗਾ?

ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਹਿਕਾਰੀ ਸਭਾਵਾਂ 'ਚ ਉਹ ਆਪਣੀ ਨਿੱਜੀ ਮਾਲਕੀ ਤੋਂ ਇਲਾਵਾ ਠੇਕੇ 'ਤੇ ਲਈ ਜ਼ਮੀਨ ਦਰਸਾ ਕੇ ਵੱਧ ਹੱਦ ਕਰਜ਼ਾ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਇੰਜ ਅਸਲ ਢਾਈ ਅਤੇ ਪੰਜ ਏਕੜ ਮਾਲਕੀ ਵਾਲੇ ਕਿਸਾਨ ਇਸ ਮੁਆਫੀ ਤੋਂ ਵਾਂਝੇ ਰਹਿ ਜਾਣਗੇ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਿਸ ਕਿਸਾਨ ਕੋਲ ਢਾਈ ਜਾਂ ਪੰਜ ਏਕੜ ਤੋਂ ਇਕ, ਦੋ ਕਨਾਲ ਵੱਧ ਜ਼ਮੀਨ ਦੀ ਮਾਲਕੀ ਹੋਵੇਗੀ, ਉਸ ਨਾਲ ਉਹ ਵੱਡਾ ਕਿਸਾਨ ਨਹੀਂ ਬਣ ਜਾਂਦਾ।

ਅਜਿਹੀ ਸਥਿਤੀ ਵਿਚ ਕੀ ਅਜਿਹੇ ਕਿਸਾਨਾਂ ਨੂੰ ਲਾਭ ਮਿਲੇਗਾ? ਜਿਸ ਕਿਸਾਨ ਜ਼ਿੰਮੇ ਦੋ ਲੱਖ ਤੋਂ ਵੱਧ ਕਰਜ਼ਾ ਹੈ, ਤਾਂ ਕੀ ਉਸ ਨੂੰ ਢਾਈ ਜਾਂ ਪੰਜ ਏਕੜ ਦੇ ਮਾਲਕ ਕਿਸਾਨਾਂ ਨੂੰ ਪੂਰਾ ਦੋ ਲੱਖ ਦਾ ਲਾਭ ਮਿਲੇਗਾ? ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਹਿਕਾਰੀ ਐਕਟ 1961 ਦੀ ਧਾਰਾ 67-ਏ ਖਤਮ ਕੀਤੀ ਹੈ, ਪਰ ਇਸ ਦਾ ਕੁਰਕੀ ਨਾਲ ਕੋਈ ਸਬੰਧ ਨਹੀਂ। ਕੁਰਕੀ ਲਈ ਤਾਂ ਇਸ ਐਕਟ ਦੀ ਧਾਰਾ 62 ਅਤੇ 63 ਹਾਲੇ ਵੀ ਬਰਕਰਾਰ ਹੈ।

ਇਸੇ ਤਰ੍ਹਾਂ ਰੈਵੇਨਿਊ ਐਕਟ ਦੀ ਧਾਰਾ 67-ਏ ਵੀ ਹਾਲੇ ਉਸੇ ਤਰ੍ਹਾਂ ਖੜ੍ਹੀ ਹੈ। ਉਧਰ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਕਹਿਣਾ ਹੈ ਕਿ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਫੌਰੀ ਰਾਹਤ 3 ਤੋਂ ਵਧਾ ਕੇ 5 ਲੱਖ ਕਰਨ ਅਤੇ 1-1 ਸਰਕਾਰੀ ਨੌਕਰੀ ਅਤੇ ਸਮੁੱਚੇ ਕਰਜ਼ੇ ਮੁਆਫ ਕਰਨ ਦੇ ਫੈਸਲੇ 'ਤੇ ਅਮਲ, ਵਿਧਾਨਕਾਰ ਸਬ-ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਇਉਂ ਕਮੇਟੀਆਂ ਰਾਹੀਂ ਕਿਸਾਨਾਂ ਦੀਆਂ ਜਾਨਾਂ ਦਾ ਖੌਅ ਬਣੇ ਕਰਜ਼ਿਆਂ ਦੇ ਮਸਲੇ ਨੂੰ ਲਮਕਾ ਕੇ ਅੰਤ ਉਸੇ ਤਰ੍ਹਾਂ ਦਫਨ ਕਰਨ ਦੀ ਨੀਤੀ ਸਾਹਮਣੇ ਆ ਰਹੀ ਹੈ, ਜਿਵੇਂ ਪਿਛਲੀ ਸੱਤਾ-ਪਾਰੀ (2001-2007) ਸਮੇਂ 30 ਰੁਪਏ ਕੁਇੰਟਲ ਝੋਨਾ ਬੋਨਸ ਦੇਣ ਦਾ ਚੋਣ ਵਾਅਦਾ ਦਫਨ ਕੀਤਾ ਗਿਆ ਸੀ। ਕਿਸਾਨ ਆਗੂਆਂ ਨੇ ਕਰਜ਼ੇ ਮੋੜਨੋਂ ਅਸਮਰੱਥ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਖਤਮ ਕਰਾਉਣ ਅਤੇ ਖੁਦਕੁਸ਼ੀਆਂ ਪੂਰੀ ਤਰ੍ਹਾਂ ਰੋਕਣ ਲਈ ਸਖਤ ਸੰਘਰਸ਼ ਲਈ ਤਿਆਰ-ਬਰ-ਤਿਆਰ ਰਹਿਣ ਦਾ ਸੱਦਾ ਦਿੱਤਾ ਹੈ।



## ਖੇਤੀ ਵਿਕਾਸ ਬੈਂਕ ਦਾ ਕੰਮ ਲੀਹੋਂ ਲੱਥਾ

**ਚੰਡੀਗੜ੍ਹ:** ਪੰਜਾਬ ਦੇ ਰਾਜ ਖੇਤੀ ਵਿਕਾਸ ਬੈਂਕ (ਐਸ.ਏ.ਡੀ.ਬੀ.) ਨੂੰ 'ਨਾਬਾਰਡ' ਤੋਂ ਮਿਲਣ ਵਾਲੇ ਕਰਜ਼ੇ ਲਈ ਸੂਬਾ ਸਰਕਾਰ ਵੱਲੋਂ ਗਰੰਟੀ ਨਾ ਦਿੱਤੇ ਜਾਣ ਕਾਰਨ ਬੈਂਕ ਦਾ ਕੰਮ ਲੀਹੋਂ ਲੱਥ ਗਿਆ ਹੈ। ਸੂਬਾ ਸਰਕਾਰ ਦੇ ਰੁਖ ਕਾਰਨ 'ਨਾਬਾਰਡ' ਨੇ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਹਿਲਾਂ ਨੋਟਬੰਦੀ ਅਤੇ ਹੁਣ ਕਾਂਗਰਸ ਸਰਕਾਰ ਵੱਲੋਂ ਕੀਤੇ ਕਰਜ਼ਾ ਮੁਆਫੀ ਦੇ ਐਲਾਨ ਕਾਰਨ ਕਿਸਾਨਾਂ ਵੱਲੋਂ ਕਰਜ਼ੇ ਨਾ ਮੋੜਨ ਕਰ ਕੇ ਇਸ ਬੈਂਕ ਦੀ ਕਰਜ਼ ਵਸੂਲੀ ਮਹਿਜ਼ 8 ਫੀਸਦੀ ਤੱਕ ਰਹਿ ਗਈ ਹੈ। ਬੈਂਕ ਵੱਲੋਂ ਪਹਿਲਾਂ ਲਏ ਕਰਜ਼ੇ ਦੀਆਂ ਕਿਸ਼ਤਾਂ ਮੁੜਨੀਆਂ ਵੀ ਮੁਸ਼ਕਲ ਹੋ ਗਈਆਂ ਹਨ। ਪੰਜਾਬ ਸਰਕਾਰ ਵੱਲੋਂ ਪਹਿਲਾਂ ਦਿੱਤੀ ਗਰੰਟੀ ਦੀ ਮਿਆਦ 31 ਮਾਰਚ ਨੂੰ ਖਤਮ ਹੋ ਚੁੱਕੀ ਹੈ। ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਜੇਕਰ ਐਸ.ਏ.ਡੀ.ਬੀ. ਨੇ 31 ਜੁਲਾਈ ਤੱਕ 'ਨਾਬਾਰਡ' ਤੋਂ ਪਹਿਲਾਂ ਲਏ ਕਰਜ਼ੇ ਦੀ ਕਿਸ਼ਤ ਜੋ 350 ਕਰੋੜ ਰੁਪਏ ਬਣਦੀ ਹੈ, ਨਾ ਭਰੀ ਤਾਂ ਸੂਬਾ ਸਰਕਾਰ ਨੂੰ ਸਿੰਜਾਈ, ਦਿਹਾਤੀ ਵਿਕਾਸ ਤੇ ਹੋਰ ਵਿਭਾਗਾਂ ਲਈ ਦਿੱਤੀ ਜਾਂਦੀ ਵਿੱਤੀ ਸਹਾਇਤਾ 'ਤੇ ਵੀ ਅਸਰ ਪੈਣਾ ਲਾਜ਼ਮੀ ਹੈ। ਚਾਲੂ ਮਾਲੀ ਸਾਲ ਦੌਰਾਨ ਕਿਸਾਨਾਂ ਨੂੰ ਕਰਜ਼ੇ ਦੇਣ ਦਾ ਕੰਮ ਠੱਪ ਹੋ ਗਿਆ।

# ਭੂਮੀ, ਪਾਣੀ ਅਤੇ ਕਰਜ਼ਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਗੱਲ 1971 ਦੀ ਹੈ ਪਰ ਦੱਸਣ ਵਾਲੀ ਮੇਰੀ ਆਸਟ੍ਰੇਲੀਅਨ ਦੋਸਤ ਬੈਟੀ ਕਾਲਿਨਜ਼ ਦਿੱਲੀ ਆਈ ਹੋਈ ਸੀ। ਉਸ ਨੇ ਬੁੱਧ ਧਰਮ ਅਪਨਾ ਲਿਆ ਸੀ। ਆਪਣੇ ਦੇਸ਼ ਵਿਚ ਉਹ ਆਪਣੀ ਨਾਵਲ ਨਵੀਸੀ ਤੇ ਪੱਤਰਕਾਰਤਾ ਲਈ ਜਾਣੀ ਜਾਂਦੀ। ਭਾਰਤ ਵਿਚ ਮਹਾਤਮਾ ਬੁੱਧ ਨਾਲ ਸਬੰਧਤ ਇਤਿਹਾਸਕ ਥਾਂਵਾਂ ਵੇਖਣ ਆਈ ਸੀ। ਮੈਂ ਉਸ ਨੂੰ ਆਪਣੀ ਕਾਰ ਵਿਚ ਬੁੱਧ ਦੇ ਜਨਮ ਸਥਾਨ ਲੁੰਬਨੀ (ਨੇਪਾਲ) ਵੀ ਲੈ ਕੇ ਗਿਆ ਤੇ ਨਿਰਵਾਣ ਸਥਾਨ ਕੁਸ਼ੀਨਗਰ ਵੀ। ਅੱਜ ਵਾਲੀ ਗੱਲ ਦਾ ਸਬੰਧ ਦਿੱਲੀ ਤੋਂ ਕੁਸ਼ੀਨਗਰ ਵਾਲੀ ਫੇਰੀ ਨਾਲ ਹੈ।

ਅਸੀਂ ਖਜੁਰਾਹੋ ਦੀਆਂ ਮੂਰਤੀਆਂ ਵੇਖ ਕੇ ਛਤਰਪੁਰ ਨੂੰ ਜਾ ਰਹੇ ਸਾਂ ਤਾਂ ਉਥੋਂ ਦੀ ਕਿਸਾਨੀ ਦੇ ਦਰਸ਼ਨ ਹੋਏ। ਸੜਕ ਦੇ ਕੰਢੇ ਇਕ ਹਲਟ ਚਲ ਰਿਹਾ ਸੀ। ਤ੍ਰੇਹ ਲੱਗੀ ਹੋਈ ਸੀ ਤੇ ਕਾਰ ਦਾ ਇੰਜਣ ਵੀ ਪਾਣੀ ਮੰਗ ਰਿਹਾ ਸੀ। ਨੇੜੇ ਜਾ ਕੇ ਦੇਖਿਆ ਕਿ ਉਸ ਹਲਟ ਦਾ ਬੈੜ, ਗਾਧੀ, ਕੁੱਤਾ ਤੇ ਪਾੜਛਾ ਲੋਹੇ ਦੇ ਨਹੀਂ ਸਗੋਂ ਲਕੜ ਦੇ ਸਨ। ਇਥੋਂ ਤੱਕ ਕਿ ਲੋਹੇ ਦੀਆਂ ਟਿੰਡਾਂ ਦੀ ਥਾਂ ਮਿੱਟੀ ਦੇ ਕਟੋਰੇ ਬੰਨੇ ਹੋਏ ਸਨ। ਪਾੜਛੇ ਵਿਚ ਪੈਣ ਤੋਂ ਪਹਿਲਾਂ ਅੱਧਾ ਪਾਣੀ ਖੂਹ ਵਿਚ ਹੀ ਲੀਕ ਕਰ ਕਰ ਰਿਹਾ ਸੀ। ਜਿਹੜਾ ਬਚਦਾ ਸੀ, ਉਸ ਵਿਚੋਂ ਅੱਧਾ ਲੱਕੜੀ ਦੇ ਪਾੜਛੇ ਵਿਚੋਂ ਏਧਰ ਓਧਰ ਡੁੱਲ੍ਹ ਰਿਹਾ ਸੀ। ਇਹ ਦ੍ਰਿਸ਼ ਬੈਟੀ ਕਾਲਿਨਜ਼ ਲਈ ਤਾਂ ਹੈਰਾਨੀ ਵਾਲਾ ਹੋਣਾ ਹੀ ਸੀ, ਮੇਰੇ ਲਈ ਵੀ ਘੱਟ ਨਹੀਂ ਸੀ। 1971 ਤੱਕ ਪੰਜਾਬ ਦੇ ਜੱਟਾਂ ਨੇ ਲੋਹੇ ਦੇ ਹਲਟਾਂ ਦੀ ਥਾਂ ਟਿਊਬਵੈਲਾਂ ਦਾ ਪ੍ਰਬੰਧ ਕਰ ਲਿਆ ਸੀ। ਹਲਟਾਂ ਦਾ ਲੋਹਾ ਬਟਾਲਾ (ਗੁਰਦਾਸਪੁਰ) ਤੇ ਗੋਬਿੰਦਗੜ੍ਹ (ਲੁਧਿਆਣਾ) ਦੀਆਂ ਮੰਡੀਆਂ ਨੂੰ ਭੇਟ ਕਰ ਛੱਡਿਆ ਸੀ।

ਮੈਂ ਲਕੜੀ ਦੇ ਹਲਟ ਵਾਲੇ ਮਾਲਕ ਨੂੰ ਪੁੱਛਿਆ ਕਿ ਉਹ ਗਊ ਦੇ ਜਾਇਆਂ ਦੀ ਜਾਨਮਾਰੀ ਕਰਨ ਦੀ ਥਾਂ ਲੋਹੇ ਦਾ ਹਰਟ ਕਿਉਂ ਨਹੀਂ ਲਵਾ ਲੈਂਦਾ। 'ਉਸ ਪੈ ਤੋਂ 800 ਰੁਪਏ ਲਗ ਜੀ', ਕਹਿ ਕੇ ਉਸ ਨੇ ਬੌਲਦ ਦੀ ਪੂਛ ਨੂੰ ਮਰੋੜਾ ਦੇ ਕੇ ਇੱਕ ਪ੍ਰਣ ਵੀ ਕੱਢ ਮਾਰੀ। ਮੈਂ ਭਾਰਤ ਦੇ ਖੇਤੀ ਮੰਤਰਾਲੇ ਵਿਚ ਕੰਮ ਕਰਦਾ ਹੋਣ ਸਦਕਾ ਮੱਧ ਪ੍ਰਦੇਸ਼ ਦੇ ਡਿਪਟੀ ਡਾਇਰੈਕਟਰ ਖੇਤੀ ਵਿਭਾਗ ਡਾ. ਆਤਮਾ ਸਿੰਘ ਢਿੱਲੋਂ ਨੂੰ ਜਾਣਦਾ ਸਾਂ। ਮੈਂ ਹਲਟ ਵਾਲੇ ਨੂੰ ਦੱਸਿਆ ਕਿ ਉਸ ਨੂੰ 800 ਰੁਪਏ ਕਰਜ਼ਾ ਦਿਲਵਾ ਦਿੰਦਾ ਹਾਂ। ਲੋਹੇ ਦਾ ਹਲਟ ਏਨੀ ਉਟ ਦੇਵੇਗਾ ਕਿ ਦੋ ਜਾਂ ਤਿੰਨ ਸਾਲ ਵਿਚ ਏਨੇ ਪੈਸੇ ਆਰਾਮ ਨਾਲ ਬਚ ਜਾਣਗੇ। 'ਕਰਜ਼ਾ ਤੋਂ ਮੇਰੇ ਬਾਪ ਦਾਦਾ ਨੇ ਨਹੀਂ ਲੀਆ, ਮੈਂ ਕਿਉਂ ਲੂੰਗਾ।' ਉਸ ਦੀ ਜਿੱਦ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ।



*ਮਹਾਤਮਾ ਬੁੱਧ ਦਾ ਜਨਮ ਸਥਾਨ ਲੁੰਬਨੀ (ਨੇਪਾਲ)*

1977 ਵਿਚ ਡਾ. ਢਿੱਲੋਂ ਮੱਧ ਪ੍ਰਦੇਸ਼ ਤੋਂ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਚ ਡਾਇਰੈਕਟਰ ਆ ਲੱਗੇ। ਮੈਂ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਕਿਸਾਨ ਦੀ ਗੱਲ ਦੱਸੀ। ਡਾ. ਢਿੱਲੋਂ ਨੇ ਦੱਸਿਆ, ਕਰਜ਼ਾ ਲੈਣ ਦਾ ਕੋਈ ਹਰਜ ਨਹੀਂ, ਪਰ ਬਹੁਤੇ ਜ਼ਿਮੀਂਦਾਰ ਇਹ ਪੈਸਾ ਉਸ ਕੰਮ ਲਈ ਨਹੀਂ ਵਰਤਦੇ ਜਿਸ ਲਈ ਲੈਂਦੇ ਹਨ। ਵਿਆਹ ਸ਼ਾਦੀਆਂ ਅੰਟ-ਸ਼ੰਟ ਪਾਰਟੀਆਂ 'ਤੇ ਉੜਾ ਛਡਦੇ ਹਨ। ਜਾਪਦਾ ਹੈ ਕਿ ਇਹ ਰੁਝਾਨ ਅੱਜ ਕੱਲ ਹੋਰ ਵੀ ਵਧ ਗਿਆ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਕਰਜ਼ ਲਿਆ ਪੈਸਾ ਜੱਟ ਨੂੰ ਓਨੀ ਉਪਜ ਨਾ ਦੇਵੇ ਜਿੰਨੀ ਮਿਲਣੀ ਚਾਹੀਦੀ ਹੈ। ਪੰਜਾਬ ਦੀ ਕਿਸਾਨੀ ਨੂੰ ਤਾਂ ਨਸ਼ੇ ਵੀ ਖਾ ਰਹੇ ਹਨ। ਦੇਖੀਏ ਨਵੀਂ ਸਰਕਾਰ ਕਿੰਨੀ ਕੁ ਨੱਥ ਪਾਉਂਦੀ ਹੈ। ਰੌਲਾ ਗੌਲਾ ਤਾਂ ਬਹੁਤ ਹੈ।

**ਬ੍ਰਿਟਿਸ਼ ਕੋਲੰਬੀਆ ਵਿਚ ਦੁਆਬਾ:** ਚੰਗੇਰੇ ਜੀਵਨ ਦੀ ਭਾਲ ਵਿਚ ਦੁਆਬੇ ਦੇ ਲੋਕਾਂ ਦਾ ਵਿਦੇਸ਼ ਜਾਣਾ ਅੱਜ ਦੀ ਗੱਲ ਨਹੀਂ। ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦਾ ਵੈਨਕੂਵਰ ਸ਼ਹਿਰ ਹੀ ਲਈਏ ਤਾਂ ਹਰ ਥਾਂ ਪੰਜਾਬੀ ਦਿਖਾਈ ਦਿੰਦੇ ਹਨ। ਉਜਲ ਦੁਸਾਂਝ ਪੂਰੇ ਸੂਬੇ ਦਾ ਪ੍ਰੀਮੀਅਰ ਰਹਿ ਚੁਕਾ ਹੈ। ਲੰਮਾ ਸਮਾਂ ਜਲੰਧਰ ਨਾਲ ਜੁੜੇ ਰਹੇ ਪੰਜਾਬੀ ਮਹਾਰਥੀ ਤੇਰਾ ਸਿੰਘ ਚੰਨ ਦੀ ਦੋਹਤੀ ਰਚਨਾ ਸਿੰਘ ਬੀ.ਸੀ. ਦੀ ਵਿਧਾਨ ਸਭਾ ਦੀ ਮੈਂਬਰ ਹੈ। ਮੈਂ ਆਪਣੇ ਪਿੰਡ ਗਿਆ ਤਾਂ ਮੇਰੇ ਭਤੀਜੇ ਦੀ ਬੇਟੀ ਦਿਲਪ੍ਰੀਤ ਨੇ ਨਵਾਂ ਸ਼ਹਿਰ ਵਿਖੇ ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ ਟੈਸਟਿੰਗ ਸਿਸਟਮ (ਆਈਲੈਟਸ) ਦੀ ਤਿਆਰੀ ਲਈ ਜਾਣਾ ਸੀ। ਆਈਲੈਟ ਪਾਸ ਬੱਚੇ ਨੂੰ ਵਿਦੇਸ਼ਾਂ ਦੇ ਸਕੂਲਾਂ ਵਿਚ ਦਾਖਲਾ ਮਿਲ ਜਾਂਦਾ ਹੈ ਤੇ ਉਹ ਪੜ੍ਹਾਈ ਦੇ ਨਾਲ ਨਾਲ ਕਮਾਈ ਵੀ ਕਰ ਲੈਂਦੇ ਹਨ। ਮੇਰੇ ਭਤੀਜੇ ਨੇ ਡੇਢ ਮਹੀਨਾ ਹਰ ਸਵੇਰ ਉਸ ਨੂੰ ਉਥੇ ਛੱਡ ਕੇ ਆਉਣਾ ਸੀ ਤੇ ਹਰ ਸ਼ਾਮ ਲੈ ਕੇ ਆਉਣਾ ਸੀ। ਉਸ ਦੇ ਖੇਤੀ ਵਾਲੇ ਕੰਮ ਉਤੇ ਅਸਰ ਪੈਣਾ ਸੀ। ਦਿਲਪ੍ਰੀਤ ਆਪ ਵੀ ਜੀਪ ਚਲਾ ਲੈਂਦੀ ਹੈ। ਮੇਰੇ ਸੁਝਾਅ ਉਤੇ ਉਸ ਨੇ ਆਪਣੇ ਤੋਂ ਛੋਟੀ ਭੈਣ ਹਰਮਨਦੀਪ ਨੂੰ ਵੀ ਨਾਲ ਲਿਜਾਣਾ ਮੰਨ ਲਿਆ। ਉਹ ਦੋਵੇਂ ਜੀਪ ਉਤੇ ਜਾਣ ਲੱਗੀਆਂ ਤਾਂ ਸਾਡੇ ਪਿੰਡ ਦੀਆਂ ਦੋ ਹੋਰ ਕੁੜੀਆਂ ਉਨ੍ਹਾਂ ਨਾਲ ਜਾਣ ਲੱਗੀਆਂ। ਫੇਰ ਖਬਰ ਮਿਲੀ ਕਿ ਇੱਕ ਹਫਤੇ ਪਿਛੋਂ ਨੇੜਲੇ ਪਿੰਡਾਂ ਦੀਆਂ ਦੋ ਹੋਰ ਕੁੜੀਆਂ ਵੀ ਰਲ ਗਈਆਂ। ਦਿਲਪ੍ਰੀਤ ਜੀਪ ਚਲਾਉਂਦੀ ਸੀ ਤੇ ਬਾਕੀ ਉਸ ਦੀਆਂ ਸਹਿਪਾਠੀ ਸਹੇਲੀਆਂ। ਨੇੜਲੇ ਪਿੰਡਾਂ ਦੀਆਂ ਕੁੜੀਆਂ ਦੇ ਮਾਪੇ ਆਪਣੀਆਂ ਧੀਆਂ ਨੂੰ ਸਵੇਰੇ ਸਾਡੇ ਘਰ ਪਹੁੰਚਾ ਦਿੰਦੇ ਸਨ ਤੇ ਸ਼ਾਮ ਨੂੰ ਲੈ ਜਾਂਦੇ ਸਨ।


ਮੇਰੇ ਭਤੀਜੇ ਨੇ ਦੱਸਿਆ ਕਿ ਵਿਦੇਸ਼ ਵਿਚ ਬੱਚਿਆਂ ਨੂੰ ਨੌਕਰੀ ਵੀ ਸੌਖੀ ਮਿਲ ਜਾਂਦੀ ਹੈ ਤੇ ਵਿਆਹ ਲਈ ਮੁੰਡੇ ਵੀ। ਮੇਰੇ ਤੋਂ ਛੋਟੀ ਮੇਰੀ ਭੈਣ ਹਰਭਜਨ ਕੌਰ ਨੇ ਤਿੰਨ ਦਹਾਕੇ ਹੋਏ ਆਪਣੀ ਧੀ ਕਮਲ ਉਥੋਂ ਦੇ ਮੁੰਡੇ ਅਜਮੇਰ ਸਿੰਘ ਨੂੰ ਵਿਆਹੀ ਸੀ ਤੇ ਉਸ ਤੋਂ ਪਿਛੋਂ ਇੱਕ ਇੱਕ ਕਰਕੇ ਆਪਣੀ ਦੂਜੀ ਧੀ ਤੇ ਪੁੱਤਰ ਨੂੰ ਹੀ ਨਹੀਂ, ਆਪਣੇ ਤੋਂ ਛੋਟੀ ਭੈਣ ਦੇ ਸਾਰੇ ਬੱਚਿਆਂ ਨੂੰ ਬੀ.ਸੀ. ਲੈ ਗਈ। ਇਥੇ ਹੀ ਬਸ ਨਹੀਂ, ਉਸ ਨੇ ਅੱਧੀ ਦਰਜਨ ਹੋਰ ਰਿਸ਼ਤੇਦਾਰਾਂ ਲਈ ਵੀ ਉਥੇ ਜਾ ਕੇ ਵਸਣ ਦਾ ਰਾਹ ਖੋਲ੍ਹਿਆ। ਮੈਂ ਆਪਣੀ ਪਿਛਲੀ ਕੈਨੇਡਾ ਫੇਰੀ ਸਮੇਂ ਉਥੇ ਗਿਆ ਤਾਂ ਨਿਉਂਦੇ ਖਾ ਖਾ ਮੋਟਾ ਹੋ ਗਿਆ। ਜਿਸ ਘਰ ਖਾਣਾ ਹੁੰਦਾ, ਉਥੇ ਬਾਕੀ ਦੇ ਰਿਸ਼ਤੇਦਾਰ ਵੀ ਆਏ ਹੁੰਦੇ। ਉਹ ਦਿਨ ਦੂਰ ਨਹੀਂ ਜਦੋਂ ਵੈਨਕੂਵਰ ਦੇ ਨੇੜਲੇ ਸ਼ਹਿਰਾਂ ਵਿਚ ਪੰਜਾਬੀਆਂ ਦੀ ਬੱਲੇ ਬੱਲੇ ਹੋਵੇਗੀ।

**ਅੰਤਿਕਾ:** ਗੁਰਭਜਨ ਗਿੱਲ

ਮੈਂ ਸਾਰੀ ਧਰਤ ਦੀ ਅਗਨੀ 'ਚ
ਖੁਦ ਨੂੰ ਭਸਮ ਕੀਤਾ ਹੈ,
ਨਜ਼ਰ ਭਰ ਵੇਖ ਮੈਨੂੰ,
ਧੁਖ ਰਿਹਾਂ ਹੁਣ ਠਾਰ ਦੇ ਮੈਨੂੰ।
ਮੇਰੇ ਬਿਰਖਾਂ ਦੇ ਪੱਤਰ, ਟਾਹਣ
ਅਜ ਕੱਲ੍ਹ ਬਹੁਤ ਸੁੰਨੇ ਨੇ,
ਖੁਦਾਇਆ ਰਹਿਮਤਾਂ ਕਰ,
ਪੰਛੀਆਂ ਦੀ ਡਾਰ ਦੇਹ ਮੈਨੂੰ।

# ਅੱਜ ਦੇ ਹਾਲਾਤ ‘ਚ ਪੰਜਾਬ ਦੇ ਖੇਤ ਮਜ਼ਦੂਰਾਂ ਦੀ ਹੋਣੀ

ਭਾਰਤ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਨਾ ‘ਸਭ ਦਾ ਵਿਕਾਸ’ ਹੋਇਆ, ਨਾ ਹੀ ਕਿਸਾਨਾਂ ਦੀ ਆਮਦਨ ਦੁੱਗਣੀ ਹੁੰਦੀ ਵਿਖਾਈ ਦਿੱਤੀ। ਹਾਂ, ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਜ਼ਰੂਰ ਭਾਰੀ ਹੋ ਗਈ ਅਤੇ ਖ਼ੁਦਕੁਸ਼ੀਆਂ ਨੇ ਰੁਕਣ ਦਾ ਨਾਂ ਨਹੀਂ ਲਿਆ। ਆਖ਼ਿਰ ਕਿਸਾਨ ਸੜਕਾਂ ‘ਤੇ ਉਤਰ ਆਏ। ਸਰਕਾਰ ਨੂੰ ਕਈ ਰਾਜਾਂ ਵਿਚ ਕਰਜ਼ਾ ਮੁਆਫ਼ੀ ਦਾ ਐਲਾਨ ਕਰਨਾ ਪਿਆ। ਪੰਜਾਬ ਵਿਚ ਵੀ ਸਰਕਾਰ ਨੇ ਆਪਣਾ ਚੋਣ ਵਾਅਦਾ ਨਿਭਾਉਂਦਿਆਂ ਛੋਟੀ ਕਿਸਾਨੀ ਅਤੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਕਰਜ਼ਾ



**ਡਾ. ਸੁਖਪਾਲ ਸਿੰਘ**
ਫੋਨ: +91-98760-63523

ਮੁਆਫ਼ੀ ਦੇ ਐਲਾਨ ਕਰ ਦਿੱਤੇ। ਬਿਨਾਂਸ਼ੱਕ, ਅਜਿਹਾ ਕਰਨ ਦੀ ਜ਼ਰੂਰਤ ਵੀ ਸੀ, ਕਿਉਂਕਿ ਕਰਜ਼ੇ ਨਾਲ ਵਿੰਨ੍ਹੇ ਹੋਏ ਪੰਜਾਬ ਦੇ ਕਿਸਾਨ-ਮਜ਼ਦੂਰ ਆਪਣੀ ਜ਼ਿੰਦਗੀ ਨੂੰ ਰੋੜ੍ਹਨ ਦਾ ਹਰ ਵਸੀਲਾ ਕਰਨ ਤੋਂ ਬਾਅਦ ਖ਼ੁਦਕੁਸ਼ੀਆਂ ਕਰ ਰਹੇ ਹਨ। ਖੇਤੀ ਦੇ ਪੂੰਜੀਵਾਦੀ ਮਾਡਲ ਅਧੀਨ ਜਿਥੇ ਛੋਟੀ ਕਿਸਾਨੀ ਖੇਤੀ ਵਿਚੋਂ ਬਾਹਰ ਚਲੀ ਗਈ, ਉਥੇ ਖੇਤ ਮਜ਼ਦੂਰ, ਜਿਨ੍ਹਾਂ ਕੋਲ ਆਪਣੀ ਮਿਹਨਤ ਵੇਚਣ ਤੋਂ ਇਲਾਵਾ ਹੋਰ ਕੋਈ ਗੁਜ਼ਾਰੇ ਦਾ ਸਾਧਨ ਨਹੀਂ, ਉਨ੍ਹਾਂ ਦੀ ਆਰਥਿਕ ਹਾਲਤ ਬੇਹੱਦ ਪਤਲੀ ਹੋ ਗਈ ਹੈ। ਇਸ ਲਈ ਉਨ੍ਹਾਂ ਸਿਰ ਚੜ੍ਹੇ ਕਰਜ਼ੇ ਦਾ ਬੋਝ ਹੌਲਾ ਕਰ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਬਿਹਤਰੀ ਲਈ ਸੋਚਣਾ ਜ਼ਰੂਰੀ ਹੈ।

ਆਖ਼ਿਰ ਇਹ ਲੋਕ ਕਿੰਨੇ ਕੁ ਹਨ ਅਤੇ ਇਨ੍ਹਾਂ ਸਿਰ ਕਿੰਨਾ ਕੁ ਕਰਜ਼ਾ ਹੈ? ਪੰਜਾਬ ਵਿਚ 2011 ਦੀ ਜਨਗਣਨਾ ਅਨੁਸਾਰ 15 ਲੱਖ 88 ਹਜ਼ਾਰ 455 ਖੇਤ ਮਜ਼ਦੂਰ ਹਨ ਜਿਨ੍ਹਾਂ ਵਿਚੋਂ 14 ਲੱਖ 74 ਹਜ਼ਾਰ 732 ਪੇਂਡੂ ਖੇਤਰ ਅਤੇ 1 ਲੱਖ 13 ਹਜ਼ਾਰ 723 ਸ਼ਹਿਰੀ ਖੇਤਰ ਦੇ ਖੇਤ ਮਜ਼ਦੂਰ ਹਨ। ਪੇਂਡੂ ਖੇਤਰ ਦੇ ਖੇਤ ਮਜ਼ਦੂਰਾਂ ਵਿਚ 11 ਲੱਖ 46 ਹਜ਼ਾਰ 165 ਪੁਰਸ਼ ਅਤੇ 3 ਲੱਖ 28 ਹਜ਼ਾਰ 567 ਮਹਿਲਾ ਮਜ਼ਦੂਰ ਹਨ। ਇਕ ਅਨੁਮਾਨ ਅਨੁਸਾਰ ਪੰਜਾਬ ਦੇ ਪੇਂਡੂ ਖੇਤਰ ਵਿਚ 7 ਲੱਖ ਖੇਤ ਮਜ਼ਦੂਰ ਪਰਿਵਾਰ ਹਨ। ਇਨ੍ਹਾਂ ਪਰਿਵਾਰਾਂ ਦਾ 70 ਫ਼ੀਸਦੀ ਹਿੱਸਾ ਕਰਜ਼ੇ ਥੱਲੇ ਦੱਬਿਆ ਹੋਇਆ ਹੈ। ਇਨ੍ਹਾਂ ਸਿਰ ਲਗਪਗ 60 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਕਰਜ਼ਾ ਹੈ। ਇਸ ਕਰਜ਼ੇ ਦਾ 90 ਫ਼ੀਸਦੀ ਗ਼ੈਰ-ਸੰਸਥਾਗਤ ਸਰੋਤਾਂ ਅਤੇ ਬਾਕੀ 10 ਫ਼ੀਸਦੀ ਸਰਕਾਰੀ ਅਦਾਰਿਆਂ ਤੋਂ ਲਿਆ ਹੋਇਆ ਹੈ। ਪੰਜਾਬ ਦੇ ਕਿਸਾਨਾਂ ਸਿਰ ਜਿਥੇ 80 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਉਥੇ ਖੇਤ ਮਜ਼ਦੂਰਾਂ ਸਿਰ ਕਰਜ਼ਾ ਲਗਪਗ ਚਾਰ ਹਜ਼ਾਰ ਕਰੋੜ ਰੁਪਏ ਬਣਦਾ ਹੈ। ਗ਼ੈਰ ਸਰਕਾਰੀ ਕਰਜ਼ੇ ਵਿਚੋਂ 70 ਫ਼ੀਸਦੀ ਕਰਜ਼ਾ ਜਿਮੀਂਦਾਰਾਂ ਅਤੇ ਬਾਕੀ 25 ਫ਼ੀਸਦੀ ਛੋਟੇ ਦੁਕਾਨਦਾਰਾਂ/ਸ਼ਾਹੂਕਾਰਾਂ ਅਤੇ 5 ਫ਼ੀਸਦੀ ਹਿੱਸਾ ਰਿਸ਼ਤੇਦਾਰਾਂ/ਸਬੰਧੀਆਂ ਦਾ ਹੈ। ਖੇਤ ਮਜ਼ਦੂਰਾਂ ਨੇ ਇਸ ਕਰਜ਼ੇ ਦਾ 59 ਫ਼ੀਸਦੀ ਰੋਜ਼ਾਨਾ ਲੋੜਾਂ ਦੀ ਪੂਰਤੀ, 23 ਫ਼ੀਸਦੀ ਇਲਾਜ, 2 ਫ਼ੀਸਦੀ ਵਸਤਾਂ/ਪਸ਼ੂਆਂ ਦੀ ਖ਼ਰੀਦ ਅਤੇ 16 ਫ਼ੀਸਦੀ ਬੱਚਿਆਂ ਦੇ ਵਿਆਹ ਅਤੇ ਹੋਰ ਸਮਾਜਿਕ ਰਸਮਾਂ ਲਈ ਲਿਆ ਹੋਇਆ ਹੈ।

ਪੰਜਾਬ ਵਿਚ ਮਜ਼ਦੂਰ ਖ਼ੁਦਕੁਸ਼ੀਆਂ ਦਾ ਵਰਤਾਰਾ ਵੀ ਕਿਸਾਨ ਖ਼ੁਦਕੁਸ਼ੀਆਂ ਦੇ ਬਰਾਬਰ ਹੀ ਵਾਪਰ ਰਿਹਾ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ ਸਰਵੇਖਣ ਅਨੁਸਾਰ 2000 ਤੋਂ 2010 ਤਕ ਸੂਬੇ ਵਿਚ ਸੱਤ ਹਜ਼ਾਰ ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚੋਂ ਚਾਰ ਹਜ਼ਾਰ ਕਿਸਾਨ ਅਤੇ ਤਿੰਨ ਹਜ਼ਾਰ ਮਜ਼ਦੂਰ ਸਨ। ਇਥੇ 20 ਲੱਖ ਕਿਸਾਨ ਅਤੇ 14.7 ਲੱਖ ਮਜ਼ਦੂਰ ਹਨ। ਇਸ ਤਰ੍ਹਾਂ ਹਰ ਇਕ ਲੱਖ ਕਾਮਿਆਂ ਪਿੱਛੇ ਔਸਤਨ 18 ਕਿਸਾਨਾਂ ਅਤੇ 18 ਹੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਸਪਸ਼ਟ ਹੈ ਕਿ ਕਿਸਾਨਾਂ ਤੇ ਮਜ਼ਦੂਰਾਂ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਉਨ੍ਹਾਂ ਦੀ ਆਬਾਦੀ ਦੇ ਅਨੁਸਾਰ ਬਰਾਬਰ ਹੈ, ਸਗੋਂ ਖ਼ੁਦਕੁਸ਼ੀ ਕਰਨ ਦਾ ਰੁਝਾਨ ਮਜ਼ਦੂਰ ਔਰਤਾਂ ਵਿਚ (17 ਫ਼ੀਸਦੀ) ਕਿਸਾਨ ਔਰਤਾਂ (8 ਫ਼ੀਸਦੀ) ਨਾਲੋਂ ਦੁੱਗਣਾ ਹੈ। ਮਜ਼ਦੂਰਾਂ ਦੀਆਂ ਇਨ੍ਹਾਂ ਖ਼ੁਦਕੁਸ਼ੀਆਂ ਦਾ 59 ਫ਼ੀਸਦੀ ਕਰਜ਼ੇ ਕਰ ਕੇ ਅਤੇ ਬਾਕੀ ਆਰਥਿਕ ਤੰਗੀਆਂ-ਤੁਰਸ਼ੀਆਂ ਕਰ ਕੇ ਹੋਣਾ ਦਰਸਾਉਂਦਾ ਹੈ ਕਿ ਇਨ੍ਹਾਂ ਦਾ ਆਰਥਿਕ-ਸਮਾਜਿਕ ਸੰਕਟ ਕਿੰਨਾ ਗਹਿਰਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਮਿਹਨਤਕਸ਼ ਲੋਕਾਂ ਸਿਰ ਕਰਜ਼ਾ ਕਿਉਂ ਚੜ੍ਹ ਗਿਆ ਹੈ? ਇਸ ਸਵਾਲ ਦਾ ਜਵਾਬ ਇਨ੍ਹਾਂ ਨੂੰ ਮਿਲਣ ਵਾਲੇ ਰੁਜ਼ਗਾਰ ਦੀ ਹਾਲਤ, ਮਿਹਨਤਾਨੇ ਦੀ ਦਰ ਅਤੇ ਆਮਦਨ ਦੇ ਪੱਧਰ ਤੋਂ ਮਿਲਦਾ ਹੈ। ਪੰਜਾਬ ਵਿਚ ਮਜ਼ਦੂਰਾਂ ਨੂੰ ਸਾਲ ਵਿਚ ਤਿੰਨ ਮਹੀਨੇ ਹੀ ਖੇਤ ਵਿਚ ਕੰਮ ਮਿਲਦਾ ਹੈ, ਜਦੋਂਕਿ ਬਾਕੀ ਦਿਨ ਉਨ੍ਹਾਂ ਨੂੰ ਕੰਮ ਦੀ ਭਾਲ ਕਰਨ ਦੇ ਬਾਵਜੂਦ ਕੰਮ ਨਹੀਂ ਮਿਲਦਾ ਅਤੇ ਬਹੁਤੇ ਦਿਨ ਉਨ੍ਹਾਂ ਨੂੰ ਲੇਬਰ ਚੌਕਾਂ ਵਿਚੋਂ ਵਾਪਸ ਆਉਣਾ ਪੈਂਦਾ ਹੈ। ਹਰੇ ਇਨਕਲਾਬ ਦੇ ਸ਼ੁਰੂਆਤੀ ਦੌਰ ਵਿਚ ਰੁਜ਼ਗਾਰ ਵਿਚ ਵਾਧਾ ਹੋਇਆ ਕਿਉਂਕਿ ਇਸ ਸਮੇਂ ਵਿਚ ਰੁਜ਼ਗਾਰ ਨੂੰ ਵਧਾਉਣ ਵਾਲੇ ਕਾਰਕਾਂ ਜਿਵੇਂ ਸਿੰਜਾਈ ਸਹੂਲਤਾਂ, ਫ਼ਸਲੀ ਰਕਬਾ ਅਤੇ ਉਤਪਾਦਕਤਾ ਵਿਚ ਕਾਫ਼ੀ ਵਾਧਾ ਹੋਇਆ ਸੀ, ਪਰ ਖੇਤੀ ਦੇ ਮਸ਼ੀਨੀਕਰਨ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨੇ ਲੇਬਰ ਦਾ ਕੰਮ ਖੋਹ ਲਿਆ। ਇਸ ਕਰ ਕੇ ਹੁਣ ਖੇਤੀ ਖੇਤਰ ਵਿਚ ਮਜ਼ਦੂਰਾਂ ਦੀ ਮੰਗ ਕਾਫ਼ੀ ਘਟ ਗਈ। ਪੰਜਾਬ ਵਿਚ ਹੋਣ ਵਾਲੀਆਂ ਦੋ ਮੁੱਖ ਫ਼ਸਲਾਂ ਕਣਕ ਅਤੇ ਝੋਨੇ ਵਿਚ ਪਿਛਲੇ ਸਮੇਂ ਦੌਰਾਨ ਮਨੁੱਖੀ ਕਿਰਤ ਲਈ ਰੁਜ਼ਗਾਰ ਵਿਚ ਕਾਫ਼ੀ ਕਮੀ ਆਈ ਹੈ। ਹਰੀ ਕ੍ਰਾਂਤੀ ਦੇ ਮੁੱਢਲੇ ਦੌਰ ਵਿਚ ਇਥੇ ਸਥਾਈ ਮਜ਼ਦੂਰਾਂ ਦੀ ਬਹੁਤਾਤ ਸੀ। ਲਗਪਗ ਹਰ ਦਰਮਿਆਨੇ ਅਤੇ ਵੱਡੇ ਕਿਸਾਨ ਨੇ ਸਥਾਈ ਰੂਪ ਵਿਚ ਸਾਂਝੀ/ਸੀਰੀ ਕੰਮ ਉਪਰ ਰੱਖੇ ਹੋਏ ਸਨ। ਖੇਤੀ ਵਿਚ ਆਏ ਪੂੰਜੀਵਾਦੀ ਤਬਦੀਲੀ ਨੇ ਮਸ਼ੀਨਾਂ ਰਾਹੀਂ ਕਿਰਤੀਆਂ ਦਾ ਪੱਕਾ ਰੁਜ਼ਗਾਰ ਖੋਹ ਲਿਆ। ਇਸ ਲਈ ਅੱਜ ਪੱਕੇ ਮਜ਼ਦੂਰ, ਜਿਨ੍ਹਾਂ ਨੂੰ ਸਾਰੇ ਸਾਲ ਲਈ ਕੰਮ ‘ਤੇ ਲਾਇਆ ਜਾਂਦਾ ਹੈ, ਘਟ ਕੇ ਸਿਰਫ਼ 19 ਫ਼ੀਸਦੀ ਰਹਿ ਗਏ। ਇਸ ਲਈ 1987-88 ਦੌਰਾਨ ਖੇਤ ਮਜ਼ਦੂਰਾਂ ਦੀ ਔਸਤ ਸਿਰਫ਼ 23 ਫ਼ੀਸਦੀ ਰਹਿ ਗਈ। ਵਿਸ਼ਵੀਕਰਨ ਨੀਤੀਆਂ ਕਰ ਕੇ ਉਦਯੋਗਿਕ ਖੇਤਰ ਵੀ ਸੰਕਟ ਵਿਚ ਚਲਾ ਗਿਆ ਜਿਸ ਕਰ ਕੇ ਪੰਜਾਬ ਵਿਚ 2007 ਤੋਂ 2015 ਤਕ 19,000 ਉਦਯੋਗਿਕ ਇਕਾਈਆਂ ਬੰਦ ਹੋ ਗਈਆਂ। ਰੁਜ਼ਗਾਰ ਦੀ ਇਸ ਕਮੀ ਨੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਖਰਾਬ ਬਣਾ ਦਿੱਤੀ।

ਪੰਜਾਬ ਦੇ ਖੇਤ ਮਜ਼ਦੂਰਾਂ ਨੂੰ ਜਿਥੇ ਖੇਤੀ ਵਿਚ ਸਿਰਫ਼ ਕੁਝ ਦਿਨ ਹੀ ਕੰਮ ਮਿਲਦਾ ਹੈ, ਉਥੇ ਉਜਰਤ ਵੀ ਬਹੁਤ ਘੱਟ ਮਿਲਦੀ ਹੈ। ਲਗਪਗ ਇਕ-ਤਿਹਾਈ ਮਜ਼ਦੂਰਾਂ ਨੂੰ 200 ਰੁਪਏ ਤੋਂ ਘੱਟ ਅਤੇ ਦੋ-ਤਿਹਾਈ ਮਜ਼ਦੂਰਾਂ ਨੂੰ 200-250 ਰੁਪਏ ਤੱਕ ਦਿਹਾੜੀ ਮਿਲਦੀ ਹੈ। ਸਿਰਫ਼ ਪੰਜ ਫ਼ੀਸਦੀ ਮਜ਼ਦੂਰਾਂ ਨੂੰ 250 ਰੁਪਏ ਤੋ ਵੱਧ ਦਿਹਾੜੀ ਮਿਲਦੀ ਹੈ। ਪੰਜਾਬ ਦੇ ਵੱਡੀ ਗਿਣਤੀ ਪੇਂਡੂ ਮਜ਼ਦੂਰਾਂ ਨੂੰ ‘ਨਿਊਨਤਮ ਮਜ਼ਦੂਰੀ ਦਰ’ ਤੋਂ ਘੱਟ ਉਜਰਤ ਮਿਲਦੀ ਹੈ। ਮਜ਼ਦੂਰ ਔਰਤਾਂ ਲੋਕਾਂ ਦੇ ਘਰਾਂ ਵਿਚ ਸਫ਼ਾਈ ਅਤੇ ਰਸੋਈ ਦਾ ਕੰਮ ਬਹੁਤ ਨਿਗੂਣੀਆਂ ਉਜਰਤਾਂ ‘ਤੇ ਕਰਦੀਆਂ ਹਨ। ਇਸ ਕਰ ਕੇ ਮਜ਼ਦੂਰ ਪਰਿਵਾਰ ਆਪਣੀ ਸਾਲਾਨਾ ਆਮਦਨ ਨਾਲ ਆਪਣੇ ਖ਼ਰਚੇ ਪੂਰੇ ਨਹੀਂ ਕਰ ਸਕਦੇ। ਹਰੇ ਇਨਕਲਾਬ ਦੇ ਮੁੱਢਲੇ ਦੌਰ ਵਿਚ ਖੇਤੀ ‘ਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਦਿਹਾੜੀ ਤੋਂ ਇਲਾਵਾ ਖਾਣਾ/ਰੋਟੀ ਵੀ ਦਿੱਤੀ ਜਾਂਦੀ ਸੀ। ਹੁਣ ਇਹ ਪ੍ਰਥਾ ਸਿਰਫ਼ ਮਾਲਵੇ ਵਿਚ ਹੀ ਪ੍ਰਚਲਿਤ ਹੈ, ਜਦੋਂਕਿ ਬਾਕੀ ਇਲਾਕਿਆਂ ਵਿਚੋਂ ਲਗਪਗ ਖ਼ਤਮ ਹੋ ਚੁੱਕੀ ਹੈ।



ਸ਼ਾਮਲਾਟ ਜ਼ਮੀਨ ਦੇ ਵਪਾਰੀਕਰਨ ਅਤੇ ਮੰਡੀਕਰਨ ਨੇ ਇਨ੍ਹਾਂ ਲੋਕਾਂ ਲਈ ਕਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ। ਇਨ੍ਹਾਂ ਵਿਚ ਬਾਲਣ, ਪਸ਼ੂਆਂ ਲਈ ਚਰਾਂਦਾਂ ਜਾਂ ਘਾਹ ਪੱਠਿਆਂ ਅਤੇ ਪਖ਼ਾਨਿਆਂ ਦੀਆਂ ਸਮੱਸਿਆਵਾਂ ਮੁੱਖ ਹਨ। ਇਸ ਕਰ ਕੇ ਜਿਥੇ ਦੋ ਦਹਾਕੇ ਪਹਿਲਾਂ ਲਗਪਗ ਸਾਰੇ ਖੇਤ ਮਜ਼ਦੂਰਾਂ ਕੋਲ ਕੋਈ ਨਾ ਕੋਈ ਪਸ਼ੂ ਹੁੰਦਾ ਸੀ, ਜਿਸ ਨਾਲ ਉਹ ਆਪਣਾ ਗੁਜ਼ਾਰਾ ਚਲਾਉਂਦੇ ਸਨ, ਹੁਣ ਵੱਡੀ ਗਿਣਤੀ ਖੇਤ ਮਜ਼ਦੂਰ ਪਰਿਵਾਰ ਪਸ਼ੂਧਨ ਤੋ ਸੱਖਣੇ ਹਨ। ਇਸ ਕਰ ਕੇ ਇਨ੍ਹਾਂ ਲੋਕਾਂ ਦੀ ਪਸ਼ੂਆਂ ਤੋਂ ਹੋਣ ਵਾਲੀ ਆਮਦਨ ਖ਼ਤਮ ਹੋ ਗਈ ਹੈ। ਇਸੇ ਕਰ ਕੇ ਪੰਜਾਬ ਦੇ ਪੇਂਡੂ ਮਜ਼ਦੂਰ ਕਾਨੂੰਨ ਆਧਾਰਿਤ ਪੰਚਾਇਤੀ ਜ਼ਮੀਨ ਦਾ ਇਕ-ਤਿਹਾਈ ਠੇਕੇ ‘ਤੇ ਲੈ ਕੇ ਸਾਂਝੀ ਖੇਤੀ ਕਰਨ ਦੇ ਯਤਨ ਕਰ ਰਹੇ ਹਨ। ਉਹ ਆਪਣੀ ਅਣਸਰਦੀ ਲੋੜ ਰਿਹਾਇਸ਼ੀ ਪਲਾਟਾਂ ਦੀ ਪ੍ਰਾਪਤੀ ਲਈ ਵੀ ਤਤਪਰ ਹਨ।

ਪੇਂਡੂ ਪੰਜਾਬ ਵਿਚ ਸਿੱਖਿਆ ਦਾ ਕਾਫ਼ੀ ਬੁਰਾ ਹਾਲ ਹੈ। ਖੇਤ ਮਜ਼ਦੂਰਾਂ ਦੇ ਵੱਡੀ ਗਿਣਤੀ ਘਰਾਂ ਵਿਚ ਇਕ ਵੀ ਬੰਦਾ ਮੈਟ੍ਰਿਕ ਜਾਂ ਇਸ ਤੋਂ ਉਪਰ ਨਹੀਂ ਪੜ੍ਹਿਆ। ਇਸ ਕਰ ਕੇ ਇਨ੍ਹਾਂ ਲੋਕਾਂ ਨੂੰ ਕਿਸੇ ਨੌਕਰੀ ਪੇਸ਼ੇ ਲਈ ਚੁਣੇ ਜਾਣ ਦਾ ਸੁਝਾਅ ਦੇਣਾ ਵੀ ਨਾਮੁਮਕਿਨ ਲੱਗਦਾ ਹੈ। ਸਰਕਾਰੀ ਸਕੂਲ ਸਿੱਖਿਆ ਦੇ ਗਿਰਾਵਟ ਵੱਲ ਜਾਣ ਦਾ ਸਭ ਤੋਂ ਵੱਧ ਨੁਕਸਾਨ ਇਨ੍ਹਾਂ ਪਰਿਵਾਰਾਂ ਨੂੰ ਹੋਇਆ, ਕਿਉਂਕਿ ਇਨ੍ਹਾਂ ਕੋਲ ਮਹਿੰਗੀ ਪ੍ਰਾਈਵੇਟ ਵਿੱਦਿਆ ਹਾਸਿਲ ਕਰਨ ਦੀ ਸਮਰੱਥਾ ਨਹੀਂ ਹੈ। ਸਰਵ ਸਿੱਖਿਆ ਅਭਿਆਨ ਰਾਹੀਂ ਘਰ ਬੈਠੇ ਬੱਚਿਆਂ ਨੂੰ ਪੜ੍ਹਾਉਣਾ ਤਾਂ ਇਕ ਪਾਸੇ ਰਿਹਾ, ਸਰਕਾਰੀ ਸਕੂਲਾਂ ਵਿਚ ਪਹੁੰਚਣ ਵਾਲੇ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਵੀ ਮੱਧਮ ਪੈਂਦਾ ਦਿਖਾਈ ਦਿੰਦਾ ਹੈ।

ਪੰਜਾਬ ਦੇ ਪੇਂਡੂ ਮਜ਼ਦੂਰਾਂ ਦੀ ਇਸ ਮਾੜੀ ਦਸ਼ਾ ਨੂੰ ਵੇਖ ਕੇ ਸਭ ਤੋਂ ਪਹਿਲਾਂ ਇਨ੍ਹਾਂ ਵੱਲ ਬਣਦੇ ਪੰਜ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਇਨ੍ਹਾਂ ਨੂੰ ਅੱਗੇ ਤੋਂ ਲੰਮੇ ਸਮੇਂ ਲਈ ਮਾਮੂਲੀ ਵਿਆਜ ਦਰਾਂ ‘ਤੇ ਸਰਕਾਰੀ ਕਰਜ਼ਾ ਦਿੱਤਾ ਜਾਵੇ। ਕਾਨੂੰਨੀ ਤੌਰ ‘ਤੇ 17.5 ਏਕੜ ਤੋਂ ਵਾਧੂ ਹੋਈ ਜ਼ਮੀਨ ਅਤੇ ਪੰਚਾਇਤੀ ਜ਼ਮੀਨ ਦੇ ਇਕ-ਤਿਹਾਈ ਹਿੱਸੇ ਉਪਰ ਮਜ਼ਦੂਰਾਂ ਦੀ ਸਾਂਝੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਨੂੰ ਰਿਹਾਇਸ਼ੀ ਪਲਾਟ/ਮਕਾਨ ਦਿੱਤੇ ਜਾਣ। ਮਜ਼ਦੂਰ ਔਰਤਾਂ ਲਈ ਕੰਮ ਦੇ ਘੰਟੇ ਅਤੇ ਮਿਹਨਤਾਨੇ ਦੀ ਰਾਸ਼ੀ ਨਿਸ਼ਚਿਤ ਕੀਤੀ ਜਾਵੇ। ਮਜ਼ਦੂਰਾਂ ਲਈ ਹਫ਼ਤਾਵਾਰੀ ਛੁੱਟੀ ਦਾ ਐਲਾਨ ਕੀਤਾ ਜਾਵੇ ਅਤੇ ਅੱਠ ਘੰਟਿਆਂ ਦੀ ਦਿਹਾੜੀ ਨਿਰਧਾਰਤ ਕਰ ਕੇ ਡਿਪਟੀ ਕਮਿਸ਼ਨਰ ਦੁਆਰਾ ਨਿਰਧਾਰਤ ਰੇਟਾਂ ‘ਤੇ ਉਜਰਤ ਦਿੱਤੀ ਜਾਵੇ। ਖੇਤੀ ਵਿਚ ਮਸ਼ੀਨੀਕਰਨ ਕਰ ਕੇ ਰੁਜ਼ਗਾਰ ‘ਤੇ ਪਏ ਮਾਰੂ ਪ੍ਰਭਾਵ ਨੂੰ ਰੋਕਣ ਲਈ ਮਗਨਰੇਗਾ ਨੂੰ ਕੁਸ਼ਲ ਬਣਾਇਆ ਜਾਵੇ ਅਤੇ ਰੁਜ਼ਗਾਰ ਦੇ ਬਦਲਵੇਂ ਪ੍ਰਬੰਧ ਵੀ ਕੀਤੇ ਜਾਣ। ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਵਾਜਬ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਮਜ਼ਦੂਰ ਬਸਤੀਆਂ ਅਤੇ ਆਲੇ-ਦੁਆਲੇ ਨੂੰ ਸਾਫ਼ ਸੁਥਰਾ ਰੱਖਣ ਲਈ ਉਪਰਾਲੇ ਕੀਤੇ ਜਾਣ। ਰੂੜੀਆਂ ਅਤੇ ਪਖਾਨਿਆਂ ਲਈ ਸਰਕਾਰੀ/ਪੰਚਾਇਤ ਪੱਧਰ ‘ਤੇ ਵਿਸ਼ੇਸ਼ ਕਦਮ ਚੁੱਕੇ ਜਾਣ। ਬੱਚਿਆਂ ਨੂੰ ਮੁਫ਼ਤ ਅਤੇ ਉਚ ਪਾਏ ਦੀ ਸਿੱਖਿਆ ਲਾਜ਼ਮੀ ਮੁਹੱਈਆ ਕੀਤੀ ਜਾਵੇ ਤਾਂ ਕਿ ਉਹ ਸਰਕਾਰੀ ਅਤੇ ਗ਼ੈਰ-ਸਰਕਾਰੀ ਖੇਤਰ ਵਿਚ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਇਨ੍ਹਾਂ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਕਰ ਕੇ ਜੀਵਨ ਬੀਮਾ ਅਤੇ ਸਿਹਤ ਬੀਮਾ ਸਰਕਾਰੀ ਪ੍ਰੀਮੀਅਮ ‘ਤੇ ਕੀਤਾ ਜਾਵੇ ਤਾਂ ਜੋ ਕੰਮ ਕਰਦੇ ਸਮੇਂ ਕੋਈ ਦੁਰਘਟਨਾ ਜਾਂ ਬਿਮਾਰੀ ਨਾਲ ਹੋਣ ਵਾਲੇ ਨੁਕਸਾਨ ਦੀ ਸੂਰਤ ਵਿਚ ਇਨ੍ਹਾਂ ਦੀ ਵਾਜਬ ਆਰਥਿਕ ਮਦਦ ਕੀਤੀ ਜਾ ਸਕੇ। ਮਜ਼ਦੂਰਾਂ ਨੂੰ ਬੁਢਾਪੇ ਵਿਚ ਸਮਾਜਿਕ ਸੁਰੱਖਿਆ ਵਜੋਂ ਗੁਜ਼ਾਰੇ ਯੋਗ ਪੈਨਸ਼ਨ ਦਿੱਤੀ ਜਾਵੇ। ਇਨ੍ਹਾਂ ਸੁਝਾਵਾਂ ਨੂੰ ਲਾਗੂ ਕਰਨ ਨਾਲ ਖੇਤ ਮਜ਼ਦੂਰਾਂ ਦੀ ਆਰਥਿਕ-ਸਮਾਜਿਕ ਹਾਲਤ ਵਿਚ ਕੁਝ ਸੁਧਾਰ ਕੀਤਾ ਜਾ ਸਕਦਾ ਹੈ।

---

# ਵਿਕਾਸ ਦਾ ਭਰਮ ਤੇ ਹਕੀਕਤ

ਭਾਰਤ ਦੀਆਂ ਰਾਜਸੀ ਪਾਰਟੀਆਂ ਦੀ ਤਰਜੀਹ ਹੁਣ ਮੁਲਕ ਨਹੀਂ, ਸੱਤਾ ਹੈ। ਰਾਜਸੀ ਸਰਗਰਮੀਆਂ ਲੋਕ ਪੱਖੀ ਹੋਣ ਦੀ ਬਜਾਏ ਵੋਟ ਦੁਆਲੇ ਕੇਂਦਰਿਤ ਹਨ। ਭਾਰਤ ਵਿਚ ਉਸ ਭਵਿਖਮੁਖੀ ਰਾਜਨੀਤੀ ਦਾ ਆਗਾਜ਼ ਹੋਣਾ ਅਜੇ ਬਾਕੀ ਹੈ ਜਿਸ ਵਿਚ ਮੁਲਕ ਨੂੰ ਅੱਗੇ ਲਿਜਾਣ ਵਾਲੇ ਵੱਡੇ ਪ੍ਰੋਗਰਾਮ ਹੋਣ ਅਤੇ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰੀਆਂ ਜਾ ਸਕਣ।

**ਗੁਰਚਰਨ ਸਿੰਘ ਨੂਰਪੁਰ**

ਅੱਜ ਜਿਸ ਨੀਤੀ ਨੂੰ ਅਸੀਂ ਰਾਜਨੀਤੀ ਕਹਿ ਰਹੇ ਹਾਂ, ਉਹ ਰਾਜਨੀਤੀ ਨਹੀਂ, ਬਲਕਿ ਰਾਜਨੀਤੀ ਦੇ ਨਾਮ 'ਤੇ ਕਾਰੋਬਾਰ ਹੈ। ਬਹੁਤੇ ਨੇਤਾ ਜੇ ਸੱਤਾ ਵਿਚ ਹੋਣ ਤਾਂ ਉਹ ਆਪਣੇ ਕੰਮਾਂ ਦੇ ਲਗਾਤਾਰ ਪ੍ਰਚਾਰ ਲੋਕਾਂ ਅੰਦਰ ਕੁਝ ਚੰਗਾ ਹੋਣ ਦਾ ਅਹਿਸਾਸ ਕਰਵਾਉਣ ਲਈ ਯਤਨਸ਼ੀਲ ਰਹਿੰਦੇ ਹਨ। ਸੱਤਾ ਤੋਂ ਬਾਹਰ ਹੋਣ ਤਾਂ ਵਿਰੋਧੀਆਂ ਦੇ ਪੋਤੜੇ ਫਰੋਲਣ ਲੱਗ ਪੈਂਦੇ ਹਨ। ਸੱਤਾ ਬਦਲਣ ਨਾਲ ਚਿਹਰੇ ਬਦਲਦੇ ਹਨ, ਨੀਤੀਆਂ ਉਹੀ ਰਹਿੰਦੀਆਂ ਹਨ। ਟੈਲੀਵਿਜ਼ਨ ਚੈਨਲਾਂ 'ਤੇ ਹੁੰਦੀਆਂ ਬਹਿਸਾਂ ਅਤੇ ਰਾਜਨੀਤਕ ਨੇਤਾਵਾਂ ਦੀਆਂ ਗੱਲਾਂ-ਬਾਤਾਂ, 'ਮੁਲਕ' ਨਹੀਂ, ਬਲਕਿ ਆਪਣੇ ਨਿੱਜ ਨੂੰ ਵਡਿਆਉਣ ਅਤੇ ਵਿਰੋਧੀਆਂ ਨੂੰ ਭੰਡਣ, ਗਾਲੀ ਗਲੋਚ ਕਰਨ ਤੇ ਦੂਸ਼ਣਬਾਜ਼ੀ ਤੱਕ ਸੀਮਤ ਰਹਿੰਦੀਆਂ ਹਨ। ਅਸੀਂ ਰਾਜਨੀਤੀ ਦੇ ਉਸ ਦੌਰ ਚੋਂ ਲੰਘ ਰਹੇ ਹਾਂ ਜਿਥੇ ਧਰਮਾਂ, ਜਾਤਾਂ ਤੇ ਫਿਰਕਾਪ੍ਰਸਤੀ ਦੇ ਪੱਤੇ ਵਰਤ ਕੇ ਲੋਕਾਂ ਨੂੰ ਵਰਗਲਾਉਣ ਦੀ ਕਵਾਇਦ ਚੱਲ ਰਹੀ ਹੈ। ਮੌਜੂਦਾ ਦੌਰ ਦਾ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਵੇਗਾ ਕਿ ਜਦੋਂ ਦੁਨੀਆਂ ਬੜੀ ਤੇਜ਼ੀ ਨਾਲ ਗਿਆਨ ਵਿਗਿਆਨ ਦੇ ਖੇਤਰ ਵਿਚ ਅੱਗੇ ਵਧ ਰਹੀ ਸੀ ਤਾਂ ਉਸ ਸਮੇਂ ਭਾਰਤ ਵਿਚ ਲੋਕਾਂ ਨੂੰ ਗਊ ਰੱਖਿਆ, ਮੰਦਿਰਾਂ, ਮਸਜਿਦਾਂ ਅਤੇ ਧਰਮ ਪਰਿਵਰਤਨ ਵਰਗੇ ਮਸਲਿਆਂ ਵਿਚ ਉਲਝਾਇਆ ਜਾ ਰਿਹਾ ਸੀ।

ਬਹੁਤ ਸਾਰੇ ਅਜਿਹੇ ਪ੍ਰੋਗਰਾਮ, ਜਿਨ੍ਹਾਂ 'ਤੇ ਹਰ ਮੁਲਕ ਦਾ ਭਵਿੱਖ ਟਿਕਿਆ ਹੁੰਦਾ ਹੈ, ਫਿਲਹਾਲ ਕਿਸੇ ਪਾਰਟੀ ਦੇ ਏਜੰਡੇ 'ਤੇ ਨਹੀਂ ਹਨ। ਅਸੀਂ ਇਕੀਵੀ ਸਦੀ ਵਿਚ ਰਹਿ ਰਹੇ ਹਾਂ, ਪਰ ਮੁਲਕ ਦੇ ਭਵਿਖ ਪ੍ਰਤੀ ਸਾਡੀ ਰਾਜਨੀਤੀ ਦਾ ਸੱਚ ਇਹ ਹੈ ਕਿ ਇਥੇ 'ਰਾਜ' ਕਰਨ ਦੀ ਲਾਲਸਾ ਤਾਂ ਹੈ, ਪਰ 'ਨੀਤੀ' ਤਿਆਰ ਕਰਨ ਦੀ ਕੋਈ ਇੱਛਾ ਨਹੀਂ। ਸਰਕਾਰਾਂ ਵੱਲੋਂ ਅਜੇ ਵਿਚਾਰਿਆ ਜਾਣਾ ਬਾਕੀ ਹੈ ਕਿ ਕਿੰਨੇ ਵਿਦਿਆਰਥੀ ਕਿਸ ਖੇਤਰ ਦੀ ਪੜ੍ਹਾਈ ਕਰ ਰਹੇ ਹਨ ਅਤੇ ਉਨ੍ਹਾਂ ਦੇ ਰੁਜ਼ਗਾਰ ਲਈ ਕਿਸ ਤਰ੍ਹਾਂ ਦੀਆਂ ਤਰਜੀਹਾਂ 'ਤੇ ਕੰਮ ਕੀਤਾ ਜਾਵੇ? ਕਿੰਨੇ ਬੱਚੇ ਹਨ ਜੋ ਸਕੂਲੀ ਵਿਦਿਆ ਲੈ ਰਹੇ ਹਨ? ਅਗਲੇ ਸਾਲਾਂ ਦੌਰਾਨ ਜਦੋਂ ਇਹ ਬੱਚੇ ਯੂਨੀਵਰਸਿਟੀਆਂ ਵਿਚੋਂ ਡਿਗਰੀਆਂ-ਡਿਪਲੋਮੇ ਲੈ ਕੇ ਬਾਹਰ ਆਉਣਗੇ ਤਾਂ ਉਨ੍ਹਾਂ ਦੇ ਰੁਜ਼ਗਾਰ ਲਈ ਸਾਡੇ ਕੋਲ ਕੀ ਪ੍ਰੋਗਰਾਮ ਹੋਵੇਗਾ? ਮੁਲਕ ਵਿਚ ਲਾਈਨਮੈਨ, ਇੰਜਨੀਅਰ, ਬੀ.ਐਡ., ਐਮ.ਐਡ, ਐਮ.ਐਸ.ਸੀ., ਐਮ.ਟੈਕ, ਪੀ.ਐਚ.ਡੀ. ਵਰਗੇ ਡਿਗਰੀ ਧਾਰਕ ਜਾਂ ਸਿਖਲਾਈਯਾਫਤਾ ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਉਨ੍ਹਾਂ ਨੂੰ ਕੰਮ ਲਾਉਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ? ਇਹ ਠੀਕ ਹੈ ਕਿ ਵਿਦਿਆ ਹਾਸਲ ਕਰਨੀ ਹਰ ਇਕ ਲਈ ਜ਼ਰੂਰੀ ਹੈ, ਪਰ ਬਹੁਤ ਸਾਰਾ ਪੈਸਾ ਖ਼ਰਚ ਕਰ ਕੇ ਜੇ ਖਾਸ ਖੇਤਰਾਂ ਵਿਚ ਉਚ ਵਿਦਿਆ ਹਾਸਲ ਕਰਨ ਵਾਲੇ ਨੌਜਵਾਨ ਵੀ ਬੇਕਾਰ ਫਿਰਦੇ ਹਨ ਤਾਂ ਇਹ ਉਨ੍ਹਾਂ ਨਾਲ ਤਾਂ ਆਨਿਆਂ ਹੈ ਹੀ, ਉਨ੍ਹਾਂ ਦੇ ਮਾਪਿਆਂ ਨਾਲ ਵੱਧ ਅਨਿਆਂ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਸਾਰੇ ਮਾਇਕ ਸਾਧਨ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਲਾ ਦਿੱਤੇ। ਸੂਚਨਾ ਤੇ ਤਕਨਾਲੋਜੀ ਦੇ ਇਸ ਜ਼ਮਾਨੇ ਵਿਚ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਜਿਸ ਵਿਸ਼ੇ ਦੀ ਤੁਸੀਂ ਪੜ੍ਹਾਈ ਕਰ ਰਹੇ ਹੋ, ਉਸ ਦਾ ਮੁਲਕ ਵਿਚ ਕੀ ਭਵਿਖ ਹੈ? ਇਸ ਦੇ ਨਾਲ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਹੁਣ ਤੱਕ ਕਿੰਨੇ ਲੋਕ ਇਸ ਵਿਸ਼ੇ ਦੀ ਪੜ੍ਹਾਈ ਕਰ ਚੁੱਕੇ ਹਨ ਅਤੇ ਉਨ੍ਹਾਂ ਵਿਚ ਕਿੰਨੇ ਫ਼ੀਸਦ ਰੁਜ਼ਗਾਰਯਾਫਤਾ ਅਤੇ ਕਿੰਨੇ ਬੇਰੁਜ਼ਗਾਰ ਹਨ।

ਪਿਛਲੇ ਕੁਝ ਦਿਨਾਂ ਤੋਂ ਕਿਸਾਨਾਂ ਦਾ ਕਰਜ਼ਾ ਵੱਡਾ ਮੁੱਦਾ ਜ਼ਰੂਰ ਬਣਿਆ ਹੈ, ਪਰ ਕਿਸਾਨ ਕਰਜ਼ ਲੈਣ ਲਈ ਕਿਉਂ ਮਜਬੂਰ ਹਨ ਅਤੇ ਭਵਿਖ ਵਿਚ ਉਨ੍ਹਾਂ ਨੂੰ ਕਰਜ਼ ਨਾ ਲੈਣਾ ਪਵੇ, ਇਸ ਦੀ ਚਰਚਾ ਨਹੀਂ ਹੋ ਰਹੀ। ਪੜ੍ਹੇ-ਲਿਖੇ ਨੌਜਵਾਨ ਜੋ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹਨ, ਕੋਲ ਸਿਰਫ 'ਬਾਹਰ ਦਾ ਰਸਤਾ' ਹੀ ਬਚਿਆ ਹੈ। ਜੇ ਕਿਸੇ ਬਾਹਰਲੇ ਮੁਲਕ ਵਿਚ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ ਤਾਂ ਇਥੇ ਕਿਉਂ ਨਹੀਂ? ਲੋਕ ਆਜ਼ਾਦੀ ਤੋਂ ਪਹਿਲਾਂ ਬਦਤਰ ਸਥਿਤੀ ਸਮੇਂ ਵੀ ਬਾਹਰਲੇ ਮੁਲਕਾਂ ਵੱਲ ਜਾਂਦੇ ਸੀ, ਪਰ ਕਮਾਈਆਂ ਕਰ ਕੇ ਦੇਸ਼ ਪਰਤਦੇ ਸਨ। ਹੁਣ ਸਥਿਤੀ ਇਸ ਤੋਂ ਉਲਟ ਹੈ। ਹੁਣ ਪੜ੍ਹੇ ਲਿਖੇ ਹੁਨਰਮੰਦ ਸਾਧਨਾਂ ਵਾਲੇ ਲੋਕ ਤੇਜ਼ੀ ਨਾਲ ਮੁਲਕ ਵਿਚੋਂ ਹਿਜਰਤ ਕਰ ਰਹੇ ਹਨ। ਪਹਿਲਾਂ ਉਧਰੋਂ ਪੈਸਾ ਇਧਰ ਆਉਂਦਾ ਸੀ, ਹੁਣ ਉਧਰ ਜਾ ਰਿਹਾ ਹੈ। ਮੁਲਕ ਲਈ ਇਹ ਸਥਿਤੀ ਅਫਸੋਸਨਾਕ ਹੈ। ਇਸ ਸਥਿਤੀ ਦਾ ਦੂਜਾ ਪੱਖ ਇਹ ਹੈ ਕਿ ਬਹੁਤ ਸਾਰੇ ਗਰੀਬ ਘਰਾਂ ਦੇ ਨੌਜਵਾਨ ਠੱਗ ਏਜੰਟਾਂ ਦੇ ਝਾਂਸੇ ਵਿਚ ਆ ਕੇ ਇਰਾਕ, ਸੀਰੀਆ ਵਰਗੇ ਮੁਲਕਾਂ ਵਿਚ ਫਸੇ ਹੋਏ ਹਨ। ਇਨ੍ਹਾਂ ਦੇ ਗਰੀਬ ਮਾਪੇ ਦਰ-ਬ-ਦਰ ਠੋਕਰਾਂ ਖਾ ਰਹੇ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਪੁੱਤਰ ਖਾਲੀ ਹੱਥੀਂ ਹੀ ਮੁਲਕ ਪਰਤ ਆਉਣ। ਇਨ੍ਹਾਂ ਦੇ ਨਿੱਕੇ ਨਿੱਕੇ ਬੱਚਿਆਂ ਦੀਆਂ ਅੱਖਾਂ ਦੇ ਹੰਝੂਆਂ ਵਿਚ ਤੈਰਦੇ ਸਵਾਲ ਹਾਕਮਾਂ ਨੂੰ ਪੁੱਛਦੇ ਹਨ, 'ਕਿੱਥੇ ਗਿਆ ਸਾਡੇ ਹਿੱਸੇ ਦਾ ਜਹਾਨ?'

ਰਾਜਨੀਤਕ ਪਾਰਟੀਆਂ ਲਈ ਲੋਕ ਲੁਭਾਉਣੀਆਂ ਅਤੇ ਵਕਤੀ ਰਾਹਤਾਂ ਦਾ ਪ੍ਰਚਾਰ ਕਰ ਕੇ ਚੋਣਾਂ ਜਿੱਤਣਾ ਹੀ ਮਿਸ਼ਨ ਬਣ ਗਿਆ ਹੈ। ਇਸ ਤਰ੍ਹਾਂ ਦੀ ਰਾਜਨੀਤੀ ਕਿਸੇ ਵੀ ਦੇਸ਼ ਦੇ ਲੋਕਾਂ ਲਈ ਘਾਤਕ ਸਾਬਤ ਹੁੰਦੀ ਹੈ। ਪਿਛਲੇ ਕੁਝ ਅਰਸੇ ਤੋਂ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਨਿਜੀਕਰਨ ਨੂੰ ਤਰਜੀਹ ਦੇ ਕੇ ਵੱਖ ਵੱਖ ਮਹਿਕਮਿਆਂ/ਅਦਾਰਿਆਂ ਨੂੰ ਜਿਵੇਂ ਨਿੰਜੀ ਹੱਥਾਂ ਵਿਚ ਦੇਣ ਦੀ ਪ੍ਰੀਕਿਰਿਆ ਸ਼ੁਰੂ ਕੀਤੀ ਹੈ, ਉਸ ਨਾਲ ਮੁਲਕ ਵਿਚ ਬੇਰੁਜ਼ਗਾਰੀ ਅਤੇ ਮਹਿੰਗਾਈ ਹੋਰ ਜ਼ਿਆਦਾ ਵਧੀ ਹੈ ਅਤੇ ਹੋਰ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ। ਪਿਛਲੇ ਲੰਮੇ ਅਰਸੇ ਤੋਂ ਆਮ ਲੋਕਾਂ ਨੂੰ ਬਰਬਾਦੀਆਂ ਵੱਲ ਧੱਕ ਰਹੇ ਵਰਤਾਰਿਆਂ ਤੋਂ ਨਿਜਾਤ ਸਿਰਫ ਭ੍ਰਿਸ਼ਟਾਚਾਰ ਰੋਕਣ ਦੇ ਹਵਾਈ ਨਾਹਰਿਆਂ ਨਾਲ ਹੀ ਨਹੀਂ ਮਿਲ ਜਾਣੀ, ਉਨ੍ਹਾਂ ਸਭ ਤਰਜੀਹਾਂ ਦੀ ਸ਼ਨਾਖ਼ਤ ਕਰਨ ਦੀ ਲੋੜ ਹੈ, ਜਿਨ੍ਹਾਂ 'ਤੇ ਚੱਲਦਿਆਂ ਅਮੀਰ ਹੋਰ ਧਨਾਢ ਅਤੇ ਗਰੀਬ ਕੰਗਾਲ ਹੋ ਰਿਹਾ ਹੈ। ਸਾਡੀ ਰਾਜਨੀਤੀ ਇਸ ਵੇਲੇ ਉਸ ਦੌਰ ਚੋਂ ਲੰਘ ਰਹੀ ਹੈ ਜਿਥੇ ਲੋਕਾਂ ਲਈ ਵਿਕਾਸ ਦੇ ਭਰਮ ਸਿਰਜੇ ਜਾ ਰਹੇ ਹਨ। ਉਹ ਰਾਜਨੀਤੀ ਜੋ ਆਮ ਲੋਕਾਂ ਦੇ ਦੁੱਖਾਂ ਦਰਦਾਂ ਦੀ ਗੱਲ ਕਰੇ, ਲੋਕਾਂ ਦੇ ਵਿਹੜਿਆਂ, ਘਰਾਂ, ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਨੂੰ ਸਮਝੇ, ਮੌਜੂਦਾ ਮਸਲਿਆਂ ਪ੍ਰਤੀ ਸਾਰਥਿਕ ਉਪਰਾਲੇ ਕਰੇ, ਦੇਸ਼ ਦੇ ਲੋਕਾਂ ਦੇ ਹਿੱਤਾਂ ਨਾਲ ਜੁੜੀਆਂ ਵੱਡੀਆਂ ਭਵਿਖਮੁਖੀ ਯੋਜਨਾਵਾਂ ਉਲੀਕੇ, ਦੀ ਮੁਲਕ ਨੂੰ ਤੀਬਰਤਾ ਨਾਲ ਉਡੀਕ ਹੈ।

# ਪੰਜਾਬੀ ਭਾਸ਼ਾ ਦਾ ਅੱਜ ਅਤੇ ਕੱਲ੍ਹ

***ਸੰਸਾਰੀਕਰਨ ਦੇ ਇਸ ਦੌਰ ਦੀ ਤੋਰ ਬੜੀ ਤਿੱਖੀ ਹੈ, ਪਰ ਮਾਂ ਬੋਲੀ ਪੰਜਾਬੀ ਲਈ ਅਜਿਹੇ ਯਤਨ ਨਹੀਂ ਕੀਤੇ ਜਾ ਸਕੇ ਜਿਸ ਨਾਲ ਪੰਜਾਬੀ ਇਸ ਤੋਰ ਨਾਲ ਵਰ ਮੇਲ ਸਕੇ। ਅਧਿਅਨ ਅਤੇ ਅਧਿਆਪਨ ਵਰਗੇ ਗੰਭੀਰ ਮਾਮਲਿਆਂ ਵੱਲ ਵੀ ਕਿਸੇ ਸਿਆਸੀ ਧਿਰ ਦਾ ਕੋਈ ਧਿਆਨ ਨਹੀਂ ਹੈ। ਨਤੀਜੇ ਵਜੋਂ ਪੰਜਾਬੀ ਉਤੇ ਅੰਗਰੇਜ਼ੀ ਅਤੇ ਹਿੰਦੀ ਦਾ ਅਸਰ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਨੌਜਵਾਨ ਲਿਖਾਰੀ ਮਨਪ੍ਰੀਤ ਸਿੰਘ ਨੇ ਪੰਜਾਬੀ ਦੇ ਇਸ ਮੰਦੜੇ ਹਾਲ ਦਾ ਪ੍ਰਸੰਗ ਬੰਨ੍ਹ ਕੇ ਮਾਂ ਬੋਲੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। -ਸੰਪਾਦਕ***

**ਮਨਪ੍ਰੀਤ ਸਿੰਘ**
ਫੋਨ: +91-98555-31819

ਪਸ਼ੂ ਜਗਤ ਤੋਂ ਲੈ ਕੇ ਮਨੁੱਖੀ ਜਗਤ ਦੇ ਰੂਪਾਂਤਰਨ ਤੱਕ ਭਾਸ਼ਾ ਅਤੇ ਸਭਿਆਚਾਰ ਮਨੁੱਖ ਦੀਆਂ ਦੋ ਅਹਿਮ ਪ੍ਰਾਪਤੀਆਂ ਹਨ। ਇਹ ਦੋਵੇਂ ਇਕ ਮਨੁੱਖੀ ਸਮੂਹ ਨੂੰ ਦੂਸਰੇ ਮਨੁੱਖੀ ਸਮੂਹ ਨਾਲੋਂ ਨਿਖੇੜਦੀਆਂ ਹਨ। ਮਨੁੱਖ ਸਮਾਜ ਵਿਚ ਰਹਿ ਕੇ ਹੀ ਭਾਸ਼ਾ ਅਤੇ ਸਭਿਆਚਾਰ ਸਿੱਖ ਸਕਦਾ ਹੈ। ਭਾਸ਼ਾ ਮਨੁੱਖੀ ਜੀਵਨ ਦਾ ਬਹੁ-ਪੱਖੀ, ਬਹੁ-ਦਿਸ਼ਾਵੀ ਤੇ ਬਹੁ-ਪਸਾਰੀ ਵਿਕਾਸ ਕਰਦੀ ਹੋਈ ਮਨੁੱਖੀ ਸਮੂਹ ਨੂੰ ਸੰਵੇਦਨਸ਼ੀਲ, ਸਿਰਜਣਸ਼ੀਲ, ਕਾਰਜਸ਼ੀਲ ਅਤੇ ਵਿਵੇਕਸ਼ੀਲ ਬਣਾਉਂਦੀ ਹੈ। ਭਾਰਤ ਦੇ ਸੰਵਿਧਾਨ ਵਿਚ ਕੁੱਲ 22 ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ਜਿਨ੍ਹਾਂ ਵਿਚੋਂ ਪੰਜਾਬੀ ਇਕ ਹੈ।


ਮਾਤ-ਭਾਸ਼ਾ ਦਾ ਸਬੰਧਿਤ ਦੇਸ਼ ਜਾਂ ਕੌਮ ਲਈ ਬਹੁਤ ਮਹੱਤਵ ਹੁੰਦਾ ਹੈ। ਹੋਰ ਭਾਸ਼ਾਵਾਂ ਸਿੱਖਣ ਲਈ ਮਾਤ-ਭਾਸ਼ਾ ਦੀ ਜਾਣਕਾਰੀ ਹੀ ਉਸ ਦੀ ਬੁਨਿਆਦ ਬਣਦੀ ਹੈ। ਮਾਂ, ਮਾਤ-ਭਾਸ਼ਾ ਅਤੇ ਮਾਤ-ਭੂਮੀ-ਇਨ੍ਹਾਂ ਤਿੰਨਾਂ ਮਾਂਵਾਂ ਦੀ ਮਨੁੱਖੀ ਜ਼ਿੰਦਗੀ ਵਿਚ ਆਪਣੀ ਵਿਲੱਖਣ ਭੂਮਿਕਾ ਹੁੰਦੀ ਹੈ। ਯੂਨੈਸਕੋ ਦੇ ਮਾਹਿਰਾਂ ਦੀ 1951 ਵਿਚ ਹੋਈ ਮੀਟਿੰਗ ਦੀ ਰਿਪੋਰਟ 1953 ਵਿਚ ਪੇਸ਼ ਕੀਤੀ ਗਈ। ਇਸ ਮੀਟਿੰਗ ਦੀ ਧਾਰਨਾ ਸੀ ਕਿ ਸਭ ਤੋਂ ਵਧੀਆ ਸਿੱਖਿਆ ਮਾਤ-ਭਾਸ਼ਾ ਵਿਚ ਹੀ ਦਿੱਤੀ ਜਾ ਸਕਦੀ ਹੈ।

ਭਾਰਤ ਆਜ਼ਾਦੀ ਦੇ ਛੇ ਦਹਾਕੇ ਪਾਰ ਕਰ ਚੁੱਕਾ ਹੈ, ਪਰ ਅੱਜ ਵੀ ਭਾਰਤ ਵਿਚ ਅੰਗਰੇਜ਼ੀ ਨੂੰ ਪਹਿਲ ਦਿੱਤੀ ਜਾ ਰਹੀ ਹੈ। ਭਾਰਤ ਵਿਚ 1600 ਦੇ ਕਰੀਬ ਸੂਬਾਈ ਤੇ ਖੇਤਰੀ ਭਾਸ਼ਾਵਾਂ ਹਨ ਜਿਨ੍ਹਾਂ ਵਿਚੋਂ 22 ਭਾਸ਼ਾਵਾਂ ਨੂੰ ਸੰਵਿਧਾਨਿਕ ਮਾਨਤਾ ਪ੍ਰਾਪਤ ਹੈ ਅਤੇ 10 ਦੇ ਕਰੀਬ ਲਿਪੀਆਂ ਹਨ। ਅਜਿਹੀ ਸਥਿਤੀ ਵਿਚ ਭਾਸ਼ਾ ਅਧਿਆਪਨ ਦਾ ਕਾਰਜ ਹੋਰ ਵੀ ਮੁਸ਼ਕਿਲਾਂ ਭਰਿਆ ਹੋਵੇਗਾ, ਕਿਉਂਕਿ ਮਾਤ ਭਾਸ਼ਾ ਦੀ ਸਿੱਖਿਆ ਰਾਹੀਂ ਅਸੀਂ ਆਪਣੀ ਸਭਿਆਚਾਰਕ ਹੋਂਦ ਵੀ ਬਰਕਰਾਰ ਰੱਖਣੀ ਹੁੰਦੀ ਹੈ।

ਮਾਤ-ਭਾਸ਼ਾ ਦੇ ਅਧਿਆਪਨ ਰਾਹੀਂ ਹੀ ਅਸੀਂ ਆਪਣੇ ਵਿਰਸੇ ਨੂੰ ਸਮਝ ਅਤੇ ਸਮਝਾ ਸਕਦੇ ਹਾਂ। ਮਾਤ-ਭਾਸ਼ਾ ਦੀ ਸਿੱਖਿਆ ਦੇ ਖੇਤਰ ਵਿਚ ਬਹੁਤ ਮਹਾਨਤਾ ਹੈ, ਅੱਖਰਾਂ ਰਾਹੀਂ ਹੀ ਬੱਚਾ ਗਿਆਨ ਦੇ ਸੰਸਾਰ ਨਾਲ ਜੁੜਦਾ ਹੈ ਤੇ ਰਸਮੀ ਸਿੱਖਿਆ ਵਿਚ ਪ੍ਰਵੇਸ਼ ਕਰਦਾ ਹੈ। ਮੁੱਢਲੀ ਸਿੱਖਿਆ ਦੇ ਖੇਤਰ ਵਿਚ ਬੱਚੇ ਦਾ ਪ੍ਰਵੇਸ਼ ਮਾਤ-ਭਾਸ਼ਾ ਦੇ ਅਧਿਆਪਨ ਰਾਹੀਂ ਹੀ ਹੋਣਾ ਚਾਹੀਦਾ ਹੈ।

ਪ੍ਰਾਇਮਰੀ ਪੱਧਰ ਤੋਂ ਲੈ ਕੇ ਸੈਕੰਡਰੀ ਪੱਧਰ ਦੇ ਸਕੂਲਾਂ ਵਿਚ ਪੰਜਾਬੀ ਮਾਤ-ਭਾਸ਼ਾ ਦਾ ਅਧਿਆਪਨ ਵਧੇਰੇ ਧਿਆਨ ਦੀ ਮੰਗ ਕਰਦਾ ਹੈ, ਕਿਉਂਕਿ ਇਨ੍ਹਾਂ ਪੱਧਰਾਂ 'ਤੇ ਬੱਚੇ ਦਾ ਨਾਤਾ ਪੰਜਾਬੀ ਮਾਤ-ਭਾਸ਼ਾ ਦੇ ਗਿਆਨ ਦੇ ਵਿਸ਼ਾਲ ਸੰਸਾਰ ਨਾਲ ਜੁੜਦਾ ਹੈ। ਸੋ, ਇਨ੍ਹਾਂ ਪੱਧਰਾਂ 'ਤੇ ਪੰਜਾਬੀ ਮਾਤ-ਭਾਸ਼ਾ ਦੀਆਂ ਨੀਹਾਂ ਜਿੰਨੀਆਂ ਡੂੰਘੀਆਂ ਤੇ ਮਜ਼ਬੂਤ ਹੋਣਗੀਆਂ, ਉਤਨਾ ਹੀ ਪੰਜਾਬੀ ਭਾਸ਼ਾ ਪ੍ਰਤੀ ਬੱਚਿਆਂ ਦਾ ਯੋਗ ਸਿੱਖਿਆ ਸੰਸਾਰ ਉਸਰੇਗਾ। ਆਮ ਕਰ ਕੇ ਬਹੁਤੇ ਬੱਚਿਆਂ ਦੇ ਮਾਤਾ-ਪਿਤਾ ਇਹੀ ਸੋਚਦੇ ਹਨ ਕਿ ਬੱਚੇ ਨੂੰ ਸਕੂਲ ਵਿਚ ਸ਼ੁਰੂ ਤੋਂ ਹੀ ਪੰਜਾਬੀ ਸਿੱਖਣ ਦੀ ਬਜਾਏ ਅੰਗਰੇਜ਼ੀ ਸਿਖਣੀ ਚਾਹੀਦੀ ਹੈ, ਕਿਉਂਕਿ ਪੰਜਾਬੀ ਮਾਤ-ਭਾਸ਼ਾ ਹੋਣ ਕਾਰਨ ਬੱਚਾ ਆਪ-ਮੁਹਾਰੇ ਹੀ ਸਿਖ ਜਾਏਗਾ, ਪਰ ਇਹ ਗਲਤਫਹਿਮੀ ਹੀ ਹੈ, ਕਿਉਂਕਿ ਮਾਤ-ਭਾਸ਼ਾ ਵਿਚ ਸਿੱਖਿਆ ਲੈ ਕੇ ਜਦੋਂ ਬੱਚਾ ਆਪਣੇ ਬੌਧਿਕ ਵਿਕਾਸ ਦੇ ਰਸਤੇ ਪੈਂਦਾ ਹੈ ਤਾਂ ਉਸ ਲਈ ਕੋਈ ਵੀ ਦੂਸਰੀ ਭਾਸ਼ਾ ਸਿੱਖਣੀ ਔਖੀ ਨਹੀਂ ਹੁੰਦੀ। ਵਿਸ਼ਵੀਕਰਨ ਦੇ ਦੌਰ ਵਿਚ ਵਿਸ਼ਵ ਦੇ ਉਨਤ ਦੇਸ਼ ਮਿਲ ਕੇ ਪਛੜੇ ਹੋਏ ਦੇਸ਼ਾਂ ਦੀਆਂ ਭਾਸ਼ਾਵਾਂ, ਸਾਹਿਤ ਅਤੇ ਸਭਿਆਚਾਰ ਨੂੰ ਖਤਮ ਕਰ ਕੇ ਅੰਗਰੇਜ਼ੀ ਨੂੰ ਸੰਸਾਰ ਦੀ ਕੇਂਦਰੀ ਭਾਸ਼ਾ ਬਣਾਉਣ ਦੇ ਉਪਰਾਲੇ ਕਰ ਰਹੇ ਹਨ। ਇਨ੍ਹਾਂ ਦੇਸ਼ਾਂ ਦਾ ਵਿਚਾਰ ਹੈ ਕਿ ਜਿਸ ਦੇਸ਼ ਦੀ ਭਾਸ਼ਾ ਹੀ ਖਤਮ ਹੋ ਜਾਵੇਗੀ, ਉਸ ਦੇਸ਼ ਦਾ ਸਾਹਿਤ ਅਤੇ ਸਭਿਆਚਾਰ ਆਪਣੇ ਆਪ ਖਤਮ ਹੋ ਜਾਵੇਗਾ। ਇਸ ਲਈ ਕਿਸੇ ਵੀ ਦੇਸ਼ ਜਾਂ ਕੌਮ ਨੂੰ ਆਪਣੇ ਸਾਹਿਤ ਅਤੇ ਸਭਿਆਚਾਰ ਨੂੰ ਬਚਾਉਣ ਲਈ ਮਾਤ-ਭਾਸ਼ਾ ਦੀ ਹੋਂਦ ਨੂੰ ਬਚਾਉਣਾ ਜ਼ਰੂਰੀ ਹੈ।

ਪੰਜਾਬ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੁਆਰਾ ਥੋਪੀਆਂ ਵਿਸ਼ਵੀਕਰਨ ਦੀਆਂ ਨੀਤੀਆਂ ਦਾ ਇਹ ਨਤੀਜਾ ਨਿਕਲਿਆ ਹੈ ਕਿ ਹੋਰ ਬਹੁਤ ਸਾਰੇ ਸੰਕਟਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਵੀ ਕਈ ਸਮੱਸਿਆਵਾਂ ਵਿਚ ਘਿਰ ਗਈ ਹੈ। ਕੌਮੀ ਅਤੇ ਬਹੁ-ਕੌਮੀ ਕੰਪਨੀਆਂ ਦੀਆਂ ਲੋੜਾਂ ਮੁਤਾਬਕ ਹੋ ਰਹੇ ਆਰਥਿਕ 'ਵਿਕਾਸ' ਕਾਰਨ ਰੁਜ਼ਗਾਰ ਦੇ ਤਕਰੀਬਨ ਸਾਰੇ ਮੌਕੇ ਅੰਗਰੇਜ਼ੀ ਰਾਹੀਂ ਮੁਹੱਈਆ ਕਰਵਾਏ ਜਾ ਰਹੇ ਹਨ। ਪੰਜਾਬ ਦੀਆਂ ਅਮੀਰ ਜਮਾਤਾਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪਹਿਲਾਂ ਹੀ ਤਿਲਾਂਜਲੀ ਦੇ ਕੇ ਪੱਛਮੀ ਭਾਸ਼ਾ ਅਤੇ ਸਭਿਆਚਾਰ ਦੀ ਗੋਦ ਵਿਚ ਸਮਾਅ ਚੁੱਕੀਆਂ ਹਨ। ਇਨ੍ਹਾਂ ਦੀ ਦੇਖਾ-ਦੇਖੀ ਪੰਜਾਬ ਦੀ ਦਰਮਿਆਨੀ ਜਮਾਤ ਵੀ ਇਸੇ ਸਭਿਆਚਾਰ ਨੂੰ ਗਲਵੱਕੜੀ ਪਾਉਣ ਨੂੰ ਪੱਬਾਂ ਭਾਰ ਹੋਈ ਬੈਠੀ ਹੈ। ਪੰਜਾਬ ਦੀਆਂ ਗਰੀਬ ਅਤੇ ਕਿਰਤੀ ਜਮਾਤਾਂ ਵਿਸ਼ਵੀਕਰਨ ਦੇ ਇਸ ਦੌਰ ਵਿਚ ਭਮੱਤਰੀਆਂ ਅਤੇ ਸਹਿਮੀਆਂ ਹੋਈਆਂ ਪੰਜਾਬੀ ਬੋਲਣ, ਪੜ੍ਹਨ ਅਤੇ ਸਿੱਖਣ ਲਈ ਮਜਬੂਰ ਹਨ, ਭਾਵੇਂ ਇਹ ਜਮਾਤਾਂ ਵੀ ਆਪਣਾ ਪੇਟ ਕੱਟ ਕੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਜ਼ੁਬਾਨ ਵਿਚ ਤਾਲੀਮ ਦਿਵਾਉਣਾ ਚਾਹੁੰਦੀਆਂ ਹਨ। ਪੰਜਾਬ ਦੇ ਸਰਵਿਸ ਸੈਕਟਰ ਦੇ ਮੁਲਾਜ਼ਮ ਜਿਸ ਵਿਚ ਅਧਿਆਪਕ, ਡਾਕਟਰ, ਵਕੀਲ, ਇੰਜਨੀਅਰ, ਲੇਖਕ ਆਦਿ ਆਉਂਦੇ ਹਨ, ਰੁਜ਼ਗਾਰ ਦੇ ਮੌਕੇ ਪੰਜਾਬੀ ਭਾਸ਼ਾ ਵਿਚ ਨਾ ਹੋਣ ਕਾਰਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ। ਅਜਿਹੇ ਮਾਹੌਲ ਵਿਚ ਪੰਜਾਬੀ ਹਿਤੈਸ਼ੀਆਂ ਨੂੰ ਆਪਣੀ ਜ਼ੁਬਾਨ ਨੂੰ ਬਚਾਉਣ ਦਾ ਯੋਜਨਾਬੱਧ ਪ੍ਰੋਗਰਾਮ ਉਲੀਕਣਾ ਲਾਜ਼ਮੀ ਹੋ ਜਾਂਦਾ ਹੈ। ਪੰਜਾਬ ਦੇ ਹਾਕਮ ਆਪਣੇ ਸਿਆਸੀ ਹਿੱਤਾਂ ਕਾਰਨ ਹਮੇਸ਼ਾ ਪੰਜਾਬੀ ਜ਼ੁਬਾਨ ਦੀ ਬਲੀ ਦਿੰਦੇ ਰਹੇ ਹਨ। ਮੁਗਲ ਹਕੂਮਤ, ਮਹਾਰਾਜਾ ਰਣਜੀਤ ਸਿੰਘ, ਅੰਗਰੇਜ਼ੀ ਸਾਮਰਾਜ, ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੀਆਂ ਸਰਕਾਰਾਂ ਨੇ ਕਦੇ ਵੀ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ ਜਿਸ ਦੀ ਉਹ ਹੱਕਦਾਰ ਸੀ। ਪੰਜਾਬੀਆਂ ਵਿਚ ਧਾਰਮਿਕ ਵੰਡੀਆਂ ਪਾ ਕੇ ਹਿੰਦੂਆਂ ਨੂੰ ਹਿੰਦੀ, ਸਿੱਖਾਂ ਨੂੰ ਪੰਜਾਬੀ ਅਤੇ ਮੁਸਲਮਾਨਾਂ ਨੂੰ ਉਰਦੂ ਨਾਲ ਜੋੜਨ ਦੇ ਘਿਨਾਉਣੇ ਯਤਨ ਕੀਤੇ ਗਏ; ਜਦੋਂ ਕਿ ਹਕੀਕਤ ਇਹ ਸੀ ਕਿ ਪੰਜਾਬੀ ਕਦੇ ਵੀ ਕੇਵਲ ਸਿੱਖਾਂ ਦੀ ਭਾਸ਼ਾ ਨਹੀਂ ਸੀ, ਸਗੋਂ ਇਹ ਪੰਜਾਬ ਵਿਚ ਰਹਿੰਦੇ ਹਿੰਦੂ, ਸਿੱਖ, ਮੁਸਲਮਾਨਾਂ ਆਦਿ ਦੀ ਸਾਂਝੀ ਭਾਸ਼ਾ ਸੀ। ਧਰਮ ਦੇ ਆਧਾਰ 'ਤੇ ਵੰਡੇ ਪੱਛਮੀ ਅਤੇ ਭਾਰਤੀ ਪੰਜਾਬ ਦੇ ਹੋਂਦ ਗ੍ਰਹਿਣ ਕਰਨ ਦਾ ਸਿੱਟਾ ਇਹ ਨਿਕਲਿਆ ਕਿ ਪਾਕਿਸਤਾਨ ਦੀ ਪੰਜਾਬੀ ਉਪਰ ਉਰਦੂ-ਫਾਰਸੀ ਹਾਵੀ ਹੋ ਗਈ ਅਤੇ ਭਾਰਤੀ ਪੰਜਾਬ ਦੀ ਪੰਜਾਬੀ ਵਿਚ ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦਾਂ ਦੀ ਭਰਮਾਰ ਹੋਣ ਲੱਗੀ ਹੈ। ਅੱਜ ਹਾਲਾਤ ਇਹ ਹਨ ਕਿ ਸਾਡੀ ਨਵੀਂ ਪੀੜ੍ਹੀ ਨੂੰ ਨਾ ਤਾਂ ਪਾਕਿਸਤਾਨੀ ਪੰਜਾਬੀ ਜ਼ੁਬਾਨ ਸਮਝ ਆਉਂਦੀ ਹੈ ਅਤੇ ਨਾ ਹੀ ਪਾਕਿਸਤਾਨ ਦੀ ਨਵੀਂ ਪੀੜ੍ਹੀ ਨੂੰ ਇਧਰਲੇ ਪੰਜਾਬ ਦੀ ਪੰਜਾਬੀ ਜ਼ੁਬਾਨ! ਅੰਗਰੇਜ਼ਾਂ ਨੇ ਪੰਜਾਬੀਆਂ ਲਈ ਉਚ-ਅਹੁਦੇ ਜਾਂ ਨੌਕਰੀਆਂ ਪ੍ਰਾਪਤ ਕਰਨ ਲਈ ਅੰਗਰੇਜ਼ੀ ਦਾ ਗਿਆਨ ਹੋਣਾ ਲਾਜ਼ਮੀ ਕਰ ਦਿੱਤਾ ਸੀ। ਅੰਗਰੇਜ਼ਾਂ ਦੁਆਰਾ ਇਹ ਪ੍ਰਚਾਰ ਵੀ ਕੀਤਾ ਗਿਆ ਕਿ ਅੰਗਰੇਜ਼ੀ ਬਿਨਾਂ ਪੰਜਾਬੀਆਂ ਦਾ ਗੁਜ਼ਾਰਾ ਸੰਭਵ ਨਹੀਂ, ਕਿਉਂਕਿ ਗਿਆਨ, ਵਿਗਿਆਨ, ਤਕਨੀਕ, ਸਿੱਖਿਆ, ਸਾਹਿਤ, ਸਭਿਆਚਾਰ ਅਤੇ ਮਨੋਰੰਜਨ ਦੀ ਭਾਸ਼ਾ ਕੇਵਲ ਅੰਗਰੇਜ਼ੀ ਹੀ ਹੋ ਸਕਦੀ ਹੈ। ਇਸ ਤੋਂ ਇਲਾਵਾ ਅੰਗਰੇਜ਼ ਹਾਕਮਾਂ ਦੁਆਰਾ ਪੰਜਾਬੀ ਲਈ ਜੋ ਕਾਰਜ ਕੀਤਾ ਗਿਆ, ਉਸ ਦਾ ਮਕਸਦ ਬੁਨਿਆਦੀ ਤੌਰ 'ਤੇ ਪੰਜਾਬੀਆਂ ਦੀ ਭਾਸ਼ਾ ਅਤੇ ਮਾਨਸਿਕਤਾ ਨੂੰ ਸਮਝ ਕੇ ਇਸ ਉਪਰ ਕਬਜ਼ਾ ਕਰਨਾ ਸੀ। ਸਿੱਟੇ ਵਜੋਂ ਅੰਗਰੇਜ਼ੀ ਭਾਸ਼ਾ ਪੰਜਾਬੀ ਉਪਰ ਰਾਜ ਕਰਨ ਲੱਗੀ। ਇਹ ਰਾਜ ਇਸ ਲਈ ਨਹੀਂ ਸੀ ਕਿ ਅੰਗਰੇਜ਼ੀ ਭਾਸ਼ਾ ਪੰਜਾਬੀ ਨਾਲੋਂ ਬਿਹਤਰ ਭਾਸ਼ਾ ਸੀ, ਸਗੋਂ ਇਸ ਲਈ ਸੀ ਕਿਉਂਕਿ ਇਸ ਪਿੱਛੇ ਅੰਗਰੇਜ਼ ਸਾਮਰਾਜਵਾਦ ਦੀ ਆਰਥਿਕ, ਸਿਆਸੀ ਅਤੇ ਫੌਜੀ ਤਾਕਤ ਸੀ। 1947 ਤੋਂ ਬਾਅਦ ਪੰਜਾਬ ਦੀ ਸੱਤਾ ਉਸ ਵਰਗ ਦੇ ਹੱਥ ਵਿਚ ਆ ਗਈ ਜਿਸ ਨੂੰ ਅੰਗਰੇਜ਼ ਹਾਕਮਾਂ ਨੇ ਆਪਣੇ ਹਿੱਤਾਂ ਲਈ ਤਿਆਰ ਕੀਤਾ ਸੀ। ਪੰਜਾਬ ਵਿਚ ਚੱਲੀ ਸਿੰਘ ਸਭਾ ਲਹਿਰ ਨੇ ਭਾਵੇਂ ਪੰਜਾਬੀ ਦੀ ਤਰੱਕੀ ਲਈ ਭਰਪੂਰ ਯਤਨ ਕੀਤੇ, ਪਰ ਇਸ ਲਹਿਰ ਦਾ ਮਕਸਦ ਕੇਵਲ ਧਾਰਮਿਕ ਸਾਹਿਤ ਅਤੇ ਸਭਿਆਚਾਰ ਨੂੰ ਹੀ ਪ੍ਰਫੁਲਤ ਕਰਨਾ ਸੀ। ਇਸ ਦੇ ਸਮਾਨਾਂਤਰ ਪੰਜਾਬੀ ਭਾਸ਼ਾ ਆਮ ਪੰਜਾਬੀਆਂ, ਦੇਸ਼ ਭਗਤਾਂ, ਕਿਰਤੀਆਂ, ਕਿਸਾਨਾਂ ਦੀ ਜ਼ੁਬਾਨ ਬਣ ਕੇ ਵਧਦੀ-ਫੁਲਦੀ ਰਹੀ। ਆਜ਼ਾਦੀ ਤੋਂ ਬਾਅਦ ਭਾਵੇਂ ਖੇਤਰੀ ਭਾਸ਼ਾਵਾਂ ਵੱਲ ਵੀ ਤਵੱਜੋ ਦਿੱਤੀ ਗਈ, ਪਰ ਸਿਆਸੀ ਸੱਤਾ ਕੌਮੀ ਬੁਰਜੁਆਜ਼ੀ ਦੇ ਹੱਥ ਵਿਚ ਹੋਣ ਕਰ ਕੇ ਸਰਦਾਰੀ ਅੰਗਰੇਜ਼ੀ ਭਾਸ਼ਾ ਦੀ ਹੀ ਰਹੀ। ਪੰਦਰਾਂ ਅਗਸਤ 1947 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦਾ



ਪਹਿਲਾ ਭਾਸ਼ਣ ਅੰਗਰੇਜ਼ੀ ਵਿਚ ਦਿੱਤਾ ਜਾਣਾ, ਇਸ ਦੀ ਮਿਸਾਲ ਹੈ। ਅੰਗਰੇਜ਼ੀ ਦੀ ਪੰਜਾਬੀ ਉਪਰ ਸਰਦਾਰੀ ਦਾ ਸਿੱਟਾ ਇਹ ਨਿਕਲਿਆ ਕਿ ਇਥੋਂ ਦਾ ਅਮੀਰ ਵਰਗ ਅੰਗਰੇਜ਼ੀ ਤੋਂ ਲਾਭ ਉਠਾਉਣ ਲੱਗਾ। ਆਜ਼ਾਦੀ ਤੋਂ ਬਾਅਦ ਵੀ ਉਚੀਆਂ ਪਦਵੀਆਂ ਅਤੇ ਨੌਕਰੀਆਂ ਮੁੱਖ ਤੌਰ 'ਤੇ ਅੰਗਰੇਜ਼ੀ ਪੜ੍ਹਨ, ਬੋਲਣ ਅਤੇ ਸਮਝਣ ਵਾਲਿਆਂ ਲਈ ਮੁਹੱਈਆ ਹੋਣ ਲੱਗੀਆਂ।

ਇਸ ਤੋਂ ਇਲਾਵਾ ਪੰਜਾਬ ਦੀ ਫਿਰਕੂ ਸਿਆਸਤ ਨੇ ਪੰਜਾਬੀਆਂ ਨੂੰ ਹਿੰਦੀ ਅਤੇ ਪੰਜਾਬੀ ਨਾਲ ਜੋੜ ਦੇ ਫੁੱਟ ਪਾਉਣ ਦੇ ਭਰਪੂਰ ਯਤਨ ਕੀਤੇ। ਪੰਜਾਬ ਦਾ ਵਪਾਰੀ ਵਰਗ ਜੋ ਕੌਮੀ ਅਤੇ ਕੌਮਾਂਤਰੀ ਮੰਡੀ ਨਾਲ ਜੁੜਨਾ ਚਾਹੁੰਦਾ ਸੀ, ਆਪਣੇ ਆਪ ਨੂੰ ਹਿੰਦੀ ਅਤੇ ਅੰਗਰੇਜ਼ੀ ਨਾਲ ਜੋੜਨ ਲੱਗਾ। ਸਿੱਟੇ ਵਜੋਂ ਪੰਜਾਬ ਵਿਚ ਅੰਗਰੇਜ਼ੀ ਅਤੇ ਹਿੰਦੀ ਮਾਧਿਅਮ ਵਾਲੇ ਪ੍ਰਾਈਵੇਟ ਸਕੂਲਾਂ ਦੀ ਭਰਮਾਰ ਹੋਣ ਲੱਗੀ ਅਤੇ ਪੰਜਾਬੀ ਮਾਧਿਅਮ ਵਾਲੇ ਸਰਕਾਰੀ ਸਕੂਲ ਹਾਸ਼ੀਏ ਵੱਲ ਜਾਣੇ ਸ਼ੁਰੂ ਹੋ ਗਏ। ਅਕਾਲੀ ਦਲ ਨੇ ਸੱਤਾ 'ਤੇ ਕਾਬਜ਼ ਹੋਣ ਲਈ ਪੰਜਾਬੀ ਭਾਸ਼ਾ ਨੂੰ ਆਧਾਰ ਬਣਾ ਕੇ 'ਪੰਜਾਬੀ ਸੂਬੇ' ਲਈ ਕਈ ਮੋਰਚੇ ਵੀ ਲਗਾਏ, ਪਰ ਵਿਡੰਬਨਾ ਇਹ ਰਹੀ ਕਿ ਪੰਜਾਬੀ ਸੂਬਾ ਮਿਲਣ ਤੋਂ ਬਾਅਦ ਅਕਾਲੀ ਸਰਕਾਰ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਅਤੇ ਇਸ ਦੀ ਤਰੱਕੀ ਤੋਂ ਪਿਛਾਂਹ ਹਟਣ ਲੱਗੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਹਰੇ ਇਨਕਲਾਬ ਦੀ ਆਮਦ ਤੋਂ ਬਾਅਦ ਪੰਜਾਬ ਦੀ ਅਮੀਰ ਕਿਸਾਨੀ ਵੀ ਕੌਮੀ ਅਤੇ ਕੌਮਾਂਤਰੀ ਮੰਡੀ ਨਾਲ ਜੁੜਨ ਲਈ ਉਤਾਵਲੀ ਸੀ। ਜਿਉਂ-ਜਿਉਂ ਹਰੇ ਇਨਕਲਾਬ ਦਾ ਲਾਭ ਅਮੀਰ ਕਿਸਾਨੀ ਕੋਲ ਪਹੁੰਚਦਾ ਗਿਆ, ਇਸ ਨੇ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਦਾ ਰੁਖ ਅੰਗਰੇਜ਼ੀ ਮਾਧਿਅਮ ਸਕੂਲਾਂ ਵੱਲ ਕਰ ਲਿਆ। ਇਸ ਦੀ ਦੇਖਾ-ਦੇਖੀ ਪੰਜਾਬ ਦੀ ਦਰਮਿਆਨੀ ਕਿਸਾਨੀ ਨੇ ਵੀ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਾਉਣੇ ਆਰੰਭ ਕਰ ਦਿੱਤੇ। ਇਉਂ ਪਿੰਡਾਂ ਵਿਚ ਵੀ ਅੰਗਰੇਜ਼ੀ ਸਕੂਲਾਂ ਦੀ 'ਦੁਕਾਨਦਾਰੀ' ਆਰੰਭ ਹੋ ਗਈ ਅਤੇ ਸਰਕਾਰੀ ਸਕੂਲਾਂ ਵਿਚ ਪੰਜਾਬ ਦੀ ਛੋਟੀ ਕਿਸਾਨੀ ਤੇ ਦਲਿਤ ਭਾਈਚਾਰੇ ਦਾ ਬੱਚੇ ਪੜ੍ਹਨ ਲੱਗੇ। ਇਸ ਤਰ੍ਹਾਂ ਹਰੇ ਇਨਕਲਾਬ ਤੋਂ ਬਾਅਦ ਜਿਉਂ ਜਿਉਂ ਪੰਜਾਬੀਆਂ ਦੀ ਵਰਗ ਵੰਡ ਤਿੱਖੀ ਹੁੰਦੀ ਗਈ, ਤਿਉਂ ਤਿਉਂ ਪੰਜਾਬ ਦੇ ਸਕੂਲ ਅਤੇ ਬੋਰਡ ਵੀ ਵੰਡੇ ਗਏ। ਪੰਜਾਬੀ ਮਾਧਿਅਮ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਰਹਿ ਗਿਆ, ਜਿਥੇ ਪੰਜਾਬ ਦਾ ਗਰੀਬ, ਦਲਿਤ ਅਤੇ ਪਰਵਾਸੀ ਤਬਕਾ ਆਪਣੇ ਬੱਚਿਆਂ ਨੂੰ ਪੰਜਾਬੀ ਵਿਚ ਤਾਲੀਮ ਦਿਵਾ ਰਿਹਾ ਹੈ। 1967 ਵਿਚ ਭਾਵੇਂ ਪੰਜਾਬ ਸਰਕਾਰ ਦੁਆਰਾ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ ਹੈ, ਪਰ ਕਈ ਰਾਜਨੀਤਿਕ ਤੇ ਸਮਾਜਿਕ ਕਾਰਨਾਂ ਕਰ ਕੇ ਪੰਜਾਬੀ ਹਕੀਕੀ ਤੌਰ 'ਤੇ ਰਾਜ ਭਾਸ਼ਾ ਨਾ ਬਣ ਸਕੀ। ਲਛਮਣ ਸਿੰਘ ਗਿੱਲ ਦੀ ਸਰਕਾਰ ਤੋਂ ਬਾਅਦ ਬਣੀਆਂ ਸਰਕਾਰਾਂ ਪੰਜਾਬੀ ਨੂੰ ਸਰਕਾਰ ਅਤੇ ਰੁਜ਼ਗਾਰ ਦੀ ਭਾਸ਼ਾ ਨਾ ਬਣਾ ਸਕੀਆਂ। 1991 ਦੀਆਂ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਬਾਅਦ ਤਾਂ ਅਮਰੀਕਾ ਅੰਗਰੇਜ਼ੀ ਭਾਸ਼ਾ ਨੂੰ ਸਮੁੱਚੇ ਵਿਸ਼ਵ ਦੀ ਭਾਸ਼ਾ ਬਣਾਉਣ ਲਈ ਪੂਰਾ ਜ਼ੋਰ ਲਗਾਉਣ ਲੱਗਾ। ਵਿਸ਼ਵੀਕਰਨ ਦੀ ਭਾਸ਼ਾ ਅੰਗਰੇਜ਼ੀ ਹੋਣ ਕਰ ਕੇ ਇਹ ਪੰਜਾਬੀ ਭਾਸ਼ਾ ਨੂੰ ਉਤਨੀ ਦੇਰ ਹੀ ਬਰਦਾਸ਼ਤ ਕਰ ਸਕਦੀ ਹੈ ਜਿੰਨੀ ਦੇਰ ਤਕ ਇਹ ਵਪਾਰ ਵਿਚ ਰੁਕਾਵਟ ਨਾ ਬਣੇ, ਇਸ ਲਈ ਅੰਗਰੇਜ਼ੀ ਭਾਸ਼ਾ ਦਾ ਪਾਸਾਰ ਕੇਵਲ ਭਾਸ਼ਾ ਦਾ ਪਾਸਾਰ ਨਹੀਂ ਸਗੋਂ ਨਵ-ਸਾਮਰਾਜਵਾਦ ਦਾ ਪਾਸਾਰ ਹੈ ਜੋ ਆਰਥਿਕ, ਸਿਆਸੀ ਅਤੇ ਸਭਿਆਚਾਰਕ ਤੌਰ 'ਤੇ ਨਵ ਸਾਮਰਾਜਵਾਦ ਨਾਲ ਨੇੜਿਓਂ ਜੁੜਿਆ ਹੋਇਆ ਹੈ। ਇਸੇ ਕਰ ਕੇ ਇਹ ਅੰਗਰੇਜ਼ੀ ਭਾਸ਼ਾ ਦੇ ਨਵ-ਸਾਮਰਾਜੀ ਦਾਬੇ ਨੂੰ ਪੰਜਾਬੀ ਭਾਸ਼ਾ ਉਪਰ ਥੋਪਣ ਲਈ ਯਤਨ ਕਰ ਰਿਹਾ ਹੈ। ਨਵ-ਸਾਮਰਾਜਵਾਦ ਦੇ ਪਾਸਾਰ ਦਾ ਸਿੱਟਾ ਇਹ ਨਿਕਲਿਆ ਕਿ ਇਸ ਨੇ ਸਾਹਿਤ, ਕਲਾ, ਮੀਡੀਆ ਆਦਿ ਦੇ ਜ਼ਰੀਏ ਪੰਜਾਬੀ ਬੰਦੇ ਦੇ ਦਿਲ-ਓ-ਦਿਮਾਗ ਨੂੰ ਵੀ ਆਪਣੇ ਕਬਜ਼ੇ ਹੇਠ ਲੈ ਲਿਆ। ਇਉਂ ਵਿਸ਼ਵੀਕਰਨ ਨੇ ਸਿਰਫ਼ ਕੁਦਰਤ ਜਾਂ ਮਨੁੱਖ ਦੀ ਨਹੀਂ, ਸਗੋਂ ਭਾਸ਼ਾ ਅਤੇ ਸਭਿਆਚਾਰ ਦੀ ਵੀ ਲੁੱਟ ਕੀਤੀ ਹੈ। ਇਸ ਨੇ ਜਿਥੇ ਬੰਦੇ ਕੋਲੋਂ ਉਸ ਦੀ ਜ਼ੁਬਾਨ ਖੋਹ ਲਈ ਹੈ, ਉਥੇ 'ਖਾਓ-ਪੀਓ ਐਸ਼ ਕਰੋ' ਦਾ ਨਾਅਰਾ ਲਾ ਕੇ ਖਪਤਵਾਦੀ ਬਣਾ ਦਿੱਤਾ ਹੈ।

ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤਾਂ ਬਹੁਤ ਹੈ, ਪਰ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਆਧੁਨਿਕ ਸੰਦਾਂ ਦੀ ਘਾਟ ਹੈ। ਲਾਇਬਰੇਰੀਆਂ ਦੀ ਹਾਲਤ ਬਹੁਤੀ ਚੰਗੀ ਨਹੀਂ। ਚੰਗੀਆਂ ਸਿਖਲਾਈ ਸੰਸਥਾਵਾਂ ਦੀ ਘਾਟ ਕਾਫੀ ਸਮੇਂ ਤੋਂ ਹੈ। ਸਕੂਲਾਂ ਵਿਚ ਜੋ ਸਟਾਫ਼ ਮੁਢਲੀਆਂ ਜਮਾਤਾਂ ਨੂੰ ਪੜ੍ਹਾਉਂਦਾ ਹੈ, ਉਨ੍ਹਾਂ ਦੀ ਸਿਖਲਾਈ ਦਾ ਕੋਈ ਖਾਸ ਪ੍ਰਬੰਧ ਨਹੀਂ ਹੈ। ਪੰਜਾਬੀ ਦੀ ਉਚੇਰੀ ਸਿੱਖਿਆ ਤੋਂ ਬਾਅਦ ਰੁਜ਼ਗਾਰ ਦੇ ਸਾਧਨ ਬਹੁਤ ਘੱਟ ਹਨ। ਪੰਜਾਬੀ ਨੂੰ ਸਾਧਾਰਨ ਵਿਸ਼ਾ ਕਿਹਾ ਜਾਂਦਾ ਹੈ। ਹਾਕਮ ਜਮਾਤਾਂ ਦੀ ਰਾਜਸੀ ਇੱਛਾ ਸ਼ਕਤੀ ਅਤੇ ਭਵਿੱਖ ਲਈ ਦੂਰ-ਦ੍ਰਿਸ਼ਟੀ ਦੀ ਘਾਟ ਵੀ ਪੰਜਾਬੀ ਦੇ ਅਧਿਐਨ / ਅਧਿਆਪਨ ਦੀ ਉਨਤੀ ਵਿਚ ਵੱਡੀ ਰੁਕਾਵਟ ਹਨ। ਇਸ ਤੋਂ ਇਲਾਵਾ ਵੱਡੇ ਸ਼ਹਿਰਾਂ ਵਿਚ ਰਹਿੰਦੇ ਪੰਜਾਬੀ ਵੀ ਅੰਗਰੇਜ਼ੀ ਜਾਂ ਹਿੰਦੀ ਨੂੰ ਤਰਜੀਹ ਦਿੰਦੇ ਹਨ ਜਿਸ ਦਾ ਕਾਰਨ ਪ੍ਰੀਖਿਆਵਾਂ ਦਾ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੋਣਾ ਹੈ। ਜੇ ਸੂਬਾਈ ਅਤੇ ਕੌਮੀ ਪੱਧਰ ਦੀਆਂ ਪ੍ਰੀਖਿਆਵਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ ਜੇ.ਈ.ਈ., ਐਨ.ਈ.ਈ.ਟੀ., ਐਨ.ਡੀ.ਏ., ਸੀ.ਪੀ.ਟੀ. ਆਦਿ ਸਭ ਪ੍ਰੀਖਿਆ ਦਾ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੋਣ ਕਾਰਨ ਬੱਚੇ ਆਪਣੀ ਮਾਤ-ਭਾਸ਼ਾ ਨਾਲੋਂ ਟੁੱਟ ਰਹੇ ਹਨ। ਇਨ੍ਹਾਂ ਸਭ ਕਾਰਨਾਂ ਪਿੱਛੇ ਸਾਡੀਆਂ ਸਰਕਾਰਾਂ ਦਾ ਬਹੁਤ ਵੱਡਾ ਰੋਲ ਹੈ ਕਿਉਂਕਿ ਉਹ ਪੰਜਾਬੀ ਭਾਸ਼ਾ ਲਈ ਨੀਤੀਆਂ ਤਾਂ ਬਣਾ ਰਹੇ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨ ਜਾਂ ਕਰਵਾਉਣ ਵਿਚ ਕੋਈ ਸਾਰਥਕ ਭੂਮਿਕਾ ਨਹੀਂ ਨਿਭਾ ਰਹੀਆਂ। ਇਸੇ ਲਈ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਨੂੰ ਲਿਖਣਾ ਪਿਆ:

ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ ਵਾਕ ਵਾਕ
ਧੰਮੀ ਵੇਲਾ, ਪਹੁ-ਫੁਟਾਲਾ,
ਛਾਹ ਵੇਲਾ, ਲੌਢਾ ਵੇਲਾ,
ਦੀਵਾ ਵੱਟੀ, ਖਉਪੀਆ,
ਕੌੜਾ ਸੋਤਾ,
ਢਲਦੀਆਂ ਖਿੱਤੀਆਂ,
ਘੜੀਆਂ, ਪਹਿਰ, ਬਿੰਦ ਪਲ,
ਛਿਣ, ਨਿਖਮ ਵਿਚਾਰੇ
ਮਾਰੇ ਗਏ ਇੱਕਲੇ ਟਾਈਮ ਹੱਥੋਂ ਸਾਰੇ
ਸ਼ਾਇਦ ਇਸ ਲਈ
ਕਿ ਟਾਈਮ ਕੋਲ ਟਾਈਮ-ਪੀਸ ਸੀ।

***ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤਾਂ ਬਹੁਤ ਹੈ, ਪਰ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਆਧੁਨਿਕ ਸੰਦਾਂ ਦੀ ਘਾਟ ਹੈ। ਲਾਇਬਰੇਰੀਆਂ ਦੀ ਹਾਲਤ ਬਹੁਤੀ ਚੰਗੀ ਨਹੀਂ। ਚੰਗੀਆਂ ਸਿਖਲਾਈ ਸੰਸਥਾਵਾਂ ਦੀ ਘਾਟ ਕਾਫੀ ਸਮੇਂ ਤੋਂ ਹੈ। ਸਕੂਲਾਂ ਵਿਚ ਜੋ ਸਟਾਫ਼ ਮੁਢਲੀਆਂ ਜਮਾਤਾਂ ਨੂੰ ਪੜ੍ਹਾਉਂਦਾ ਹੈ, ਉਨ੍ਹਾਂ ਦੀ ਸਿਖਲਾਈ ਦਾ ਕੋਈ ਖਾਸ ਪ੍ਰਬੰਧ ਨਹੀਂ ਹੈ। ਪੰਜਾਬੀ ਦੀ ਉਚੇਰੀ ਸਿੱਖਿਆ ਤੋਂ ਬਾਅਦ ਰੁਜ਼ਗਾਰ ਦੇ ਸਾਧਨ ਬਹੁਤ ਘੱਟ ਹਨ। ਹਾਕਮ ਜਮਾਤਾਂ ਦੀ ਰਾਜਸੀ ਇੱਛਾ ਸ਼ਕਤੀ ਅਤੇ ਭਵਿੱਖ ਲਈ ਦੂਰ-ਦ੍ਰਿਸ਼ਟੀ ਦੀ ਘਾਟ ਵੀ ਪੰਜਾਬੀ ਦੀ ਉਨਤੀ ਵਿਚ ਰੁਕਾਵਟ ਹਨ। ਵੱਡੇ ਸ਼ਹਿਰਾਂ ਵਿਚ ਰਹਿੰਦੇ ਪੰਜਾਬੀ ਵੀ ਅੰਗਰੇਜ਼ੀ ਜਾਂ ਹਿੰਦੀ ਨੂੰ ਤਰਜੀਹ ਦਿੰਦੇ ਹਨ ਜਿਸ ਦਾ ਕਾਰਨ ਪ੍ਰੀਖਿਆਵਾਂ ਦਾ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੋਣਾ ਹੈ।***




# ਮਾਣੀਆਂ ਕੋਠੀ ਤੇ ਕੈਨੇਡਾ ਵਿਚ ਦੋ ਅਨੰਦ ਵਾਦੀਆਂ

## ਦੁੱਖ ਪਰਦੇਸਾਂ ਦੇ

*ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਇਹ 'ਕੋਠੀ ਲੱਗੇ' ਬਜ਼ੁਰਗ ਜਦੋਂ ਕਿਸੇ ਪਾਰਕ ਵਿਚ 'ਕੱਠੇ ਹੁੰਦੇ ਹਨ ਤਾਂ ਆਪੋ ਵਿਚ ਦੁਖੜੇ ਫੋਲਦੇ ਹਨ। ਹਥਲੇ ਲੇਖ ਵਿਚ ਪ੍ਰਿੰ. ਬਾਜਵਾ ਨੇ ਆਪਣਾ ਜੀਵਨ ਸਫਰ ਬਿਆਨਿਆ ਹੈ ਕਿ ਕਿਵੇਂ ਉਨ੍ਹਾਂ ਨੂੰ ਆਪਣੀ ਜਮੀਨ ਜਾਇਦਾਦ ਸੰਭਾਲਣ ਲਈ ਸ਼ਰੀਕੇ ਕਬੀਲੇ ਨਾਲ ਸਿੱਝਣਾ ਪਿਆ। ਫਿਰ ਵੀ ਉਨ੍ਹਾਂ ਨੂੰ ਤਸੱਲੀ ਹੈ ਕਿ ਉਨ੍ਹਾਂ ਪਾਸ ਕੋਠੀ ਹੈ ਜਿਥੇ ਉਹ ਜਦੋਂ ਚਾਹੁਣ ਜਾ ਕੇ ਰਹਿ ਸਕਦੇ ਹਨ। -ਸੰਪਾਦਕ*

'ਕੋਠੀ ਦੇ ਪ੍ਰਭੁਸੱਤਾ ਮਾਹੌਲ 'ਚ ਸਹਿਜ ਜੀਵਨ ਚੱਲ ਰਿਹਾ ਸੀ। ਰਾਜਗੁਰੂ ਨੇੜਲੇ ਦੋਹਾਂ ਪਲਾਟਾਂ ਦੀ ਚਾਰਦੀਵਾਰੀ ਤੇ ਇੱਕ ਕਮਰਾ ਬਣਾਇਆ ਹੋਇਆ ਸੀ। ਇੱਕ ਦਿਨ 'ਪਾਲਾ' ਮਿਲਣ ਆ ਗਿਆ। ਪੁਰਾਣਾ ਜਿਹਾ ਸਾਈਕਲ, ਪਿੱਛੇ ਦੁੱਧ ਵਾਲੇ ਢੋਲ ਲਟਕੇ ਹੋਏ। ਢਿੱਲ੍ਹੀ ਜਿਹੀ ਪੱਗ, ਲੰਬਾ ਕੁੜਤਾ ਤੇ ਚਾਦਰਾ, ਪੈਰੀਂ ਟੁੱਟੀ ਜਿਹੀ ਜੁੱਤੀ। ਛੇ ਫੁੱਟ ਕੱਦ। ਰਿਸ਼ਤੇ 'ਚੋਂ ਪਾਲਾ ਮੇਰੀ ਭੈਣ ਦਾ ਜੇਠ ਲੱਗਦਾ ਸੀ। ਮੁਕਤਸਰ ਵਿਚ ਉਹਦਾ ਪਿੰਡ ਸੀ ਜੋ ਸੇਮ ਦੀ ਮਾਰ ਹੇਠ ਸੀ। ਉਹਦੇ ਦੋ ਮੁੰਡੇ ਤੇ ਪੋਲੀਓ ਕਾਰਨ ਅਪਾਹਜ ਹੋਈ ਇੱਕ ਵੱਡੀ ਕੁੜੀ ਸੀ। ਉਹਦੇ ਸਾਲੇ ਲੁਧਿਆਣੇ ਸਨ। ਉਥੋਂ ਡੇਰਾ ਡੰਡਾ ਚੁੱਕ ਭਾਈ ਰਣਧੀਰ ਸਿੰਘ



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਨਗਰ ਲਾਗੇ ਪਿੰਡ ਸਨੇਤ ਵਿਚ ਇੱਕ ਘਰ 'ਚ ਡੇਅਰੀ ਆ ਚਲਾਈ। ਬੱਚੇ ਸਕੂਲ ਪੜ੍ਹਦੇ ਸਨ। ਹਰ ਗੱਲ ਨਾਲ 'ਮਾਮਾ ਜੀ, ਮਾਮਾ ਜੀ' ਕਰਦਾ। ਕਹਿੰਦਾ, "ਮਾਮਾ ਜੀ, ਮੈਨੂੰ ਆਪਣੇ ਖਾਲੀ ਪਏ ਪਲਾਟ 'ਚ ਦੋ ਕੁ ਸਾਲ ਰਹਿਣ ਦੀ ਆਗਿਆ ਦੇ ਦਿਉ। ਮੇਰੇ ਕੋਲੋਂ ਸਨੇਤ ਵਾਲਾ ਘਰ ਖਾਲੀ ਕਰਵਾ ਲਿਆ ਮਾਲਕਾਂ ਨੇ। ਬੱਚਿਆਂ ਦੀ ਪੜ੍ਹਾਈ ਖਾਤਰ ਇਥੇ ਆਇਆਂ। ਉਦੋਂ ਤਾਈਂ ਮੈਂ ਆਪਣਾ ਪੱਕਾ ਟਿਕਾਣਾ ਕਿਤੇ ਬਣਾ ਲਊਂ।"

ਮੈਨੂੰ ਤਰਸ ਆ ਗਿਆ। ਕਿਸੇ ਨਾਲ ਸਲਾਹ ਨਾ ਕੀਤੀ। ਇਜਾਜ਼ਤ ਦੇ ਦਿੱਤੀ। ਪਤਨੀ ਨੇ ਜ਼ਰੂਰ ਕਹਿ ਦਿੱਤਾ, "ਪਾਲਿਆ ਜਿਸ ਰੰਗ 'ਚ ਲੈਣ ਲੱਗੈਂ, ਓਸੇ ਰੰਗ 'ਚ ਛੱਡ ਦਈਂ!" ਤਿੰਨ ਕੁ ਸਾਲਾਂ ਬਾਅਦ ਉਹਨੂੰ ਕਿਹਾ, "ਪਾਲਿਆ! ਭਾਈ ਪਲਾਟ ਖਾਲੀ ਕਰ ਦੇਹ।" ਕਹਿੰਦਾ, "ਮਾਮਾ ਜੀ, ਮੈਂ ਕਿੱਥੇ ਜਾਵਾਂ?" ਅਨਪੜ੍ਹ ਰਿੱਛ ਜਿਹਾ ਬੂਝੜ ਜੱਟ ਆਨਾ ਕਾਨੀ ਕਰਨ ਲੱਗਾ। ਮੈਂ ਆਪਣੇ ਪਰਿਵਾਰਾਂ ਸਾਹਮਣੇ ਬੁੱਧੂ ਬਣ ਗਿਆ। ਮੈਨੂੰ ਵੀ ਕਨਸੋਆਂ ਮਿਲਣ ਲੱਗੀਆਂ। ਉਹ ਆਪਣੇ ਪ੍ਰਾਪਰਟੀ ਡੀਲਰ ਸਾਲੇ ਦੀ ਗੁੱਝੀ ਸਕੀਮ ਵਿਚ ਹੀ ਮੈਥੋਂ ਪਲਾਟ 'ਚ ਬਹਿਣ ਦੀ ਇਜਾਜ਼ਤ ਲੈਣ ਆਇਆ ਸੀ।

ਬੱਸ ਫਿਰ ਕੀ ਸੀ, ਭਾਜੜਾਂ ਪੈ ਗਈਆਂ। ਚਾਰਾਜੋਈ ਅਰੰਭੀ। ਖੜਕੇ ਦੜਕੇ ਵਾਲੇ ਯਾਰਾਂ ਨਾਲ ਗੱਲ ਕੀਤੀ ਕਿ ਮੇਰੀ ਝੋਲੀ 'ਚ ਕੁਝ ਪਾਓ ਤੇ ਕਬਜਾ ਛੁਡਾ ਲਓ। ਛਿੱਤਰ ਮਾਰੋ ਇਹਨੂੰ! ਮੰਦੇ ਦੇ ਦਿਨ ਸਨ। ਕੋਈ ਮੰਨਿਆ ਨਾ। ਅਸਲ ਵਿਚ ਉਹ ਪਹਿਲਾਂ ਸਨੇਤ ਵਾਲਾ ਪਲਾਟ ਵੀ ਦੱਬਣ ਲੱਗਾ ਸੀ। ਪਰ ਡਾਂਗਾਂ, ਛਿੱਤਰ ਖਾ ਕੇ ਨਿਕਲਿਆ। ਆਖਿਰ ਪੁਲਿਸ ਤੇ ਭਾਈਚਾਰਕ ਦਬਾਅ ਹੇਠ ਉਸ ਨੂੰ ਇੱਕ ਪਲਾਟ ਨੌਂ ਕੁ ਲੱਖ 'ਚ ਛੱਡਣਾ ਪਿਆ। ਦੂਜਾ ਖਾਲੀ ਕਰਾ ਲਿਆ। ਏਦਾਂ ਉਸ ਬਿੱਝ ਤੋਂ ਖਹਿੜਾ ਛੁੱਟਿਆ। ਇਹ ਪਲਾਟ ਪਿੱਛੋਂ 2010 ਵਿਚ 65 ਲੱਖ ਦਾ ਵਿਕਿਆ। ਪੈਸੇ ਪਰਿਵਾਰ ਵਿਚ ਤਿੰਨ ਥਾਂਈਂ ਵੰਡ ਦਿੱਤੇ। ਏਦਾਂ ਉਸ ਜਾਇਦਾਦ ਦੀ ਜ਼ਿੰਮੇਵਾਰੀ ਅਤੇ ਬੋਝ ਤੋਂ ਸੁਰਖਰੂ ਹੋਇਆ।

ਪਿੰਡ ਵਾਲੇ ਤੌੜ ਦੀ ਗੱਲ ਵੀ ਸੁਣਾਉਣ ਵਾਲੀ ਹੈ। ਅਸੀਂ ਬਾਹਰ ਰਹਿੰਦੇ ਸੀ। ਲੋਕ ਇੱਟਾਂ ਚੁੱਕ ਰਹੇ ਸੀ ਤੇ ਕੂੜਾ ਸੁੱਟੀ ਜਾ ਰਹੇ ਸਨ। ਬਾਪੂ ਦੀ ਜਾਇਦਾਦ ਦੀ ਸੰਭਾਲ ਤਾਂ ਕਰਨੀ ਹੀ ਸੀ। ਇਸ ਵਿਚ ਹੀ ਪਰਿਵਾਰ ਦੀ ਇੱਜਤ ਸੀ। ਮਿਸਤਰੀ ਲਾਉਣ ਵੇਲੇ ਪਹਿਲਾਂ ਚਾਚੇ ਦੇ ਪੁੱਤ ਭਰਾ ਨਾਲ ਸਾਂਝੇ ਵਿਹੜੇ ਦੀ ਨੀਂਹ ਪੁੱਟਣੀ ਸੀ। ਇਹੋ ਜਿਹੇ ਮੌਕੇ 'ਤੇ ਪਿੰਡਾਂ 'ਚ ਤਮਾਸ਼ਬੀਨ ਤੇ ਸ਼ਰਾਰਤੀ ਅਨਸਰ ਆ ਹੀ ਖੜ੍ਹਦੈ। ਇਹੋ ਜਿਹੇ ਤਰੀਕਾਂ ਭੁਗਤਣ ਵੇਲੇ ਹੋਟਲਾਂ ਦੀਆਂ ਪਲੇਟਾਂ ਚੱਟਣ ਲਈ ਨਾਲ ਤੁਰਨ ਨੂੰ ਤਿਆਰ-ਬਰ-ਤਿਆਰ ਰਹਿੰਦੇ ਨੇ। ਤਾਏ ਦਾ ਪੁੱਤ ਭਰਾ ਏਧਰ ਓਧਰ ਕੰਨ 'ਚ ਗੱਲ ਕਰੇ ਇਹਨੇ ਤਾਂ ਪਹਿਲਾਂ ਹੀ ਤੁਹਾਡੇ ਥਾਂ ਵਿਚ ਆਪਣਾ ਵਿਹੜਾ ਵਧਾਇਆ ਹੋਇਐ।

ਮੈਂ ਭਾਂਪ ਗਿਆ। ਚਾਚੇ ਦੇ ਪੁੱਤ ਭਰਾ ਨੂੰ ਕਿਹਾ, "ਲੈ ਭਾਅ, ਤੂੰ ਹੀ ਦੱਸ ਕਿੱਥੇ ਨੀਂਹ ਪੁਟਾਵਾਂ?" ਥੋੜ੍ਹਾ ਏਧਰ ਓਧਰ ਸੇਧ ਬੰਨ੍ਹਦਾ ਚਾਦਰੇ ਵਾਲਾ ਜੱਟ ਕਹਿੰਦਾ, "ਹਈਥੇ।" ਤੁਰੰਤ ਲੇਬਰ ਲਾ ਦਿੱਤੀ। ਤਾਏ ਦਾ ਪੁੱਤ ਭਰਾ ਕਹੇ ਤੂੰ ਐਵੇਂ ਥਾਂ ਛੱਡੀ ਜਾਨੈਂ। ਕਿਹਾ, "ਭਰਾ ਕਿਉਂ ਪੰਚਾਇਤੀ ਚੱਕਰਾਂ 'ਚ ਪਈਏ। ਮੇਰੇ 'ਤੇ ਕਾਦਰ ਦੀਆਂ ਬੜੀਆਂ ਮਿਹਰਾਂ ਨੇ। ਮਰਲੇ ਡੇਢ ਮਰਲੇ ਨਾਲ ਮੈਂ ਵੱਡਾ ਨਹੀਂ ਹੋਣਾ। ਸ਼ਰੀਕ ਖੁਸ਼ ਏ ਨਾ?" ਆਉਂਦਿਆਂ ਹੀ ਮੰਜਾ ਡਾਹ ਚਾਹ ਪਾਣੀ ਪੁੱਛਦੈ। ਏਦੂੰ ਵੱਡੀ ਹੋਰ ਕਿਹੜੀ ਗੱਲ ਹੋਊ! ਇਸ ਤਰ੍ਹਾਂ ਪਲਾਟ ਸੰਭਾਲਿਆ ਗਿਆ ਤੇ ਪਿੰਡ ਦੇ ਸਿਆਸਤੀ ਚੱਕਰਾਂ, ਕੁਚੱਕਰਾਂ ਤੋਂ ਬਚ ਗਿਆ।

1998 ਤੱਕ ਪੰਜਾਬ 'ਚ ਉਸ ਜ਼ਿੰਦਗੀ ਦਾ ਭਰਪੂਰ ਅਨੰਦ ਮਾਣਿਆ। ਕੈਨੇਡਾ ਦੇ ਫੋਨ ਪਿੱਛੋਂ ਸਾਡੇ 'ਤੇ ਵੀ ਉਦਰੇਵੇਂ ਦਾ ਆਲਮ ਛਾ ਜਾਂਦਾ। ਥੋੜ੍ਹੀ ਇਕੱਲ ਮਹਿਸੂਸ ਜ਼ਰੂਰ ਹੁੰਦੀ। ਅਸੀਂ ਦੋਵੇਂ ਉਥੇ 'ਕੱਲੇ, ਚਾਰ ਪੋਤਿਆਂ ਵਾਲੇ ਖਿੜੇ ਬਾਗ ਤੋਂ ਅਲੱਗ। ਦਾਨਸ਼ਮੰਦ ਵੀ ਕਹਿੰਦੇ ਕਿ ਮਾਲੀ ਬਾਗ 'ਚ ਹੀ ਸੋਂਹਦੇ ਨੇ। ਹੋ ਸਕਦੈ ਹਾਲੀ ਹੋਰ ਦੁਨੀਆਂ ਵੇਖਣੀ ਸੀ। ਨਾ ਚਾਹੁੰਦਿਆਂ ਵੀ ਵੇਖਣੀ ਪਈ। ਬੱਚਿਆਂ ਦਾ ਜ਼ੋਰ ਪੈ ਗਿਆ। ਏਧਰੋਂ ਉਧਰੋਂ ਦੋਸਤਾਂ ਮਿੱਤਰਾਂ ਦੀਆਂ ਸਲਾਹਾਂ, ਬਾਹਰ ਦੇ ਮਾਹੌਲ ਮਾਣਨ ਦੇ ਕਿੱਸਿਆਂ ਨੇ ਵੀ ਪਰੇਰਿਆ। ਸੋਚਿਆ ਬੁਢੇਪੇ 'ਚ ਅਸੀਂ ਬਾਗ 'ਚ ਬੈਠੇ ਹੀ ਫੱਬਦੇ ਹਾਂ। ਕੀਹਦਾ ਚਿੱਤ ਨਹੀਂ ਕਰਦਾ ਰੌਣਕਾਂ 'ਚ ਰਹਿਣ ਦਾ! ਸਾਡੇ ਨਾਂਹ ਨੁੱਕਰ ਕਰਦਿਆਂ ਮੁੰਡਿਆਂ ਨੇ ਸਪਾਂਸਰਸ਼ਿਪ ਭੇਜ ਦਿੱਤੀ। ਤਿੰਨ ਕੁ ਮਹੀਨਿਆਂ 'ਚ ਵੀਜ਼ਾ ਆ ਗਿਆ ਅਤੇ ਅਸੀਂ ਮਾਰਚ 1999 'ਚ ਕਨੇਡਾ ਆ ਡੇਰੇ ਲਾਏ। ਜਹਾਜ਼ 'ਚੋਂ ਹੀ ਚਾਰ ਚੁਫੇਰੇ ਚਿੱਟ ਚਟੈਨ ਨਜ਼ਰ ਆਉਣ ਲੱਗ ਪਈ। ਪਿੰਡ ਦਾ ਮੁਹਾਂਦਰਾ ਪਰਾਲੀ ਤੋਂ ਹੀ ਦਿੱਸਣ ਲੱਗ ਪਿਆ।

2010 ਅਕਤੂਬਰ 'ਚ ਕੈਨੇਡੀਅਨ ਪੈਨਸ਼ਨ ਦੇ ਸਾਲ ਵੀ ਪੂਰੇ ਹੋ ਗਏ। ਹੋਰ ਵੀ ਮੌਜਾਂ ਲੱਗ ਗਈਆਂ। ਕਿਤਾਬਾਂ ਦੀ ਛਪਾਈ ਦੇ ਖਰਚੇ ਕਰਨ ਲਈ ਦਲੇਰੀ ਵਧ ਗਈ। ਖੇਡ ਕਲੱਬਾਂ ਤੇ ਭਲੇ ਕੰਮਾਂ ਲਈ ਦਿਲ ਖੋਲ੍ਹ ਕੇ ਦਸਵੰਧ ਦੇਣੇ ਸ਼ੁਰੂ ਕਰ ਦਿੱਤੇ। ਇੱਥੇ ਦਾ ਸਰਕਾਰੀ ਪ੍ਰਸ਼ਾਸਨ ਨੇਮਬੱਧ ਹੈ। ਇਸ ਦੇ ਤੌਰ ਤਰੀਕੇ ਅਤੇ ਸਹੂਲਤਾਂ ਭਾਰਤ ਨਾਲੋਂ ਕਿਤੇ ਵਧੀਆ ਹਨ। ਡਾਕਟਰੀ ਸਹੂਲਤਾਂ ਦਾ ਇੱਕ ਸਿਸਟਮ ਹੈ। ਡਾਕਟਰੀ ਸੇਵਾਵਾਂ ਤੇ ਦਵਾਈਆਂ ਮੁਫਤ। ਕਾਇਦੇ ਕਾਨੂੰਨ ਦੀ ਪੂਰੀ ਪਾਲਣਾ ਹੁੰਦੀ ਹੈ। ਸਾਫ ਸੁਥਰੇ ਵਾਕ ਵੇਅ 'ਤੇ ਸੈਰਾਂ ਕਰਨ ਦਾ ਅਨੰਦ ਆ ਜਾਂਦੈ। ਉਚੇ ਛਾਂਦਾਰ ਰੰਗ ਬਰੰਗੇ ਮੈਪਲਾਂ ਹੇਠ ਪਿਕਨਿਕਾਂ ਸੱਜਦੀਆਂ ਨੇ। ਖੁੱਲ੍ਹੇ ਪਾਰਕ ਫਿਰਨ ਤੁਰਨ ਤੇ ਬੈਠਣ ਲਈ। ਹੰਸਾਂ ਵਾਂਗ ਬੈਠੇ ਬਾਬੇ ਪਾਰਕਾਂ 'ਚ ਜ਼ਿੰਦਗੀ ਦੇ ਪੂਰੇ ਅਨੰਦ ਮਾਣਦੇ ਹਨ। ਰੇਡੀਓ ਤੇ ਅਖਬਾਰਾਂ 'ਤੇ ਖੂਬ ਤਪਸਰੇ ਕਰਦੇ ਹਨ। ਕੀ ਇਹ ਸਵਰਗ ਨਹੀਂ? ਹੋਰ ਸਵਰਗ ਕਿਹੋ ਜਿਹਾ ਹੁੰਦੈ! ਬਾਬੇ ਤਾਂ ਗਾਉਂਦੇ ਫਿਰਦੇ ਨੇ 'ਜੱਟ ਮੌਜਾਂ ਕਰਦੇ ਨੇ, ਰੱਬ ਨੇ ਤੋਟ ਕੋਈ ਨਾ ਛੱਡੀ।' ਹੋਈ ਨਾ ਇਹ ਫਿਰ ਬਾਬਿਆਂ ਦੀ ਕੈਨੇਡੀਅਨ ਫਲਾਵਰ ਵੈਲੀ। ਘੱਟ ਤੋਂ ਘੱਟ ਮੇਰੀ ਤਾਂ ਅਵੱਸ਼ ਹੀ ਦੂਜੀ ਅਨੰਦ ਵਾਦੀ ਹੈ। ਪਹਿਲੀ ਨਾਲੋਂ ਕਈ ਪੱਖੋਂ ਉਚੇਰੀ ਤੇ ਸੁੰਦਰ।

2011 ਦੀ ਪੰਜਾਬ ਫੇਰੀ ਦੌਰਾਨ ਲੁਧਿਆਣੇ ਆਪਣੀ ਕੋਠੀ ਵਾਲੇ ਪ੍ਰਭੁਸੱਤਾ ਮੰਜ਼ਰ ਦੀ ਇੱਕ ਸ਼ਾਮ। ਮਾਰਚ ਦੀ ਮਿੱਠੀ ਮਿੱਠੀ ਸ਼ਾਮ, ਰੁਮਕਦੀ ਹਵਾ। 1994 ਦੇ ਲਾਏ ਅਸ਼ੋਕ, ਗੁਲਾਬ ਤੇ ਬੋਗਨ ਬੇਲਾਂ ਦੇ ਫੁੱਲ ਝੂਮ ਰਹੇ ਸਨ। ਹਵਾ ਪਿਆਜ਼ੀ ਹੋਈ ਮੇਰੀ ਸ਼ਾਮ...ਕਿਸੇ ਵੱਡੇ ਤੋਂ ਵੱਡੇ ਅਨੰਦ ਨੂੰ ਮਾਤ ਪਾ ਰਹੀ ਸੀ। ਮਨ ਦਾ ਮੋਰ ਪੈਲਾਂ ਪਾ ਰਿਹਾ ਸੀ। 'ਮੇਰੇ ਹਮਸਫਰ' ਕਿਤਾਬ ਦੀ ਰੂਪਰੇਖਾ ਦੇ ਚਿੱਤਰ ਨੂੰ ਨਿਹਾਰ ਰਿਹਾ ਸੀ। ਕੈਨੇਡਾ ਦੇ ਰੰਗ ਢੰਗ ਜ਼ਿਹਨ 'ਤੇ ਛਾਏ ਹੋਏ ਸਨ। ਕੈਨੇਡਾ ਦੇ ਆ ਰਹੇ ਗਰਮੀਆਂ ਦੇ ਨਜ਼ਾਰੇ, ਪਾਰਕਾਂ 'ਚ ਮਿਲਣੀਆਂ, ਪਿਕਨਿਕਾਂ, ਬਾਬਿਆਂ ਦੇ ਮੇਲਿਆਂ ਦੇ ਸੀਨ-ਕੈਨੇਡਾ ਲਈ ਤੁਰਨ ਦੀ ਤਿਆਰੀ ਚਿਤਵ ਰਿਹਾ ਸੀ। ਸੂਰਜ ਆਪਣੀਆਂ ਰਿਸ਼ਮਾਂ ਨਾਲ ਬੱਦਲਾਂ ਨੂੰ ਸੁਨਹਿਰੀ ਭਾਅ 'ਚ ਰੰਗ ਰਿਹਾ ਸੀ ਅਤੇ ਹੁਸੈਨੀਵਾਲ ਦੇ ਦਿਸਹੱਦੇ ਥੱਲੇ ਉਤਰੀ ਜਾ ਰਿਹਾ ਸੀ। ਦੂਸਰੇ ਦੇਸ਼ਾਂ ਦੀ ਫਿਜ਼ਾ ਵਿਚ ਸਰਘੀ ਵੇਲੇ ਦਾ ਪੈਗਾਮ ਦੇ ਰਿਹਾ ਸੀ। ਇੱਕ ਕਮਾਲ ਦਾ ਅਲੌਕਿਕ ਨਜ਼ਾਰਾ। ਪਰ ਦੋਹਾਂ ਥਾਂਵਾਂ ਦੇ ਅਨੰਦ ਆਪੋ ਆਪਣੇ ਹਨ। ਇੱਕ ਵੱਡੀ ਮੱਕੜੀ ਜਿੱਡੀ ਸੋਹਣੀ ਫੁਰਤੀਲੀ ਚਿੜੀ ਵੀ ਅਸ਼ੋਕ 'ਚ ਆਪਣੇ ਟਿਕਾਣੇ 'ਚ ਜਾ ਬੈਠੀ। ਘੁੱਗੀ ਨੇ ਵੀ ਆਪਣੇ ਛੇਵੇਂ ਪਹਿਰ ਦੀ ਘੂੰ ਘੂੰ ਸੁਣਾ ਦਿੱਤੀ। 'ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨਾ ਜਾਏ ਲਖਿਆ' ਦ੍ਰਿਸ਼ਮਾਨ ਹੋ ਰਿਹਾ ਸੀ। ਸ਼ਾਲਾ! ਇਹ ਰੰਗ ਲੱਗੇ ਰਹਿਣ। ਜੀਵੇ ਪੰਜਾਬ ਤੇ ਜੀਵੇ ਕੈਨੇਡਾ!

ਇਹ ਜੇ ਵੀਰਨੋ! ਮੇਰੀ ਕੋਠੀ ਲੱਗਣ ਦੀ ਬਾਤ। ਲੱਗਾ ਹੋਇਆ ਵੀ ਹਾਂ ਤੇ ਨਹੀਂ ਵੀ! ਵੇਚ ਦਿਆਂਗੇ ਜਦੋਂ ਚਿੱਤ ਕੀਤਾ। ਰੁਕਾਵਟ ਕੋਈ ਨਹੀਂ। ਹਾਲੀ ਆਈਦੈ। ਰਹੀਦੈ। ਰਿਸ਼ਤੇਦਾਰਾਂ ਅਤੇ ਬੇਲੀ ਮਿੱਤਰਾਂ ਨੂੰ ਮਿਲ-ਗਿਲ ਜਾਈਦੈ। ਹੁਣ ਬਿਝੜੇ ਵਾਂਗ ਆਪਣੇ ਕਰ ਕਮਲਾਂ ਨਾਲ ਬੁਣੇ ਆਲ੍ਹਣੇ ਨੂੰ ਛੱਡਣ ਨੂੰ ਚਿੱਤ ਤਾਂ ਨਹੀਂ ਕਰਦਾ, ਪਰ ਤਸੱਲੀ ਹੈ, ਇਹ ਰੁਲੇਗਾ ਨਹੀਂ। ਆਪਣੇ ਹੱਥੀਂ ਹੀ ਇਹਦਾ ਇੰਤਕਾਲ ਕਰਾਵਾਂਗੇ। ਉਦੋਂ ਸਾਡਾ ਵੀ ਅੰਤਕਾਲ ਬੂਹੇ 'ਤੇ ਖੜ੍ਹਾ ਦਸਤਕ ਦੇ ਰਿਹਾ ਹੋਵੇਗਾ। ਇਹ ਆਲ੍ਹਣਾ ਓਨੀ ਹੱਥੀਂ ਹੀ ਸਮੇਟਿਆ ਜਾਵੇਗਾ ਜਿਨ੍ਹਾਂ ਇਸ ਨੂੰ ਬੁਣਿਆ ਸੀ।

(ਚਲਦਾ)

# ਨਿੰਮ ਦੀ ਨਿੰਮੋਲੀਏ ਨੀਂ ਕੌੜੀਏ ਤੇ ਮਿੱਠੀਏ

## ਵਿਰਸਾ

ਸੱਜਣਾਂ ਦੇ ਗੁੱਸੇ ਤੇ ਪਿਆਰ ਦੀਏ ਚਿੱਠੀਏ,
ਨਿੰਮ ਦੀ ਨਿੰਮੋਲੀਏ
ਨੀਂ ਕੌੜੀਏ ਤੇ ਮਿੱਠੀਏ।

ਨਿੰਮ ਦਾ ਰੁੱਖ ਸਾਡੇ ਵਿਰਾਸਤੀ ਰੁੱਖਾਂ ਵਿਚੋਂ ਇੱਕ ਹੈ ਅਤੇ ਇਹ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਸਦੀਆਂ ਤੋਂ ਬਣਿਆ ਹੋਇਆ ਹੈ। ਸਾਡੇ ਲੋਕ-ਗੀਤਾਂ, ਲੋਕ-ਬੋਲੀਆਂ ਵਿਚ ਨਿੰਮ ਦਾ ਜ਼ਿਕਰ ਅਨੇਕਾਂ ਥਾਂਈਂ ਮਿਲਦਾ ਹੈ। ਉਪਰੋਕਤ

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਫੋਨ: 91-98142-39041

ਸਤਰਾਂ ਲੋਕ ਗੀਤਾਂ ਵਿਚੋਂ ਲਈਆਂ ਗਈਆਂ ਹਨ ਅਤੇ ਕਿਸੇ ਸਮੇਂ ਇਸ ਨੂੰ ਗਾਉਣ ਵਾਲੇ ਹਰਚਰਨ ਗਰੇਵਾਲ ਨੂੰ ਪੰਜਾਬ ਵਿਚ ਖੂਬ ਸੁਣਿਆ ਜਾਂਦਾ ਸੀ। ਪੁਰਾਣੇ ਸਮੇਂ ਖਾਸ ਕਰ ਸਾਉਣ ਮਹੀਨੇ ਤੀਆਂ ਵੇਲੇ ਅਕਸਰ ਮੁਟਿਆਰਾਂ ਪੀਂਘਾਂ ਝੂਟਦੀਆਂ ਤਾਂ ਪੀਂਘ ਪਾਉਣ ਲਈ ਜਿਹੜੇ ਰੁੱਖ ਮੁੱਖ ਰੂਪ ਵਿਚ ਵਰਤੇ ਜਾਂਦੇ, ਨਿੰਮ ਉਨ੍ਹਾਂ ਵਿਚੋਂ ਇੱਕ ਸੀ।

ਨਿੰਮ ਸਿਰਫ ਸਾਡੇ ਸੱਭਿਆਚਾਰ ਦਾ ਹੀ ਹਿੱਸਾ ਨਹੀਂ ਸੀ, ਸਗੋਂ ਮਿਥਿਹਾਸ ਵਿਚ ਵੀ ਆਪਣੀ ਹਾਜ਼ਰੀ ਲਵਾਉਂਦਾ ਹੈ। ਮੰਨਿਆ ਜਾਂਦਾ ਹੈ ਕਿ ਸਵਰਗ ਦੇ ਰਾਜੇ ਇੰਦਰ ਨੇ ਧਰਤੀ ਉਪਰ ਅੰਮ੍ਰਿਤ ਛਿੜਕਿਆ ਤੇ ਉਸ ਤੋਂ ਨਿੰਮ ਦੀ ਉਤਪਤੀ ਹੋਈ ਅਤੇ ਅਜਿਹੇ ਗੁਣ ਇਸ ਰੁੱਖ ਅੰਦਰ ਆ ਗਏ ਕਿ ਮਨੁੱਖਤਾ ਦੀ ਹਰ ਬਿਮਾਰੀ ਦੇ ਇਲਾਜ ਵਿਚ ਇਹ ਰੁੱਖ ਸਹਾਈ ਹੋਣ ਲੱਗਾ। ਮਿਥਿਹਾਸ ਅਨੁਸਾਰ 'ਸੀਤਲਾ ਦੇਵੀ' ਦਾ ਵਾਸ ਨਿੰਮ ਦੇ ਰੁੱਖ ਵਿਚ ਹੁੰਦਾ ਹੈ ਅਤੇ ਇਸੇ ਕਰਕੇ ਹੀ ਚੇਚਕ ਤੋਂ ਬਚਾਅ ਲਈ ਸੀਤਲਾ ਦੇਵੀ ਜਾਂ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਨਿੰਮ ਦੇ ਪੱਤਿਆਂ ਨੂੰ ਦਰਾਂ ਉਪਰ ਬੰਨ੍ਹਿਆਂ ਜਾਂਦਾ ਹੈ। ਇਸ ਤਰ੍ਹਾਂ ਕਰਨਾ ਬੱਚਿਆਂ ਨੂੰ ਚੇਚਕ, ਛੋਟੀ ਮਾਤਾ ਅਤੇ ਬਦਰੂਹਾਂ ਤੋਂ ਬਚਾਉਣ ਵਾਲੀ ਮੰਨਿਆ ਜਾਂਦਾ ਹੈ। ਚੇਤਰ ਪ੍ਰਦੀਪਦ ਭਾਵ ਹਿੰਦੂਆਂ ਦਾ ਨਵਾਂ ਸਾਲ ਸ਼ੁਰੂ ਹੋਣ 'ਤੇ ਕੁਝ ਲੋਕ ਸਾਲ ਦੀ ਸ਼ੁਰੂਆਤ ਨਿੰਮ ਦੇ ਪੱਤੇ ਖਾ ਕੇ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਸਰੀਰ ਸਾਲ ਭਰ ਅਰੋਗ ਰਹਿਣ ਦੀ ਗੱਲ ਮੰਨੀ ਜਾਂਦੀ ਹੈ। ਨਿੰਮ ਦੀ ਕੁੜਿੱਤਣ ਦਾ ਜ਼ਿਕਰ ਨਿੰਮ ਦੇ ਨਾਂ ਨਾਲ ਆਪਣੇ ਆਪ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ 'ਨਿੰਮ ਬਿਰਖ ਬਹੁ ਸੰਚੀਐ ਅੰਮ੍ਰਿਤ ਰਸ॥' ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਸ ਦੀ ਕੁੜਿੱਤਣ ਅੰਮ੍ਰਿਤ ਨਾਲ ਸਿੰਜਣ 'ਤੇ ਵੀ ਨਹੀਂ ਦੂਰ ਕੀਤੀ ਜਾ ਸਕਦੀ। ਬੋਹੜ, ਪਿੱਪਲ ਅਤੇ ਨਿੰਮ ਦੀ ਤ੍ਰਿਵੈਣੀ ਵਾਤਾਵਰਣ ਲਈ ਲਾਭਦਾਇਕ ਮੰਨੀ ਜਾਣ ਕਰਕੇ ਪੁਰਾਣੇ ਵੇਲਿਆਂ ਤੋਂ ਲੋਕਾਂ ਵੱਲੋਂ ਲਾਈ ਜਾਂਦੀ ਹੈ। ਇਨ੍ਹਾਂ ਦੀ ਛਾਂਵੇਂ ਬਜ਼ੁਰਗ ਬੈਠ ਕੇ ਦੁੱਖ-ਸੁੱਖ ਕਰਦੇ ਅਤੇ ਇੰਜ ਇਹ ਰੁੱਖ ਇਕ ਤਰ੍ਹਾਂ ਨਾਲ ਅਜੋਕੇ ਕਲੱਬਾਂ ਦਾ ਰੂਪ ਧਾਰ ਜਾਂਦੇ। ਅਫਸੋਸ, ਅੱਜ ਕੱਲ੍ਹ ਇਹ ਦਰਖਤ ਪੰਜਾਬ ਦੇ ਪਿੰਡਾਂ ਵਿਚ ਕਰੀਬ ਕਰੀਬ ਅਲੋਪ ਹੋ ਚੁਕੇ ਹਨ।

ਭਾਰਤੀ ਉਪ ਮਹਾਂਦੀਪ ਦੇ ਇਸ ਅਤਿ-ਗੁਣਕਾਰੀ ਰੁੱਖ ਨੂੰ ਵਿਸ਼ਵ ਪੱਧਰ 'ਤੇ ਖੂਬ ਜਾਣਿਆ ਜਾਂਦਾ ਹੈ। ਭਾਰਤ ਵਿਚ ਕੁਦਰਤੀ ਦਵਾਖਾਨਾ, ਦੈਵੀ ਰੁੱਖ, ਸਰਬ ਰੋਗ ਔਸ਼ਧੀ, ਮਰਗੋਸਾ ਆਦਿ ਨਾਂਵਾਂ ਨਾਲ ਜਾਣੇ ਜਾਂਦੇ ਇਸ ਰੁੱਖ ਦਾ ਵਿਗਿਆਨਕ ਨਾਂ 'ਅਜ਼ਦਿਰਾਚਤਾ ਇੰਡੀਕਾ' ਹੈ। ਇਸ ਨੂੰ ਫਾਰਸੀ ਲੋਕਾਂ ਨੇ 'ਆਜ਼ਾਦ ਰੁੱਖ' ਦਾ ਨਾਂ ਦਿੱਤਾ ਹੈ। ਗੋਰੇ ਇਸ ਨੂੰ 'ਵਿਲੇਜ਼ ਫਾਰਮੇਸੀ' ਵੀ ਕਹਿੰਦੇ ਹਨ। ਸਾਲ ਦੇ ਜ਼ਿਆਦਾਤਰ ਮਹੀਨੇ ਹਰਾ ਰਹਿਣ ਵਾਲਾ ਇਹ ਰੁੱਖ ਮਾਰਚ ਦੇ ਮਹੀਨੇ ਪੱਤੇ ਝਾੜਦਾ ਹੈ।

ਅਪਰੈਲ ਦੇ ਮਹੀਨੇ ਰੁੱਖ ਨੂੰ ਫੁੱਲ ਪੈਂਦੇ ਹਨ। ਕੁਝ ਸਮਾਂ ਪਾ ਕੇ ਇਹ ਅੰਡਾਕਾਰ ਫਲ, ਜਿਸ ਨੂੰ ਅਸੀਂ 'ਨਿੰਮੋਲੀਆਂ' ਕਹਿੰਦੇ ਹਾਂ, ਵਿਚ ਤਬਦੀਲ ਹੋ ਜਾਂਦੇ ਹਨ, ਜਿਨ੍ਹਾਂ ਦਾ ਰੰਗ ਪੱਕਣ 'ਤੇ ਪੀਲਾ ਪੈ ਜਾਂਦਾ ਹੈ ਅਤੇ ਨਿੰਮੋਲੀਆਂ ਵਿਚ ਬੀਜ ਹੁੰਦਾ ਹੈ। ਨਿੰਮੋਲੀਆਂ ਪੰਛੀਆਂ ਦੀ ਪਸੰਦੀਦਾ ਖੁਰਾਕ ਹੈ। ਅਨੇਕਾਂ ਪੰਛੀਆਂ, ਖਾਸਕਰ ਚਿੜੀਆਂ, ਤੋਤਿਆਂ ਦੀ ਟੈਂ-ਟੈਂ ਅਤੇ ਗਰਮੀ ਰੁੱਤ ਵਿਚ ਕੋਇਲ ਦੀ ਕੂ-ਕੂ ਨਿੰਮਾਂ ਉਪਰ ਸੁਣਦੀ ਹੈ।



ਨਿੰਮ ਦੀ ਲੱਕੜ ਹੰਢਣਸਾਰ ਅਤੇ ਸਖਤ ਹੁੰਦੀ ਹੈ। ਕੀੜੇ ਬਹੁਤ ਘੱਟ ਨੁਕਸਾਨ ਕਰਦੇ ਹੋਣ ਕਰਕੇ ਫਰਨੀਚਰ, ਖੇਤੀ ਸੰਦ ਅਤੇ ਇਮਾਰਤੀ ਕੰਮਾਂ ਵਿਚ ਖੂਬ ਵਰਤੀ ਜਾਂਦੀ ਹੈ। ਘਰਾਂ ਵਿਚ ਵਰਤਣ ਵਾਲੀਆਂ ਛੋਟੀਆਂ-ਮੋਟੀਆਂ ਵਸਤਾਂ ਜਿਵੇਂ ਘੋਟਣੇ ਆਦਿ ਖਾਸ ਤੌਰ 'ਤੇ ਨਿੰਮ ਦੇ ਤਿਆਰ ਕੀਤੇ ਜਾਂਦੇ ਸਨ। ਕਿਸੇ ਵੇਲੇ ਨਿੰਮ ਤੋਂ ਬਣਿਆ ਸੰਦੂਕ ਦਾਜ ਵਿਚਲੀ ਸਭ ਤੋਂ ਅਹਿਮ ਵਸਤੂ ਹੁੰਦਾ ਸੀ।

ਨਿੰਮ ਦਾ ਕਰਾ ਦੇ ਘੋਟਣਾ
ਸੱਸ ਕੁੱਟਣੀ ਸੰਦੂਕਾਂ ਓਹਲੇ।

ਜਾਂ

ਕਿਹੜੇ ਪਿੰਡ ਮੁਕਲਾਵੇ ਜਾਣਾ
ਨਿੰਮ ਦੇ ਸੰਦੂਕ ਵਾਲੀਏ।

ਆਯੁਰਵੈਦਿਕ ਪ੍ਰਣਾਲੀ ਵਿਚ ਨਿੰਮ ਦੀ ਵਰਤੋਂ 4-5 ਹਜਾਰ ਸਾਲ ਪੁਰਾਣੀ ਹੈ। ਨਿੰਮ ਦਾ ਸੱਕ, ਪੱਤੇ, ਫੁੱਲ, ਫਲ, ਬੀਜ-ਭਾਵ ਰੁੱਖ ਦਾ ਹਰ ਹਿੱਸਾ ਮਨੁੱਖ ਦੀਆਂ ਅਨੇਕਾਂ ਬਿਮਾਰੀਆਂ ਨੂੰ ਠੀਕ ਕਰਨ ਵਿਚ ਵਰਤਿਆ ਜਾਂਦਾ ਹੈ। ਨਿੰਮ ਦੇ ਬੀਜਾਂ ਤੋਂ ਮਿਲਣ ਵਾਲਾ ਮਾਰਗੋਸਾ ਤੇਲ ਵਿਸ਼ਵ ਪ੍ਰਸਿੱਧ ਹੈ ਜੋ ਕੋਹੜ ਅਤੇ ਚਮੜੀ ਰੋਗਾਂ ਲਈ ਅਤਿ ਉਤਮ ਮੰਨਿਆ ਜਾਂਦਾ ਹੈ। ਉਹ ਸਾਬਣ, ਸੈਂਪੂ ਅਤੇ ਕਰੀਮਾਂ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਨਿੰਮ ਦੇ ਸੁੱਕੇ ਪੱਤਿਆਂ ਨੂੰ ਅਲਮਾਰੀਆਂ ਅਤੇ ਕੱਪੜਿਆਂ ਵਿਚ ਕੀੜੇ ਲੱਗਣ ਤੋਂ ਬਚਾਉਣ ਖਾਤਰ ਰੱਖਿਆ ਜਾਂਦਾ ਸੀ। ਨਿੰਮ ਦੀ ਦਾਤਣ ਦਾ ਕੋਈ ਜਵਾਬ ਨਹੀਂ। ਇਸ ਨਾਲ ਮੂੰਹ ਜਾਂ ਮਸੂੜਿਆਂ ਦੇ ਰੋਗ ਨੇੜੇ ਵੀ ਨਹੀਂ ਲੱਗਦੇ। ਨਿੰਮ ਦੇ ਪੱਤਿਆਂ ਨੂੰ ਅਨਾਜ ਦੇ ਭੰਡਾਰ ਵਿਚ ਵੀ ਵਰਤਿਆ ਜਾਂਦਾ ਹੈ। ਨਿੰਮ ਦੀ ਖੱਲ੍ਹ ਨੂੰ ਖਾਦ ਅਤੇ ਕੀੜੇਮਾਰ ਦਵਾਈਆਂ ਵਜੋਂ ਵੀ ਵਰਤਿਆ ਜਾਂਦਾ ਹੈ। ਨਿੰਮ ਦੀ ਛਾਂ ਨੂੰ ਵੀ ਬੜਾ ਗੁਣਕਾਰੀ ਸਮਝਿਆ ਜਾਂਦਾ ਹੈ ਕਿਉਂਕਿ ਇਸ ਦੀ ਛਾਂਵੇਂ ਬਹਿਣ ਨਾਲ ਕਈ ਤਰ੍ਹਾਂ ਦੇ ਰੋਗ ਨਹੀਂ ਲੱਗਦੇ। ਸ਼ਾਇਦ ਇਸੇ ਕਰ ਕੇ ਪੁਰਾਣੇ ਵੇਲਿਆਂ ਵਿਚ ਹਰ ਘਰ ਨਿੰਮ ਦਾ ਰੁੱਖ ਹੁੰਦਾ ਸੀ ਅਤੇ ਘਰ ਦੇ ਜੀਅ ਇਸ ਦੀ ਛਾਂਵੇਂ ਬੈਠਦੇ।

ਬੰਗਾਲ ਵਿਚ ਨਿੰਮ ਦੇ ਪੱਤਿਆਂ ਤੋਂ ਸਬਜ਼ੀ ਬਣਾਈ ਜਾਂਦੀ ਹੈ। ਨਿੰਮ, ਵਾਲ ਝੜਨ, ਅੱਖਾਂ ਦੇ ਰੋਗ, ਮੂੰਹ ਦੇ ਕਿੱਲ-ਮੁਹਾਸੇ, ਟੀ.ਬੀ., ਮਲੇਰੀਆ, ਇਸਤਰੀਆਂ ਦੇ ਰੋਗ, ਚੇਚਕ ਆਦਿ ਕਈ ਬਿਮਾਰੀਆਂ ਦੇ ਇਲਾਜ ਲਈ ਵਰਤੀ ਜਾਂਦੀ ਹੈ। ਨਿੰਮ ਤੋਂ ਕੀਟਨਾਸ਼ਕ ਤਿਆਰ ਕਰਨ ਦੇ ਨਾਲ-ਨਾਲ ਬੈਕਟੀਰੀਆ-ਨਾਸ਼ਕ, ਉਲੀ-ਨਾਸ਼ਕ ਅਤੇ ਸ਼ੂਗਰ ਘਟਾਉਣ ਵਾਲੇ ਉਤਪਾਦ ਤਿਆਰ ਕੀਤੇ ਜਾਂਦੇ ਹਨ। ਸਰਕਾਰ ਨੇ ਯੂਰੀਆ ਬਣਾਉਣ ਵਾਲੀਆਂ ਕੰਪਨੀਆਂ ਲਈ ਨਿੰਮ ਦੀ ਪਰਤ ਦੇਣ ਨੂੰ ਜ਼ਰੂਰੀ ਕਰ ਦਿੱਤਾ ਹੈ। ਇਸੇ ਕਰਕੇ ਦੇਸ਼ ਦੀ ਵੱਡੀ ਫਰਟੀਲਾਈਜ਼ਰ ਉਤਪਾਦਕ ਕੋਆਪ੍ਰੇਟਿਵ ਨੇ ਨਿੰਮ ਦੇ ਰੁੱਖ ਲਗਾਉਣ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਤੋਂ ਨਿੰਮੋਲੀਆਂ ਖਰੀਦਣ ਦਾ ਫੈਸਲਾ ਕੀਤਾ ਹੈ।

ਪਹਿਲਾਂ ਨਿੰਮਾਂ ਦਾ ਵਾਧਾ ਨਿੰਮੋਲੀਆਂ ਰਾਹੀਂ ਕੁਦਰਤੀ ਰੂਪ ਵਿਚ ਜ਼ਿਆਦਾ ਹੁੰਦਾ ਸੀ। ਅੱਜ ਸਥਿਤੀ ਇਹ ਹੈ ਕਿ ਸਾਨੂੰ ਆਪਣੇ ਹੱਥੀਂ ਨਿੰਮ ਦੇ ਬੂਟੇ ਲਾਉਣੇ ਪੈ ਰਹੇ ਹਨ। ਸਾਡੀ ਜ਼ਿੰਮੇਵਾਰੀ ਨਵੇਂ ਰੁੱਖ ਲਾਉਣ ਦੇ ਨਾਲ-ਨਾਲ ਪੁਰਾਣੇ ਰੁੱਖਾਂ ਨੂੰ ਸੰਭਾਲਣ ਦੀ ਵੀ ਬਣਦੀ ਹੈ ਤੇ ਜਿੰਨਾ ਹੋ ਸਕੇ ਸਾਲਾਂਬੱਧੀ ਪਲੇ ਰੁੱਖ ਨੂੰ ਕੱਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਵਿਸ਼ਵਾਸ ਅਤੇ ਅਵਿਸ਼ਵਾਸ ਦਾ ਤਾਣਾ-ਬਾਣਾ

*ਵਿਸ਼ਵਾਸ ਅਤੇ ਅਵਿਸ਼ਵਾਸ ਦਾ ਪੇਚਾ ਅੱਜ ਦਾ ਨਹੀਂ, ਸਗੋਂ ਸਦੀਆਂ ਪੁਰਾਣਾ ਹੈ। ਦੋਵੇਂ ਧਿਰਾਂ ਆਪੋ-ਆਪਣੇ ਪੱਖ ਬਾਰੇ ਦਲੀਲਾਂ ਦਿੰਦੀਆਂ ਆ ਰਹੀਆਂ ਹਨ, ਪਰ ਜਦੋਂ ਦੀ ਵਿਗਿਆਨ ਨੇ ਵਿਸ਼ਵਾਸ ਨੂੰ ਸੰਨ੍ਹ ਲਾਈ ਹੈ, ਵਿਸ਼ਵਾਸ ਤੇ ਅਵਿਸ਼ਵਾਸ ਦੇ ਤਾਣੇ-ਬਾਣੇ ਬਾਰੇ ਬਹਿਸ ਹੋਰ ਤਿੱਖੀ ਹੋ ਗਈ ਹੈ। ਇਸ ਲੇਖ ਵਿਚ ਲਿਖਾਰੀ ਸੁਰਜੀਤ ਸਿੰਘ ਢਿੱਲੋਂ ਭਾਵੇਂ ਵਿਗਿਆਨ ਦਾ ਪੱਖ ਗੱਜ-ਵੱਜ ਕੇ ਪੂਰਦਾ ਹੈ, ਪਰ ਉਹ ਵਿਸ਼ਵਾਸ ਕਰਨ ਵਾਲਿਆਂ ਦੀਆਂ ਧਾਰਨਾਵਾਂ ਨੂੰ ਮੂਲੋਂ ਰੱਦ ਕਰਨ ਦੀ ਥਾਂ ਤਰਕ ਦੇ ਆਧਾਰ ਉਤੇ ਤੱਥ ਪੇਸ਼ ਕਰਦਾ ਹੈ। ਇਸ ਦਿਲਚਸਪ ਲੇਖ ਵਿਚ ਉਸ ਨੇ ਦੋਹਾਂ ਪੱਖਾਂ ਬਾਰੇ ਸੰਤੁਲਨ ਰੱਖਣ ਦਾ ਯਤਨ ਕੀਤਾ ਹੈ। -ਸੰਪਾਦਕ*

ਆਸਤਿਕਤਾ ਆਮ ਹੈ, ਨਾਸਤਿਕਤਾ ਆਮ ਨਹੀਂ। ਕਿਉਂ? ਵਿਸ਼ਵ ਦੀ ਵਿਸ਼ਾਲਤਾ ਵੱਲ ਅਤੇ ਜੀਵਨ ਦੇ ਉਲਝੇ ਹੋਏ ਤਾਣੇ-ਬਾਣੇ ਵੱਲ ਜਦ ਧਿਆਨ ਜਾਂਦਾ ਹੈ ਤਾਂ ਇਸ ਵਿਚਾਰ ਦਾ ਮਨ ਵਿਚੋਂ ਉਭਰਨਾ ਸੁਭਾਵਕ ਹੈ ਕਿ ਇਨ੍ਹਾਂ ਦਾ ਕੋਈ ਨਾ ਕੋਈ ਸਿਰਜਣਹਾਰ ਹੈ। ਸ੍ਰਿਸ਼ਟੀ ਵਿਚ ਅਰਬਾਂ ਗਲੈਕਸੀਆਂ ਨੂੰ ਖਰਬਾਂ ਤਾਰੇ ਪ੍ਰਕਾਸ਼ਮਾਨ ਕਰ ਰਹੇ ਹਨ। ਪ੍ਰਿਥਵੀ ਉਪਰ ਭਾਂਤ ਭਾਂਤ ਦੇ ਜੀਵ, ਪ੍ਰਾਣੀ ਅਤੇ ਅਸੀਂ ਆਪ ਹਾਂ। ਅਜਿਹਾ ਸਭ ਕੁਝ ਕੀ ਆਪਣੇ-ਆਪ ਹੋਂਦ 'ਚ ਆ ਗਿਆ ਸੀ? ਸਾਡੇ

ਸੁਰਜੀਤ ਸਿੰਘ ਢਿੱਲੋਂ

ਦਿਲ, ਦਿਮਾਗ, ਅੱਖਾਂ ਅਤੇ ਹੋਰ ਅੰਗ ਵੀ ਆਪਣੇ ਆਪ ਕਿਵੇਂ ਉਪਜ ਸਕਦੇ ਹਨ ਅਤੇ ਫਿਰ ਕਿਵੇਂ ਇਹ ਸਰੀਰ ਅੰਦਰ ਵਿਉਂਤ ਨਾਲ ਫਿੱਟ ਹੋ ਸਕਦੇ ਹਨ? ਜੇ ਅਜਿਹੇ ਜਹਾਨ ਨੂੰ ਕਿਸੇ ਨੇ ਨਹੀਂ ਸਾਜਿਆ, ਤਦ ਇਹ ਫਿਰ ਆਇਆ ਕਿਥੋਂ?


ਮਨ ਵਿਚ ਉਠਦੇ ਅਜਿਹੇ ਪ੍ਰਸ਼ਨਾਂ ਦੇ ਉਤਰ ਅੰਤਰ ਦਰਸ਼ੀ ਸੂਝ ਰਾਹੀਂ ਸੁਝਦੇ ਰਹੇ। ਇਹ ਵਿਚਾਰ ਹੀ ਧਰਮ ਦਾ ਆਧਾਰ ਬਣੇ। ਧਰਮ ਦੋ ਮੂਲ ਧਾਰਨਾਵਾਂ ਉਪਰ ਟਿਕੇ ਹੋਏ ਹਨ। ਪਹਿਲੀ, ਸੰਸਾਰ ਨੂੰ ਰੱਬ ਨੇ ਸਿਰਜਿਆ ਹੈ ਤੇ ਦੂਜੀ ਇਸ ਜਹਾਨ ਤੋਂ ਬਿਨਾ ਇਕ ਹੋਰ ਜਹਾਨ ਵੀ ਹੈ, ਜਿਥੇ ਰੱਬ ਰਹਿੰਦਾ ਹੈ ਅਤੇ ਜਿਥੇ ਮਰਨ ਉਪਰੰਤ ਹਰ ਕੋਈ ਜਾ ਬਿਰਾਜਦਾ ਹੈ। ਕੋਈ ਅਜਿਹਾ ਅੱਜ ਤੱਕ ਵੀ ਸਾਹਮਣੇ ਨਹੀਂ ਆਇਆ, ਜਿਹੜਾ ਕਹਿੰਦਾ ਹੋਵੇ ਕਿ ਉਸ ਨੇ ਰੱਬ ਦੇ ਦਰਸ਼ਨ ਕੀਤੇ ਹਨ।

ਰੱਬ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਹ ਹਰ ਥਾਂ ਤੇ ਕਣ ਕਣ ਵਿਚ ਵਸਦਾ ਹੈ। ਜੇ ਅਜਿਹਾ ਹੈ, ਤਦ ਉਸ ਦਾ ਵਿਅਕਤੀਗਤ ਸਰੂਪ ਵੀ ਸੰਭਵ ਨਹੀਂ ਸਮਝਿਆ ਜਾਣਾ ਚਾਹੀਦਾ, ਪਰ ਆਮ ਬੰਦਾ ਤਾਂ ਉਸ ਨੂੰ ਅਜਿਹਾ ਸਰਬਵਿਆਪਕ ਅਤੇ ਸਰਬਸਮਰੱਥ ਉਚ-ਆਦਮੀ ਸਮਝ ਰਿਹਾ ਹੈ, ਜੋ ਪੂਜੇ ਜਾਣ ਦਾ ਚਾਹਵਾਨ ਹੈ, ਜਿਹੜਾ ਸਿਫਤ ਕੀਤਿਆਂ ਖੁਸ਼ ਹੋ ਜਾਂਦਾ ਹੈ ਅਤੇ ਧਿਆਏ ਬਿਨਾ ਤੁਠਦਾ ਨਹੀਂ। ਇਸੇ ਲਈ ਉਸ ਦੀ ਪੂਜਾ ਹੋ ਰਹੀ ਹੈ, ਉਸ ਨੂੰ ਰਿਝਾਉਣ ਦੇ ਭਾਂਤ ਭਾਂਤ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਉਸ ਨੂੰ ਇੰਜ ਨਿਹਾਰਿਆ ਜਾ ਰਿਹਾ ਹੈ, ਮੰਨੋ ਉਹ ਮਨੁੱਖੀ ਭਾਵਨਾਵਾਂ ਨਾਲ ਨਿਵਾਜੀ ਸ਼ਕਤੀਸ਼ਾਲੀ ਪਰਮ-ਆਤਮਾ ਹੈ।

ਫਿਲਾਸਫਰ ਜਾਰਜ ਸੈਂਤਿਆਨਾ ਦਾ ਕਹਿਣਾ ਹੈ ਕਿ ਮੈਨੂੰ ਉਨ੍ਹਾਂ ਲੋਕਾਂ ਨਾਲ ਹਮਦਰਦੀ ਹੈ ਜੋ ਰੱਬ ਨੂੰ ਮਨੁੱਖ ਜਿਹੀਆਂ ਖਾਸੀਅਤਾਂ ਦਾ ਮਾਲਕ ਸਮਝ ਕੇ ਪੂਜ ਰਹੇ ਹਨ ਤੇ ਰੂਹਾਨੀਅਤ ਦੇ ਸਿਰਲੇਖ ਹੇਠ ਪਦਾਰਥਾਂ ਨਾਲ ਮੋਹ ਕਰ ਰਹੇ ਹਨ।

ਇੰਜ ਜਾਪਦਾ ਹੈ ਕਿ ਅਸੀਂ ਸਹੀ ਅਤੇ ਗਲਤ ਵਿਚਾਲੇ ਅੰਤਰ ਕਰਨ ਯੋਗ ਹਾਂ ਹੀ ਨਹੀਂ। ਵਾਪਰ ਰਹੀਆਂ ਘਟਨਾਵਾਂ ਤੋਂ ਵੀ ਅਸੀਂ ਕੁਝ ਨਹੀਂ ਸਿੱਖ ਰਹੇ ਅਤੇ ਜਿਹੋ ਜਿਹਾ ਇਨ੍ਹਾਂ ਘਟਨਾਵਾਂ ਦਾ ਮਹੱਤਵ ਹੈ, ਉਸ ਤੋਂ ਅਣਭੋਲ ਹਾਂ। ਦੂਜੇ ਬੰਨੇ, ਜਿਸ ਦੇ ਪ੍ਰਮਾਣ ਨਹੀਂ ਮਿਲ ਰਹੇ, ਉਸ ਵਿਚ ਸਾਡੀ ਆਸਥਾ ਹੈ। ਸਾਡੇ ਕੁਝ ਕੁ ਵਿਸ਼ਵਾਸ ਤਾਂ ਉਨ੍ਹਾਂ ਸਮਿਆਂ 'ਚ ਸਾਡੀ ਸੋਚ-ਪ੍ਰਣਾਲੀ ਦਾ ਭਾਗ ਬਣੇ ਸਨ, ਜਦੋਂ ਨਾ ਵਿਗਿਆਨ ਦਾ ਜਨਮ ਹੋਇਆ ਸੀ ਅਤੇ ਨਾ ਹੀ ਦਲੀਲ ਅਤੇ ਤਰਕ ਮਾਨਵੀ ਸੂਝ ਨਾਲ ਭਲੀ ਪ੍ਰਕਾਰ ਪ੍ਰਨਾਏ ਹੋਏ ਸਨ।

ਇਹ ਵੀ ਗੱਲ ਨਹੀਂ ਕਿ ਵਿਗਿਆਨ ਦੇ ਜਨਮ ਤੋਂ ਪਹਿਲਾਂ ਕਿਸੇ ਨੇ ਵੀ ਧਰਮ ਦਾ ਆਧਾਰ ਬਣੀ ਸੋਚ ਨੂੰ ਤਰਕ ਦੁਆਰਾ ਨਹੀਂ ਸੀ ਪਰਖਿਆ। ਯੂਨਾਨੀ ਫਿਲਾਸਫਰ ਐਪਿਕਰਸ, ਜੋ ਹਜ਼ਰਤ ਈਸਾ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਵਿਚਰਿਆ, ਦਾ






ਵਿਚਾਰ ਸੀ ਕਿ ਜੇ ਰੱਬ ਹੈ, ਤਦ ਉਸ ਜਹਾਨ ਵਿਚ ਵਿਚਰਦਿਆਂ, ਜਿਸ 'ਚ ਉਹ ਹੈ ਨਹੀਂ, ਉਸ ਬਾਰੇ ਕੁਝ ਵੀ ਜਾਣ ਸਕਣਾ ਕਿਵੇਂ ਸੰਭਵ ਹੈ? ਐਪਿਕਰਸ ਤੋਂ 300 ਵਰ੍ਹੇ ਪਹਿਲਾਂ, ਮਹਾਤਮਾ ਬੁੱਧ ਵੀ ਇਹੋ ਉਪਦੇਸ਼ ਦੇ ਰਿਹਾ ਸੀ। ਇਹੋ ਦਲੀਲ ਐਪਿਕਰਸ ਨੇ ਅਗਲੇ ਜਹਾਨ ਦੀ ਹੋਂਦ ਬਾਰੇ ਵੀ ਦਿੱਤੀ ਅਤੇ ਨਾਲ ਹੀ ਸੁਝਾਅ ਦਿੱਤਾ ਕਿ ਅਗਲੇ ਜਹਾਨ ਬਾਰੇ ਤੌਖਲੇ ਪਾਲਣ ਨਾਲੋਂ, ਉਸ ਨੂੰ ਕਿਉਂ ਨਾ ਪੂਰੀ ਤਰ੍ਹਾਂ ਮਾਣਿਆ ਜਾਵੇ ਜਿਸ ਵਿਚ ਅਸੀਂ ਜੀਅ ਰਹੇ ਹਾਂ। ਉਸ ਨੇ ਇਹ ਪ੍ਰਸ਼ਨ ਵੀ ਉਠਾਇਆ ਕਿ ਜੇ ਰੱਬ ਸਰਬਸ਼ਕਤੀਮਾਨ ਹੈ, ਤੇ ਸਰਬਵਿਆਪਕ ਹੈ, ਫਿਰ ਉਹ ਬਦੀ ਦਾ ਨਾਸ ਕਿਉਂ ਨਹੀਂ ਕਰ ਰਿਹਾ ਅਤੇ ਕਿਉਂ ਨਿਆਂ ਦਾ ਪੱਖ ਨਹੀਂ ਪੂਰ ਰਿਹਾ? ਜੇ ਉਹ ਜਾਣੀਜਾਣ ਹੈ ਅਤੇ ਸਭ ਕੁਝ ਮਾੜਾ-ਚੰਗਾ ਵਾਪਰਦਾ ਦੇਖ ਵੀ ਰਿਹਾ ਹੈ, ਤਦ ਫਿਰ ਉਹ ਚੁੱਪ ਕਿਉਂ ਹੈ? ਭੁਚਾਲ ਆ ਰਹੇ ਹਨ; ਝੱਖੜ ਝੁਲ ਰਹੇ ਹਨ; ਸੁਨਾਮੀਆਂ ਕਾਰਨ ਤੱਟੀ ਜੀਵਨ ਭਮੋੜਿਆ ਜਾ ਰਿਹਾ ਹੈ; ਘਰ ਉਜੜ ਰਹੇ ਹਨ; ਤਸੀਹੇ, ਤ੍ਰਿਸਕਾਰ, ਦੁੱਖ ਭੋਗੇ ਜਾ ਰਹੇ ਹਨ; ਫਿਰ ਵੀ ਉਹ ਚੁੱਪ ਹੈ। ਜੇ ਜੋ ਵਾਪਰ ਰਿਹਾ ਹੈ, ਉਸੇ ਦੇ ਹੁਕਮ ਨਾਲ ਵਾਪਰ ਰਿਹਾ ਹੈ, ਫਿਰ ਉਹ ਕਿਉਂ ਮਹਾਂਮਰੀਆਂ ਨਹੀਂ ਰੋਕ ਰਿਹਾ; ਸੋਕੇ ਨਹੀਂ ਰੋਕ ਰਿਹਾ; ਹੜ੍ਹ ਨਹੀਂ ਰੋਕ ਰਿਹਾ; ਔੜ-ਕਹਿਰ ਨਹੀਂ ਰੋਕ ਰਿਹਾ।

ਹਕੀਕਤ ਨੂੰ ਸਮਰਪਿਤ ਵਿਗਿਆਨ ਦਾ ਜਨਮ ਇਕ ਤਰ੍ਹਾਂ ਨਾਲ ਧਾਰਮਿਕ ਵਿਚਾਰਧਾਰਾ ਵਿਚੋਂ ਹੀ ਹੋਇਆ ਸੀ ਅਤੇ ਵਿਗਿਆਨ ਦੇ ਧਰਮ ਨਾਲ ਦੂਰ-ਨੇੜੇ ਦੇ ਸਬੰਧ ਹਨ ਵੀ। ਧਰਮ, ਸੱਚ ਦੀ ਹਾਮੀ ਭਰ ਰਿਹਾ ਹੈ, ਜਦਕਿ ਵਿਗਿਆਨ, ਸੱਚ ਖੋਜ ਰਿਹਾ ਹੈ। ਦੋਵਾਂ ਦਾ ਮੰਤਵ ਮਾਨਵੀ ਭਲਾਈ ਹੈ ਜਿਸ ਖਾਤਰ ਦੋਵਾਂ ਨੇ ਵੱਖ ਵੱਖ ਰਾਹ ਚੁਣ ਰੱਖੇ ਹਨ। ਗਿਆਨ ਦੇ ਪ੍ਰਸਾਰ ਲਈ ਵੀ ਦੋਵੇਂ ਯਤਨਸ਼ੀਲ ਹਨ। ਇਸ ਪ੍ਰਸੰਗ ਵਿਚ ਪਰ ਦੋਵਾਂ ਵਿਚ ਟਕਰਾਓ ਵੀ ਹੈ। ਵਿਗਿਆਨ ਜਿਸ ਨੂੰ ਗਿਆਨ ਕਹਿ ਰਿਹਾ ਹੈ, ਉਹ ਧਰਮ ਲਈ ਕੁਫਰ ਹੈ ਕਿਉਂਕਿ ਇਹ ਧਰਮ ਦੀਆਂ ਮੂਲ ਧਾਰਨਾਵਾਂ ਦੀ ਪ੍ਰੋੜਤਾ ਨਹੀਂ ਕਰ ਰਿਹਾ ਅਤੇ ਇਹ ਇਸ ਲਈ ਇਨ੍ਹਾਂ ਦੀ ਪ੍ਰੋੜਤਾ ਨਹੀਂ ਕਰ ਰਿਹਾ, ਕਿਉਂਕਿ ਇਨ੍ਹਾਂ ਦੇ ਹਿੱਤ ਵਿਚ ਪ੍ਰਮਾਣ ਨਹੀਂ ਮਿਲ ਰਹੇ। ਜਿਸ ਦੇ ਵੀ ਪ੍ਰਮਾਣ ਨਹੀਂ ਮਿਲਦੇ, ਉਸ ਦੀ ਹਾਮੀ ਵਿਗਿਆਨ ਨਹੀਂ ਭਰਦਾ, ਭਾਵੇਂ ਸੰਸਾਰ ਭਰ ਦਾ ਉਸ ਵਿਚ ਵਿਸ਼ਵਾਸ ਹੋਵੇ। ਜਿਹੜੇ ਧਾਰਮਿਕ ਜੀਵਨ ਭੋਗ ਰਹੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਬਾਰੇ ਰਾਏ ਹੈ ਕਿ ਇਹ ਸੌੜੀ-ਸੰਕੀਰਨ ਸੋਚ ਦੇ ਮਾਲਕ ਹਨ, ਤਰਕਹੀਣ ਕੱਟੜ ਇਨ੍ਹਾਂ ਦਾ ਵਤੀਰਾ ਹੈ ਅਤੇ ਅਸਹਿਣਸ਼ੀਲਤਾ ਇਨ੍ਹਾਂ ਦੀ ਰਗ ਰਗ ਵਿਚ ਸਮਾ ਰਹੀ ਹੈ।

ਅਸਲ ਵਿਚ ਧਰਮ ਅਤੇ ਵਿਗਿਆਨ ਸਬੰਧੀ ਵਿਵਾਦ ਹਨ ਹੀ ਨਿਰ-ਆਧਾਰ, ਇਸ ਲਈ ਕਿ ਗਿਆਨ ਗ੍ਰਹਿਣ ਕਰਨ ਲਈ ਇਨ੍ਹਾਂ ਨੇ ਵੱਖ ਵੱਖ ਵਿਧੀ ਅਪਨਾਈ ਹੋਈ ਹੈ। ਇਨ੍ਹਾਂ ਦੀ ਇਕ ਦੂਜੇ ਨਾਲ ਤੁਲਨਾ ਕਰਨਾ ਸੰਗਤਰੇ ਨਿਚੋੜ ਕੇ ਅੰਗੂਰਾਂ ਦਾ ਰਸ ਪ੍ਰਾਪਤ ਕਰਨ ਦੀ ਆਸ ਰੱਖਣ ਜਿਹਾ ਹੈ। ਪ੍ਰਮਾਣ ਸਿੱਧ ਕਰ ਰਹੇ ਹਨ ਕਿ ਇਹ ਵਿਸ਼ਵ, ਵਿਸ਼ਵ ਅੰਦਰਲੇ ਸਭੇ ਨਿਜ਼ਾਮ ਅਤੇ ਜੀਵਨ ਵਿਕਾਸ ਦੀ ਉਪਜ ਹਨ; ਪਰ ਇਹ ਸੋਚ ਉਸ ਮਨੁੱਖੀ ਮਨ ਨੂੰ ਰਾਸ ਨਹੀਂ ਆ ਰਹੀ ਜਿਹੜਾ ਦੁਰਬਲ ਹੈ ਅਤੇ ਜਿਸ ਨੂੰ ਪੈਰ ਪੈਰ 'ਤੇ ਆਸਰੇ ਦੀ ਲੋੜ ਰਹਿੰਦੀ ਹੈ। ਜਿਸ ਨੂੰ ਅਜਿਹੀ ਸ਼ਕਤੀ ਦੇ ਆਸਰੇ ਦੀ ਲੋੜ ਹੈ ਜਿਹੜੀ ਨਿਰਭਉ ਹੈ, ਨਿਰਵੈਰ ਹੈ, ਨਿਰ-ਆਕਾਰ ਹੈ, ਨਿਆਸਰਿਆਂ ਦਾ ਆਸਰਾ ਹੈ, ਪਾਪਾਂ ਨੂੰ ਬਖਸ਼ਣਹਾਰ ਹੈ ਅਤੇ ਨਿਰਾਸ਼ਿਆਂ ਦੀ ਆਸ ਹੈ। ਅਜਿਹੇ ਆਸਰੇ ਦੀ ਆਸ ਕਿਸੇ ਨਾ ਕਿਸੇ ਪ੍ਰਕਾਰ ਦੇ ਵਿਸ਼ਵਾਸ ਆਸਰੇ ਹੀ ਬਣੀ ਰਹਿ ਸਕਦੀ ਹੈ। ਸਾਡੇ ਆਲੇ-ਦੁਆਲੇ ਹੋਰ ਵੀ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਹੜਾ ਸਾਡੀ ਮਾਨਸਿਕ ਮੁਥਾਜੀ ਵਿਚ ਵਾਧਾ ਕਰ ਰਿਹਾ ਹੈ। ਅਜਿਹਾ ਜੋ ਜੋ ਵਾਪਰ ਰਿਹਾ ਹੈ, ਉਹ ਸਾਡੇ ਚਾਹੇ ਬਿਨਾ ਵਾਪਰ ਰਿਹਾ ਹੈ ਅਤੇ ਜਿਸ ਉਪਰ ਸਾਡਾ ਕੋਈ ਅਧਿਕਾਰ ਨਹੀਂ, ਜਿਵੇਂ ਭੁਚਾਲ, ਝੱਖੜ-ਤੂਫਾਨ, ਹਨੇਰੀਆਂ, ਅਤਿ ਉਚਾ ਜਾਂ ਨੀਵਾਂ ਤਾਪਮਾਨ, ਵਿਸ਼ਵ-ਯੁੱਧ ਆਦਿ।

ਸਾਡਾ ਇਹ ਵੀ ਦ੍ਰਿੜ ਵਿਸ਼ਵਾਸ ਹੈ ਕਿ ਦੁੱਖ ਅਤੇ ਪੀੜ ਦਾ ਕਾਰਨ ਬਣ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਪੂਜਾ-ਪਾਠ, ਉਪਾਸਨਾ ਅਤੇ ਧਾਰਮਿਕ ਰਵਾਇਤਾਂ ਦੀ ਪਾਲਣਾ ਦੁਆਰਾ ਕੰਟਰੋਲ ਕਰਨਾ ਸੰਭਵ ਹੈ। ਬੈਠੇ-ਬਿਠਾਏ ਝੂਰਦੇ ਰਹਿਣ ਨਾਲੋਂ, ਇਸ ਆਸ ਨਾਲ ਦਿਨ ਕੱਟਣੇ ਸਭ ਨੂੰ ਚੰਗੇ ਲੱਗ ਰਹੇ ਹਨ ਕਿ ਕੋਈ ਅਜਿਹਾ ਹੈ ਤਾਂ ਜਿਹੜਾ ਭੀੜ ਪੈਣ 'ਤੇ ਬਹੁੜ ਸਕਦਾ ਹੈ। ਜੇ ਅਜਿਹਾ ਹੈ, ਤਦ ਬਹੁੜਨ ਯੋਗ ਸ਼ਕਤੀ ਦੀ ਉਪਾਸਨਾ ਕਰਨ ਵਿਚ ਵੀ ਕੀ ਹਰਜ ਭਲਾ?

ਉਂਜ ਸੂਝਵਾਨ ਸੋਚ ਅਜਿਹਾ ਵਤੀਰਾ ਧਾਰਨ ਕਰਨ ਦੇ ਪੱਖ ਵਿਚ ਨਹੀਂ, ਜਿਹੜਾ ਹਕੀਕਤ ਤੋਂ ਹਟਵਾਂ ਹੈ ਅਤੇ ਜਿਹੜਾ ਸੁਖਾਵੇਂ ਭਰਮਾਂ ਉਪਰ ਨਿਰਭਰ ਹੈ। ਜੋ ਕੁਝ ਵੀ ਕੁਦਰਤ ਵਿਚ ਵਾਪਰ ਰਿਹਾ ਹੈ, ਕਾਇਦੇ-ਨਿਯਮਾਂ ਅਨੁਕੂਲ ਹੀ ਤਾਂ ਵਾਪਰ ਰਿਹਾ ਹੈ, ਜਿਸ ਨੂੰ ਕਿਸੇ ਵੀ ਪ੍ਰਕਾਰ ਬਦਲ ਸਕਣਾ ਸੰਭਵ ਨਹੀਂ। ਹਾਂ! ਵਾਪਰ ਰਹੀਆਂ ਘਟਨਾਵਾਂ ਬਾਰੇ ਗਿਆਨ ਗ੍ਰਹਿਣ ਕਰ ਕੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭਵਿਖ ਵਿਚ ਕਿਹੋ ਜਿਹੇ ਹਾਲਾਤ ਹੋਣਗੇ ਅਤੇ ਇਨ੍ਹਾਂ ਦੇ ਕਿਹੋ ਜਿਹੇ ਪਰਿਣਾਮ ਨਿਕਲਣ ਦੀ ਸੰਭਾਵਨਾ ਹੈ।

ਉਧਰ, ਵਿਸ਼ਵਾਸ ਰੱਖਣ ਵਾਲਿਆਂ ਦੀ ਦਲੀਲ ਹੈ ਕਿ ਆਸਰੇ ਲੱਭ ਰਹੀ ਸਾਡੀ ਮਾਨਸਿਕਤਾ ਵੀ ਤਾਂ ਹਕੀਕਤ ਹੀ ਹੈ, ਜਿਵੇਂ ਰੂਹਾਨੀਅਤ ਵੱਲ ਝੁਕੀ ਹੋਈ ਸਾਡੀ ਰੁਚੀ ਵੀ ਹਕੀਕਤ ਹੈ। ਫਿਰ, ਵਿਸ਼ਵਾਸ ਪਾਲਣ ਵਿਚ ਮੁਸ਼ਕਿਲ ਕਿਉਂ ਅਤੇ ਰੂਹਾਨੀਅਤ ਦਾ ਸਨਮਾਨ ਕਰਨ ਵਿਚ ਕੋਤਾਹੀ ਕਿਉਂ? ਰੂਹਾਨੀਅਤ ਤੋਂ ਮੁਰਾਦ ਅਜਿਹੀ ਹੋਂਦ ਵਿਚ ਵਿਸ਼ਵਾਸ ਹੈ, ਜਿਹੜੀ ਸਰੀਰ ਨਹੀਂ, ਅਨੁਭਵ ਹੈ; ਜਿਸ ਨੂੰ ਰੂਹ ਸਮਝ ਲਓ ਜਾਂ ਕੁਝ ਵੀ ਹੋਰ। ਜਿਨ੍ਹਾਂ ਦਾ ਅਜਿਹੀ ਹੋਂਦ ਵਿਚ ਵਿਸ਼ਵਾਸ ਨਹੀਂ ਵੀ, ਉਹ ਵੀ ਕਿਸੇ ਨਾ ਕਿਸੇ ਪ੍ਰਕਾਰ ਦੇ ਨਿਰ-ਆਧਾਰ ਵਿਚ ਵਿਸ਼ਵਾਸ ਰੱਖ ਰਹੇ ਹਨ, ਜਾਂ ਕਿਸੇ ਨਾ ਕਿਸੇ ਸ਼ਕਤੀ ਨੂੰ ਧਿਆ ਰਹੇ ਹਨ, ਕੋਈ ਨਾ ਕੋਈ ਮੰਤਵ ਵਿਸ਼ਵ ਤੇ ਜੀਵਨ ਨਾਲ ਜੋੜ ਵੀ ਰਹੇ ਹਨ। ਇਸੇ ਕਾਰਨ, ਦੀਨ/ਧਰਮ ਦੇ ਸੰਸਾਰ ਵਿਚ ਅਣਗਿਣਤ ਉਪਾਸ਼ਕ ਹਨ।

ਸਹੀ ਅਰਥਾਂ ਵਿਚ, ਆਸਤਿਕਤਾ ਜਾਂ ਰੂਹਾਨੀਅਤ ਨਿਰੋਲ ਧਾਰਮਿਕ ਰਵਾਇਤਾਂ ਦੀ ਪਾਲਣਾ ਨਹੀਂ, ਕੋਮਲ ਵਤੀਰਾ ਅਤੇ ਮਾਨਵਤਾ ਦਾ ਸਨਮਾਨ ਵੀ ਇਨ੍ਹਾਂ ਦਾ ਆਧਾਰ ਹਨ। ਧਰਮ ਦੇ ਪਰਸਤਾਰ ਹੋਰਨਾਂ ਦੀ ਭਲਾਈ ਨੂੰ ਆਪਣੇ ਭਲੇ ਉਪਰ ਤਰਜੀਹ ਦੇਣ ਵਿਚ ਵਿਸ਼ਵਾਸ ਰੱਖਦੇ ਹਨ। ਉਂਜ, ਅਜਿਹਾ ਨਜ਼ਰੀਆ ਉਨ੍ਹਾਂ ਦਾ ਨਹੀਂ, ਜੋ ਨਿਰੋਲ ਧਾਰਮਿਕ ਰਹਿਤਾਂ ਦੇ ਗੁਲਾਮ ਹਨ। ਕਈ ਤਾਂ ਸਗੋਂ ਅਜਿਹੇ ਵੀ ਹਨ ਜੋ ਰਹਿਤਾਂ ਦੀ ਪਾਲਣਾ ਸੁਆਰਥ ਪੂਰੇ ਕਰਨ ਦੇ ਮੰਤਵ ਨਾਲ, ਦਿਖਾਵੇ ਵਜੋਂ ਕਰ ਰਹੇ ਹਨ। ਧਾਰਮਿਕਤਾ ਦਾ ਦਿਖਾਵਾ ਕਰ ਰਹੇ ਬੰਦਿਆਂ ਦੀ ਵੀ ਸੰਸਾਰ ਵਿਚ ਕੋਈ ਘਾਟ ਨਹੀਂ। ਜੋ ਸਪਸ਼ਟ ਕਹਿੰਦੇ ਹਨ ਕਿ ਉਨ੍ਹਾਂ ਦਾ ਧਰਮ ਵਿਚ ਯਕੀਨ ਨਹੀਂ, ਉਹ ਇਸ ਗੱਲੋਂ ਭਲੇ ਹਨ ਕਿ ਉਹ ਦੰਭੀ ਜਾਂ ਪਖੰਡੀ ਨਹੀਂ ਅਤੇ ਉਨ੍ਹਾਂ ਦਾ ਵੱਧ ਪਾਰਦਰਸ਼ੀ ਚਰਿੱਤਰ ਹੈ।

## ਪਾਪਾਂ ਦੀ ਚੱਕੀ

ਪਾਪਾਂ ਦੀ ਚੱਕੀ ਪਿੱਸ ਗਿਆ
ਬਾਬੇ ਨਾਨਕ ਦਾ ਪੰਜਾਬ।
ਆ ਜਾ ਕਿੱਧਰੋਂ ਮਾਲਕਾ
ਲੈ ਮਰਦਾਨੇ ਨੂੰ ਨਾਲ।

ਭਾਈ ਲਾਲੋ ਦੀ ਸੁੱਕ ਗਈ ਰੋਟੀ
ਨਹੀਂ ਵਹਿੰਦੀ ਦੁੱਧ ਦੀ ਧਾਰ।
ਮਲਿਕ ਭਾਗੋ ਦੇ ਮਹਿਲਾਂ ਦੇ ਵਿਚ
ਹੁਣ ਚੱਲਣ ਕਾਰੋਬਾਰ।
ਦੁਨੀਆਂ ਨੂੰ ਫਿਰ ਤਾਰਨ ਦੇ ਲਈ
ਲੈ ਮੁੜ ਕੇ ਅਵਤਾਰ।
ਆ ਜਾ ਕਿੱਧਰੋਂ ਮਾਲਕਾ...।

ਬਾਬਰ ਨਾਲੋਂ ਵੱਧ ਕੇ ਏਥੇ
ਜੰਮ ਪਏ ਲੱਖਾਂ ਚੋਰ।
ਓਹਨੇ ਤਾਂ ਸਿਰਫ ਮੰਦਿਰ ਢਾਹੇ
ਇਹ ਜਲਾਵਣ ਗ੍ਰੰਥ ਹਰ ਰੋਜ਼
ਧਰਮ ਦੇ ਨਾਮ 'ਤੇ ਵੰਡੀਆਂ ਪਾ ਕੇ
ਕਈ ਕਰਦੇ ਏਥੇ ਰਾਜ।
ਆ ਜਾ ਕਿੱਧਰੋਂ ਮਾਲਕਾ...।

20 ਰੁਪਏ ਦਾ ਲੰਗਰ ਲਾ ਕੇ
ਮਨੁੱਖਤਾ ਦਾ ਰਾਹ ਦਿਖਾਇਆ ਸੀ।
ਭੁੱਖੇ ਸਾਧੂਆਂ ਖਾ ਰੋਟੀ ਨੂੰ
ਤੇਰਾ ਸ਼ੁਕਰ ਮਨਾਇਆ ਸੀ।
ਪਰ ਅੱਜ ਕਲ੍ਹ ਦੇ ਭੁੱਖੇ ਬਾਬਿਆਂ
ਕਰ ਦਿੱਤੇ ਲੋਕ ਕੰਗਾਲ।
ਆ ਜਾ ਕਿੱਧਰੋਂ ਮਾਲਕਾ...।

ਥੋਡੀ ਮਿੱਠੀ ਬਾਣੀ ਸੁਣ ਕੇ
ਰੱਬ ਥੋਡੇ ਅੱਗੇ ਹਾਰ ਗਿਆ।
ਮਰਦਾਨੇ ਦੀ ਰਬਾਬ ਅੰਦਰ
ਸਾਰਾ ਸੰਸਾਰ ਬਿਠਾਲ ਗਿਆ।
ਅੱਜ ਕਲ੍ਹ ਨਾ ਓਹ ਧੁਨ ਵੱਜਦੀ
ਨਾ ਵੱਜਣ ਮਿੱਠੇ ਰਾਗ।
ਆ ਜਾ ਕਿੱਧਰੋਂ ਮਾਲਕਾ...।

ਰੱਬਾ ਮੇਰੀਆਂ ਕਲਮਾਂ ਵੀ ਹੁਣ
ਪਾਪਾਂ ਅੱਗੇ ਹਾਰ ਰਹੀਆਂ।
ਸੜ੍ਹਨ ਗ੍ਰੰਥ ਅੱਖਾਂ ਅੱਗੇ
ਅਣਖਾਂ ਵੀ ਵੰਗਾਰ ਰਹੀਆਂ।
ਦੇਈਂ ਸ਼ਕਤੀ ਮੈਨੂੰ ਐਸੀ
ਦੇਵਾਂ ਮੈਂ ਪਾਪਾਂ ਨੂੰ ਮਾਰ।
ਆ ਜਾ ਕਿਧਰੋਂ ਮਾਲਕਾ
ਲੈ ਮਰਦਾਨੇ ਨੂੰ ਨਾਲ।

*-ਕਿਰਨਪ੍ਰੀਤ ਸਿੰਘ*
*ਫੋਨ: 91-94650-06068*

## ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ

### ਗੁਰਬਾਣੀ ਗਿਆਨ

**ਜੈਤਸਰੀ ਮਹਲਾ ੪**
ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ
ਹਰਿ ਰਸਕਿ ਰਸਕਿ ਫਲ ਲਾਗਿਬਾ॥
ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ
ਗੁਰ ਬਚਨੀ ਬਿਸੁ ਹਰਿ ਕਾਢਿਬਾ॥੧॥
ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ॥
ਹਰਿ ਕੀਏ ਪਤਿਤ ਪਵਿਤ੍ਰ ਮਿਲ ਸਾਧ
ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ॥ ਰਹਾਉ॥
ਧਨੁ ਧਨੁ ਵਡਭਾਗਿ ਮਿਲਿਓ ਗੁਰੁ ਸਾਧੂ
ਮਿਲਿ ਸਾਧੂ ਲਿਵ ਉਨਮਿਨ ਲਾਗਿਬਾ॥
ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ
ਹਰਿ ਨਿਰਮਲ ਨਿਰਮਲ ਗੁਨ ਗਾਇਬਾ॥੨॥
ਤਿਨ ਕੇ ਭਾਗ ਖੀਨ ਧਰਿ ਪਾਏ
ਜਿਨ ਸਤਿਗੁਰ ਦਰਸੁ ਨ ਪਾਇਬਾ॥
ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ
ਸਭੁ ਬਿਰਥਾ ਜਨਮੁ ਤਿਨ ਜਾਇਬਾ॥੩॥
ਹਰਿ ਦਹੁ ਬਿਮਲ ਮਤਿ ਗੁਰ ਸਾਧ ਪਗ
ਸੇਵਹ ਹਮ ਹਰਿ ਮੀਠ ਲਗਾਇਬਾ॥
ਜਨੁ ਨਾਨਕੁ ਰੇਣ ਸਾਧ ਪਗ ਮਾਗੈ
ਹਰਿ ਹੋਇ ਦਇਆਲੁ ਦਿਵਾਇਬਾ॥੪॥

ਧੰਨ ਧੰਨ ਸਤਿਗੁਰੂ ਪਿਤਾ ਗੁਰੂ ਦੀ ਉਪਮਾ ਕਰਦਿਆਂ ਆਖਦੇ ਹਨ, ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ, ਹੇ ਭਾਈ ਗੁਰੂ ਤਾਂ ਸਭ ਦਾ ਸੱਜਣ ਹੈ, ਗੁਰੂ ਤਾਂ ਵੱਡਾ ਮਹਾਂ ਪੁਰਖ ਹੈ, ਜਿਸ ਮਨੁਖ ਨੂੰ ਗੁਰੂ ਮਿਲ ਪੈਂਦਾ ਹੈ, ਉਹ ਮਨੁਖ ਬੜੇ ਸੁਆਦ ਨਾਲ ਪ੍ਰਭੂ ਦੀ ਸਿਫਤ ਦੇ ਫਲ ਖਾਣ ਲਗ ਪੈਂਦਾ ਹੈ; ਭਾਈ ਮਨੁੱਖ ਨੂੰ ਮਾਇਆ ਰੂਪੀ ਸੱਪ ਫੜੀ ਬੈਠਾ ਹੈ ਪਰ ਗੁਰੂ ਦੇ ਬਚਨਾਂ ਦੀ ਕਮਾਈ ਨਾਲ ਪ੍ਰਭੂ ਉਸ ਦੇ ਅੰਦਰੋਂ ਜ਼ਹਿਰ ਕੱਢ ਦਿੰਦਾ ਹੈ।

ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ॥
ਹਰਿ ਕੀਏ ਪਤਿਤ ਪਵਿਤ੍ਰ ਮਿਲ ਸਾਧ
ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ॥ ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰੂ ਰਾਮਦਾਸ ਪ੍ਰਭੂ ਕਿਰਪਾ ਦਾ ਵਰਣਨ ਕਰਦਿਆਂ ਆਖਦੇ ਹਨ, ਹੇ ਭਾਈ ਗੁਰੂ ਨੇ ਕਿਰਪਾ ਕੀਤੀ ਹੈ ਅਤੇ ਗੁਰੂ ਦੀ ਕਿਰਪਾ ਸਦਕਾ ਹੀ ਹੁਣ ਮੇਰਾ ਮਨ ਮਿਹਰਬਾਨ ਪ੍ਰਭੂ ਦੇ ਨਾਮ ਸਿਮਰਨ ਦੇ ਸੁਆਦ ਵਿਚ ਮਗਨ ਹੋ ਗਿਆ ਹੈ; ਭਾਈ ਸਾਧ ਗੁਰੂ ਨੂੰ ਮਿਲ ਕੇ ਜਿਹੜੇ ਮਨੁਖ ਉਸ ਪ੍ਰਭੂ ਦੇ ਨਾਮ ਸਿਮਰਨ ਵਿਚ ਜੁੜਦੇ ਹਨ, ਨਾਮ ਦਾ ਰਸ ਚੱਖਦੇ ਹਨ, ਪ੍ਰਭੂ ਉਨ੍ਹਾਂ ਪਤਿਤ ਵਿਕਾਰੀਆਂ ਨੂੰ ਵੀ ਪਵਿਤਰ ਜੀਵਨ ਵਾਲੇ ਬਣਾ ਲੈਂਦਾ ਹੈ।

ਧਨੁ ਧਨੁ ਵਡਭਾਗਿ ਮਿਲਿਓ ਗੁਰੁ ਸਾਧੂ
ਮਿਲਿ ਸਾਧੂ ਲਿਵ ਉਨਮਿਨ ਲਾਗਿਬਾ॥
ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ
ਹਰਿ ਨਿਰਮਲ ਨਿਰਮਲ ਗੁਨ ਗਾਇਬਾ॥੨॥

ਗੁਰਦੇਵ ਜੀ ਆਖਦੇ ਹਨ, ਹੇ ਭਾਈ ਉਹ ਮਨੁਖ ਵੱਡੇਭਾਗਾਂ ਵਾਲਾ ਹੋ ਜਾਂਦਾ ਹੈ, ਧੰਨਤਾ ਦੇ ਜੋਗ ਹੋ ਜਾਂਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ ਅਤੇ ਗੁਰੂ ਨੂੰ ਮਿਲ ਕੇ ਉਸ ਦੀ ਸੁਰਤਿ ਉਚੀ ਆਤਮਿਕ ਅਵਸਥਾ ਵਿਚ ਟਿਕ ਜਾਂਦੀ ਹੈ; ਜਿਉਂ ਜਿਉਂ ਉਹ ਮਨੁਖ ਜੀਵਨ ਨੂੰ ਪਵਿਤਰ ਕਰਨ ਵਾਲੇ ਹਰੀ ਦੇ ਗੁਣਾਂ ਦਾ ਗਾਇਨ ਕਰਦਾ ਹੈ, ਤਿਉਂ ਤਿਉਂ ਉਸ ਅੰਦਰੋਂ ਤ੍ਰਿਸ਼ਨਾ ਰੂਪੀ ਅੱਗ ਬੁਝਦੀ ਜਾਂਦੀ ਹੈ ਅਤੇ ਆਤਮਿਕ ਸ਼ਾਂਤੀ ਮਿਲਦੀ ਹੈ।

ਤਿਨ ਕੇ ਭਾਗ ਖੀਨ ਧਰਿ ਪਾਏ
ਜਿਨ ਸਤਿਗੁਰ ਦਰਸੁ ਨ ਪਾਇਬਾ॥
ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ
ਸਭੁ ਬਿਰਥਾ ਜਨਮੁ ਤਿਨ ਜਾਇਬਾ॥੩॥

ਗੁਰਦੇਵ ਜੀ ਉਪਦੇਸ਼ ਕਰਦੇ ਹਨ, ਹੇ ਭਾਈ ਜਿਨ੍ਹਾਂ ਮਨੁਖਾਂ ਨੇ ਕਦੀ ਗੁਰੂ ਦਾ ਦਰਸ਼ਨ ਨਹੀਂ ਕੀਤਾ, ਉਨ੍ਹਾਂ ਦੇ ਭਾਗ ਖੀਨ ਭਾਵ ਮਾੜੇ ਨਿਕਲੇ, ਧੁਰ ਦਰਗਾਹ ਤੋਂ ਹੀ ਉਨ੍ਹਾਂ ਨੂੰ ਇਹ ਭਾਗਹੀਨਤਾ ਮਿਲ ਗਈ; ਮਾਇਆ ਦੇ ਮੋਹ ਅਤੇ ਵਿਕਾਰਾਂ ਵਿਚ ਫਸੇ ਹੋਣ ਦੇ ਕਾਰਨ ਹੀ ਉਹ ਮਨੁਖ ਗਰਭ ਜੋਨੀ ਜਨਮ-ਮਰਨ ਦੇ ਗੇੜ ਵਿਚ ਹੀ ਪਏ ਰਹਿੰਦੇ ਹਨ ਅਤੇ ਉਨ੍ਹਾਂ ਦਾ ਸਾਰਾ ਜੀਵਨ ਹੀ ਬੇਅਰਥ ਚਲਾ ਜਾਂਦਾ ਹੈ।

ਹਰਿ ਦਹੁ ਬਿਮਲ ਮਤਿ ਗੁਰ ਸਾਧ ਪਗ
ਸੇਵਹ ਹਮ ਹਰਿ ਮੀਠ ਲਗਾਇਬਾ॥
ਜਨੁ ਨਾਨਕੁ ਰੇਣ ਸਾਧ ਪਗ ਮਾਗੈ
ਹਰਿ ਹੋਇ ਦਇਆਲੁ ਦਿਵਾਇਬਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭੂ! ਸਾਨੂੰ ਬਿਮਲ ਭਾਵ ਸਵੱਛ ਬੁੱਧੀ ਬਖਸ਼ਿਸ਼ ਕਰੋ ਤਾਂ ਕਿ ਅਸੀਂ ਗੁਰੂ ਦੇ ਚਰਨੀ ਲਗੇ ਰਹੀਏ ਤਾਂ ਕਿ ਮੇਰੇ ਪ੍ਰੀਤਮ ਜੀਓ ਤੂੰ ਸਾਨੂੰ ਮਿੱਠਾ ਲਗਦਾ ਰਹੇਂ; ਭਾਈ ਦਾਸ ਨਾਨਕ ਤਾਂ ਪ੍ਰਭੂ ਦੇ ਦਰ ਤੋਂ ਗੁਰੂ ਦੇ ਚਰਨਾਂ ਦੀ ਧੂੜ ਮੰਗਦਾ ਹੈ, ਜਿਸ 'ਤੇ ਪ੍ਰਭੂ ਮਿਹਰਬਾਨ ਹੁੰਦਾ ਹੈ, ਉਸ ਨੂੰ ਗੁਰੂ ਦੇ ਚਰਨਾਂ ਦੀ ਧੂੜ ਦਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਜਿੰਦ ਦਾ ਖੌਅ

***ਭਾਰਤੀ ਸਮਾਜ ਵਿਚ ਸਦੀਆਂ ਤੋਂ ਔਰਤਾਂ ਨੂੰ 'ਪੈਰ ਦੀ ਜੁੱਤੀ' ਆਖ ਕੇ ਛੁਟਿਆਇਆ ਜਾਂਦਾ ਰਿਹਾ ਹੈ। ਪਤੀ ਦੀ ਮੌਤ ਪਿਛੋਂ ਔਰਤ ਨੂੰ ਸਤੀ ਹੋਣ ਲਈ ਮਜਬੂਰ ਕੀਤੇ ਜਾਣਾ ਵੀ ਇਸੇ ਸੋਚ ਦਾ ਨਤੀਜਾ ਹੈ। ਔਰਤ ਨੂੰ ਇਕ ਇਨਸਾਨ ਨਹੀਂ, ਸਗੋਂ ਵਸਤੂ ਸਮਝਿਆ ਜਾਂਦਾ ਰਿਹਾ ਹੈ। ਇਸੇ ਕਰਕੇ ਜੂਏ ਵਿਚ ਔਰਤ ਨੂੰ ਦਾਅ 'ਤੇ ਲਾਇਆ ਗਿਆ। ਔਰਤ ਪ੍ਰਤੀ ਇਸ ਜਾਲਮ ਵਤੀਰੇ ਵਿਰੁਧ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਆਖ ਕੇ ਆਵਾਜ਼ ਉਠਾਈ ਸੀ। ਅਫਸੋਸ ਇਸ ਗੱਲ ਦਾ ਹੈ ਕਿ ਬਾਬੇ ਨਾਨਕ ਦੇ ਪੈਰੋਕਾਰ ਔਰਤ ਪ੍ਰਤੀ 'ਮੰਗਲ ਸੂਤਰ' ਵਾਲੀ ਧਾਰਨਾ ਤੋਂ ਅੱਜ ਵੀ ਮੁਕਤ ਨਹੀਂ ਹੋ ਸਕੇ। ਇਸ ਲੇਖ ਵਿਚ ਲੇਖਕ ਕੇਹਰ ਸ਼ਰੀਫ ਨੇ ਔਰਤ ਪ੍ਰਤੀ ਮਰਦ ਦੇ ਇਸੇ ਵਤੀਰੇ 'ਤੇ ਉਂਗਲ ਉਠਾਈ ਹੈ। -ਸੰਪਾਦਕ***

ਕਿਸੇ ਵੀ ਇਨਸਾਨ ਵਾਸਤੇ ਜ਼ਿੰਦਗੀ ਤੋਂ ਵੱਧ ਪਿਆਰਾ ਹੋਰ ਕੁੱਝ ਨਹੀਂ ਹੋ ਸਕਦਾ। 'ਜਾਨ ਨਾਲ ਜਹਾਨ' ਵਾਲੀ ਕਹਾਵਤ ਇਥੋਂ ਹੀ ਪੈਦਾ ਹੁੰਦੀ ਹੈ। ਇਸ ਕਰਕੇ ਹੀ ਜ਼ਿੰਦਗੀ ਜਿਉਣ ਦਾ ਚਾਅ ਤੇ ਸੱਧਰ ਮਨ ਵਿਚ ਹੋਣੀ ਬਹੁਤ ਜ਼ਰੂਰੀ ਹੈ। ਜੇ ਕਿਸੇ ਮਨ ਵਿਚ ਜਿਉਣ ਦੀ ਸੱਧਰ ਹੀ ਪੈਦਾ ਨਾ ਹੋਵੇ ਤਾਂ ਕਾਹਦਾ ਜਿਉਣ? ਰੋਣ-ਧੋਣ ਵਾਲੀ ਜ਼ਿੰਦਗੀ 'ਚੋਂ ਵੀ ਕਦੇ ਕਿਸੇ ਕੁੱਝ ਖੱਟਿਆ? ਜੱਗ 'ਤੇ ਆਏ ਹਾਂ ਤਾਂ ਜ਼ਿੰਦਗੀ ਸਾਰਥਕ ਅਤੇ ਅਰਥ ਭਰਪੂਰ ਵੀ ਹੋਣੀ ਚਾਹੀਦੀ ਹੈ।

ਅੱਜ ਦੁਨੀਆਂ ਤਕਨੀਕੀ ਤਰੱਕੀ ਦੀ ਸਿਖਰ ਛੋਹ ਰਹੀ ਹੈ। ਨਵੀਆਂ ਵਿਗਿਆਨਕ ਕਾਢਾਂ ਦੇ ਆਸਰੇ ਅੱਗੇ ਵਧਣ ਦੇ ਦਰ ਖੁੱਲ੍ਹ ਰਹੇ ਹਨ, ਨਵੇਂ ਸੁੱਖ, ਨਵੇਂ ਰਾਹ ਮਨੁੱਖ ਦੇ ਪੈਰਾਂ ਹੇਠ ਵਿਛ ਰਹੇ ਹਨ। ਇਹ ਮਨੁੱਖੀ ਸੋਚ-ਸੂਝ ਦੀ ਸਰਗਰਮੀ ਅਤੇ ਸਿਰਜਣਾ ਦੇ ਕ੍ਰਿਸ਼ਮੇ ਹਨ। ਇਨ੍ਹਾਂ ਵਲ ਧਿਆਨ ਨਾ ਦੇਣਾ ਆਪਣੇ ਆਪ ਨਾਲ ਬੇ-ਇਨਸਾਫੀ ਕਰਨ ਦੇ ਬਰਾਬਰ ਹੈ। ਪਰ ਇਹ ਵੀ ਸੱਚ ਹੈ ਕਿ ਬਹੁਤ ਸਾਰੇ ਲੋਕ ਇਸ ਨੂੰ ਸਮਝਣ ਤੋਂ ਵੀ ਅਸਮਰਥ ਹਨ।



ਕੇਹਰ ਸ਼ਰੀਫ
Emial: ksharif@arcor.de

ਅਜਿਹੇ ਲੋਕ ਅੱਗੇ ਵੀ ਨਹੀਂ ਵਧ ਸਕਦੇ। ਇਸ ਕਰਕੇ ਹੀ ਉਹ ਆਪਣੇ ਆਪ ਅਤੇ ਸਮਾਜ ਵਾਸਤੇ ਸੁਖਾਵਾਂ ਮਾਹੌਲ ਸਿਰਜਣ ਤੋਂ ਵਿਰਵੇ ਰਹਿ ਜਾਂਦੇ ਹਨ। ਸਮਾਜੀ ਸੰਸਕਾਰ ਦਸਦੇ ਹਨ ਕਿ ਦੁਨੀਆਂ ਅੰਦਰ ਅਜੇ ਵੀ ਬਹੁਤ ਸਾਰੇ ਵਿਤਕਰੇ ਕਾਇਮ ਹਨ। ਬਹੁਤ ਵਾਰ ਪੱਖਪਾਤ ਘਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ।


ਭਾਰਤੀ ਸਮਾਜ ਨੂੰ ਇਸ ਦੇ ਗੁੰਝਲਦਾਰ ਢਾਂਚੇ ਅਤੇ ਵਤੀਰੇ ਕਰਕੇ ਸਮਝਣਾ ਬਹੁਤ ਔਖਾ ਹੈ। ਕੀ ਇਸ ਨੂੰ ਕੋਈ ਸਮਝਦਾਰੀ ਦੀ ਗੱਲ ਕਹਿ ਸਕਦਾ ਹੈ ਕਿ ਸਮਾਜ ਅੰਦਰ ਔਰਤ ਨੂੰ ਦੂਜੇ ਦਰਜੇ ਦਾ ਇਨਸਾਨ ਸਮਝਿਆ ਜਾਵੇ, ਉਹ ਵੀ ਔਰਤ ਦੇ ਆਪਣੇ ਹੀ ਜਾਇਆਂ ਵਲੋਂ? ਜੇ ਸੰਸਕਾਰਾਂ ਦੀ ਤਹਿ ਫਰੋਲਣ ਵਲ ਵਧੀਏ ਤਾਂ ਦੇਖਦੇ ਹਾਂ ਕਿ ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਹੀਣੀ ਸਮਝ ਕੇ ਬਹੁਤ ਰੋਲਿਆ ਹੈ, ਤੜਪਾਇਆ, ਦੁਖਾਇਆ, ਸਤਾਇਆ ਅਤੇ ਰੁਆਇਆ ਹੈ। ਸੰਤਾਪ ਭੋਗਣ ਵਾਸਤੇ ਮਜਬੂਰ ਕੀਤਾ ਹੈ। ਬੱਚੇ ਨਾ ਜੰਮਣ ਤਾਂ ਔਰਤ ਦਾ ਕਸੂਰ, ਬੱਚੇ ਬਹੁਤੇ ਜੰਮਣ ਤਾਂ ਵੀ ਔਰਤ ਦੋਸ਼ੀ। ਜੇ ਸਿਰਫ ਧੀਆਂ ਹੀ ਜੰਮ ਪੈਣ ਤਾਂ ਕੁਲਹਿਣੀ, ਕੁਲਛਣੀ ਤੇ ਹੋਰ ਭਲਾਂ ਕਿਹੜਾ ਅਜਿਹਾ ਭੈੜਾ ਸ਼ਬਦ ਹੈ ਜੋ ਉਹਦੇ ਵਾਸਤੇ ਨਹੀਂ ਵਰਤਿਆ ਜਾਂਦਾ? ਕੀ ਕਿਸੇ ਜਣਨੀ ਦਾ ਇਸ ਤਰ੍ਹਾਂ ਬਿਨਾ ਕਿਸੇ ਕਾਰਨ ਅਪਮਾਨ ਕਰਨਾ ਠੀਕ ਹੈ? ਕੀ ਮਰਦ ਕਦੇ ਵੀ ਕਸੂਰਵਾਰ ਨਹੀਂ ਹੁੰਦਾ? ਇਹਦੇ ਬਾਰੇ ਠੰਡੇ ਦਿਲ ਤੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ।

ਮਰਦ ਪ੍ਰਧਾਨ ਸਮਾਜ ਅੰਦਰ ਮਰਦਾਂ ਨੇ ਆਪਣੇ ਆਪ ਨੂੰ ਹੀ ਸੂਤ ਬੈਠਦੀਆਂ ਰਸਮਾਂ/ਰੀਤਾਂ (ਅਲਾਮਤਾਂ) ਸੰਸਕਾਰਾਂ ਦੇ ਨਾਂ ਹੇਠ ਮੱਲੋਜ਼ੋਰੀ ਔਰਤ ਦੇ ਗਲ ਪਾਈਆਂ ਹਨ, ਕਿਉਂਕਿ ਇਸ ਤਰ੍ਹਾਂ ਮਰਦ ਦੀ ਹਉਮੈ ਨੂੰ ਪੱਠੇ ਪੈਂਦੇ ਹਨ। ਸਵੈ ਮਾਣ ਅਤੇ ਸਵੈ-ਵਿਕਾਸ ਵਲ ਵਧਦੇ ਕਿਸੇ ਔਰਤ ਦੇ ਕਦਮਾਂ ਨੂੰ ਬ੍ਰਾਹਮਣੀ ਸੋਚ (ਜੋ ਗੈਰ ਮਨੁੱਖੀ ਹੈ) ਦਾ ਡਾਹਾ ਪਾਇਆ ਜਾਂਦਾ ਹੈ (ਜਿਨ੍ਹਾਂ ਲੋਕਾਂ ਨੇ ਛੋਟੇ ਹੁੰਦਿਆਂ ਪਸ਼ੂ ਚਾਰੇ ਹਨ, ਉਨ੍ਹਾਂ ਨੂੰ ਪਤਾ ਹੋਣੈ ਕਿ ਨੱਠਣ ਭੱਜਣ ਵਾਲੇ ਅਵੈੜ ਕਿਸਮ ਦੇ ਪਸ਼ੂਆਂ ਦੇ ਬਾਹਰ ਜਾਣ ਵੇਲੇ ਰੱਸੇ ਨਾਲ ਬੰਨ੍ਹ ਕੇ ਗਲ ਵਿਚ ਮਜਬੂਤ ਲੱਕੜ ਦਾ ਇਕ ਟੋਟਾ ਪਾ ਦਿੱਤਾ ਜਾਂਦਾ ਹੈ ਜਿਸ ਨੂੰ ਡਾਹਾ ਆਖਿਆ ਜਾਂਦਾ ਹੈ। ਜੇ ਪਸ਼ੂ ਨੱਠਣ-ਭੱਜਣ ਦਾ ਯਤਨ ਕਰੇ ਤਾਂ ਉਹ ਗਲ ਪਾਇਆ ਡਾਹਾ ਉਹਦੇ ਗੋਡੇ-ਗਿੱਟੇ ਭੰਨਦਾ ਹੈ), ਜਿਸ ਨੇ ਔਰਤ ਨਾਲ ਸਦੀਆਂ ਤੱਕ ਇਹ ਹੀ ਵਿਹਾਰ ਕੀਤਾ। ਔਰਤ ਨੂੰ ਮਰੇ ਹੋਏ ਪਤੀ ਦੇ ਨਾਲ ਮੱਲੋ-ਜ਼ੋਰੀ ਜਿਉਂਦਿਆਂ ਸਾੜ ਕੇ 'ਸਤੀ' ਦਾ 'ਖਿਤਾਬ' ਦਿੱਤਾ ਜਾਂਦਾ ਸੀ। ਕੀ ਕਦੇ ਕਿਸੇ ਮਰਦ ਨੇ ਵੀ ਜਿਉਂਦਿਆਂ 'ਸਤੀ' ਹੋਣ ਵਰਗੀ 'ਮਰਦਾਨਗੀ' ਵਿਖਾਈ ਸੀ ਜਾਂ ਹੈ? ਸਮਾਜ ਦੇ ਇਨ੍ਹਾਂ ਆਪੇ ਬਣੇ ਢੱਲਿਆਂ ਵਰਗੇ ਮੁਖੀਆਂ ਵਲੋਂ ਵਿਧਵਾ ਔਰਤਾਂ ਨੂੰ ਨਰਕ ਵਰਗੀ ਜ਼ਿੰਦਗੀ ਭੋਗਣ ਵਾਸਤੇ ਮਜਬੂਰ ਕੀਤਾ ਜਾਂਦਾ ਰਿਹਾ। ਜਦੋਂ ਕੋਈ ਸਿਆਣੀ, ਸੂਝਵਾਨ, ਜਾਗ੍ਰਿਤ ਤੇ ਦਲੇਰ ਦੀਪਾ ਮਹਿਤਾ ਕਲਾ ਦੇ ਰਸਤੇ ਔਰਤ ਦੀ ਇਸ ਕੋਹਝ ਭਰੀ ਜ਼ਿੰਦਗੀ ਦਾ ਚਿਤ੍ਰਣ ਪੇਸ਼ ਕਰਨ ਦਾ ਸਾਹਸ ਤੇ ਯਤਨ ਕਰਦੀ ਹੈ ਤਾਂ ਬਦੀ ਅਤੇ ਹਨੇਰੇ ਦੀਆਂ ਹਮਾਇਤੀ, ਨੇਕੀ ਅਤੇ ਚਾਨਣ ਦੀਆਂ ਦੋਖੀ ਕਾਲੀਆਂ-ਕੁਲਹਿਣੀਆਂ ਬੇਸ਼ਰਮ ਤਾਕਤਾਂ ਆਪਣੀ ਸਿਆਸੀ ਰਖੇਲ ਰਾਜ ਸ਼ਕਤੀ ਨੂੰ ਵਰਤਦੀਆਂ ਹਨ। ਅਜਿਹੇ ਸਮੇਂ ਰਾਜ ਸੱਤਾ ਉਤੇ ਕਾਬਜ਼ ਲੋਕ ਦੋਖੀ, ਸਿਆਸੀ ਹੀਜੜੇ (ਜਿਨ੍ਹਾਂ ਨੂੰ ਰਾਜਸੀ ਨੇਤਾ ਵੀ ਆਖਿਆ ਜਾਂਦਾ ਹੈ) ਲੋਕ ਰਾਜ ਦੇ ਹਮਾਇਤੀ ਹੋਣ ਦੀ ਝੂਠੀ ਡੌਂਡੀ ਪਿੱਟਣ ਵਾਲੇ, ਆਪਣੇ ਵੋਟ ਬੈਂਕ ਦੀ ਰਾਖੀ ਕਰਨ ਦਾ ਦੰਭ ਪਾਲਦਿਆਂ ਸੁੱਚੀਆਂ ਲੋਕ ਭਾਵਨਾਵਾਂ ਦਾ ਅਪਮਾਨ ਕਰਦੇ ਹਨ ਅਤੇ ਗੈਰ-ਮਨੁੱਖੀ 'ਸੰਸਕ੍ਰਿਤੀ' ਦੇ ਝੂਠੇ ਦਾਅਵੇਦਾਰਾਂ ਅੱਗੇ ਸਿਰ ਪਰਨੇ ਹੋ ਕੇ ਆਪਣੀ ਭੁੱਲ ਬਖਸ਼ਾਉਣ ਦੇ ਖੇਖਣ ਵੀ ਕਰਦੇ ਹਨ। ਕੀ ਝੂਠ ਦੇ ਇਨ੍ਹਾਂ ਪੁੱਤਰਾਂ ਵਲੋਂ

> ***ਸਮਾਜੀ ਰਹੁ-ਰੀਤਾਂ ਦੇ ਆਸਰੇ ਵੀ ਔਰਤ ਨੂੰ ਪਛਾੜਿਆ ਤੇ ਲਤਾੜਿਆ ਜਾਂਦਾ ਹੈ। ਔਰਤ ਦੇ ਪਤੀਵਰਤਾ ਹੋਣ ਦਾ ਸਬੂਤ ਦੇਣ ਖਾਤਰ ਵਿਆਹ ਵੇਲੇ ਇਕ ਮੰਗਲ ਸੂਤਰ (ਦਰਅਸਲ ਇਹ ਸੰਗਲ ਸੂਤਰ ਹੈ, ਪਸ਼ੂਆਂ ਦੇ ਗਲ ਵਿਚ ਸੰਗਲ ਪਾਇਆ ਜਾਂਦਾ ਹੈ ਤੇ ਔਰਤਾਂ ਦੇ ਗਲ ਵਿਚ ਸੰਗਲ-ਸੂਤਰ) ਪਾਇਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਪਸ਼ੂਆਂ ਦੇ ਗਲ ਵਿਚ ਪਾਏ ਜਾਂਦੇ ਡਾਹੇ ਦਾ ਹੀ ਸੁਧਰਿਆ ਰੂਪ ਹੈ।***

ਇਸੇ ਤਰ੍ਹਾਂ ਦੇ 'ਰਾਮ ਰਾਜ' ਨੂੰ ਲਿਆਉਣ ਦੀ ਦੁਹਾਈ ਦਿੱਤੀ ਜਾਂਦੀ ਹੈ? ਫੇਰ ਤਾਂ ਇਸ ਤੋਂ ਇਨਕਾਰੀ ਹੋਣਾ ਬਹੁਤ ਜ਼ਰੂਰੀ ਹੈ। ਸਗੋਂ ਹਰ ਕਿਸੇ ਵਲੋਂ ਆਪੋ-ਆਪਣੀ ਸਮਰੱਥਾ ਮੁਤਾਬਿਕ ਇਸ ਕੁਚੱਜ ਦਾ ਜ਼ੋਰਦਾਰ ਵਿਰੋਧ ਕਰਨਾ ਪਵਿੱਤਰ ਮਨੁੱਖੀ ਫਰਜ਼ ਹੋਣਾ ਚਾਹੀਦਾ ਹੈ।

ਔਰਤ ਨੂੰ 'ਸੰਸਕ੍ਰਿਤੀ' ਦੇ ਨਾਂ ਹੇਠ ਲੱਜਾ, ਸ਼ਰਮ-ਹਯਾ ਦੇ ਬਹੁਤ ਪ੍ਰਵਚਨ ਸੁਣਾਏ ਜਾਂਦੇ ਹਨ। ਕੀ ਸ਼ਰਮ-ਹਯਾ ਦਾ ਮਸਲਾ ਸਿਰਫ ਔਰਤ ਤੱਕ ਹੀ ਸੀਮਤ ਹੋਣਾ ਚਾਹੀਦਾ ਹੈ? ਕੀ ਮਰਦਾਂ ਦਾ ਬੇ-ਲੱਜ ਤੇ ਬੇ-ਹਯਾ ਹੋਣਾ ਸਹਿਣਯੋਗ ਹੈ? ਕੀ ਇਹ ਸਿਹਤਮੰਦ ਸਮਾਜ ਦੀ ਨਿਸ਼ਾਨੀ ਹੈ?



***ਮੰਗਲ ਸੂਤਰ ਜਾਂ ਸੰਗਲ ਸੂਤਰ!***

ਨਹੀਂ, ਬਿਲਕੁਲ ਨਹੀਂ।

ਜਦੋਂ ਵੀ ਕਿਸੇ ਕਿਸਮ ਦੇ ਕਹਿਰ ਵਾਪਰਦੇ ਹਨ ਤਾਂ ਰਾਜ ਸੱਤਾ ਉਤੇ ਕਾਬਜ਼, ਸੱਚ ਦੇ ਨਾਂ 'ਤੇ ਝੂਠੀਆਂ ਕਸਮਾਂ ਖਾਣ ਵਾਲੇ ਝੂਠ ਦੇ ਪੁੱਤਰ ਲੋੜ ਵੇਲੇ ਸਮੇਂ ਅਤੇ ਸਮਾਜ ਵਲ ਪਿੱਠ ਕਰ ਲੈਂਦੇ ਹਨ। ਆਪਣੇ ਹੀ ਰਾਜ (ਜਿਸ ਨੂੰ ਉਹ ਲੋਕ ਰਾਜ ਵੀ ਕਹਿੰਦੇ ਹਨ) ਦੀ ਪ੍ਰਜਾ ਨੂੰ ਦਰਿੰਦਿਆਂ ਦੇ ਮੂੰਹ ਦੇਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਆਪ ਬੇਸ਼ਰਮੀ ਦੇ ਘੋੜੇ 'ਤੇ ਸਵਾਰ ਹੋ ਕੇ ਨੈਤਿਕਤਾ ਬਾਰੇ ਲੈਕਚਰ ਵੀ ਝਾੜਦੇ ਫਿਰਨਗੇ। ਕਾਨੂੰਨ ਜੋ ਉਨ੍ਹਾਂ ਨੇ ਖੁਦ ਹੀ ਬਣਾਏ ਹੁੰਦੇ ਹਨ, ਉਨ੍ਹਾਂ ਦੇ ਕਮਜ਼ੋਰ ਹੋਣ ਦੀ ਦੁਹਾਈ ਦੇਣਗੇ। ਲੋਕਾਂ ਨੂੰ ਮੂਰਖ ਬਣਾਉਣ ਵਾਸਤੇ ਪੂਰਾ ਟਿੱਲ ਲਾ ਦਿੰਦੇ ਹਨ। ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਦੇ ਹਨ ਜਾਗਦਿਆਂ ਨੂੰ ਪੈਂਦੀਂ ਪਾਉਣ ਦੀ। ਅਜਿਹੇ ਕਮੀਨਿਆਂ ਨੂੰ ਬੇਈਮਾਨ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ?

ਭਾਰਤੀ 'ਸੰਸਕ੍ਰਿਤੀ' ਆਮ ਕਰਕੇ ਹਿੰਦੂਵਾਦ ਦੇ ਨਾਂ ਥੱਲੇ ਹੋਏ ਵਾਪਰੇ, ਇਤਿਹਾਸਕ/ਮਿਥਿਹਾਸਕ ਕਲੋਲਾਂ ਨਾਲ ਬੰਨਣ ਦਾ ਯਤਨ ਕੀਤਾ ਜਾਂਦਾ ਹੈ। ਝੂਠ ਨੂੰ ਸੱਚ ਦੇ ਤੌਰ 'ਤੇ ਪੇਸ਼ ਕਰਨ ਦੇ ਮੱਲੋਜ਼ੋਰੀ ਗੈਰ-ਇਖਲਾਕੀ ਉਪਰਾਲੇ ਕੀਤੇ ਜਾਂਦੇ ਹਨ। ਚੇਤਿਆਂ ਵਿਚੋਂ ਨਾ ਵਿਸਰਨ ਦੇਣ ਵਾਲੀ ਅਹਿਮ ਗੱਲ ਇਹ ਹੈ ਕਿ ਭਾਰਤੀ ਸੱਭਿਆਚਾਰਕ ਰਵਾਇਤ ਸਾਰੀ ਦੀ ਸਾਰੀ ਬਿਲਕੁਲ ਗੈਰ-ਮਨੁੱਖੀ ਨਹੀਂ ਰਹੀ। ਇਸ ਅੰਦਰ ਸਹਿਣਸ਼ੀਲਤਾ, ਭਰੱਪਣ, ਆਪਸੀ ਸਾਂਝ ਅਤੇ ਮਸਲਿਆਂ ਸਬੰਧੀ ਸੰਵਾਦ ਰਚਾਉਣ ਦੇ ਜ਼ੋਰਦਾਰ ਹੰਭਲੇ ਵਜਦੇ ਰਹੇ ਹਨ। ਦੂਰ ਨਾ ਜਾਈਏ ਭਗਤੀ ਲਹਿਰ, ਗੁਰੂਆਂ ਦੀ ਬਾਣੀ ਅਤੇ ਸੂਫੀਆਂ ਦੇ ਸੁੱਚੇ ਦਰਵੇਸ਼ੀ ਬੋਲ ਕਾਹਦਾ ਸੱਦਾ ਦਿੰਦੇ ਹਨ ਭਲਾਂ? ਆਰਿਆਂ ਥੱਲੇ ਖੜ੍ਹੇ ਹੋਣਾ, ਜ਼ੁਲਮ ਨੂੰ ਵੰਗਾਰਦਿਆਂ ਤੱਤੀ ਤਵੀ 'ਤੇ ਬੈਠ ਤੱਤੀ ਰੇਤ ਸਿਰ ਵਿਚ ਪੈਂਦੀ ਸਹਿਣਾ, ਆਪਣਾ ਸਿਰ ਲੋਕਾਂ ਤੋਂ ਵਾਰ ਕੇ ਹਿੰਦ ਦੀ ਅਣਖ ਦਾ ਨੰਗਾ ਸਿਰ ਢਕਣਾ, ਦੇਸ਼ ਦੀ ਇੱਜ਼ਤ-ਅਣਖ ਖਾਤਰ ਤੋਪਾਂ ਮੂਹਰੇ ਖੜ੍ਹੇ ਹੋ ਤੂੰਬਾ ਤੂੰਬਾ ਹੋ ਕੇ ਉਡਣਾ, ਅਣਖੀ ਤੇ ਸੂਝਵਾਨ ਗੱਭਰੂਆਂ ਵਲੋਂ ਮੁਲਕ ਦੇ ਗਲ ਪਏ ਗੁਲਾਮੀ ਦੇ ਸੰਗਲ ਕੱਟਣ ਵਾਸਤੇ ਹੱਸਦਿਆਂ ਫਾਂਸੀ ਦੇ ਰੱਸੇ ਚੁੰਮਣੇ ਆਦਿ ਇਹਨੂੰ ਕਹਿੰਦੇ ਹਨ ਨੈਤਿਕਤਾ, ਲੋਕ ਦਰਦ ਅਤੇ ਸਹਿਣਸ਼ੀਲਤਾ। ਇਹ ਹੈ ਭਾਰਤ ਦੇ ਸੂਰਬੀਰਾਂ ਵਲੋਂ ਸਿਰਜੀ ਅਸਲੀ ਰਵਾਇਤ ਅਣਖੀ ਤੇ ਸੂਝ ਭਰਪੂਰ।

ਜਦੋਂ ਵੀ ਬ੍ਰਾਹਮਣੀ ਸੋਚ/ਸੰਸਕਾਰਾਂ ਦੀ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਇਹ ਮਨੁੱਖਤਾ ਨੂੰ ਪਾੜਦੀ, ਇਨਸਾਨਾਂ ਦਰਮਿਆਨ ਇਕ ਦੂਜੇ ਪ੍ਰਤੀ ਨਫਰਤ ਪੈਦਾ ਕਰਦੀ ਨਜ਼ਰ ਆਉਂਦੀ ਹੈ। ਔਰਤ ਦਾ ਸਭ ਤੋਂ ਵੱਧ ਅਪਮਾਨ ਇਸੇ ਸੋਚ ਦੇ ਧਾਰਨੀ ਲੋਕਾਂ ਨੇ ਹੀ ਕੀਤਾ ਹੈ। ਔਰਤ ਨੂੰ ਸ਼ਰਮ-ਹਯਾ ਦਾ ਪਾਠ ਪੜ੍ਹਾਉਣ ਵਾਲੇ ਵਿਹਲੜ, ਨਿਕੰਮੇ, ਠਰਕੀ ਅਤੇ ਅੱਯਾਸ਼ ਕਿਸਮ ਦੇ 'ਮਹਾਂਪੁਰਸ਼' ਔਰਤ ਨੂੰ ਜੂਏ ਵਿਚ ਦਾਅ 'ਤੇ ਲਾਉਣ ਅਤੇ ਹਾਰਨ ਵਰਗਾ ਕੁਕਰਮ ਵੀ ਕਰਦੇ ਰਹੇ ਹਨ। ਇਹ ਹੀ ਹਨ, ਸ਼ਰਮਾਂ ਵਾਲੇ ਨੈਤਿਕਤਾ ਦੇ ਵੱਡੇ ਠੇਕੇਦਾਰ? ਕਦੇ ਆਪਣੇ ਆਪ ਨੂੰ ਭਗਵਾਨ ਕਹਾਉਣ ਵਾਲੇ ਆਪਣੀ ਹੀ 'ਅਰਧਾਂਗਨੀ' (ਪਤਨੀ) ਨੂੰ ਸ਼ੱਕੀ ਸਮਝ ਕੇ ਅਗਨੀ ਪ੍ਰੀਖਿਆ ਦੇਣ ਵਾਸਤੇ ਆਖਦੇ ਰਹੇ। ਇਹਤੋਂ ਵੱਡਾ ਅਨਰਥ ਹੋਰ ਕੀ ਹੋ ਸਕਦਾ ਹੈ? ਇਹ ਤਾਂ ਭਾਰਤ ਦੇ ਭਰੱਪਣ ਭਰੇ ਸਾਂਝੇ ਲੋਕ ਸੱਭਿਆਚਾਰ ਦੇ ਇਤਿਹਾਸ ਉਤੇ ਪਏ ਕਾਲੇ ਧੱਬੇ ਹਨ। ਕਾਲੇ ਧੱਬਿਆਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ, ਦਲੀਲ ਨਾਲ ਪਰਖਦਿਆਂ ਇਨ੍ਹਾਂ ਨੂੰ ਨਕਾਰਨਾ ਸਮੇਂ ਦੀ ਵੱਡੀ ਲੋੜ ਹੈ।

ਸਮਾਜੀ ਰਹੁ-ਰੀਤਾਂ ਦੇ ਆਸਰੇ ਵੀ ਔਰਤ ਨੂੰ ਪਛਾੜਿਆ ਤੇ ਲਤਾੜਿਆ ਜਾਂਦਾ ਹੈ। ਔਰਤ ਦੇ ਪਤੀਵਰਤਾ ਹੋਣ ਦਾ ਸਬੂਤ ਦੇਣ ਖਾਤਰ ਵਿਆਹ ਵੇਲੇ ਇਕ ਮੰਗਲ ਸੂਤਰ (ਦਰਅਸਲ ਇਹ ਸੰਗਲ ਸੂਤਰ ਹੈ, ਪਸ਼ੂਆਂ ਦੇ ਗਲ ਵਿਚ ਸੰਗਲ ਪਾਇਆ ਜਾਂਦਾ ਹੈ ਤੇ ਔਰਤਾਂ ਦੇ ਗਲ ਵਿਚ ਸੰਗਲ-ਸੂਤਰ) ਪਾਇਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਪਸ਼ੂਆਂ ਦੇ ਗਲ ਵਿਚ ਪਾਏ ਜਾਂਦੇ ਡਾਹੇ ਦਾ ਹੀ ਸੁਧਰਿਆ ਰੂਪ ਹੈ। ਕੀ ਔਰਤ ਦੇ ਗਲ ਵਿਚ ਮੰਗਲ ਸੂਤਰ ਪਾਉਣਾ ਉਸ ਦੀ ਵਫਾਦਾਰੀ ਅਤੇ ਪ੍ਰੇਮ ਉਤੇ ਸ਼ੱਕ ਨਹੀਂ? ਮਰਦ ਪਤਨੀਵਰਤਾ (ਪਤਨੀ ਦਾ ਵਫਾਦਾਰ) ਵਜੋਂ ਗਲ ਵਿਚ ਕਿਉਂ



***ਔਰਤ ਪ੍ਰਤੀ ਮਰਦ ਪ੍ਰਧਾਨ ਸੋਚ ਵਿਰੁਧ ਆਵਾਜ਼ ਉਠਾਉਣ ਵਾਲੀ ਫਿਲਮਸਾਜ਼ ਦੀਪਾ ਮਹਿਤਾ***

ਕੁੱਝ ਨਹੀਂ ਪਾਉਂਦਾ? ਕੀ ਮਰਦ ਵਾਸਤੇ ਸਭ ਕੁੱਝ ਜਾਇਜ਼ ਹੈ, ਉਹ ਸਿਆਹ ਕਰੇ ਜਾਂ ਸੁਆਹ? ਪ੍ਰੇਮ ਅਤੇ ਵਫਾਦਾਰੀ ਤਾਂ ਇਕ ਦੂਜੇ ਪ੍ਰਤੀ ਦਿਲਾਂ ਦੇ ਸੌਦੇ ਹੁੰਦੇ ਹਨ, ਅਪਣੱਤ ਦੀਆਂ ਗੰਢਾਂ ਹਨ। ਸੱਚਾ ਪਿਆਰ ਤਾਂ ਦੋ ਦਿਲਾਂ ਵਿਚਲੀ ਸਾਂਝ ਦੀ ਖੁਸ਼ਬੋਈ ਹੈ। ਇਨ੍ਹਾਂ ਕੱਚੇ ਧਾਗਿਆਂ (ਪੈਸੇ ਵਾਲੇ ਬੇਹੱਦ ਕੀਮਤੀ ਸੋਨੇ ਦੇ ਹੀਰਿਆਂ ਜੜੇ ਵੀ ਪਾਉਂਦੇ ਹਨ) ਤੋਂ ਬਿਨਾ ਆਪਸੀ ਵਿਸ਼ਵਾਸ ਡੋਲਣ ਨਹੀਂ ਲੱਗਾ, ਅਤੇ ਇਸ ਪਖੰਡ ਤੋਂ ਬਿਨਾ ਪ੍ਰੇਮ ਖਿਲਰਨ ਨਹੀਂ ਲੱਗਾ। ਇਹ ਤਾਂ ਸਿਰਫ ਔਰਤ ਨੂੰ ਹੀਣੀ ਕਰਨ ਦਾ ਸ਼ਰਾਰਤੀਆਂ ਵਲੋਂ ਕਮੀਨਗੀ ਭਰਿਆ ਸੁਚੇਤ ਯਤਨ ਹੀ ਹੈ। ਇਸੇ ਤਰ੍ਹਾਂ ਔਰਤ ਦੇ ਨੱਕ ਵਿਚ ਪਾਏ ਕੋਕੇ ਅਤੇ ਨੱਥ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ। ਨੱਥ ਵੀ ਪਸ਼ੂਆਂ ਖਾਸ ਕਰਕੇ ਬਲਦਾਂ ਅਤੇ ਝੋਟਿਆਂ ਦੇ ਨੱਕ ਵਿਚ ਪਾਈ ਜਾਂਦੀ ਹੈ। ਇਸ ਤਰ੍ਹਾਂ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਹ ਮਰਦ ਪ੍ਰਧਾਨ ਸਮਾਜ ਅੰਦਰਲੀ ਭੈੜੀ ਅਤੇ ਬੌਣੀ ਸੋਚ ਵਲੋਂ ਔਰਤ ਨੂੰ ਹੀਣਾ ਕਰਨ ਵਲ ਤੁਰਦੇ ਕਦਮ ਹਨ। ਕਈ ਵਾਰ ਇਸ ਨੂੰ 'ਬਹੁਤੇ ਸਿਆਣੇ' ਹਿੰਦੂ ਰਹੁ-ਰੀਤਾਂ ਦੀ ਆਖ ਦਿੰਦੇ ਹਨ। ਜੋ ਕੁੱਝ ਵੀ ਹੋਵੇ ਪਰ ਇਹ ਸੱਚ ਨਹੀਂ, ਨਿਰਾ ਝੂਠ ਹੈ, ਦੰਭ ਹੈ, ਪਖੰਡ ਹੈ। ਇਹ ਭੰਡਣ ਯੋਗ ਤਾਂ ਵੀ ਅੱਗੇ ਨਕਾਰਨ ਯੋਗ ਹੈ। ਮਾਂਵਾਂ, ਭੈਣਾਂ, ਧੀਆਂ ਦਾ ਇਹ ਅਪਮਾਨ ਕਦੋਂ ਤੱਕ, ਆਖਰ ਕਦੋਂ ਕੁ ਤੱਕ ਹੁੰਦਾ ਰਹੇਗਾ? ਔਰਤਾਂ ਵਲੋਂ ਵਰਤਮਾਨ ਦੇ ਹਾਣ ਦਾ ਹੋ ਕੇ ਜਿਉਣ ਵਾਸਤੇ, ਆਪਣੇ ਸਵੈਮਾਣ ਦੀ ਰਾਖੀ ਲਈ ਇਹੋ ਜਿਹੇ ਪਖੰਡਾਂ ਨੂੰ ਛੱਡਣਾ ਬਹੁਤ ਜ਼ਰੂਰੀ ਹੈ।

ਇਕ ਹੋਰ ਭੈੜੀ ਰੀਤ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਔਰਤ ਨੂੰ ਆਪਣੇ ਪਤੀ ਦੀ ਲੰਬੀ ਉਮਰ ਵਾਸਤੇ ਵਰਤ ਰੱਖਣ (ਕਰਵਾ ਚੌਥ ਆਦਿ) ਦਾ ਆਦੇਸ਼ ਹੈ। ਪਰਦੇਸ ਵਸਦੇ ਭਾਰਤੀ ਭਾਈਚਾਰੇ ਵਿਚ ਇਸ ਵਰਤਾਰੇ ਬਾਰੇ ਬੜਾ ਕੁੱਝ ਸੁਣਨ ਨੂੰ ਮਿਲਦਾ ਹੈ ਜਿਵੇਂ, ਕੋਈ ਬੀਬੀ ਤੜਕੇ ਹੀ ਉਠ ਕੇ, ਲਾਈਟ ਜਗਾ ਕੇ ਘਰ ਦੇ ਅੰਦਰ ਇੱਧਰ-ਉੱਧਰ ਫਿਰਨ ਲੱਗੀ। ਉਹ ਕਰਵਾ ਚੌਥ ਦਾ ਵਰਤ ਰੱਖਣ ਦੀ ਤਿਆਰੀ ਕਰ ਰਹੀ ਸੀ। ਸੁੱਤੇ ਪਏ ਉਸ ਦੇ ਘਰ ਵਾਲੇ ਦੀ ਅੱਖ ਖੁੱਲ੍ਹ ਗਈ ਤਾਂ ਕਹਿਣ ਲੱਗਾ, ਭਾਗਵਾਨੇ ਕੀ ਗੱਲ ਐ, ਘੜੀ ਸੌਂ ਲੈਣ ਦੇਹ, ਕੰਮ 'ਤੇ ਵੀ ਜਾਣਾ ਹੈ। ਬੀਬੀ ਜੋ ਪਹਿਲਾਂ

## ਠੰਡੀਆਂ-ਤੱਤੀਆਂ

ਹੀ ਖਪੀ ਪਈ ਸੀ, ਕਹਿਣ ਲੱਗੀ, 'ਚੁੱਪ ਕਰਕੇ ਪਏ ਰਹੋ, ਤੁਹਾਡਾ ਹੀ ਸਿਆਪਾ ਕਰ ਰਹੀ ਹਾਂ।' ਇਸ ਦਾ ਭਾਵ ਸਮਝਣਾ ਸਮਝਾਉਣਾ ਔਖਾ ਨਹੀਂ।

ਕੀ ਕਦੇ ਕਿਸੇ ਪਤੀ ਨੇ ਵੀ ਆਪਣੀ ਪਤਨੀ ਦੀ ਲੰਬੀ ਉਮਰ ਵਾਸਤੇ ਵਰਤ ਰੱਖਿਆ ਹੈ? ਜੇ ਨਹੀਂ ਤਾਂ ਔਰਤ ਦੇ ਗਲ ਮੱਲੋਜ਼ੋਰੀ ਦਾ ਇਹ ਫਾਹਾ ਕਿਉਂ ਪਾਇਆ ਗਿਆ ਹੈ? ਇਸ ਪੱਖਪਾਤ ਅਤੇ ਮਰਦ ਔਰਤ ਦੇ 'ਵਰਤਾਂ ਬੱਧੇ ਰਿਸ਼ਤੇ' ਵਾਲੀ ਅਸਮਾਨਤਾ ਵਿਚੋਂ ਘ੍ਰਿਣਾ ਦੀ ਬੋਅ ਆਉਂਦੀ ਹੈ। ਨਾ ਇਹਦੇ ਨਾਲ ਰਿਸ਼ਤੇ ਵਿਚ ਪਕਿਆਈ ਆਉਣ ਦੀ ਕੋਈ ਸੰਭਾਵਨਾ ਹੁੰਦੀ ਹੈ, ਨਾ ਕਿਸੇ ਦੀ ਉਮਰ ਲੰਬੀ ਹੋ ਜਾਣ ਦੀ ਗਾਰੰਟੀ। ਥਾਲੀ ਵਿਚ ਪਾਏ ਪਾਣੀ ਜਾਂ ਛਾਨਣੀ ਵਿਚੋਂ ਚੰਨ ਸਾਫ ਨਹੀਂ ਘਸਮੈਲਾ ਹੀ ਨਜ਼ਰ ਆਵੇਗਾ, ਭਾਵੇਂ ਲੱਖ ਵਾਰ ਵੇਖੋ।

ਪਰਦੇਸ ਵਸਦੇ (ਦੇਸ ਵਿਚ ਵੀ ਵੱਖਰਾ ਨਹੀਂ) ਭਾਰਤੀ ਲੋਕਾਂ ਵਿਚੋਂ ਜਿਹੜੇ ਹਿੰਦੂ ਮੱਤ ਦੇ ਧਾਰਨੀ ਹਨ, ਉਨ੍ਹਾਂ ਵਿਚਲੀ ਵੱਡੀ ਗਿਣਤੀ ਕਾਫੀ ਸਾਰੀਆਂ ਮਾੜੀਆਂ ਰਹੁ-ਰੀਤਾਂ ਨਾਲ ਹੀ ਚੁੱਕੀ ਫਿਰਦੇ ਹਨ। ਦੇਸ ਤੇ ਪਰਦੇਸ-ਦੋਹੀਂ ਥਾਂਈਂ ਬਹੁਤੀਆਂ ਔਰਤਾਂ ਬੇਸਮਝੀ ਵਿਚ ਹੀ ਸੋਨੇ ਦੇ ਮੋਟੇ ਮੋਟੇ 'ਸੰਗਲ ਸੂਤਰ' ਗਲਾਂ ਵਿਚ ਲਟਕਾਈ ਫਿਰਦੀਆਂ ਮਿਲਣਗੀਆਂ। ਇਨ੍ਹਾਂ ਵਿਚ ਸਾਰੀਆਂ ਹਿੰਦੂ ਔਰਤਾਂ ਹੀ ਨਹੀਂ, ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਗੁਰਦੁਆਰਿਆਂ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦੇ ਕਿਸੇ ਵੀ ਨਾਮ ਲੇਵਾ ਤੋਂ ਕਦੇ ਵੀ ਅਜਿਹੀ ਆਸ ਨਹੀਂ ਰੱਖੀ ਜਾ ਸਕਦੀ ਪਰ ਇਹ ਹੋ ਰਿਹਾ ਹੈ। ਦੁੱਖ ਹੁੰਦਾ ਹੈ ਜਦੋਂ ਸਦੀਆਂ ਪਹਿਲਾਂ ਝੂਠ, ਦੰਭ, ਪਖੰਡ ਤੇ ਹਰ ਕਿਸਮ ਦੀਆਂ ਬੋਦੀਆਂ ਰਸਮਾਂ ਦੇ ਖਿਲਾਫ ਪ੍ਰਚਾਰ ਕਰਨ ਵਾਲੇ ਬਾਬੇ ਨਾਨਕ ਦੇ ਪੈਰੋਕਾਰ ਵੀ ਇਸ ਰਾਹੇ ਤੁਰੇ ਫਿਰਦੇ ਨਜ਼ਰ ਆਉਂਦੇ ਹਨ। ਵਿਆਹਾਂ ਮੌਕੇ ਵੀ ਇਹ ਤਮਾਸ਼ਾ ਕਾਫੀ ਵੱਡੇ ਪੱਧਰ 'ਤੇ ਹੁੰਦਾ ਹੈ।

ਮਾਂਵਾਂ-ਭੈਣਾਂ-ਧੀਆਂ ਦੇ ਸੋਚਣ ਦਾ ਵੇਲਾ ਹੈ। ਆਪਣੀ ਹੋਂਦ ਨੂੰ ਖੋਰਾ ਲਾਉਣ ਦਾ ਜਾਂ ਆਪਣੀ ਹੀ ਕਦਰ ਘਟਾਈ ਕਰਨ ਦਾ ਜਤਨ ਬਿਲਕੁਲ ਨਹੀਂ ਕਰਨਾ ਚਾਹੀਦਾ। ਅਜਿਹੇ ਯਤਨਾਂ ਵਿਚ ਸ਼ਰੀਕ ਹੋਣ ਤੋਂ ਇਨਕਾਰ ਕਰਨਾ ਚਾਹੀਦਾ ਹੈ ਅਤੇ ਅਜਿਹੇ ਯਤਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਹਰ ਕਦਮ ਦਾ ਜ਼ੋਰਦਾਰ ਵਿਰੋਧ ਵੀ ਹੋਣਾ ਚਾਹੀਦਾ ਹੈ। ਸੱਚ ਭਰਿਆ ਅਜਿਹਾ ਵਿਰੋਧ ਹੀ ਬੀਬੀਆਂ ਦੇ ਵਿਕਾਸ ਦਾ ਅਸਲ ਨੁਕਤਾ ਹੈ। ਅਸਲੋਂ ਸਮਝਣ ਵਾਲਾ ਮਸਲਾ ਇਹ ਹੈ ਕਿ ਤੁਹਾਡੇ ਗਲਾਂ ਵਿਚ ਪਾਇਆ ਇਹ ਸ਼ਰਾਰਤੀ 'ਮੰਗਲ ਸੂਤਰ' ਦਰਅਸਲ 'ਸੰਗਲ ਸੂਤਰ' ਹੈ, ਜੋ ਤੁਹਾਡੀ ਅਜ਼ਾਦ ਸ਼ਖਸੀਅਤ, ਤੁਹਾਡੇ ਸਵੈਮਾਣ ਅਤੇ ਤੁਹਾਡੇ ਬਹੁ ਪੱਖੀ ਵਿਕਾਸ ਦੇ ਰਾਹ ਦਾ ਵੱਡਾ ਰੋੜਾ ਹੈ। ਮਰਦ ਪ੍ਰਧਾਨ ਸਮਾਜ ਅੰਦਰਲੀ ਮਾੜੀ ਸੋਚ ਵਲੋਂ ਧੱਕੇ ਨਾਲ ਤੁਹਾਡੇ ਉਤੇ ਲੱਦੀ ਗਈ ਇਸ ਸੋਚਧਾਰਾ ਤੋਂ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ। ਇਹ ਆਪਣੇ ਹੱਥੀਂ ਆਪਣਾ ਅਪਮਾਨ ਹੀ ਨਹੀਂ ਸਗੋਂ ਇਹ ਤਾਂ ਜਿੰਦ ਦਾ ਖੌਅ ਹੈ।

### ਨੀ ਕੁੜੀਏ!

ਚੜ੍ਹ ਅੰਬਰਾਂ 'ਤੇ ਪੌੜੀ ਲਾ ਕੇ
ਉਡ ਹਵਾਵਾਂ ਨੂੰ ਹੱਥ ਪਾ ਕੇ।
ਕੋਈ ਤੈਨੂੰ ਕਮਜ਼ੋਰ ਨਾ ਸਮਝੇ
ਤੁਰ ਗੈਰਤ ਨਾਲ ਧੌਣ ਉਠਾ ਕੇ।

ਮੱਥਾ ਨਾਲ ਪਹਾੜਾਂ ਲਾ ਕੇ
ਭਗਤ ਸਿੰਘ ਦੀ ਘੋੜੀ ਗਾ ਕੇ।
ਮਾਂ ਧਰਤੀ ਦੀ ਜਾਈ ਏਂ ਤੂੰ
ਸੱਤ ਸੰਤੋਖ ਵੇਖ ਅਜ਼ਮਾ ਕੇ।

ਨਾ ਜਾਇਆ ਕਰ ਵਿਚ ਕਲੱਬਾਂ
ਗਿਠ ਗਿਠ ਨਿੱਕੇ ਕੱਪੜੇ ਪਾ ਕੇ।
ਸਿਰ ਚੁੰਨੀ ਲੈ ਗੋਟੇ ਵਾਲੀ
ਤਨ 'ਤੇ ਪਾ ਹੁਣ ਸੂਟ ਸੂਆ ਕੇ।

ਕੁਦਰਤ ਤੇਰੇ ਨਾਲ ਤੁਰੇਗੀ
ਕਾਦਰ ਨੂੰ ਜ਼ਰਾ ਵੇਖ ਧਿਆ ਕੇ।
ਹੋ ਜਾਏਂਗੀ 'ਸੁਰਜੀਤ' ਜੇ ਕੁੜੀਏ
ਮੰਜ਼ਿਲ ਆਪ ਮਿਲੇਗੀ ਆ ਕੇ।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***

# ਬੁਰਜੂਆ ਬਿਸਤਰੇ ਦੀ ਭਾਲ

***ਸੁਕੀਰਤ ਦੇ ਇਸ ਯਾਤਰਾ-ਲੇਖ ਵਿਚ ਜਰਮਨੀ ਦੇ ਸ਼ਹਿਰ ਵਿੱਟਨ ਦਾ ਜ਼ਿਕਰ ਹੈ। ਲਿਖਾਰੀ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ-ਵਸਤਾਂ ਨੂੰ ਬੜੀ ਨੀਝ ਨਾਲ ਦੇਖਦਾ ਅਤੇ ਫਿਰ ਉਸ ਦਾ ਜ਼ਿਕਰ ਕਰਦਾ ਹੈ। ਇਸ ਦੇ ਨਾਲ ਨਾਲ ਉਹ ਸਾਧਾਰਨ ਲਗਦੀ ਚਰਚਾ ਛੋਹੀ ਰੱਖਦਾ ਹੈ। ਇਹੀ ਉਸ ਦੀ ਲਿਖਣ ਸ਼ੈਲੀ ਦੀ ਖਾਸੀਅਤ ਹੈ। ਉਹ ਪਾਠਕ ਦਾ ਦਿਲ ਲਾਈ ਰੱਖਦਾ ਹੈ ਅਤੇ ਲਿਖਤ ਵਿਚਾਰਾਂ ਦੀ ਕਿਣ-ਮਿਣ ਲਗਾਤਾਰ ਹੋਈ ਜਾਂਦੀ ਹੈ। -ਸੰਪਾਦਕ***



ਜਰਮਨੀ ਦੇ ਪ੍ਰਸਿੱਧ ਸ਼ਹਿਰ ਵਿੱਟਨ ਦੀ ਇਕ ਝਾਕੀ।

***ਅਸੀਂ ਕਿਹਰ ਸ਼ਰੀਫ ਦੀ ਅਗਵਾਈ ਵਿਚ ਉਸ ਦਾ ਸ਼ਹਿਰ ਵਿੱਟਨ ਦੇਖਣ ਨਿਕਲੇ। ਉਤਰੀ ਰਾਈਨ ਵੈਸਫਾਲੀਆ ਇਲਾਕੇ ਦਾ ਇਹ ਸਨਅਤੀ ਜਰਮਨ ਸ਼ਹਿਰ ਇਕ ਲੱਖ ਤੋਂ ਰਤਾ ਕੁ ਵੱਧ ਆਬਾਦੀ ਦਾ ਹੈ ਜੋ ਭਾਰਤੀ ਗਿਣਤੀ ਮੁਤਾਬਕ ਤਾਂ ਕਸਬਾ ਹੀ ਹੈ, ਪਰ ਜਰਮਨੀ ਵਿਚ ਇਸ ਕੋਲ ਵੱਡੇ ਸ਼ਹਿਰ ਦਾ ਦਰਜਾ ਹੈ। ਕਿਹਰ ਦਾ ਫਲੈਟ ਸ਼ਹਿਰ ਦੇ ਕੇਂਦਰੀ ਹਿੱਸੇ ਵਿਚ ਹੋਣ ਕਾਰਨ, ਇਕ ਘੰਟੇ ਦੀ ਪੈਦਲ ਸੈਰ ਰਾਹੀਂ ਅਸੀਂ ਦੇਖਣ ਵਾਲਾ ਤਕਰੀਬਨ ਸਭ ਕੁਝ ਦੇਖ ਲਿਆ। ਇਨ੍ਹਾਂ ਵਿਚੋਂ ਇਕ ਇਮਾਰਤ ਚੇਤੇ ਵਿਚ ਚੁਭੀ ਰਹਿ ਗਈ। ਇਸ ਦੇ ਮੱਥੇ ਉਤੇ ਦੂਜੀ ਸੰਸਾਰ ਜੰਗ ਵੇਲੇ ਹੋਈ ਗੋਲਾਬਾਰੀ ਦੇ ਨਿਸ਼ਾਨ ਜਿਉਂ ਦੇ ਤਿਉਂ ਕਾਇਮ ਰੱਖੇ ਗਏ ਹਨ।***

ਯੂਰਪ ਵਿਚ ਕਹਿਰਾਂ ਦੀ ਗਰਮੀ ਪੈ ਰਹੀ ਸੀ। ਫ੍ਰਾਂਕਫੁਰਤ (ਫਰੈਂਕਫਰਟ ਵਜੋਂ ਮਸ਼ਹੂਰ ਸ਼ਹਿਰ) ਵਿਚ ਦਿਨ ਦਾ ਤਾਪਮਾਨ ਰੋਜ਼ 36-38 ਦਾ ਅੰਕੜਾ ਛੋਹ ਕੇ ਮੁੜਦਾ ਸੀ। ਮੇਰਾ ਮੇਜ਼ਬਾਨ ਵਿਸਾਖਾ ਸਿੰਘ ਕੋਈ ਸਾਲ ਕੁ ਹੋਇਆ ਸ਼ਹਿਰ ਤੋਂ 40 ਕਿਲੋਮੀਟਰ ਦੂਰ ਪਿੰਡ ਆਲੇਤੇਨਮਿਤਲਾਓ ਜਾ ਵੱਸਿਆ ਸੀ। ਢਾਈ ਮੰਜ਼ਲਾ ਮਕਾਨ ਅਤੇ ਪਿਛੇ ਖੇਤ ਜਿੱਡਾ ਲਾਅਨ ਸੀ ਜਿਸ ਵਿਚ ਵਿਸਾਖਾ ਸਿੰਘ ਮੌਸਮੀ ਸਬਜ਼ੀਆਂ ਉਗਾ ਕੇ ਆਪਣੇ ਪਿੰਡ ਹੋਣ ਦਾ ਭਰਮ ਪਾਲ ਰਿਹਾ ਸੀ। ਉਹ ਤਾਂ ਵਰ੍ਹਿਆਂ ਤੋਂ ਪਰਦੇਸ ਬੈਠਾ ਉਦਰੇਵੇਂ ਕਾਰਨ ਵਤਨ ਭਾਲਦਾ ਸੀ, ਮੈਨੂੰ ਵਤਨ ਦਾ ਚੇਤਾ ਕਰਾਉਂਦੀ ਇਸ ਮੁੜ੍ਹਕਾ ਚੁਆਊ ਗਰਮੀ ਦੀ ਰਤਾ ਵੀ ਲੋੜ ਨਹੀਂ ਸੀ। ਉਤਰੀ ਯੂਰਪ ਦੇ ਜੁਲਾਈ ਦੇ ਨਾ ਮੁੱਕਣ ਵਾਲੇ ਲੰਮੇ ਦਿਨ ਸਨ ਜਿਨ੍ਹਾਂ ਨੂੰ ਵਿਚ ਭਾਰਤੀ ਹੁੰਮਸ ਆਣ ਰਲਿਆ ਸੀ। ਦਿਨੇ ਕਿਤੇ ਸੈਰ ਲਈ ਨਿਕਲਣ 'ਤੇ ਵੀ ਜੀਅ ਨਾ ਕਰੇ। ਮੁਸ਼ਕਿਲ ਨਾਲ ਸ਼ਾਮ ਦੇ ਅੱਠ ਵਜੇ ਜਾ ਕੇ ਮੌਸਮ ਨੇ ਕੁਝ ਖੁਸ਼ਗਵਾਰ ਹੋਣਾ। ਇਨ੍ਹਾਂ ਆਮ ਤੌਰ 'ਤੇ ਠੰਢੇ ਰਹਿਣ ਵਾਲੇ ਮੁਲਕਾਂ ਦੇ ਘਰਾਂ ਵਿਚ ਏ.ਸੀ. ਤਾਂ ਕੀ ਹੋਣੇ ਸਨ, ਪੱਖੇ ਵੀ ਨਹੀਂ ਹੁੰਦੇ।



**ਸੁਕੀਰਤ**

ਜਿਨ੍ਹਾਂ ਦੁਕਾਨਾਂ ਵਿਚ ਕਿਤੇ ਹੈਣ ਸਨ, ਉਥੇ ਪਏ ਸਸਤੇ ਚੀਨੀ ਪੱਖੇ ਵੀ ਹੱਥੋ-ਹੱਥੀ ਵਿਕ ਚੁੱਕੇ ਸਨ; ਤੇ ਹੁਣ ਲੱਭਿਆਂ ਵੀ ਨਹੀਂ ਸਨ ਲੱਭਦੇ। ਮੈਂ ਵਿਸਾਖਾ ਸਿੰਘ ਦੇ ਟੀ.ਵੀ., ਕੰਪਿਊਟਰ ਤੇ ਬੀਅਰਾਂ ਨਾਲ ਭਰੇ ਫਰਿਜ ਨਾਲ ਲੈਸ ਭੋਰੇ ਵਿਚ ਮਹਿਮਾਨ ਸਾਂ ਜਿਸ ਨੂੰ ਬੇਸਮੈਂਟ ਆਖਦੇ ਹਨ। ਇਹੋ ਘਰ ਦਾ ਸਭ ਤੋਂ ਠੰਢਾ ਹਿੱਸਾ ਸੀ ਜਿਸ ਵਿਚ ਬੰਦਾ ਚੈਨ ਨਾਲ ਪੈ ਸਕਦਾ ਸੀ। ਮੈਨੂੰ ਤਾਂ ਸਮਝ ਨਹੀਂ ਸੀ ਪੈਂਦੀ ਕਿ ਮੇਰਾ ਮੇਜ਼ਬਾਨ ਧੁਰ ਉਤਲੀ ਛੱਤ ਦੇ ਵੱਡੀਆਂ ਸ਼ੀਸ਼-ਬਾਰੀਆਂ ਵਾਲੇ ਕਮਰੇ ਵਿਚ ਸੌਂਦਾ ਕਿਵੇਂ ਸੀ? ਯੂਰਪ ਦੀ ਪਾਲੇ ਵਲਿੱਸੀ ਧੁੱਪ ਨੂੰ ਸੋਖਣ ਦੇ ਮੰਤਵ ਨਾਲ ਬਣਾਏ ਇਹ ਕਮਰੇ ਇਸ ਦੇਸੀ ਕਿਸਮ ਦੇ ਮੌਸਮ ਵਿਚ ਕਿਸੇ ਤਸੀਹਾ-ਘਰ ਤੋਂ ਘੱਟ ਨਹੀਂ ਸਨ। ਇਹ ਮੌਸਮ ਤਾਂ ਖੁੱਲ੍ਹੇ ਖੇਤਾਂ ਵਿਚ ਜਾਂ ਛੱਤਾਂ ਉਪਰ ਮੰਜੇ ਡਾਹ ਕੇ ਸੌਣ ਦਾ ਸੀ, ਪਰ ਨਾ ਜਰਮਨੀ ਵਿਚ ਪੱਧਰੀਆਂ ਛੱਤਾਂ ਹੁੰਦੀਆਂ, ਤੇ ਨਾ ਹੀ ਵਿਹੜਿਆਂ ਵਿਚ ਸੌਣ ਦਾ ਰਿਵਾਜ ਹੈ। ਦੋ ਦਿਨ ਬਾਅਦ ਜਲੰਧਰੋਂ ਇਕ ਹੋਰ ਮਹਿਮਾਨ ਗੁਰਮੀਤ ਸਿੰਘ ਸੁਗਲੀ ਵੀ ਪਹੁੰਚ ਗਏ, ਤੇ ਭੋਰੇ ਵਿਚ ਮੇਰੇ ਨਾਲ ਇਕ ਸਾਥੀ ਹੋਰ ਆਣ ਰਲਿਆ।

ਮੇਰੀ ਜਰਮਨ ਫੇਰੀ ਸਿਰਫ ਇਕ ਸਾਤੇ ਦੀ ਸੀ ਤੇ ਇਸ ਦੌਰਾਨ ਸੱਜਣਾਂ ਨੇ ਹਾਲੈਂਡ ਜਾਣ ਦਾ ਪ੍ਰੋਗਰਾਮ ਵੀ ਰੱਖਿਆ ਹੋਇਆ ਸੀ। ਸੁਗਲੀ ਸਾਹਿਬ ਦੇ ਪਹੁੰਚਣ ਤੋਂ ਅਗਲੇ ਦਿਨ ਹੀ ਅਸੀਂ ਵਿੱਟਨ ਲਈ ਨਿਕਲ ਪਏ ਜਿਥੇ ਕੇਹਰ ਸ਼ਰੀਫ ਕੋਲ ਵੀ ਰਾਤ ਕੱਟਣੀ ਸੀ ਤੇ ਅਗਲੇਰੇ ਦਿਨ ਉਸ ਦੀ ਸੰਗਤ ਵਿਚ ਹਾਲੈਂਡ ਲਈ ਕੂਚ ਵੀ ਕਰਨਾ ਸੀ। ਵਿਸਾਖਾ ਸਿੰਘ ਮੇਰੇ ਵਰਗਾ ਹੀ ਡਰਾਈਵਰ ਹੈ, ਗੱਡੀ ਚਲਾਉਣੀ ਤਾਂ ਜਾਣਦਾ ਹੈ, ਪਰ ਇਸ ਕਾਰਜ ਨੂੰ ਗਲ ਪਈਆਂ ਗਲਾਵਾਂ ਸਮਝ ਕੇ ਹੀ ਨਿਪਟਾਉਂਦਾ ਹੈ, ਤੇ ਵਾਹ ਲੱਗੇ ਸਟੀਅਰਿੰਗ ਕਿਸੇ ਹੋਰ ਦੇ ਹੱਥ ਦੇ ਕੇ ਹੀ ਖੁਸ਼ ਹੈ। ਉਸ ਦੇ ਇਸ ਝਾਕੇ (ਮੈਂ ਇਸ ਨੂੰ ਸ਼ਾਹਾਨਾ ਤਬੀਅਤ ਕਹਿੰਦਾ ਹਾਂ, ਕੁਝ ਲੋਕ ਡਰਾਈਵਰੀ ਕਰਨ ਨਹੀਂ, ਕਰਾਉਣ ਲਈ ਬਣੇ ਹੁੰਦੇ ਹਨ) ਕਾਰਨ ਮਿੱਤਰਾਂ ਨੇ ਉਸ ਦੀ ਗੱਡੀ ਚਲਾ ਸਕਣ ਦੀ ਸਮਰੱਥਾ ਬਾਰੇ ਕਈ ਝੂਠੇ ਸੱਚੇ ਕਿੱਸੇ ਘੜੇ ਹੋਏ ਹਨ ਜਿਨ੍ਹਾਂ ਦਾ ਥੋੜ੍ਹਾ-ਬਹੁਤ ਅਸਰ ਘਰਦਿਆਂ 'ਤੇ ਵੀ ਹੋ ਗਿਆ। ਜਦੋਂ ਘਰੋਂ ਨਿਕਲਣ ਲੱਗੇ ਤਾਂ ਉਸ ਦੀ ਪਤਨੀ ਨੇ ਖਾਸ ਹਦਾਇਤ ਕੀਤੀ, "ਜਦੋਂ ਇਹ ਗੱਡੀ ਚਲਾਉਂਦੇ ਹੋਣ ਤਾਂ ਇਨ੍ਹਾਂ ਨਾਲ ਬਹੁਤੀਆਂ ਗੱਲਾਂ ਨਾ ਕਰਨਾ...।"

ਮੈਂ ਵਿਸਾਖਾ ਸਿੰਘ ਦੇ ਨਾਲ ਅਗਲੀ ਸੀਟ 'ਤੇ ਬਹਿ ਗਿਆ। ਸੁਗਲੀ ਸਾਹਿਬ ਨੇ 'ਗੱਲਾਂ ਨਾ ਕਰਨ' ਦੀ ਹਦਾਇਤ ਦੀ ਪਾਲਣਾ ਕਰਨ ਲਈ ਸੌਂ ਜਾਣ ਦਾ ਪੈਂਤੜਾ ਵਰਤਿਆ; ਵਰਨਾ ਢਾਈ ਘੰਟੇ ਜਬਰੀ ਮੌਨ ਸਫਰ ਨੇ ਉਨ੍ਹਾਂ ਦੇ 'ਸੁਗਲੀ' ਵਿਹਾਰ ਨੂੰ ਅਗਨੀ ਪ੍ਰੀਖਿਆ ਵਿਚੋਂ ਲੰਘਾਉਣਾ ਸੀ। ਵਿਸਾਖਾ ਸਿੰਘ ਪੂਰੀ ਤਨਦੇਹੀ ਨਾਲ ਡਰਾਈਵਰੀ ਕਰ ਰਿਹਾ ਸੀ, ਤੇ ਮੈਂ ਉਨੀ ਹੀ ਤਨਦੇਹੀ ਨਾਲ ਨੀਂਦ ਦੇ ਝੋਕੇ ਭਜਾ ਰਿਹਾ ਸਾਂ, ਕਿਉਂਕਿ ਪਿਛਲੀ ਰਾਤ ਮੈਂ ਰਤਾ ਬੇਅਰਾਮੀ ਵਿਚ ਕੱਟੀ ਸੀ। ਬਿਨਾ ਕਿਸੇ ਵਰਣਨਯੋਗ ਘਟਨਾ ਦੇ ਸਾਡੇ ਅਨਮੰਨੇ ਚਾਲਕ ਨੇ ਸਾਨੂੰ ਮਿਥੇ ਸਮੇਂ ਦੇ ਅੰਦਰ ਅੰਦਰ ਵਿੱਟਨ ਪੁਚਾ ਦਿੱਤਾ।

ਅੱਗਿਉਂ ਕੇਹਰ ਸ਼ਰੀਫ ਤੇ ਉਸ ਦੀ ਜੀਵਨ ਸਾਥਣ ਜਸਪਾਲ ਨੇ ਪੂਰਾ ਪੰਜਾਬੀ ਅਡੰਬਰ ਰਚਿਆ ਹੋਇਆ ਸੀ: ਭਾਂਤ ਭਾਂਤ ਦੇ ਪਕੌੜੇ, ਤਲਿਆ ਚਿਕਨ, ਗਜਰੇਲਾ ਤੇ ਹੋਰ ਨਿੱਕ-ਸੁੱਕ। ਇਸ ਸਭ ਨਾਲ ਬਣਦਾ ਇਨਸਾਫ ਕਰ ਕੇ ਅਸੀਂ ਕੇਹਰ ਦੀ ਅਗਵਾਈ ਵਿਚ ਉਸ ਦਾ ਸ਼ਹਿਰ ਦੇਖਣ ਨਿਕਲੇ। ਉਤਰੀ ਰਾਈਨ ਵੈਸਫਾਲੀਆ ਇਲਾਕੇ ਦਾ ਇਹ ਸਨਅਤੀ ਜਰਮਨ ਸ਼ਹਿਰ ਇਕ ਲੱਖ ਤੋਂ ਰਤਾ ਕੁ ਵੱਧ ਆਬਾਦੀ ਦਾ ਹੈ ਜੋ ਭਾਰਤੀ ਗਿਣਤੀ ਮੁਤਾਬਕ ਤਾਂ ਕਸਬਾ ਹੀ ਹੈ, ਪਰ ਜਰਮਨੀ ਵਿਚ ਇਸ ਕੋਲ ਗਰੋਸਸ਼ਤਾਦ (ਵੱਡੇ ਸ਼ਹਿਰ) ਦਾ ਦਰਜਾ ਹੈ। ਕੇਹਰ ਦਾ ਫਲੈਟ ਇਸ 'ਵੱਡੇ ਸ਼ਹਿਰ' ਦੇ ਕੇਂਦਰੀ ਹਿੱਸੇ ਵਿਚ ਹੋਣ ਕਾਰਨ, ਇਕ ਘੰਟੇ ਦੀ ਪੈਦਲ ਸੈਰ ਰਾਹੀਂ ਅਸੀਂ ਦੇਖਣ ਵਾਲਾ ਤਕਰੀਬਨ ਸਭ ਕੁਝ ਦੇਖ ਲਿਆ। ਇਨ੍ਹਾਂ ਵਿਚੋਂ ਇਕ ਇਮਾਰਤ ਜਿਹੜੀ ਚੇਤੇ ਵਿਚ ਖਾਸ ਚੁਭੀ ਰਹਿ ਗਈ, ਉਹ ਸੀ ਕਿਸੇ ਅਮੀਰ ਘਰਾਣੇ ਦਾ ਵੱਡਾ ਮਕਾਨ। ਇਸ ਦੇ ਮੱਥੇ ਉਤੇ ਦੂਜੀ ਸੰਸਾਰ ਜੰਗ ਵੇਲੇ ਹੋਈ ਗੋਲਾਬਾਰੀ ਦੇ ਨਿਸ਼ਾਨ ਜਿਉਂ ਦੇ ਤਿਉਂ ਕਾਇਮ ਰੱਖੇ ਗਏ ਹਨ। ਮੇਰੇ ਆਪਣੇ ਮੱਥੇ ਵਿਚ ਸੋਵੀਅਤ ਸਮਿਆਂ ਦੇ ਕੁਝ ਇਹੋ ਜਿਹੇ ਨਿਸ਼ਾਨ ਬਚੇ ਹੋਏ ਹਨ ਕਿ ਜਰਮਨ ਧਰਤੀ ਉਤੇ (ਜਿਥੋਂ ਇਹ ਜੰਗ ਸ਼ੁਰੂ ਹੋਈ ਸੀ) ਜੰਗ ਦੀਆਂ ਸਾਂਭੀਆਂ ਪੈੜਾਂ ਦੇਖ ਕੇ ਮੈਨੂੰ ਕੋਫਤ ਹੋਈ। ਲੈਨਿਨਗ੍ਰਾਦ ਤੋਂ ਲੈ ਕੇ ਪਰਾਗ, ਤੇ ਗ੍ਰੀਸ ਦੇ ਟਾਪੂ ਕ੍ਰੀਟ ਤੀਕ ਮੈਂ ਜੰਗ ਦੇ ਸਾਂਭ ਕੇ ਰੱਖੇ ਨਿਸ਼ਾਨ ਕਈ ਥਾਂਈਂ ਦੇਖੇ ਤੇ ਮਨ ਹੀ ਮਨ ਉਨ੍ਹਾਂ ਮਾਰੂ ਸਮਿਆਂ ਵਿਚ ਸ਼ਿਕਾਰ ਹੋਏ ਲੋਕਾਂ ਲਈ ਹਉਕਾ ਭਰਿਆ ਹੈ, ਪਰ ਵਿੱਟਨ ਵਿਚ ਇਸ ਸੰਭਾਲ ਨੂੰ ਦੇਖ ਕੇ ਮੈਨੂੰ ਜਾਪਿਆ ਕਿ ਆਪਣੇ ਇਤਿਹਾਸ ਦੇ ਇਸ ਸ਼ਰਮਨਾਕ ਪੱਤਰੇ ਨੂੰ ਜਰਮਨ ਲੋਕ ਮੇਸ ਕੇ ਹੀ ਰੱਖਣ ਤਾਂ ਬਿਹਤਰ ਹੈ। ਸ਼ਾਇਦ ਇਹ ਮੇਰੇ ਜਜ਼ਬਾਤੀ ਮਨ ਦਾ ਇਕਪਾਸੜ ਰੋਹ ਸੀ। ਜੰਗ ਤਾਂ ਜੰਗ ਹੁੰਦੀ ਹੈ ਜਿਸ ਵਿਚ ਹਾਕਮਾਂ ਦੇ ਇਸ਼ਾਰਿਆਂ 'ਤੇ ਜਨਤਾ ਨੂੰ ਭੱਠੀ ਵਿਚ ਭੁੱਜਣਾ ਹੀ ਪੈਂਦਾ ਹੈ।

ਖੈਰ, ਇਸ ਸੈਰ ਤੋਂ ਬਾਅਦ ਜਦੋਂ ਅਸੀਂ ਵਾਪਸ ਪਹੁੰਚੇ ਤਾਂ ਮਿੱਤਰਾਂ ਲਈ ਸ਼ਾਮ ਰੰਗੀਨ ਕਰਨ ਦਾ ਵੇਲਾ ਹੋ ਚੁਕਾ ਸੀ। ਕੇਹਰ ਸ਼ਰੀਫ ਖੁਦ ਤਾਂ ਆਪਣੇ ਨਾਂ 'ਤੇ ਪਹਿਰਾ ਦਿੰਦਿਆਂ ਬਿਲਕੁਲ ਮੂੰਹ ਨਹੀਂ ਲਾਉਂਦਾ, ਪਰ ਮਹਿਮਾਨਾਂ ਦਾ ਮੂੰਹ ਕੌੜਾ ਕਰਾਉਣ ਵਿਚ ਕੋਈ ਕਸਰ ਵੀ ਨਹੀਂ ਰਹਿਣ ਦਿੰਦਾ। ਸੋ, ਮੇਜ਼ 'ਤੇ ਸਭ ਕੁਝ ਹਾਜ਼ਰ ਸੀ। ਸੁਗਲੀ ਸਾਹਿਬ ਦਿਨੇ ਉਨ੍ਹਾਂ ਉਤੇ ਥੋਪੇ ਗਏ ਮੌਨ ਦੀ ਕਸਰ ਕੱਢ ਕੇ ਮਹਿਫਿਲ ਨੂੰ ਪੰਜਾਬੋਂ ਲਿਆਂਦੇ ਲਤੀਫਿਆਂ ਨਾਲ ਨਿਹਾਲ ਕਰ ਰਹੇ ਸਨ। ਵਿਚ ਵਿਚ ਕੇਹਰ ਸ਼ਰੀਫ ਅਤੇ ਵਿਸਾਖਾ ਸਿੰਘ ਵੀ ਹਾਜ਼ਰੀ ਲੁਆ ਰਹੇ ਸਨ। ਮੇਰਾ ਇਹ ਖਾਨਾ ਅਸਲੋਂ ਹੀ ਖਾਲੀ ਹੈ। ਨਾ ਤਾਂ ਮੈਨੂੰ ਸੁਣਾਉਣ ਲਈ ਕੋਈ ਲਤੀਫਾ ਯਾਦ ਰਹਿੰਦਾ ਹੈ, ਤੇ ਨਾ ਖੁੱਲ੍ਹ ਕੇ ਹੱਸਣਾ ਆਉਂਦਾ ਹੈ। ਉਤੋਂ ਸਿਤਮ ਇਹ ਕਿ ਜਲੰਧਰ ਵਿਚ ਸੁਗਲੀ ਜੀ, ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਰਾਜਿੰਦਰ ਅਤੇ ਸੰਜੀਦਾ ਭਤੀਜੇ ਜਸ ਮੰਡ ਨਾਲ ਲਗਾਤਾਰ ਮਿਲਦੇ ਰਹਿਣ ਕਾਰਨ ਇਹ ਚੁਟਕਲੇ ਮੇਰੇ ਲਈ ਕੁਝ ਜਾਣੇ-ਪਛਾਣੇ ਸਨ। ਮੇਰਾ ਮਨ ਆਪਣੀ ਹੀ ਭਟਕਣ ਵਿਚ ਗੁਆਚਣ ਲੱਗ ਪਿਆ। ਰਾਤ ਗਹਿਰਾ ਰਹੀ ਸੀ ਤੇ ਕੇਹਰ ਸ਼ਰੀਫ ਦੇ ਭਰੇ-ਪੂਰੇ ਪਰਿਵਾਰ ਦੇ ਫਲੈਟ ਵਿਚ ਅਸੀਂ ਤਿੰਨ ਜਣੇ ਆਣ ਢੁਕੇ ਸਾਂ। ਇਥੇ ਸੌਣ ਦਾ ਕੀ ਪ੍ਰਬੰਧ ਹੋਵੇਗਾ? ਤਿੰਨ ਮਹਿਮਾਨ ਕਿਵੇਂ ਫਿੱਟ ਕੀਤੇ ਜਾਣਗੇ? ਬਲਬੀਰ ਪਰਵਾਨਾ ਦੇ ਲਫਜ਼ਾਂ ਵਿਚ, ਮੈਨੂੰ ਬਿਸਤਰੇ ਦੀ 'ਬੁਰਜੂਆ' ਚਿੰਤਾ ਖਾ ਰਹੀ ਸੀ। "ਮਜ਼ਦੂਰ ਆਦਮੀ ਦਾ ਕੀ ਏ? ਉਹ ਤਾਂ ਕਿਤੇ ਵੀ ਪੈ ਜਾਂਦੈ, ਇਹ ਸਭ ਬੁਰਜੂਆ ਆਦਤਾਂ ਨੇ।" ਪਰਵਾਨੇ ਨੇ ਇੰਨ-ਬਿੰਨ ਇਹ ਲਫਜ਼ ਭਾਵੇਂ ਮੈਨੂੰ ਕਦੇ ਕਹੇ ਨਾ ਵੀ ਹੋਣ, ਪਰ ਮੇਰੇ ਫਿਕਰ ਬਾਰੇ ਪ੍ਰਤੀਕਰਮ ਉਹਦਾ ਇਹੋ ਹੋਣਾ ਸੀ।

ਦਰਅਸਲ, ਬੁਰਜੂਆ ਹੈ ਜਾਂ ਨਹੀਂ, ਇਕੱਲਵਾਂਝੇ ਹੋ ਕੇ ਸੌਣਾ ਹਮੇਸ਼ਾ ਮੇਰੀ ਸਮੱਸਿਆ ਰਹੀ ਹੈ। ਕਿੰਨਾ ਵੀ ਥੱਕਿਆ ਹੋਇਆ ਕਿਉਂ ਨਾ ਹੋਵਾਂ, ਕੋਲ ਪਏ ਸਰੀਰ ਦੀ ਬੇਮਲੂਮ ਜਾਪਦੀ ਬਿੜਕ ਵੀ ਬੇਅਰਾਮ ਕਰਦੀ ਹੈ। ਸ਼ਾਇਦ ਇਸ ਦਾ ਕਾਰਨ ਮੇਰਾ ਅਣਵਿਆਹਿਆ ਹੋਣਾ ਹੈ, ਕਿਸੇ ਹੋਰ ਹੋਂਦ ਨਾਲ ਰਾਤ-ਦਰ-ਰਾਤ ਬਸਰ ਕਰ ਸਕਣ ਦਾ ਸ਼ਊਰ ਮੈਨੂੰ ਸਿੱਖਣਾ ਨਹੀਂ ਪਿਆ। ਗੱਦਿਆ ਹੇਠ ਪਿਆ ਮਟਰ ਦਾ ਦਾਣਾ ਵੀ ਚੁਭਦਾ ਹੈ।

ਅਗਲੇ ਦਿਨ ਹਾਲੈਂਡ ਜਾਣਾ ਸੀ, ਜੇ ਅੱਜ ਦੀ ਰਾਤ ਵੀ ਬੇਆਰਾਮੀ ਵਿਚ ਲੰਘੀ ਤਾਂ ਕੱਲ੍ਹ ਦਾ ਸਾਰਾ ਦਿਨ ਖਰਾਬ ਹੋ ਜਾਵੇਗਾ। ਮਹਿਫਿਲ ਤੋਂ ਖਿਸਕ ਕੇ ਮੈਂ ਸ੍ਰੀਮਤੀ ਸ਼ਰੀਫ ਕੋਲ ਪਹੁੰਚ ਗਿਆ, ਤੇ ਬਿਨਾ ਲਗ ਲਬੇੜ ਦੇ ਆਪਣੀ ਸਮੱਸਿਆ ਪੇਸ਼ ਕਰ ਦਿੱਤੀ। ਜੇ ਉਹ ਮੇਰੇ 'ਤੇ ਮਿਹਰਬਾਨੀ ਕਰਨ ਅਤੇ ਸੌਣ ਕਮਰਾ ਵਿਸਾਖਾ ਸਿੰਘ ਤੇ ਸੁਗਲੀ ਜੀ ਦੀ ਜੋੜੀ ਨੂੰ ਦੇ ਕੇ ਮੈਨੂੰ ਇਕੱਲਿਆਂ ਬੈਠਕ ਵਿਚ ਹੇਠਾਂ ਕਾਲੀਨ 'ਤੇ ਪੈਣ ਦੀ ਇਜਾਜ਼ਤ ਦੇ ਦੇਣ! ਮੈਂ ਦੱਸ ਦਿੱਤਾ ਕਿ ਮੈਨੂੰ ਫਰਸ਼ 'ਤੇ ਸੌਣ ਵਿਚ ਕੋਈ ਔਖਿਆਈ ਨਹੀਂ ਹੁੰਦੀ, ਪਰ ਬਿਸਤਰੇ 'ਤੇ ਕੋਈ ਨਾਲ ਪਿਆ ਹੋਵੇ ਤਾਂ ਮੈਂ ਸੌਂ ਨਹੀਂ ਸਕਦਾ। ਜਸਪਾਲ ਜੀ ਦੇ ਪੰਜਾਬੀ ਪ੍ਰਹੁਣਾਚਾਰੀ ਦੇ ਆਦਰਸ਼ ਨੂੰ ਭੁੰਜੇ ਸੌਣ ਵਾਲੀ ਗੱਲ ਜਚੀ ਤਾਂ ਕੋਈ ਨਾ, ਪਰ ਮੇਰਾ ਵਿਚਾਰਾ ਜਿਹਾ ਮੂੰਹ ਦੇਖ ਕੇ ਉਹ ਮੰਨ ਗਏ।

ਅਗਲੀ ਸਵੇਰ ਵਧੀਆ ਜਰਮਨ ਨਾਸ਼ਤਾ ਕਰ ਕੇ ਅਸੀਂ ਹਾਲੈਂਡ ਲਈ ਨਿਕਲ ਪਏ। ਉਥੇ ਅਸੀਂ ਜੁਗਿੰਦਰ ਬਾਠ ਕੋਲ ਜਾਣਾ ਸੀ ਜਿਸ ਦਾ ਸ਼ਹਿਰ ਐਨਸ਼ੇਡੇ ਜਰਮਨੀ ਵੱਲੋਂ ਜਾਂਦਿਆਂ ਹਾਲੈਂਡ ਦਾ ਪਹਿਲਾ ਸ਼ਹਿਰ ਪੈਂਦਾ ਹੈ। ਅੱਜ ਚਾਲਕ ਬਦਲ ਕੇ ਕੇਹਰ ਸ਼ਰੀਫ ਹੋ ਗਿਆ ਸੀ ਤੇ ਸਾਡਾ ਸਫਰ ਵੀ ਤੇਜ਼ ਰਾਹ ਤੋਂ ਨਹੀਂ, ਛੋਟੇ ਪਿੰਡਾਂ ਵਿਚ ਦੀ ਵੱਧ ਲੰਘ ਰਿਹਾ ਸੀ। ਸੜਕਾਂ ਦੇ ਦੋਵੇਂ ਪਾਸੇ ਮੱਕੀ ਦੇ ਝੁਲਸ ਰਹੇ ਖੇਤ ਦਿਸਦੇ ਸਨ।

"ਜੇ ਹੋਰ ਦੋ ਦਿਨ ਮੀਂਹ ਨਾ ਪਿਆ ਤਾਂ ਸਾਰੀ ਫਸਲ ਬਰਬਾਦ ਹੋ ਜਾਣੀ ਹੈ।" ਕੇਹਰ ਦੱਸ ਰਿਹਾ ਸੀ। ਯੂਰਪ ਵਿਚ ਏਨੀ ਗਰਮੀ! ਅਸੀਂ ਵਿਸ਼ਵੀ ਤਾਪ ਵਧਣ ਦਾ ਪ੍ਰਤੱਖ ਪ੍ਰਮਾਣ ਭੋਗ ਰਹੇ ਸਾਂ। ਪੈਂਡਾ ਇਹ ਵੀ ਦੋ ਕੁ ਘੰਟਿਆਂ ਦਾ ਹੀ ਸੀ, ਤੇ ਤੈਅ ਹੋਇਆ ਹੋਇਆ ਸੀ ਕਿ ਬਾਠ ਸਾਨੂੰ ਸਰਹੱਦ ਲਾਗੇ ਪੈਟਰੋਲ ਪੰਪ 'ਤੇ ਮਿਲੇਗਾ ਤਾਂ ਜੋ ਸਾਨੂੰ ਉਸ ਦਾ ਘਰ ਲੱਭਣਾ ਨਾ ਪਵੇ।

ਕੇਹਰ ਸ਼ਰੀਫ ਵਾਂਗ ਹੀ ਜੁਗਿੰਦਰ ਬਾਠ ਨਾਲ ਵੀ ਮੈਂ ਜਲੰਧਰ ਹੋਈ ਸਰਸਰੀ ਮੁਲਾਕਾਤ ਤੋਂ ਬਾਅਦ ਦੂਜੀ ਵੇਰ ਮਿਲਣਾ ਸੀ। ਮੇਰੇ ਚੇਤੇ ਵਿਚੋਂ ਸਰਸਰੀ ਮੁਲਾਕਾਤ ਵਾਲੇ ਚਿਹਰੇ ਛੇਤੀ ਭੁਰ ਜਾਂਦੇ ਹਨ; ਸੋ ਮੈਂ ਮਨ ਵਿਚ ਉਸ ਦੇ ਨਕਸ਼ ਉਘਾੜਨ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਉਹ ਆਪਣੇ ਛੋਟੇ ਪੁੱਤਰ ਸਮੇਤ ਆਣ ਹਾਜ਼ਰ ਹੋਇਆ। ਨਾ ਨਿੱਕਰ, ਨਾ ਪੈਂਟ ਜਾਪਦੇ ਪਿੰਨੀਆਂ ਤੀਕ ਲਮਕਦੇ ਪਜਾਮੇ ਵਿਚ ਜੁਗਿੰਦਰ ਹੇਠਲੇ ਹਿੱਸੇ ਤੋਂ ਮੁੰਡਾ-ਖੁੰਡਾ ਜਾਪ ਰਿਹਾ ਸੀ, ਧੜ ਤੋਂ ਗੋਗੜੀਲਾ ਲਾਲਾ। ਮਿਲਿਆ ਉਹ ਇੰਜ ਜਿਵੇਂ ਅਸੀਂ ਸਾਲਾਂ ਤੋਂ ਇਕ-ਦੂਜੇ ਦੇ ਜਾਣੂੰ ਹੋਈਏ। ਮਿੰਟਾਂ ਵਿਚ ਹੀ ਅਸੀਂ ਉਸ ਦੇ ਘਰ ਸਾਂ ਜਿਥੇ ਉਸ ਦੀ ਪਤਨੀ ਪਰਮਜੀਤ ਤੇ ਵੱਡਾ ਬੇਟਾ ਸਾਨੂੰ ਉਡੀਕ ਰਹੇ ਸਨ।

ਸਵੇਰ ਦੇ ਭਰਵੇਂ ਜਰਮਨ ਨਾਸ਼ਤੇ ਤੋਂ ਬਾਅਦ ਹੁਣ ਕੁਝ ਹੋਰ ਖਾਣ ਦੀ ਇੱਛਾ ਕਿਸੇ ਦੀ ਵੀ ਨਹੀਂ ਸੀ ਤੇ ਸੁਆਗਤੀ ਜੂਸ ਪੀ ਕੇ ਅਸੀਂ ਐਨਸ਼ੇਡੇ ਦੇਖਣ ਨਿਕਲ ਪਏ। ਸਬੱਬ ਨਾਲ ਉਸ ਦਿਨ ਉਥੇ ਬਾਜ਼ਾਰ ਦਾ ਦਿਨ ਸੀ, ਜਦੋਂ ਭਾਂਤ ਭਾਂਤ ਦੀਆਂ ਵਸਤਾਂ ਦੇ ਵਿਕ੍ਰੇਤਾ ਆਪੋ-ਆਪਣਾ ਸੌਦਾ-ਪੱਤਾ ਲੈ ਕੇ ਹਾਜ਼ਰ ਹੁੰਦੇ ਹਨ। ਵੱਡੀਆਂ ਮੌਲਾਂ (ਦੁਕਾਨ-ਸਮੂਹਾਂ) ਰਾਹੀਂ ਹੁੰਦੀ ਤਿਜਾਰਤ ਦੇ ਇਸ ਦੌਰ ਵਿਚ ਛੋਟੇ ਹਟਵਾਣੀਆਂ ਲਈ ਸ਼ਾਇਦ ਵਿਕਰੀ ਦਾ ਇਹੋ ਢੰਗ ਬਚਿਆ ਹੈ, ਤੇ ਵਣਜਾਰਿਆਂ ਵਾਂਗ ਉਹ ਅੱਡੋ ਅੱਡ ਦਿਨਾਂ ਨੂੰ ਸ਼ਹਿਰੋ-ਸ਼ਹਿਰ ਲੱਗਣ ਵਾਲੇ ਬਾਜ਼ਾਰਾਂ ਵਿਚ ਆਪਣੇ ਸਟਾਲ ਲਾਉਂਦੇ ਹਨ। ਇਸ ਬਾਜ਼ਾਰ ਵਿਚ ਸਭ ਕੁਝ ਵਿਕ ਰਿਹਾ ਸੀ: ਫਲ, ਫੁੱਲਾਂ ਤੋਂ ਲੈ ਕੇ ਸਬਜ਼ੀਆਂ, ਤੇ ਕੱਛੇ ਬੁਨੈਣਾਂ ਤੋਂ ਲੈ ਕੇ ਜੁੱਤੀਆਂ ਕੱਪੜਿਆਂ ਤਕ। ਇਸ ਤੋਂ ਪਹਿਲੀ ਰਾਤ ਜੁਗਿੰਦਰ ਵੀ ਇਹੋ ਜਿਹੇ ਕਿਸੇ ਹੋਰ ਬਾਜ਼ਾਰ ਵਿਚ ਨਿੱਕਰਾਂ ਬੁਨੈਣਾਂ ਤੋਂ ਚੰਗੀ ਵੱਟਕ ਕਰ ਕੇ ਮੁੜਿਆ ਸੀ। ਇਨ੍ਹਾਂ ਠੰਢੇ ਦੇਸ਼ਾਂ ਵਿਚ ਲੋਹੜੇ ਦੀ ਗਰਮੀ ਪੈ ਰਹੀ ਹੋਣ ਕਾਰਨ ਅਜਿਹੇ ਕੱਪੜਿਆਂ ਦੀ ਮੰਗ ਵਧੀ ਹੋਈ ਸੀ। ਬਾਜ਼ਾਰ ਦਾ ਚੱਕਰ ਲਾ ਕੇ ਅਸੀਂ ਸ਼ਹਿਰ ਦੇ ਮੁੱਖ ਚੌਕ ਵੱਲ ਆ ਗਏ ਜਿਥੇ ਯੂਰਪੀ ਰਿਵਾਜ ਮੁਤਾਬਕ ਸਿਰਫ ਪੈਦਲ ਆਵਾਜਾਈ ਦੀ ਇਜਾਜ਼ਤ ਸੀ। ਸਾਹਮਣੇ ਵੱਡਾ ਗਿਰਜਾ ਸੀ ਤੇ ਫਿਰ ਦੁਕਾਨਾਂ ਤੇ ਕੈਫੇ। ਕੋਈ ਕੰਪਨੀ ਆਪਣੀ ਮਸ਼ਹੂਰੀ ਲਈ ਆਈਸਕ੍ਰੀਮ ਦੇ ਕਿਸੇ ਨਵੇਂ ਸੁਆਦ ਦੀਆਂ ਕੱਪੀਆਂ ਮੁਫਤ ਵੰਡ ਰਹੀ ਸੀ; ਤੇ ਕਿਹੜਾ ਪੰਜਾਬੀ ਹੈ ਜੋ ਮੁਫਤ ਵੰਡੀਂਦੇ ਮਾਲ ਨੂੰ ਛੱਡ ਸਕਦਾ ਹੈ? ਅਸੀਂ ਇਕ ਨਹੀਂ, ਦੋ ਦੋ ਕੱਪੀਆਂ ਨੂੰ ਭਾਗ ਲਾਏ। ਇਥੇ ਹੀ ਇਕ ਨੇੜਲੀ ਗਲੀ ਵਿਚ ਜੁਗਿੰਦਰ ਕਈ ਸਾਲ ਦੇਸੀ ਰੈਸਟੋਰੈਂਟ ਚਲਾਉਂਦਾ ਰਿਹਾ ਸੀ ਜਿਸ ਦਾ ਹੁਣ ਉਹ ਭੋਗ ਪਾ ਚੁਕਾ ਸੀ। ਉਹ ਮੈਨੂੰ ਯੂਰੋ ਦੀ ਸਾਂਝੀ ਕਰੰਸੀ ਲਾਗੂ ਹੋਣ ਤੋਂ ਬਾਅਦ ਵਧੀ ਮਹਿੰਗਾਈ, ਪਿਸਦੀ ਆਰਥਿਕਤਾ ਅਤੇ ਯੂਰਪੀ ਕਾਮਿਆਂ ਦੀ ਅਸੁਰੱਖਿਆ ਬਾਰੇ ਦੱਸ ਰਿਹਾ ਸੀ ਕਿ ਬੂੰਦਾਂ ਪੈਣ ਲੱਗ ਪਈਆਂ। ਇੰਨੇ ਦਿਨਾਂ ਦੀ ਤਪਸ਼ ਤੋਂ ਬਾਅਦ ਮੀਂਹ ਦਾ ਅੱਖ ਮਟੱਕਾ ਬੜਾ ਸੁਖਾਵਾਂ ਲੱਗਾ।

"ਇਹ ਮੀਂਹ ਸਾਡਾ ਸ਼ਾਮ ਦਾ ਪ੍ਰੋਗਰਾਮ ਨਾ ਖਰਾਬ ਕਰ ਦੇਵੇ, ਅਸੀਂ ਤੈਨੂੰ ਖੂਹ 'ਤੇ ਲੈ ਕੇ ਜਾਣੈ।" ਜੁਗਿੰਦਰ ਨੇ ਆਪਣੇ ਫਿਕਰ ਦਾ ਇਜ਼ਹਾਰ ਕੀਤਾ।

"ਕਿਹੜੇ ਖੂਹ 'ਤੇ?" ਮੈਨੂੰ ਕੁਝ ਸਮਝ ਨਾ ਪਈ।

"ਇਹ ਤੈਨੂੰ ਸ਼ਾਮੀਂ ਪਤਾ ਲੱਗੂ। ਬਸ ਤੂੰ ਦੇਖੀ ਜਾਹ।"

ਜੁਗਿੰਦਰ ਆਪਣੇ ਆਪ ਨੂੰ ਖੁਦ ਹੀ 'ਮੋਗੇ ਦਾ ਮਰਾਸੀ' ਕਹਿੰਦਾ ਹੈ। ਸੰਜੀਦਾ ਗੱਲ ਕਰਦਿਆਂ ਵਿਚੇ ਹੀ ਕੁਝ ਅਜਿਹੀ ਸੁਰਲੀ ਛੱਡ ਦਿੰਦਾ ਹੈ ਕਿ ਮੇਰੇ ਵਰਗੇ ਹਾਸ-ਸਮਝ ਤੋਂ ਊਣੇ ਆਦਮੀ ਨੂੰ ਲੀਹੋਂ ਲਾਹ ਦਿੰਦਾ ਹੈ। ਰੱਬ ਜਾਣੇ ਇਸ ਯੂਰਪੀ ਸ਼ਹਿਰ ਵਿਚ ਉਹ ਕਿਹੜੇ ਖੂਹ ਦੀ ਗੱਲ ਕਰ ਰਿਹਾ ਸੀ!

ਘਰ ਮੁੜਨ ਤਕ ਮੀਂਹ ਤੇਜ਼ ਹੋ ਗਿਆ। ਜੁਗਿੰਦਰ ਦੇ ਘਰ ਦੇ ਪਿਛਵਾੜੇ ਅਧਛੱਤੀ ਥਾਂ ਹੇਠ ਬਹਿ ਕੇ ਸਾਰੇ ਮੀਂਹ ਦੇ ਨਾਲ ਨਾਲ ਬੀਅਰ ਦਾ ਅਨੰਦ ਲੈਣ ਬਹਿ ਗਏ। ਸਾਡੇ ਕੋਲ ਹੀ ਡਰੰਮ ਪਿਆ ਸੀ, ਮੀਂਹ ਦਾ ਸਾਰਾ ਪਾਣੀ ਘਰ ਦੀਆਂ ਛੱਤਾਂ ਤੋਂ ਵਗਦਾ ਹੋਇਆ ਇਕ ਪਾਈਪ ਵਿਚ ਇਕੱਠਾ ਹੋ ਕੇ ਇਸ ਡਰੰਮ ਵਿਚ ਪੈ ਰਿਹਾ ਸੀ।

ਜੁਗਿੰਦਰ ਨੇ ਦੱਸਿਆ, "ਮੀਂਹ ਦੇ 'ਕੱਠੇ ਹੋਏ ਇਸ ਪਾਣੀ ਨਾਲ ਹੀ ਪਿਛਵਾੜੇ ਲੱਗੇ ਬੂਟਿਆਂ ਨੂੰ ਸਿੰਜਿਆ ਜਾਂਦਾ ਹੈ।" ਮੈਨੂੰ ਯਾਦ ਆਇਆ ਕਿ ਵਿਸਾਖਾ ਸਿੰਘ ਦੇ ਜਰਮਨ ਘਰ ਵਿਚ ਵੀ ਇਹੋ ਇੰਤਜ਼ਾਮ ਸੀ। ਇਨ੍ਹਾਂ ਮੁਲਕਾਂ ਵਿਚ ਰੱਜਵਾਂ ਮੀਂਹ ਪੈਂਦਾ ਹੈ, ਵੱਸੋਂ ਥੋੜ੍ਹੀ ਤੇ ਮੌਸਮ ਠੰਢਾ ਹੋਣ ਕਾਰਨ ਪਾਣੀ ਦੀ ਖਪਤ ਵੀ ਘੱਟ ਹੈ; ਤਾਂ ਵੀ ਇਹ ਲੋਕ ਪਾਣੀ ਨੂੰ ਅਜਾਈਂ ਜਾਇਆ ਨਹੀਂ ਹੋਣ ਦਿੰਦੇ। ਸਾਡੇ ਸੋਕੇ ਅਤੇ ਪਾਣੀ ਦੀ ਕਿੱਲਤ ਮਾਰੇ ਦੇਸ ਵਿਚ ਇਸ ਗੱਲ ਵੱਲ ਸਰਕਾਰ ਤੇ ਜਨਤਾ ਧਿਆਨ ਕਦੋਂ ਦੇਣਾ ਸ਼ੁਰੂ ਕਰੇਗੀ!

"ਸਾਡਾ ਖੂਹ 'ਤੇ ਬਾਰ-ਬੀ-ਕਿਊ ਦਾ ਪ੍ਰੋਗਰਾਮ ਹੀ ਨਾ ਜਾਂਦਾ ਰਹੇ।" ਜੁਗਿੰਦਰ ਨੇ ਮੁੜ ਖਦਸ਼ਾ ਜ਼ਾਹਰ ਕੀਤਾ। ਹੁਣ ਮੈਂ ਅੰਦਾਜ਼ਾ ਲਾ ਲਿਆ ਕਿ ਸ਼ਾਮ ਨੂੰ ਕਿਸੇ ਖੁੱਲ੍ਹੀ ਥਾਂ ਮਹਿਫਿਲ ਲਾਉਣ ਦਾ ਪ੍ਰੋਗਰਾਮ ਹੈ।

ਜੁਗਿੰਦਰ ਅਜਿਹੇ ਘਰ ਵਿਚ ਰਹਿੰਦਾ ਹੈ ਜਿਸ ਨੂੰ ਕਤਾਰ ਵਿਚਲਾ ਘਰ (ਰੋਅ ਹਾਊਸ) ਕਹਿੰਦੇ ਹਨ। ਇਕ ਦੂਜੇ ਨਾਲ ਜੁੜੀਆਂ ਕੰਧਾਂ ਵਾਲੇ ਸੁਤੰਤਰ ਘਰ ਜਿਹੜੇ ਆਮ ਤੌਰ 'ਤੇ ਦੋ ਮੰਜ਼ਲੇ ਹੁੰਦੇ ਹਨ। ਮੈਂ ਘਰ ਦਾ ਸਰਵੇਖਣ ਕਰਨ ਖਿਸਕ ਗਿਆ: ਹੇਠਲੀ ਮੰਜ਼ਲ ਵਿਚ ਰਸੋਈ, ਟਾਇਲਟ ਤੇ ਬੈਠਕ, ਪੌੜੀਆਂ ਚੜ੍ਹਦਿਆਂ ਹੀ ਦੋ ਸੌਣ ਕਮਰੇ ਤੇ ਵੱਡਾ ਗੁਸਲਖਾਨਾ ਤੇ ਹੋਰ ਪੌੜੀਆਂ ਚੜ੍ਹ ਕੇ ਸਿਖਰਲੀਆਂ ਦੋ ਢਾਲਵੀਆਂ ਛੱਤਾਂ ਹੇਠ ਵਲੀ ਪੜਛੱਤੀ ਜਿਸ ਵਿਚ ਘਰ ਦਾ ਨਿੱਕ-ਸੁੱਕ ਪਿਆ ਸੀ, ਤੇ ਹਵਾ/ਚਾਨਣੇ ਲਈ ਅਸਮਾਨ ਵੱਲ ਖੁੱਲ੍ਹਦੀ ਖਿੜਕੀ ਸੀ। ਮੈਂ ਆਪਣਾ ਰੈਣ ਬਸੇਰਾ ਮਿਥ ਲਿਆ।

ਹੇਠਾਂ ਪਰਮਜੀਤ ਰਸੋਈ ਵਿਚ ਰੁਝੀ ਹੋਈ ਸੀ। "ਭੈਣ ਜੀ, ਮੈਂ ਰਾਤ ਉਤਲੀ ਪੜਛੱਤੀ ਵਿਚ ਸਵਾਂਗਾ।" ਮੈਂ ਤਕਰੀਬਨ ਫੈਸਲਾ ਹੀ ਸੁਣਾ ਦਿੱਤਾ। "ਪਰ ਭਾ ਜੀ, ਉਥੇ ਤਾਂ ਬੈੱਡ ਵੀ ਨਹੀਂ ਤੇ ਗਰਮੀ ਵੀ ਬੜੀ ਹੈ। ਬੱਚੇ ਸਾਡੇ ਨਾਲ ਸੌਂਣਗੇ, ਤੁਸੀਂ ਸਾਰੇ ਉਨ੍ਹਾਂ ਦੇ ਕਮਰੇ ਵਿਚ ਸਵੋਂ।" ਪਰਮਜੀਤ ਨੂੰ ਸ਼ਾਇਦ ਹੈਰਾਨੀ ਹੋਈ ਕਿ ਇਹ ਕਿਹੋ ਜਿਹਾ ਮਹਿਮਾਨ ਹੈ ਜੋ ਪੜਛੱਤੀਆਂ ਪੜਤਾਲਦਾ ਫਿਰਦਾ ਹੈ।

"ਤੁਸੀਂ ਕਿਸੇ ਗੱਲ ਦਾ ਫਿਕਰ ਨਾ ਕਰੋ। ਮੀਂਹ ਪੈਣ ਨਾਲ ਗਰਮੀ ਘਟ ਗਈ ਹੈ ਤੇ ਮੈਨੂੰ ਭੁੰਜੇ ਸੌਣ ਵਿਚ ਕੋਈ ਔਖਿਆਈ ਨਹੀਂ ਹੁੰਦੀ। ਨਾਲ ਹੀ ਮੈਂ ਪਿਛਲੀ ਰਾਤ ਜਸਪਾਲ ਕੌਰ ਨੂੰ ਦੱਸੀ ਆਪਣੀ ਵਿਅਥਾ-ਕਥਾ ਪਰਮਜੀਤ ਕੋਲ ਦੁਹਰਾ ਦਿੱਤੀ।

"ਜਿਵੇਂ ਤੁਹਾਡੀ ਮਰਜ਼ੀ।" ਇਹੋ ਜਿਹੇ ਅੜੀਅਲ ਨੂੰ ਪਰਮਜੀਤ ਕੌਰ ਹੋਰ ਆਖਦੀ ਵੀ ਭਲਾ ਕੀ!

ਰਾਤ ਦੇ ਫਿਕਰ ਤੋਂ ਸੁਰਖਰੂ ਹੋ ਕੇ ਮੈਂ ਵਾਪਸ ਮਹਿਫਿਲ ਵਿਚ ਆਣ ਰਲਿਆ। ਹੁਣ ਮੌਸਮ ਮੈਨੂੰ ਹੋਰ ਰੰਗੀਨ ਹੋ ਗਿਆ ਜਾਪਿਆ।

# ਟੁੱਟ ਰਹੀ ਸਾਹਾਂ ਦੀ ਤੰਦ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਨੇ ਮਾਂ ਦੀ ਮਮਤਾ ਅਤੇ ਉਸ ਦੇ ਤੁਰ ਜਾਣ ਉਪਰੰਤ ਪੈਦਾ ਹੋਏ ਖਲਾਅ ਦੀ ਗੱਲ ਕੀਤੀ ਸੀ। ਉਨ੍ਹਾਂ ਦੇ ਸ਼ਬਦਾਂ ਵਿਚੋਂ ਅਜਿਹਾ ਦਰਦ ਉਭਰਦਾ ਹੈ ਕਿ ਸ਼ਬਦ ਸਿੰਮਦੇ ਮਹਿਸੂਸ ਹੁੰਦੇ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬਜ਼ੁਰਗਾਂ ਦਾ ਆਦਰ ਮਾਣ ਕਰਨ ਦੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਬੱਚੇ ਜਦ ਬਜ਼ੁਰਗਾਂ ਦੇ ਚਾਅ ਮਨਾਉਂਦੇ ਨੇ ਤਾਂ ਮਾਪਿਆਂ ਦੀ ਉਮਰ ਵਧ ਜਾਂਦੀ ਏ ਅਤੇ ਉਨ੍ਹਾਂ ਦੇ ਸਾਹਾਂ ਵਿਚ ਰਵਾਨਗੀ ਤੇ ਜਿਉਣ ਦਾ ਚਾਅ ਮਿਉਂਦਾ ਨਹੀਂ। ਉਨ੍ਹਾਂ ਲਈ ਜਿਉਣਾ ਇਕ ਮੇਲਾ।...ਬਜ਼ੁਰਗਾਂ ਦੀ ਬੇਇਜ਼ਤੀ, ਨਾ-ਮੁਆਫੀਯੋਗ ਗੁਨਾਹ, ਨਾ ਬਖਸ਼ਿਆ ਜਾਣ ਵਾਲਾ ਪਾਪ। ਉਨ੍ਹਾਂ ਦੀ ਬੇਹੁਰਮਤੀ ਵਿਚ ਸਾਡੀ ਨੀਚਤਾ, ਜੱਗ-ਜ਼ਾਹਰ। ਯਾਦ ਰੱਖਣਾ, ਬਜ਼ੁਰਗਾਂ ਨੇ ਸਦਾ ਬੈਠੇ ਨਹੀਂ ਰਹਿਣਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮੌਤ ਦੀ ਭਿਆਨਕਤਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਬਹੁਤ ਦੁੱਖਦਾਈ ਹੁੰਦਾ ਹੈ, ਕਿਸੇ ਪਿਆਰੇ ਦਾ ਤੁਰ ਜਾਣਾ।...ਪਲ ਪਲ ਕਰਕੇ ਕਿਰਦੇ ਸਾਹਾਂ ਦੀ ਵੇਦਨਾ, ਉਮਰ ਦੀ ਦਹਿਲੀਜ 'ਤੇ ਛਿੜਕਿਆ ਦਰਦ। ਅੱਖਾਂ ਸਾਹਵੇਂ ਪਿਆਰੇ ਦੀ ਸਦੀਵੀ ਉਡਾਰੀ 'ਚ ਉਸ ਦੇ ਪਰਤਣ ਦੀ ਮੋਈ ਆਸ, ਤੁਹਾਡੀਆਂ ਕਰਮ-ਰੇਖਾਵਾਂ 'ਚ ਤਿੜਕਣ ਬੀਜ ਜਾਂਦੀ ਏ। -ਸੰਪਾਦਕ*

ਤੜਕਸਾਰ ਦਾ ਸਮਾਂ। ਸਵੇਰ ਦੇ ਤਿੰਨ ਵਜੇ ਨੇ। ਅੱਬੜਵਾਹੇ ਉਠਦਾ ਹਾਂ। ਮਾਂ ਨੂੰ ਲੱਗੀ ਹੋਈ ਅੱਚਵੀ ਅਤੇ ਆ ਰਿਹਾ ਔਖਾ ਸਾਹ। ਬਰਫ 'ਚ ਲੱਗੇ ਪੈਰ। ਬਹੁਤ ਧੀਮੀ ਚੱਲ ਰਹੀ ਨਬਜ਼। ਨੀਮ ਬੇਹੋਸ਼ੀ 'ਚ ਕੁਝ ਬੁੜਬੁੜਾਉਂਦੀ। ਹੱਥ ਦੇ ਇਸ਼ਾਰੇ ਨਾਲ 'ਕੁਝ ਨਹੀਂ ਹੋਇਆ' ਸਮਝਾਉਂਦੀ, ਪਰ ਅਸਲ 'ਚ ਮਾਂ ਹੌਲੀ ਹੌਲੀ ਸਾਥੋਂ ਦੂਰ ਜਾ ਰਹੀ। ਸਰੀਰ ਵਿਚ ਜਿਵੇਂ ਦਮ ਹੀ ਨਾ ਹੋਵੇ। ਅਜੇ ਚਾਰ ਦਿਨ ਪਹਿਲਾਂ ਤਾਂ ਭਤੀਜੇ ਦੇ ਵਿਆਹ 'ਚ ਡੰਗੋਰੀ ਖੜਕਾਉਂਦੀ ਰਹੀ ਸੀ ਅਤੇ ਕੱਲ ਹੀ ਪਿੰਡ ਵਿਆਹ ਦੀ ਭਾਜੀ ਵੰਡ ਕੇ ਆਈ ਏ। ਪਤਾ ਨਹੀਂ ਦੋ ਕੁ ਦਿਨਾਂ 'ਚ ਸਦੀਵੀ ਯਾਤਰਾ ਦੇ ਰਾਹ ਤੁਰਨ ਲਈ ਤਿਆਰ ਲੱਗਦੀ ਏ ਮਾਂ। ਡਾਕਟਰ ਨੂੰ ਨਬਜ਼ ਨਹੀਂ ਲੱਭਦੀ। ਡਾਕਟਰ ਦਾ ਕਹਿਣਾ ਏ, "ਦਿਲ ਦੀ ਧੜਕਣ ਹੌਲੀ ਹੌਲੀ ਬੰਦ ਹੋ ਰਹੀ ਏ। ਮੈਂ ਬੇਬੱਸ ਹਾਂ। ਕੋਸ਼ਿਸ਼ ਕਰ ਲਓ। ਦਿਲ ਦੇ ਰੋਗਾਂ ਦੇ ਹਸਪਤਾਲ ਲੈ ਜਾਓ, ਸ਼ਾਇਦ ਬਚ ਜਾਵੇ। ਪਰ ਪਹੁੰਚ ਗਈ ਤਾਂ...!"

ਡਾਕਟਰ ਨੂੰ ਪਤਾ ਏ ਕਿ ਮਾਂ ਆਖਰੀ ਸਫਰ 'ਚ ਏ ਅਤੇ ਉਸ ਦੇ ਸਾਹਾਂ ਦੀ ਤੰਦ ਹੌਲੀ ਹੌਲੀ ਟੁੱਟ ਰਹੀ ਪਰ ਉਹ ਸਾਡਾ ਦਿਲ ਨਹੀਂ ਤੋੜਨਾ ਚਾਹੁੰਦਾ। ਮਾਂ ਦੇ ਨਾਲ ਨਾਲ ਹੀ ਟੁੱਟ ਰਹੇ ਨੇ ਸਾਹਾਂ ਵਰਗੇ ਸਬੰਧ, ਜਿਗਰੇ ਜਿਹੀਆਂ ਰਿਸ਼ਤੇਦਾਰੀਆਂ ਅਤੇ ਉਮਰਾਂ ਵਰਗੀਆਂ ਸਾਂਝਾਂ। ਹੂੰਗਰ ਵਰਗੇ ਸਾਹ ਲੈਂਦੀ ਮਾਂ ਹਸਪਤਾਲ ਤਾਂ ਪਹੁੰਚ ਜਾਂਦੀ ਏ ਅਤੇ ਆਖਰੀ ਸਾਹ ਡਾਕਟਰ ਦੀ ਹਾਜਰੀ ਵਿਚ ਲੈਂਦੀ ਏ। ਸ਼ਾਇਦ ਉਸ ਦੇ ਆਖਰੀ ਵਕਤ ਦਾ ਨਿਸ਼ਚਿਤ ਸਮਾਂ, ਸਥਾਨ ਅਤੇ ਸਬੱਬ ਮਿਲ ਗਏ ਸਨ। ਮਾਂ ਆਖਰੀ ਸਾਹ ਸਮੇਟਦੀ, ਦੁਨਿਆਵੀ ਸਫਰ ਨੂੰ ਪੂਰਾ ਕਰ, ਵੱਸਦੇ ਰਸਦੇ ਪਰਿਵਾਰ ਨੂੰ ਦੁਆਵਾਂ ਦਿੰਦੀ, ਕੁਝ ਪੂਰਨ ਅਤੇ ਕੁਝ ਅਪੂਰਨ ਆਸਾਂ ਦੀ ਝੋਲ ਭਰ, ਸੁਪਨਿਆਂ ਦੇ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਜਾਂਦੀ ਏ।

ਬੜਾ ਦੁਖਦਾਈ ਹੁੰਦਾ ਏ, ਕਿਸ ਪਿਆਰੇ ਦਾ ਰੇਤ ਵਾਂਗ ਤੁਹਾਡੇ ਹੱਥਾਂ 'ਤੋਂ ਕਿਰ ਜਾਣਾ। ਵਿੰਹਦਿਆਂ ਵਿੰਹਦਿਆਂ ਛਪਨ ਹੋ ਜਾਣਾ। ਤੁਹਾਡੇ ਸਾਹਵੇਂ ਅਲੋਪ ਹੋ ਜਾਣਾ ਅਤੇ ਆਪਣੇ ਆਪ ਨੂੰ ਇਕ ਖਲਾਅ ਦੀ ਪੂਰਤੀ ਲਈ ਉਲਝਾਉਣਾ।

ਜ਼ਿੰਦਗੀ ਦੇਣ ਵਾਲੇ ਪਲ ਤਾਂ ਇਕ ਸੁਖਨ ਹੁਲਾਰਾ, ਪਰ ਜ਼ਿੰਦਗੀ ਲੈਣ ਵਾਲੇ ਪਲ ਸਾਹਾਂ ਦੀ ਤਲੀ 'ਤੇ ਦਰਦ ਕੁਆਰਾ। ਸਾਹਾਂ 'ਚ ਆਹਾਂ ਉਗਾਉਣਾ, ਜ਼ਿੰਦਗੀ ਨੂੰ ਆਪਣੇ ਹੱਥੀਂ ਸਮੇਟਣਾ।

ਤੁਰਦੇ ਪਲਾਂ ਨੂੰ ਕਿਸੇ ਨਾ ਫੜਿਆ ਅਤੇ ਨਾ ਹੀ ਕਿਸੇ ਨੇ ਭਵਿੱਖ ਦਾ ਮੱਥਾ ਪੜ੍ਹਿਆ। ਪਲ ਪਲ ਕਰਕੇ ਆਉਂਦੀ ਮੌਤ ਦਾ ਪ੍ਰਛਾਵਾਂ, ਜ਼ਰਦ ਪਲਾਂ ਦੀਆਂ ਵਿਛੀਆਂ ਛਾਂਵਾਂ।

ਬਿਰਖ ਦੀ ਅਉਧ, ਉਸ ਦੇ ਪੱਤਿਆਂ, ਫਲਾਂ ਅਤੇ ਫੁੱਲਾਂ ਸਦਕਾ। ਪੱਤਰ ਵਿਹੂਣਾ ਬਿਰਖ, ਕਾਹਦੀ ਆਸ ਬੰਨਾਵੇ, ਕਿਹੜੀ ਰੁੱਤੋਂ ਫੁੱਲ ਲਿਆਵੇ ਅਤੇ ਕਿਹੜੇ ਵਿਹੜਿਆਂ 'ਚੋਂ ਫਲਾਂ ਦਾ ਸੰਧਾਰਾ ਲੈ ਕੇ ਆਵੇ! ਨੰਗੇ ਬਿਰਖ ਤੋਂ ਤਾਂ ਪਰਿੰਦੇ ਵੀ ਡਰਦੇ ਅਤੇ ਇਕ ਹਉਕਾ ਫਿਜ਼ਾ ਦੇ ਨਾਮ ਕਰਦੇ। ਜੇ ਬਿਰਖ ਹੀ ਤੁਰ ਜਾਵੇ ਤਾਂ ਜੰਗਲ 'ਚ ਵਿਛਦੀ ਸੋਗ ਦੀ ਸਫ।

ਪਲ ਪਲ ਕਰਕੇ ਕਿਰਦੇ ਸਾਹਾਂ ਦੀ ਵੇਦਨਾ, ਉਮਰ ਦੀ ਦਹਿਲੀਜ 'ਤੇ ਛਿੜਕਿਆ ਦਰਦ। ਅੱਖਾਂ ਸਾਹਵੇਂ ਪਿਆਰੇ ਦੀ ਸਦੀਵੀ ਉਡਾਰੀ 'ਚ ਉਸ ਦੇ ਪਰਤਣ ਦੀ ਮੋਈ ਆਸ, ਤੁਹਾਡੀਆਂ ਕਰਮ-ਰੇਖਾਵਾਂ 'ਚ ਤਿੜਕਣ ਬੀਜ ਜਾਂਦੀ ਏ।

ਬਹੁਤ ਔਖਾ ਹੁੰਦਾ ਏ, ਉਮਰ ਲਈ ਲੋਚਦੇ ਸਾਹਾਂ ਦੀ ਡੋਰ ਦਾ ਅੱਧਵਾਟੇ ਟੁੱਟ ਜਾਣਾ ਅਤੇ ਸਾਰੀ ਉਮਰ ਦਾ ਪਛਤਾਵਾ, ਅਧੂਰੇ ਦੇ ਨਾਂਵੇਂ ਕਰ ਜਾਣਾ। ਸੁਪਨੇ ਬੀਜਣ ਦੀ ਰੁੱਤੇ ਜਦ ਸੁਪਨਿਆਂ ਦੀ ਅਰਥੀ ਦਾ ਭਾਰ ਢੋਣਾ ਪਵੇ ਤਾਂ ਸੰਤਾਪੇ ਸੁਪਨੇ ਨੂੰ ਸੁਪਨੇ ਕਹਿਣਾ ਹੀ ਸਭ ਤੋਂ ਵੱਡਾ ਗੁਨਾਹ ਬਣ ਜਾਂਦਾ ਏ। ਅਲ੍ਹੜ ਉਮਰੇ ਜਦ ਸਾਹ ਬੇਵਫਾ ਹੋ ਜਾਣ ਤਾਂ ਰੱਬ ਨੂੰ ਉਲਾਹਮਾ ਦੇਣ ਨੂੰ ਜੀਅ ਕਰਦਾ ਏ। ਐਕਸੀਡੈਂਟ 'ਚ ਸਿਰ ਦੀ ਸੱਟ ਲੱਗਣ ਕਾਰਨ, ਸੋਲਾਂ ਸਾਲ ਦਾ ਜੁਆਕ ਬੇਸੁਰਤ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਵਿਚ ਦਾਖਲ। ਮਾਂ-ਬਾਪ, ਭੈਣ-ਭਰਾ ਅਤੇ ਸਕੇ ਸਬੰਧੀਆਂ ਨੂੰ ਨੇੜੇ ਜਾਣ ਦੀ ਮਨਾਹੀ। ਬੇਹੋਸ਼ੀ ਟੁੱਟਣ ਦਾ ਨਾਮ ਨਹੀਂ ਲੈ ਰਹੀ ਅਤੇ ਸੁੱਕ ਰਹੇ ਨੇ ਹਰ ਇਕ ਦੀਆਂ ਆਂਦਰਾਂ ਦੇ ਸਾਹ। ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਨੇ ਅਤੇ ਕਈ ਦਿਨਾਂ ਦੀ ਜਦੋ-ਜਹਿਦ ਤੋਂ ਬਾਅਦ ਆਖਰ ਜ਼ਿੰਦਗੀ ਹਾਰ ਗਈ ਅਤੇ ਮੌਤ ਜਿੱਤ ਗਈ। ਇਕ ਸੁਪਨਾ ਸਦਾ ਲਈ ਟੁੱਟ ਗਿਆ। ਇਕ ਆਸ ਬੇਆਸ ਹੋ ਗਈ। ਆਸਥਾ ਬੇਹੀ ਹੋ ਗਈ ਅਤੇ ਚਾਵਾਂ ਦੀ ਦੁਨੀਆਂ 'ਚ ਵੀਰਾਨਗੀ।

**ਅਲ੍ਹੜ ਉਮਰੇ ਜਦ ਸਾਹ ਬੇਵਫਾ ਹੋ ਜਾਣ ਤਾਂ ਰੱਬ ਨੂੰ ਉਲਾਹਮਾ ਦੇਣ ਨੂੰ ਜੀਅ ਕਰਦਾ ਏ। ਐਕਸੀਡੈਂਟ 'ਚ ਸਿਰ ਦੀ ਸੱਟ ਲੱਗਣ ਕਾਰਨ, ਸੋਲਾਂ ਸਾਲ ਦਾ ਜੁਆਕ ਬੇਸੁਰਤ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਵਿਚ ਦਾਖਲ। ਮਾਂ-ਬਾਪ, ਭੈਣ-ਭਰਾ ਅਤੇ ਸਕੇ ਸਬੰਧੀਆਂ ਨੂੰ ਨੇੜੇ ਜਾਣ ਦੀ ਮਨਾਹੀ। ਬੇਹੋਸ਼ੀ ਟੁੱਟਣ ਦਾ ਨਾਮ ਨਹੀਂ ਲੈ ਰਹੀ ਅਤੇ ਸੁੱਕ ਰਹੇ ਨੇ ਹਰ ਇਕ ਦੀਆਂ ਆਂਦਰਾਂ ਦੇ ਸਾਹ। ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਨੇ ਅਤੇ ਕਈ ਦਿਨਾਂ ਦੀ ਜਦੋ-ਜਹਿਦ ਤੋਂ ਬਾਅਦ ਆਖਰ ਜ਼ਿੰਦਗੀ ਹਾਰ ਗਈ ਅਤੇ ਮੌਤ ਜਿੱਤ ਗਈ। ਇਕ ਸੁਪਨਾ ਸਦਾ ਲਈ ਟੁੱਟ ਗਿਆ। ਇਕ ਆਸ ਬੇਆਸ ਹੋ ਗਈ।**

ਜਦ ਕੋਈ ਅਣਕਿਆਸਿਆ ਅਤੇ ਅਣਕਿਹਾ ਵਾਪਰਦਾ ਏ ਤਾਂ ਬਹੁਤ ਕੁਝ ਤਿੜਕ ਜਾਂਦਾ ਏ। ਟੁੱਟ ਜਾਂਦੇ ਨੇ ਤਸੱਵਰ, ਲੀਰੋ-ਲੀਰ ਹੋ ਜਾਂਦੇ ਨੇ ਵਿਸਮਾਦੀ ਚਾਅ, ਉਗ ਆਉਂਦਾ ਏ ਵੱਸਦੇ ਚੌਕਿਆਂ 'ਚ ਘਾਹ, ਜਿਊਣਾ ਤੁਰ ਪੈਂਦਾ ਏ ਕਬਰਾਂ ਦੇ ਰਾਹ ਅਤੇ ਜ਼ਰਦੀ ਰੰਗਤ ਵਿਚ ਰੰਗੀ ਜਾਂਦੀ ਏ ਸੁਰਖ-ਭਾਅ। ਅਕਾਰਥ ਜਾਪਦਾ ਏ ਜੀਣਾ ਅਤੇ ਸਿਰਫ ਜਿਉਣ ਲਈ ਪੈਂਦਾ ਏ ਹਿਰਖ-ਸੋਗ ਦਾ ਘੁੱਟ ਪੀਣਾ।

ਅਜਿਹੇ ਸੋਗ 'ਚੋਂ ਉਭਰਨਾ, ਕੰਡਿਆਲੇ ਰਾਹਾਂ ਦੀ ਪੈੜ ਵਰਗਾ, ਉਜਾੜ ਬੀਆਬਾਨ 'ਚ ਮੰਗੀ ਹੋਈ ਖੈਰ ਵਰਗਾ, ਅਣਸੁਣੇ ਕਮਾਏ ਹੋਏ ਵੈਰ ਵਰਗਾ ਅਤੇ ਐਟਮ ਬੰਬਾਂ ਦੀ ਮਾਰ ਹੇਠ ਆਏ ਹੋਏ ਸ਼ਹਿਰ ਵਰਗਾ।

ਮੇਰਾ ਬਹੁਤ ਪਿਆਰਾ ਵਿਦਿਆਰਥੀ ਹੈ। ਜੀਵਨ 'ਚ ਬਹੁਤ ਵੱਡੀ ਅਤੇ ਲੰਮੀ ਜਦੋਜਹਿਦ ਤੋਂ ਬਾਅਦ ਕੁਦਰਤ ਨੇ ਸਭ ਨਿਆਮਤਾਂ ਦਿੱਤੀਆਂ ਹੋਈਆਂ ਹਨ। ਖੁਸ਼ੀਆਂ ਖੇੜਿਆਂ ਭਰਪੂਰ ਜ਼ਿੰਦਗੀ ਜਿਉਂਦਾ, ਉਹ ਆਪਣੇ ਇਲਾਕੇ, ਮਾਪਿਆਂ ਅਤੇ ਬਿਗਾਨੇ ਦੇਸ਼ ਲਈ ਇਕ ਮਾਣ ਏ। ਬੜਾ ਮਨ ਪ੍ਰਸੰਨ ਹੁੰਦਾ, ਉਸ ਨੂੰ ਮਿਲ ਕੇ। ਅਚਾਨਕ ਹੀ ਉਸ ਦੀ ਢਾਈ ਕੁ ਸਾਲ ਦੀ ਬੱਚੀ ਦੇ ਫੇਫੜੇ ਵਿਚ ਕੈਂਸਰ ਦਾ ਪਤਾ ਲੱਗਦਾ ਏ। ਜਦ ਬਿਹਤਰੀਨ ਇਲਾਜ ਨਾਲ ਵੀ ਉਸ ਦਾ ਬਚਣਾ ਅਸੰਭਵ ਹੋ ਗਿਆ ਤਾਂ ਬੱਚੀ ਦੇ ਦਰਦ ਨੂੰ ਘਟਾਉਣ ਅਤੇ ਤੜਫਣੀ ਤੋਂ ਨਿਜਾਤ ਪਾਉਣ ਲਈ ਡਾਕਟਰਾਂ ਨੇ ਮਾਰਫੀਨ ਦੇ ਟੀਕੇ ਲਾਉਣੇ ਸ਼ੁਰੂ ਕਰ ਦਿਤੇ। ਅੱਖਾਂ 'ਚ ਜੰਮ ਚੁਕੇ ਅੱਥਰੂ ਅਤੇ ਛਾਤੀ 'ਚ ਮਰ ਚੁਕੀਆਂ ਹਿਚਕੀਆਂ ਦਾ ਭਾਰ ਢੋ ਰਹੀ ਬੱਚੀ ਦੀ ਮਾਂ ਦਾ ਕਹਿਣਾ ਸੀ, "ਮੈਂ ਆਪਣੀ ਕੁੱਖੋਂ ਜਾਈ ਦੀ ਮੌਤ ਦੀ ਦੁਆ ਨਹੀਂ ਸੀ ਬਣਨਾ ਚਾਹੁੰਦੀ ਅਤੇ ਮੇਰੇ ਕੋਲੋਂ ਮਾਰਫੀਨ ਦਾ ਟੀਕਾ ਕਈ ਦਿਨ ਨਾ ਲੱਗਿਆ ਕਿਉਂਕਿ ਮਾਰਫੀਨ ਦੇ ਟੀਕੇ ਦਾ ਮਤਲਬ ਸੀ ਆਪਣੀ ਲਾਡਲੀ ਨੂੰ ਹੌਲੀ ਹੌਲੀ ਮੌਤ ਦੀ ਪਨਾਹ ਵਿਚ ਲੈ ਕੇ ਜਾਣਾ। ਟੀਕਾ ਲਾਉਣ ਵੇਲੇ ਮੇਰੇ ਹੱਥ ਮੇਰਾ ਸਾਥ ਨਹੀਂ ਸੀ ਦਿੰਦੇ ਅਤੇ ਮੇਰੀ ਆਤਮਾ ਮੈਨੂੰ ਲਾਹਨਤਾਂ ਪਾਉਂਦੀ ਸੀ। ਮੈਂ ਹਰ ਰੋਜ ਆਪਣੀ ਬੇਟੀ ਦੇ ਪਿਆਰ ਦੀ ਸੰਘੀ ਘੁੱਟਦੀ ਰਹੀ। ਹਰ ਰੋਜ ਤਿੱਲ ਤਿੱਲ ਕਰਕੇ ਮਰ ਰਹੀ ਮੇਰੀ ਬੇਟੀ ਦੀਆਂ ਅੱਖਾਂ ਵਿਚ ਝਲਕਦੀ ਬੇਬਸੀ ਦੀ ਇਬਾਰਤ ਪੜ੍ਹਨ ਤੋਂ ਮੈਂ ਬੇਬੱਸ ਹੋ ਗਈ ਅਤੇ ਮੈਂ ਆਪਣੇ ਆਪ ਦੀ ਗੁਨਾਹਗਾਰ ਬਣੀ, ਆਪਣੀ ਆਂਦਰ ਦੀ ਮੌਤ ਦੀ ਅਰਦਾਸ ਬਣ ਗਈ। ਆਖਰ ਜਦ ਮੈਨੂੰ ਨਰਸ ਨੇ ਕਿਹਾ ਕਿ ਹੁਣ ਇਹ ਸਿਰਫ ਇਕ ਦਿਨ ਦੀ ਪ੍ਰਾਹੁਣੀ ਹੈ, ਇਸ ਦੀ ਫਿਊਨਰਲ ਵਗੈਰਾ ਦਾ ਇੰਤਜਾਮ ਕਰ ਲਓ ਤਾਂ ਮੇਰੀ ਸਾਰੀ ਹਿੰਮਤ ਜਵਾਬ ਦੇ ਗਈ ਅਤੇ ਮੈਂ ਨਰਸ ਨੂੰ ਹੀ ਕਿਹਾ ਕਿ ਤੂੰ ਆਪ ਹੀ ਸਭ ਕੁਝ ਕਰ ਦੇਹ। ਜਦ ਅਗਲੇ ਦਿਨ ਮੇਰੇ ਜਿਗਰ ਦੀ ਬੋਟੀ, ਮੈਥੋਂ ਸਦਾ ਲਈ ਵਿਛੜੀ ਤਾਂ ਮੇਰਾ ਰੋਣਾ ਵੀ ਮੈਨੂੰ ਜਵਾਬ ਦੇ ਗਿਆ। ਤਿੰਨ ਹਫਤਿਆਂ ਤੋਂ ਨਿਰੰਤਰ ਰੋਣਾ ਅੰਦਰ ਪਾਈ ਜਾ ਰਹੀ ਸਾਂ ਅਤੇ ਇਸ ਨੇ ਮੇਰੇ ਅੰਦਰਲੇ ਨੂੰ ਰਾਖ ਕਰ ਦਿੱਤਾ ਏ। ਰੱਬ ਕਿਸੇ ਨੂੰ ਅਜਿਹੇ ਇਮਤਿਹਾਨ ਵਿਚ ਨਾ ਪਾਵੇ ਕਿ ਆਪਣੇ ਸਾਹ ਦੀ ਸੰਘੀ ਆਪ ਹੀ ਨੱਪਣੀ ਪਵੇ ਅਤੇ ਨਾਲ ਹੀ ਰੂੰ ਵਰਗੇ ਬੋਟ ਦੀ ਅਰਥੀ ਦਾ ਮਣਾਂ-ਮੂੰਹੀਂ ਬੋਝ ਸਾਰੀ ਉਮਰ ਉਠਾਉਣਾ ਪਵੇ। ਇਕ ਚੁੱਪ ਮੇਰੇ ਅੰਦਰ ਪਸਰ ਗਈ ਅਤੇ ਇਕ ਚੁੱਪ ਇਸ ਘਰ 'ਚ ਫੈਲ ਗਈ ਏ ਜਿਥੇ ਕਦੇ ਉਸ ਨੰਨ੍ਹੀ ਦੇ ਮਾਸੂਮ ਬੋਲ ਗੁਟਕਦੇ ਸਨ। ਹੁਣ ਤਾਂ ਸਾਹਾਂ ਦੀ ਗਿਣਤੀ ਪੂਰੀ ਕਰਨ ਦਾ ਸਵਾਲ ਹੈ। ਜ਼ਿੰਦਗੀ ਨੂੰ ਜਿਉਣ ਦਾ ਖਿਆਲ ਤਾਂ ਮਨੋਂ ਹੀ ਨਿਕਲ ਗਿਆ ਏ।"

ਅਤੇ ਮੈਂ ਉਸ ਦੇ ਗਮ ਦੀ ਧਾਰਾ 'ਚ ਵਹਿ, ਹੱਡੀਂ ਰਚ ਗਈਆਂ ਲੇਰਾਂ ਦੀ ਹਮਦਰਦੀ ਭਾਲਣ ਤੁਰ ਪਿਆ। ਹੌਲੀ ਹੌਲੀ ਜਿਉਣ ਤੋਂ ਮੁਨਕਰ ਹੋ ਰਹੇ ਸਾਹਾਂ ਦਾ ਆਖਰੀ ਸਾਹ ਬਣਨਾ, ਆਪਣੇ ਕਦਮਾਂ ਨੂੰ ਕਬਰਾਂ 'ਚ ਧਰਨਾ ਅਤੇ ਆਪਣਾ ਮਰਸੀਆ ਆਪ ਪੜ੍ਹਨਾ ਏ। ਮੌਤ ਦੇ ਪਰਛਾਵੇਂ 'ਚ ਕੁਝ ਪਲਾਂ ਦਾ ਜਿਉਣਾ, ਦਰਦਮੰਦਾਂ ਦੀਆਂ ਆਹੀਂ, ਕਦੇ ਨਾ ਜੁੜਨ ਵਾਲੀਆਂ ਭੱਜੀਆਂ ਬਾਹੀਂ ਅਤੇ ਕੰਡਿਆਲੀ ਥੋਹਰ ਉਗਾਉਣੀ ਸਾਹੀਂ।

ਐ ਖੁਦਾਇਆ! ਮਰਨ ਵਰਗੀ ਮੌਤ ਹੋਵੇ ਤਾਂ ਪਰ ਪਲ ਪਲ ਕਰਕੇ ਮਰਨ ਪਲਾਂ ਨੂੰ ਜਰਨਾ ਸਭ ਤੋਂ ਅਸਹਿ। ਇਨ੍ਹਾਂ ਦੀ ਪੀੜਾ ਅਕਹਿ ਅਤੇ ਇਨ੍ਹਾਂ ਨੂੰ ਆਪਣੇ ਅੰਤਰੀਵ 'ਚ ਜੀਰ ਕੇ, ਜ਼ਿੰਦਗੀ ਨੂੰ ਪਰਿਭਾਸ਼ਤ ਕਰਨਾ ਜੀਵਨ ਦੀ ਸਭ ਤੋਂ ਵੱਡੀ ਸਿਤਮਗੀਰੀ।

ਬੜਾ ਔਖਾ ਹੁੰਦਾ ਏ, ਕਿਸੇ ਦੇ ਦਰਦਾਂ ਨੂੰ ਦੇਖਣਾ। ਔਖੇ ਤਾਂ ਕਿਸੇ ਦੇ ਦਰਦ ਨੂੰ ਸੁਣ ਵੀ ਬਹੁਤ ਹੋਈਦਾ ਏ। ਦਰਦੀਲੀ ਗਾਥਾ ਪੜ੍ਹਨ ਨਾਲ ਅੱਖਾਂ 'ਚ ਨਮੀ ਉਤਰ ਆਉਂਦੀ ਏ ਪਰ ਜਦ ਅਸੀਂ ਉਸ ਦਰਦ ਦਾ ਹਿੱਸਾ ਬਣ, ਉਸ ਨੂੰ ਆਪਣੇ ਅੰਦਰ ਉਤਾਰਦੇ ਹਾਂ ਤਾਂ ਫਿਰ ਪਤਾ ਲੱਗਦਾ ਏ ਕਿ ਦਰਦ ਕੀ ਹੁੰਦਾ ਏ ਅਤੇ ਕਿਸ ਤਰ੍ਹਾਂ ਤੁਹਾਡੇ ਜੀਵਨ ਦੇ ਸੁਗੰਧਤ ਪਲਾਂ 'ਚ, ਬਿਰਹੋਂ ਰਾਗ ਅਲਾਪਦਾ, ਇਕ ਪੀੜ-ਪਰਾਗਾ ਤੁਹਾਡੀ ਝੋਲੀ ਵਿਚ ਧਰ ਜਾਂਦਾ ਏ, ਜਿਸ ਦੀ ਕਰੁਣਾ, ਤੁਹਾਡੀ ਉਮਰ ਦੀ ਲਕੀਰ ਨੂੰ ਟੋਟਾ-ਟੋਟਾ ਕਰਕੇ, ਹਿੱਚਕੀਆਂ ਦੀ ਗਾਥਾ ਪੜ੍ਹਨ ਲਈ ਸਾਰੀ ਉਮਰਾ ਅਵਾਜ਼ਾਰ ਕਰ ਦਿੰਦੀ ਏ।

ਖੁਦਾ ਕਰੇ! ਕਿਸੇ ਨੂੰ ਹਰਫ ਵਿਹੂਣੇ ਗਮ ਦਾ ਵਿਰਦ ਨਾ ਕਰਨਾ ਪਵੇ, ਕਿਸੇ ਨੂੰ ਹੰਝ ਤੋਂ ਵਿਰਵੇ ਨੀਰ ਜਿਹੇ ਨੈਣਾਂ ਦੀ ਇਬਾਦਤ ਨਾ ਬਣਨਾ ਪਵੇ ਅਤੇ ਨਾ ਹੀ ਕਿਸੇ ਨੂੰ ਹਉਕਿਆਂ ਦੀ ਤਾਸੀਰ ਦਾ ਸਿਰਲੇਖ ਬਣਨਾ ਪਵੇ।

# ਰਾਣੀ ਜਿੰਦਾਂ ਦੀ ਨਜ਼ਰਬੰਦੀ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਰਾਣੀ ਜਿੰਦਾਂ ਅਤੇ ਅੰਗਰੇਜ਼ ਰੈਜੀਡੈਂਟ ਲਾਰਡ ਹੈਨਰੀ ਲਾਰੈਂਸ ਵਿਚਾਲੇ ਖਤਾਂ ਰਾਹੀਂ ਖਹਿਬੜਬਾਜ਼ੀ ਕਾਫੀ ਦੇਰ ਚਲਦੀ ਰਹੀ। ਰੈਜੀਡੈਂਟ ਕਦੇ ਤਾਂ ਮਹਾਰਾਣੀ ਨੂੰ ਬਾਕੀ ਦੇਸ਼ਾਂ ਦੀਆਂ ਸ਼ਹਿਜਾਦੀਆਂ ਵਾਂਗ ਪਰਦੇ ਪਿਛੇ ਰਹਿਣ ਲਈ ਆਖਦਾ, ਕਦੇ ਆਖਦਾ ਕਿ ਉਹ ਆਪਣੇ ਨਿਜੀ ਮਹਿਲ ਵਿਚ ਪੰਜਾਹ ਪੰਜਾਹ ਬ੍ਰਾਹਮਣਾਂ ਦੇ ਪੈਰ ਧੋ ਕੇ ਭੋਜਨ ਨਾ ਛਕਾਵੇ ਅਤੇ ਨਾ ਹੀ ਹੋਰ ਸਰਦਾਰਾਂ ਨੂੰ ਆਪਣੇ ਨਿਜੀ ਮਹਿਲ ਵਿਚ ਬੁਲਾਵੇ। ਰਾਣੀ ਵੀ ਅੰਗਰੇਜ਼ਾਂ ਦੀਆਂ ਨਸੀਹਤਾਂ ਨੂੰ ਟਿੱਚ ਸਮਝਦਿਆਂ ਬੜੇ ਔਖੜ ਜਿਹੇ ਜਵਾਬ ਭੇਜਦੀ ਰਹੀ। ਜ਼ਾਹਰਾ ਤੌਰ 'ਤੇ ਇਹ ਲੜਾਈ ਹਾਸੋ-ਹੀਣੀ ਲਗਦੀ ਸੀ। ਲਾਰੈਂਸ ਤਾਂ ਆਪਣੇ ਵੱਲੋਂ ਠੀਕ ਤਾੜਨਾ ਕਰਦਾ ਸੀ, ਪਰ ਰਾਣੀ ਆਪਣੇ ਜਵਾਬ ਵਿਚ ਦਿਲ ਦੀ ਭੜਾਸ ਕੱਢਦੀ ਸੀ। ਇਉਂ ਲਗਦਾ ਕਿ ਦੋਹਾਂ ਨੇ ਇਕ ਦੂਜੇ ਉਤੇ ਵਾਰ ਕਰਨ ਲਈ ਹੱਥਾਂ ਵਿਚ ਚਾਕੂ ਫੜੇ ਹੋਏ ਹੋਣ।

ਰੈਜੀਡੈਂਟ ਨੇ ਕਲਕੱਤੇ (ਹੁਣ ਕੋਲਕਾਤਾ) ਅਪੀਲ ਕੀਤੀ। ਕੁਝ ਦਿਨਾਂ ਬਾਅਦ ਰੈਜੀਡੈਂਟ ਨੇ ਦਰਬਾਰ ਦੇ ਵਫਾਦਾਰ ਸਰਦਾਰਾਂ ਨੂੰ ਮਹਾਰਾਜਾ ਦਲੀਪ ਸਿੰਘ ਹੱਥੋਂ ਅਹੁਦੇ ਬਖਸ਼ੇ ਜਾਣ ਦਾ ਪ੍ਰੋਗਰਾਮ ਬਣਾਇਆ। ਸ਼ਾਹੀ ਜੋਤਸ਼ੀਆਂ ਨੇ 2 ਅਗਸਤ 1847 ਵਾਲਾ ਦਿਨ ਅਤੇ ਸਵੇਰ ਦੇ 8.17 ਵਜੇ ਦਾ ਸਮਾਂ ਇਸ ਸਮਾਗਮ ਲਈ ਸ਼ੁਭ ਕਰਾਰ ਦਿੱਤਾ। ਮਿਥੇ ਸਮੇਂ 'ਤੇ ਦਰਬਾਰ ਸਜਿਆ ਤਾਂ ਸਭ ਤੋਂ ਪਹਿਲਾਂ ਤੇਜ ਸਿੰਘ ਸਜ-ਧਜ ਕੇ ਮਹਾਰਾਜਾ ਨੂੰ ਨਮਸਕਾਰ ਕਰ ਕੇ ਮੱਥੇ 'ਤੇ ਤਿਲਕ ਲਗਵਾਉਣ ਲਈ ਅੱਗੇ ਵਧਿਆ। ਮਹਾਰਾਜੇ ਨੇ ਆਪਣੇ ਹੱਥ ਕੱਛਾਂ ਵਿਚ ਦੇ ਲਏ। ਹਾਲਾਤ ਨੂੰ ਮੁੱਖ ਰੱਖ ਕੇ ਵੱਡੇ ਗੁੰਥੀ ਨੂੰ ਤਿਲਕ ਲਾਉਣ ਲਈ ਅੱਗੇ ਕੀਤਾ ਗਿਆ।

ਰੈਜੀਡੈਂਟ ਲਾਰੈਂਸ ਨੇ ਤੁਰੰਤ ਸਾਰੀ ਕਾਰਵਾਈ ਦੀ ਰਿਪੋਰਟ ਗਵਰਨਰ ਜਨਰਲ ਨੂੰ ਭੇਜੀ ਅਤੇ ਸ਼ਾਮ ਦੇ ਜਸ਼ਨ ਦੀ ਤਿਆਰੀ ਵਿਚ ਰੁੱਝ ਗਿਆ। ਰਾਤ ਦੇ ਖਾਣੇ 'ਤੇ ਅੰਗਰੇਜ਼ ਅਫਸਰ, ਸਵੇਰੇ ਦਰਬਾਰ ਵੱਲੋਂ ਅਹੁਦੇ ਪ੍ਰਾਪਤ ਕਰਨ ਵਾਲੇ ਅਤੇ ਕੌਂਸਲ ਦੇ ਮੈਂਬਰ ਹਾਜ਼ਰ ਸਨ। ਮਹਾਰਾਜੇ ਨੂੰ ਉਸ ਦੀ ਮਾਤਾ ਨੇ ਆਉਣ ਨਾ ਦਿੱਤਾ। ਰਾਣੀ ਨੂੰ ਧਮਕੀ ਦਿੱਤੀ ਗਈ ਕਿ ਜੇ ਮਹਾਰਾਜਾ ਨਾ ਆਇਆ ਤਾਂ ਪਾਰਟੀ ਅਸਫਲ ਰਹੇਗੀ। ਬਾਕੀ ਸਰਦਾਰਾਂ ਨਾਲ ਮਸ਼ਵਰਾ ਕਰ ਕੇ ਰਾਣੀ ਜਿੰਦਾਂ ਦੇ ਭਰਾ ਨੂੰ ਭੇਜਿਆ ਗਿਆ ਕਿ ਉਹ ਰਾਣੀ ਨੂੰ ਹਾਲਾਤ ਦੀ ਗੰਭੀਰਤਾ ਬਾਰੇ ਦੱਸੇ ਤੇ ਬਾਲਕ ਦਲੀਪ ਸਿੰਘ ਨੂੰ ਹਰ ਕੀਮਤ 'ਤੇ ਪਾਰਟੀ ਵਿਚ ਲੈ ਕੇ ਆਵੇ।



ਉਹ ਜਾ ਕੇ ਬਾਲਕ ਦਲੀਪ ਸਿੰਘ ਨੂੰ ਲੈ ਕੇ ਆਇਆ ਤਾਂ ਉਹ ਰੁੱਸ ਕੇ ਬੈਠਾ ਰਿਹਾ, ਉਸ ਨੇ ਚਲ ਰਹੀ ਆਤਿਸ਼ਬਾਜ਼ੀ ਵਲ ਤੱਕਿਆ ਤੱਕ ਨਾ। ਮਾਮੇ ਨੇ ਦਲੀਪ ਸਿੰਘ ਦੇ ਕੰਨਾਂ 'ਚ ਕਿਹਾ, "ਮਹਾਰਾਜ, ਤੁਸੀਂ ਨਾਰਾਜ਼ ਨਾ ਹੋਵੋ, ਹੁਕਮ ਹੋਵੇ ਤਾਂ ਤੁਹਾਡੇ ਸਾਥ ਲਈ ਕੁਝ ਸਾਥੀ ਬੁਲਾਵਾਂ।"

ਖੁਸ਼ਕਿਸਮਤੀ ਨਾਲ ਉਸ ਦੇ 'ਸਾਥੀ ਬੁਲਾਉਣ' ਦੇ ਸ਼ਬਦ ਸੁਣ ਕੇ ਸਮਝ ਲਏ ਗਏ। ਜੇ 'ਸਾਥੀਆਂ' ਨੂੰ ਆ ਲੈਣ ਦਿੱਤਾ ਜਾਂਦਾ ਤਾਂ ਪਾਰਟੀ ਵਿਚ ਕਤਲੇਆਮ ਹੋ ਜਾਣਾ ਸੀ। ਸਾਜ਼ਿਸ਼ ਰਚਣ ਵਾਲੇ ਸਾਰੇ ਸਾਥੀਆਂ ਨੂੰ ਤੁਰੰਤ ਗ੍ਰਿਫਤਾਰ ਕਰ ਕੇ ਕਰੜੀਆਂ ਸਜ਼ਾਵਾਂ ਸੁਣਾਈਆਂ ਗਈਆਂ, ਪਰ ਸਾਜ਼ਿਸ਼ ਦੀ ਮੁਖੀ ਜਿੰਦਾਂ ਨੂੰ ਨਰਮ ਸਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਕਿ ਮਾਂ ਅਤੇ ਪੁੱਤਰ ਨੂੰ ਵੱਖਰੇ ਕਰ ਦਿੱਤਾ ਜਾਵੇ। ਰਾਣੀ ਨੂੰ ਲਾਹੌਰ ਤੋਂ ਬਾਹਰ ਕਿਸੇ ਕਿਲ੍ਹੇ ਵਿਚ ਵਫਾਦਾਰ, ਬੁੱਢੇ ਸੇਵਕਾਂ ਨਾਲ ਨਜ਼ਰਬੰਦ ਕਰਨ ਦਾ ਫੈਸਲਾ ਕੀਤਾ ਗਿਆ, ਪਰ ਬਿੱਲੀ ਦੇ ਗਲ ਟੱਲੀ ਪਾਉਣ ਤੋਂ ਹਰ ਕੋਈ ਕੰਨੀ ਕਤਰਾਉਂਦਾ ਸੀ। ਰਾਣੀ ਫੌਜ ਬੁਲਾ ਸਕਦੀ ਸੀ ਤੇ ਲਾਹੌਰ ਛੱਡਣ ਤੋਂ ਇਨਕਾਰ ਵੀ ਕਰ ਸਕਦੀ ਸੀ। ਰੈਜੀਡੈਂਟ ਨੇ ਆਪਣੇ ਸਹਾਇਕ ਨੂੰ ਦਰਬਾਰ ਦੇ ਜ਼ਰਾ ਹੌਸਲੇ ਵਾਲੇ ਮੈਂਬਰਾਂ ਨਾਲ ਇਹ ਕੰਮ ਸਿਰੇ ਚਾੜ੍ਹਨ ਲਈ ਕਿਹਾ।

ਬਾਲਕ ਮਹਾਰਾਜੇ ਨੂੰ ਪਿਕਨਿਕ ਦੇ ਬਹਾਨੇ ਲਾਹੌਰੋਂ ਬਾਹਰ ਲਿਜਾਇਆ ਗਿਆ ਜਿਥੇ ਉਹ ਕੋਈ ਮਸ਼ੀਨੀ ਖਿਡੌਣਾ ਲੈ ਕੇ ਬਹੁਤ ਖੁਸ਼ ਹੋਇਆ। ਉਸ ਦੀ ਗੈਰਹਾਜ਼ਰੀ 'ਚ ਰਾਣੀ ਨੂੰ ਰੋਂਦੀ ਕੁਰਲਾਂਦੀ ਨੂੰ ਬੱਘੀ 'ਚ ਬਿਠਾਇਆ ਗਿਆ। ਆਪਣੇ ਕੀਮਤੀ ਹੀਰੇ ਜਵਾਹਰਾਤ ਦਾ ਅਟੈਚੀ ਕੇਸ ਉਸ ਨੇ ਘੁੱਟ ਕੇ ਆਪਣੇ ਹੱਥਾਂ ਵਿਚ ਫੜਿਆ ਹੋਇਆ ਸੀ ਤੇ ਗੁੱਸੇ ਵਿਚ ਆਖ ਰਹੀ ਸੀ, 'ਮੈਂ ਲੰਡਨ ਅਪੀਲ ਕਰਾਂਗੀ।' ਉਸ ਦੇ ਅਟੈਚੀ ਕੇਸ ਵਿਚ 60,000 ਪੌਂਡ ਦੇ ਕੀਮਤੀ ਗਹਿਣੇ ਤੇ ਹੀਰੇ ਸਨ। ਇਸ ਤੋਂ ਬਾਅਦ ਜਦੋਂ ਬਾਲਕ ਮਹਾਰਾਜੇ ਨੂੰ ਇਹ ਭੈੜੀ ਖਬਰ ਦੱਸੀ ਗਈ ਤਾਂ ਉਸ ਨੇ ਮਾਸੂਮੀਅਤ ਨਾਲ ਆਪਣਾ ਮਸ਼ੀਨੀ ਖਿਡੌਣਾ ਦਿਖਾ ਕੇ ਕਿਹਾ, "ਮੇਰੇ ਪਾਸ ਇਹ ਜੋ ਹੈ।" ਉਦੋਂ ਉਸ ਨੂੰ ਆਪਣੀ ਮਾਂ ਨਾਲੋਂ ਖਿਡੌਣਾ ਵੱਧ ਖੁਸ਼ੀ ਦੇ ਰਿਹਾ ਸੀ! ਅਖੇ, ਮਗਰੋਂ ਉਸ ਨੇ ਆਪਣੀ ਮਾਂ ਨੂੰ ਯਾਦ ਨਾ ਕੀਤਾ।

ਫੌਜ ਨੂੰ ਇਸ ਬਾਰੇ ਖਬਰ ਮਿਲੀ, ਪਰ ਉਨ੍ਹਾਂ ਨੂੰ ਰਾਣੀ ਨਾਲੋਂ ਆਪਣੀਆਂ ਪੈਨਸ਼ਨਾਂ ਦੀ ਵੱਧ ਫਿਕਰ ਸੀ। ਇਹ ਔਖਾ ਕੰਮ ਪੂਰਾ ਕਰ ਕੇ ਹੈਨਰੀ ਲਾਰੈਂਸ ਨੇ ਸਿਹਤ ਖਰਾਬ ਹੋਣ ਕਰ ਕੇ ਛੁੱਟੀ 'ਤੇ ਜਾਣ ਦੀ ਬੇਨਤੀ ਕੀਤੀ ਤੇ ਉਸ ਦੇ ਭਰਾ ਜਾਨ ਲਾਰੈਂਸ ਨੂੰ ਉਸ ਦਾ ਚਾਰਜ ਦਿੱਤਾ ਗਿਆ। ਦੋਵਾਂ ਭਰਾਵਾਂ ਦੇ ਕੰਮ ਨੇਪਰੇ ਚਾੜ੍ਹਨ ਦੇ ਤੌਰ-ਤਰੀਕੇ ਇਕ ਦੂਜੇ ਨਾਲੋਂ ਵੱਖਰੇ ਸਨ।

***(ਹਵਾਲਾ: ਆਈ.ਸੀ.ਐਸ. ਸੈਪਟੀਮਸ ਸਮੇਟ ਥੌਰਬਰਨ ਦੀ ਕਿਤਾਬ 'ਪੰਜਾਬ ਇਨ ਪੀਸ ਐਂਡ ਵਾਰ')***


## ਕਹਾਣੀ

# ਰੱਬ ਨਾਲ ਗੱਲਾਂ

***ਉਮਰ ਦੇ ਆਖਰੀ ਪੜਾਅ ਵਿਚ ਕਲਮ ਵਾਹੁਣ ਵਾਲੇ ਦਰਸ਼ਨ ਸਿੰਘ ਦੀਆਂ ਰਚਨਾਵਾਂ ਬਾਤਾਂ ਵਰਗਾ ਸੁਆਦ ਦਿੰਦੀਆਂ ਹਨ। ਉਹਦੀ ਕਹਾਣੀ ਪੜ੍ਹੋ ਜਾਂ ਨਾਵਲ; ਰਸਦਾਰ, ਸਰਲ, ਸਹਿਜ ਸ਼ੈਲੀ ਪਾਠਕ ਦਾ ਭਰਪੂਰ ਸਵਾਗਤ ਕਰਦੀ ਹੈ। ਸੰਨ 2001 ਵਿਚ ਉਹਦਾ ਪਹਿਲਾ ਨਾਵਲ ਆਇਆ ਸੀ ਅਤੇ ਫਿਰ ਹਰ ਸਾਲ ਇਕ ਕਿਤਾਬ ਉਹਦੇ ਬੋਝੇ ਵਿਚੋਂ ਨਿਕਲਦੀ ਰਹੀ। ਹਰ ਰਚਨਾ ਇਕ ਤੋਂ ਇਕ ਚੜ੍ਹ ਕੇ। 'ਰੱਬ ਨਾਲ ਗੱਲਾਂ' ਕਹਾਣੀ ਵਿਚ ਉਸ ਨੇ ਰੂਹ ਨਾਲ ਗੱਲਾਂ ਕੀਤੀਆਂ ਹਨ। ਹੈਰਾਨੀ ਹੁੰਦੀ ਹੈ ਕਿ ਇੰਨੀਆਂ ਗਹਿਰ-ਗੰਭੀਰ ਗੱਲਾਂ ਕੋਈ ਇਸ ਤਰੀਕੇ ਨਾਲ ਵੀ ਕਰ ਸਕਦਾ ਹੈ। -ਸੰਪਾਦਕ***

ਜੇ ਪਾਸਪੋਰਟ ਵੇਖਾਂ ਤਾਂ ਮੈਂ ਉਣਾਨਵਿਆਂ ਦਾ ਹਾਂ। ਜੇ ਵੱਡੀ ਭੈਣ ਦੀ ਸੁਣਾਂ, ਤਾਂ ਅਠਾਸੀਆਂ ਦਾ। ਜੇ ਦਾਅ ਲੱਗਾ ਤਾਂ ਦੋ ਚਾਰ ਸਾਲ ਹੋਰ ਕੱਢ ਜਾਵਾਂਗਾ।

ਵੇਖਣ ਵਾਲਿਆਂ ਨੂੰ ਤਾਂ ਮੈਂ ਏਡਾ ਲਗਦਾ ਨਹੀਂ। ਉਹ ਕਹਿੰਦੇ ਨੇ, ਸੱਠ ਪੈਂਹਠ ਦਾ ਲਗਦਾ ਏਂ ਜਾਂ ਹੱਦ ਸੱਤਰਾਂ ਦਾ। ਇਸ ਤਰ੍ਹਾਂ ਦਾ ਭੁਲੇਖਾ ਪੈ ਸਕਦਾ ਏ। ਇਕ ਤਾਂ ਮੈਂ ਦਾੜ੍ਹੀ ਮੁੱਛਾਂ ਰੰਗੀਆਂ ਹੁੰਦੀਆਂ ਨੇ ਤੇ ਦੂਜਾ ਮੈਂ ਫਿੱਕੇ, ਘਸਮੈਲੇ ਰੰਗਾਂ ਦੇ ਕੱਪੜੇ ਨਹੀਂ ਪਾਉਂਦਾ। ਉਹ ਹਮੇਸ਼ਾ ਹੀ ਕੁਝ ਕੁਝ ਸ਼ੋਖ ਰੰਗ ਦੇ ਹੁੰਦੇ ਨੇ। ਇਸ ਤਰ੍ਹਾਂ ਦਾ ਕਿਹਾ-ਸੁਣ ਕੁਝ ਖੁਸ਼ ਤਾਂ ਹੁੰਦਾ ਹਾਂ, ਪਰ ਖਾਸ ਨਹੀਂ। ਅਸਲ ਵਿਚ ਮੈਨੂੰ ਹਰ ਵੇਲੇ ਏਨਾ ਕੁਝ ਹੁੰਦਾ ਰਹਿੰਦਾ ਏ, ਜੋ ਮੈਨੂੰ ਆਪਣੀ ਸਰੀਰਕ ਅਸਲੀਅਤ ਭੁੱਲਣ ਨਹੀਂ ਦੇਂਦਾ। ਥਿੜਕਦਾ ਰਹਿੰਦਾ ਹਾਂ। ਬੇ-ਸਹਾਰਾ ਪੌੜੀ ਨਹੀਂ ਚੜ੍ਹ ਸਕਦਾ। ਤੇਜ਼ ਚੱਲਾਂ ਤਾਂ ਸਾਹ ਚੜ੍ਹਦੈ। ਬਹੁਤਾ ਖਾਧਾ ਪੀਤਾ ਨਹੀਂ ਜਾਂਦਾ। ਪੀਂਦਾ ਭਾਵੇਂ ਰੋਜ਼ ਹਾਂ, ਪਰ ਪੀਂਦਾ ਝੂੰਗੇ



**ਦਰਸ਼ਨ ਸਿੰਘ**

'ਚੋਂ ਇਕੋ ਪੈੱਗ ਹੀ। ਆਪਣੇ ਉਮਰੋਂ ਛੋਟੇ ਯਾਰਾਂ ਬੇਲੀਆਂ ਵਾਂਗ ਰੱਜ ਕੇ ਪੀ ਨਹੀਂ ਸਕਦਾ। ਬਹੁਤੀ ਭੱਜ-ਦੌੜ ਵੀ ਨਹੀਂ ਕਰ ਸਕਦਾ। ਮੈਨੂੰ ਕਨਸਰਟਾਂ 'ਤੇ ਜਾਣ ਦਾ ਬੜਾ ਸ਼ੌਕ ਹੁੰਦਾ ਸੀ। ਥਾਂ ਜਿਥੇ ਵੀ ਮਿਲ ਜਾਂਦੀ, ਮਨਜ਼ੂਰ ਹੁੰਦੀ। ਭੁੰਝੇ ਵੀ ਬਹਿ ਜਾਂਦਾ। ਕੰਧ ਨਾਲ ਢਾਸਣਾ ਲਾ ਖਲੋਤਾ ਰਹਿੰਦਾ। ਹੁਣ ਤਾਂ ਨਵੇਂ, ਬਹੁ-ਪਰਦੀ ਆਰਾਮਦੇਹ ਕੁਰਸੀਆਂ ਵਾਲੇ ਸਿਨਮਿਆਂ ਵਿਚ ਫਿਲਮ ਵੇਖਣ ਵੀ ਨਹੀਂ ਜਾਇਆ ਜਾਂਦਾ। ਉਹ ਆਵਾਜ਼ ਬੜੀ ਉਚੀ ਰੱਖਦੇ ਨੇ। ਵੇਖਣ ਆਇਆਂ ਨੂੰ ਬੋਲੇ ਸਮਝਦੇ ਨੇ। ਉਨ੍ਹਾਂ ਦੀ ਡੰਡ ਨਾਲ ਮੇਰੇ ਕੰਨ ਪਾਟਦੇ ਨੇ। ਏਸੇ ਤਰ੍ਹਾਂ ਦੀਆਂ ਹੋਰ ਵੀ ਬੜੀਆਂ ਮੁਥਾਜੀਆਂ ਨੇ। ਕੀ ਕੀ ਦੱਸਾਂ। ਏਸ ਕਰ ਕੇ ਜੇ ਕਦੀ ਕੁਝ ਖੁਸ਼ ਹੋਵਾਂ ਵੀ ਤਾਂ ਬਹੁਤਾ ਚਿਰ ਖੁਸ਼ ਨਹੀਂ ਰਿਹਾ ਜਾ ਸਕਦਾ।

ਬਸ ਜਿਊਣ ਦਾ ਮਜ਼ਾ ਨਹੀਂ ਆ ਰਿਹਾ। ਜੀਅ ਅਜੇ ਵੀ ਸਭ ਕੁਝ ਕਰਨ ਨੂੰ ਕਰਦੈ, ਪਰ ਕਰ ਨਹੀਂ ਸਕਦਾ। ਕਰਨ ਜੋਗਾ ਹੀ ਨਹੀਂ ਰਿਹਾ। ਇਹ ਸੋਚ ਕੇ ਦਿਲ ਮਸੋਸਿਆ ਜਾਂਦੈ।

ਕਈ ਵਾਰੀ ਆਪਣੇ ਆਪ ਨੂੰ ਸਮਝਾਉਨਾਂ, 'ਸੁਣ ਭਾਈ, ਦੱਸ, ਤੂੰ ਕੀ ਨਹੀਂ ਕੀਤਾ? ਜ਼ਿੰਦਗੀ ਤੂੰ ਰੱਜ ਕੇ ਜੀਵੀ ਏ। ਜੋ ਵੀ ਕਿਸੇ ਹੋਰ ਨੇ ਕੀਤਾ, ਤੂੰ ਵੀ ਕੀਤਾ। ਲਾਹ ਲਏ ਸਾਰੇ ਸ਼ੌਕ। ਸੈਰਾਂ ਵੀ ਕੀਤੀਆਂ। ਐਸ਼ਾਂ ਵੀ ਕੀਤੀਆਂ। ਇਸ਼ਕ ਮੁਸ਼ਕ ਵੀ। ਪਰਦੇਸੀਂ ਵਾਸ ਵੀ। ਰਿਜ਼ਕ ਵੀ ਰਿਹਾ। ਅਵਸਰ ਵੀ। ਸਰੀਰਕ ਪਾਇਆਂ ਵੀ। ਚੰਗਾ ਘਰ ਵੀ ਰਿਹਾ। ਸੁਹਣੀ ਵਹੁਟੀ ਵੀ। ਜੋ ਵੀ ਹੋਣਾ ਚਾਹੀਦਾ ਸੀ, ਉਹ ਤੇਰੇ ਕੋਲ ਰਿਹਾ। ਹੋਰ ਤਾਂ ਹੋਰ, ਸਬਰ ਸੰਤੋਖ ਵੀ ਬੜਾ ਰਿਹਾ, ਏਨਾ ਕਿ ਹੋਰਨਾਂ ਨੂੰ ਵੀ ਵੰਡ ਸਕਦਾ ਸੈਂ। ਫੇਰ ਕਿਉਂ ਝੂਰਦਾ ਰਹਿਨੈਂ। ਜਿੰਨੀ ਕੁ ਰਹਿ ਗਈ ਆ, ਉਹਦੇ ਮਜ਼ੇ ਲੈ। ਅਜੇ ਹੱਥ ਪੈਰ ਚਲਦੇ ਨੇ ਤੇਰੇ!'

'ਇਹੋ ਤਾਂ ਗੱਲ ਏ ਯਾਰ, ਮਜ਼ਾ ਨਹੀਂ ਆ ਰਿਹਾ', ਅੱਗੋਂ ਮਨ ਬੋਲਦਾ ਏ। 'ਸਭ ਕੁਝ ਹੈ, ਪਰ ਮਾਣ ਨਹੀਂ ਸਕਦਾ। ਕੁਝ ਛੋਟਾ ਹੋਣ ਨੂੰ ਦਿਲ ਕਰਦੈ।'

ਸੱਚੀ ਗੱਲ ਇਹ ਜੇ ਕਿ ਮੇਰਾ ਦਿਲ ਅਜੇ ਵੀ ਹਸਰਤਾਂ ਨਾਲ ਭਰਿਆ ਹੋਇਆ ਏ। ਮੈਨੂੰ ਬਹਾਦੁਰ ਸ਼ਾਹ ਜ਼ਫਰ ਦਾ ਸ਼ਿਅਰ ਯਾਦ ਆਉਂਦਾ ਰਹਿੰਦੈ, ਜਿਸ ਵਿਚ ਉਸ ਨੇ ਹਸਰਤਾਂ ਨੂੰ ਕਿਹਾ ਸੀ ਕਿ ਉਹ ਕੋਈ ਹੋਰ ਥਾਂ ਟਿਕਾਣਾ ਲੱਭਣ। ਉਹਦੇ ਦੁਖੀ ਦਿਲ ਵਿਚ ਉਨ੍ਹਾਂ ਲਈ ਥਾਂ ਨਹੀਂ ਰਹਿ ਗਈ, ਪਰ ਮੇਰਾ ਦਿਲ ਬੜਾ ਮੋਕਲਾ ਏ। ਬੜੀ ਥਾਂ ਏ ਉਹਦੇ ਵਿਚ। ਮੇਰੀਆਂ ਕੀ, ਕਈ ਹੋਰਨਾਂ ਦੀਆਂ ਹਸਰਤਾਂ ਵੀ ਸਮਾ ਜਾਣ ਓਥੇ। ਹਰ ਵੇਲੇ ਸਧਰਾਇਆ ਰਹਿੰਦੈ। ਕੁਝ ਸੁਹਣਾ ਦਿਸੇ, ਕੁਝ ਨਵਾਂ ਲੱਗੇ, ਕੁਝ ਮਿੱਠਾ ਜਾਪੇ, ਉਹਨੂੰ ਚੱਖਣਾ ਚਾਹੁੰਦੈ। ਛੋਹਣਾ ਚਾਹੁੰਦੈ।

ਇਹ ਨਾ ਸਮਝਣਾ, ਮੈਂ ਆਪਣੀ ਉਮਰ ਵਧਾਉਣੀ ਚਾਹੁੰਨਾਂ। ਉਮਰ ਮੇਰੀ ਬੇਸ਼ੱਕ ਓਨੀ ਹੀ ਰਹੇ, ਜਿੰਨੀ ਮੇਰੀ ਲਿਖੀ ਹੋਈ ਏ। ਜੇ ਮੇਰੇ ਹਿੱਸੇ ਸਿਰਫ ਦੋ ਚਾਰ ਸਾਲ ਹੀ ਨੇ ਤਾਂ ਮੈਨੂੰ ਮਨਜ਼ੂਰ ਨੇ। ਮੇਰਾ ਸਰ ਜਾਏਗਾ ਓਨਿਆਂ ਨਾਲ ਹੀ। ਮੈਂ ਕੋਹ ਕਾਫ ਦੇ ਬੁੱਢਿਆਂ ਵਾਂਗ ਉਮਰ ਦਾ ਕੋਈ ਰਿਕਾਰਡ ਨਹੀਂ ਕਾਇਮ ਕਰਨਾ ਚਾਹੁੰਦਾ। ਮੈਂ ਤਾਂ ਚਾਹੁੰਦਾ ਹਾਂ ਕਿ ਇਨ੍ਹਾਂ ਬਾਕੀ ਦੇ ਦੋ ਚਾਰ ਸਾਲਾਂ ਨੂੰ ਜੀਅ ਭਰ ਕੇ ਜੀਵਾਂ। ਚਸਕੇ ਨਾਲ ਜੀਵਾਂ। ਮਜ਼ੇ ਲੈ-ਲੈ ਜੀਵਾਂ। ਚਾਹੁੰਦਾ ਸਿਰਫ ਇਹ ਹਾਂ ਕਿ ਇਹ ਦੋ ਚਾਰ ਸਾਲ ਮੇਰੀ ਹੁਣ ਵਾਲੀ ਉਮਰ ਤੋਂ ਨਹੀਂ, ਮੇਰੀ ਕੁਝ ਪਹਿਲੀ ਉਮਰ ਤੋਂ ਸ਼ੁਰੂ ਹੋ ਜਾਣ। ਬਸ ਏਨਾ ਹੀ। ਏਨਾ ਹੋ ਜਾਵੇ ਤੇ ਆਪਣੇ ਇਹ ਦੋ ਚਾਰ ਸਾਲ ਮਜ਼ੇ ਨਾਲ ਜੀਅ ਲਵਾਂ ਤੇ ਫੇਰ ਭਾਵੇਂ ਚੁੱਕਿਆ ਜਾਵਾਂ। ਹਸਰਤ ਨਹੀਂ ਰਹੇਗੀ ਫੇਰ ਕੋਈ ਮੈਨੂੰ।

ਮੁਸ਼ਕਿਲ ਇਹ ਏ ਕਿ ਮੈਂ ਆਪਣੇ ਆਪ ਨੂੰ ਚੁੱਕ ਕੇ ਉਮਰ ਦੀ ਕਿਸੇ ਪਹਿਲੀ ਥਾਂ 'ਤੇ ਨਹੀਂ ਰੱਖ ਸਕਦਾ। ਬੰਦਾ ਹਾਂ। ਅਜੇ ਬੰਦਾ ਇਹ ਕੁਝ ਕਰਨ ਜੋਗਾ ਨਹੀਂ ਹੋਇਆ। ਵਿਗਿਆਨੀ ਇਸ ਕੰਮ ਲੱਗੇ ਤਾਂ ਹੋਏ ਨੇ, ਪਰ ਦੋ ਚਾਰ ਸਾਲਾਂ ਵਿਚ ਉਨ੍ਹਾਂ ਦੇ ਸਫਲ ਹੋ ਜਾਣ ਦੀ ਸੰਭਾਵਨਾ ਨਹੀਂ ਲਗਦੀ। ਅਜੇ ਤਾਂ ਇਹ ਰੱਬ ਹੀ ਕਰ ਸਕਦਾ ਏ, ਜੇ ਉਹ ਹੈ ਵੇ ਤਾਂ। ਕੀ ਫੇਰ ਜਾ ਕੇ ਰੱਬ ਦਾ ਬੂਹਾ ਖੜਕਾਵਾਂ?

ਝਾਕਾ ਆਉਂਦਾ ਏ। ਮੈਂ ਸਾਰੀ ਉਮਰ ਰੱਬ ਤੋਂ ਮੁਨਕਰ ਰਿਹਾਂ। ਹੁਣ ਉਸ ਦੇ ਕੋਲ ਅਰਜ਼ ਗੁਜ਼ਾਰਨ ਕਿਵੇਂ ਜਾਵਾਂ? ਮੈਨੂੰ ਧਿਕਾਰ ਦੇਵੇਗਾ ਉਹ। ਕਹੇਗਾ, ਉਹ ਭਾਈ ਜਮਾਂਦਰੂ ਨਾਸਤਕਾ, ਮੇਰੇ ਦੁਆਰੇ ਕੀ ਕਰਨ ਆਇਐਂ?

'ਜ਼ਰੂਰ ਕਹਾਂਗਾ, ਕਿਉਂ ਨਾ ਕਹਾਂ?' ਮੈਨੂੰ ਕਿਤੋਂ ਆਵਾਜ਼ ਆਈ। ਕੋਈ ਨੇੜਿਉਂ ਹੀ ਬੋਲਿਆ ਸੀ। ਮੈਂ ਪੁੱਛਿਆ, ਭਾਈ ਕੌਣ ਏਂ ਤੂੰ?

'ਉਹੀਉ, ਜਿਹਦੇ ਦੁਆਰੇ ਆਇਐਂ...।'


'ਮੈਂ ਤਾਂ ਅਜੇ ਏਥੇ ਹਾਂ।'

'ਮੇਰੇ ਦੁਆਰੇ ਆਉਣ ਲਈ ਉਥੇ ਹੋਣ ਦੀ ਲੋੜ ਨਹੀਂ। ਮੈਂ, ਏਥੇ ਓਥੇ, ਹਰ ਥਾਂ ਹਾਂ।'

'ਕਿਥੋਂ ਬੋਲ ਰਿਹੈਂ?'

'ਤੈਨੂੰ ਕੀ। ਕਿਤੋਂ ਵੀ ਬੋਲਾਂ। ਏਸ ਵੇਲੇ ਮੈਂ ਤੇਰੇ ਅੰਦਰੋਂ ਬੋਲ ਰਿਹਾਂ। ਇਹਨੂੰ ਛੱਡ। ਧਿਆਨ ਨਾਲ ਸੁਣ। ਤੂੰ ਜੋ ਚਾਹੁਨੈਂ, ਮੈਂ ਕਰ ਸਕਨਾਂ। ਚਾਹਵੇਂ ਤਾਂ ਤੈਨੂੰ ਫੇਰ ਪੰਜ ਵਰ੍ਹਿਆਂ ਦਾ ਕਰ ਦਿਆਂ, ਜਦੋਂ ਤੂੰ ਆਪਣੇ ਸ਼ਹਿਰ ਖਾਲਸਾ ਸਕੂਲ ਵਿਚ ਪਿਆ ਸੈਂ। ਰੇਸ਼ਮੀ ਰੁਮਾਲ ਬੰਨ੍ਹ ਕੇ ਗਿਆ ਸੀ ਨਾ ਸਿਰ 'ਤੇ? ਚਾਹਵੇਂ ਤਾਂ ਤੈਨੂੰ ਪੰਦਰਾਂ ਵਰ੍ਹਿਆਂ ਦਾ ਕਰ ਦਿਆਂ, ਜਦੋਂ ਤੂੰ ਲਾਹੌਰ ਕਾਲਿਜ ਵਿਚ ਪਿਆ ਸੈਂ। ਓਥੇ, ਜਿਥੇ ਤੇਰੀ ਇਕ ਜਮਾਤਣ ਨੇ ਤੇਰਾ ਦਿਲ ਮੋਹ ਲਿਆ ਸੀ। ਨਾਂ ਦੱਸਾਂ ਉਹਦਾ...? ਛੱਡੋ ਰਹਿਣ ਦੇਨੇ ਹਾਂ। ਚਾਹਵੇਂ ਤਾਂ ਤੈਨੂੰ ਚਵ੍ਹੀ ਵਰ੍ਹਿਆਂ ਦਾ ਕਰ ਦਿਆਂ, ਜਦੋਂ ਤੂੰ ਉਹ ਕੁੜੀ ਵੇਖੀ ਸੀ, ਜਿਹੜੀ ਤੇਰੀ ਪਤਨੀ ਬਣੀ। ਉਹਦੇ ਵਾਲ ਘੁੰਗਰਾਲੇ ਸਨ ਨਾ? ਦੋ ਗੁੱਤਾਂ ਕਰਦੀ ਸੀ। ਹੋਰ ਤਾਂ ਹੋਰ, ਤੈਨੂੰ ਮੈਂ ਛੱਤੀ ਵਰ੍ਹਿਆਂ ਦਾ ਵੀ ਕਰ ਸਕਨਾਂ ਜਦੋਂ ਤੂੰ ਮਾਸਕੋ ਸੈਂ, ਜਿਥੇ ਤੂੰ ਸਾਰਾ ਸਮਾਂ ਪਰਦੇਸੀ ਸੁੰਦਰੀਆਂ ਵਿਚ ਘਿਰਿਆ ਰਹਿੰਦਾ ਸੈਂ। ਓਸ ਤਿੱਖੇ ਨਕਸ਼ਾਂ ਵਾਲੀ ਰੂਸਣ ਉਤੇ ਤੇਰੀ ਖਾਸ ਨਜ਼ਰ ਹੁੰਦੀ ਸੀ, ਜਿਹੜੀ ਆਪਣੇ ਭੂਰੇ ਵਾਲ ਪਿੱਛੇ ਜੂੜੇ 'ਚ ਬੰਨ੍ਹ ਕੇ ਰੱਖਦੀ ਸੀ। ਹੋਰ ਵੀ, ਜਿੰਨੇ ਦਾ ਵੀ ਚਾਹਵੇਂ, ਕਰ ਸਕਨਾਂ, ਪਰ ਬੰਦੇ ਦਿਆ ਪੁੱਤਰਾ, ਦੱਸ, ਮੈਂ ਕਰਾਂ ਤਾਂ ਕਿਉਂ ਕਰਾਂ? ਮੈਨੂੰ ਪਾਗਲ ਕੁੱਤੇ ਨੇ ਵੱਢਿਐ? ਤੂੰ ਤਾਂ ਮੈਨੂੰ ਕਦੀ ਮੰਨਿਆ ਵੀ ਨਹੀਂ। ਹੁਣ ਕਿਉਂ ਆਇਐਂ ਮੇਰੇ ਕੋਲ? ਕਿਉਂ ਨਹੀਂ ਜਾਂਦਾ ਆਪਣੇ ਮਾਰਕਸ ਤੇ ਏਂਗਲਜ਼ ਕੋਲ?'

ਮੈਂ ਬੋਲਣ ਜੋਗਾ ਨਾ ਰਿਹਾ। ਏਸ ਰੱਬ ਨੂੰ, ਜਾਂ ਜੋ ਵੀ ਉਹ ਹੈ ਸੀ, ਸਾਰੀਆਂ ਖਬਰਾਂ ਸਨ। ਉਹਦੇ ਕੋਲ ਮੇਰਾ ਪੂਰਾ ਰਿਕਾਰਡ ਸੀ। ਖੈਰ, ਮੈਂ ਜਵਾਬ ਦਿੱਤਾ ਉਹਨੂੰ। ਬੋਲਿਆ ਮੈਂ ਵੀ ਅੰਦਰ ਹੀ। ਜੇ ਉਹ ਮੇਰੇ ਅੰਦਰੋਂ ਬੋਲ ਰਿਹਾ ਸੀ, ਤਾਂ ਮੇਰੇ ਅੰਦਰੋਂ ਸੁਣ ਵੀ ਸਕਦਾ ਸੀ। ਮੈਂ ਕਿਉਂ ਐਵੇਂ ਮੂੰਹ ਪਿਆ ਟੱਡਾਂ ਆਪਣਾ। ਮੈਂ ਕਿਹਾ, 'ਵੇਖ ਭਾਈ, ਜਾਣਾ ਤਾਂ ਮੈਂ ਉਨ੍ਹਾਂ ਕੋਲ ਹੀ ਚਾਹੁਨਾਂ, ਪਰ ਪਤਾ ਨਹੀਂ ਉਹ ਕਿਥੇ ਨੇ। ਜਾਣ ਨੂੰ ਤਾਂ ਮੈਂ ਆਪਣੇ ਲੈਨਿਨ ਕੋਲ ਵੀ ਜਾ ਸਕਨਾਂ। ਬੜਾ ਉਲਥਾਇਆ ਏ ਮੈਂ ਉਹਨੂੰ। ਬੜੇ ਲੰਮੇ ਲੰਮੇ ਵਾਕ ਲਿਖਦਾ ਸੀ। ਪੂਰੇ ਪੂਰੇ ਪੈਰੇ ਦੇ। ਉਹਦਾ ਟਿਕਾਣਾ ਵੀ ਮੈਨੂੰ ਪਤੈ, ਪਰ ਉਹ ਵਿਚਾਰਾ ਤਾਂ ਆਪ ਵੀ ਰੁਲ ਰਿਹੈ। ਏਸ ਵੇਲੇ ਜਾ ਕੇ ਕੀ ਪਾਵਾਂ ਫਰਮਾਇਸ਼ ਉਹਨੂੰ। ਮਾਰਕਸ ਕੋਲ ਤਾਂ ਮੈਂ ਇਕ ਵਾਰੀ ਸੰਨ ਸਤਾਹਠ ਵਿਚ ਗਿਆ ਵੀ ਸਾਂ। ਤੇਰੇ ਕੋਲ ਕਿਤੇ ਦਰਜ ਹੋਣੈਂ ਇਹ ਵੀ। ਉਥੇ ਹੋਰ ਵੀ ਲੋਕ ਸਨ। ਸ਼ਰਧਾ ਜਤਾ ਰਹੇ ਸਨ, ਕੁਝ ਮੰਗਣ ਨਹੀਂ ਸਨ ਆਏ। ਮਾਰਕਸ ਅੱਗੋਂ ਚੁੱਪ ਸੀ। ਕੂਅ ਨਹੀਂ ਸੀ ਰਿਹਾ। ਹੱਛਾ, ਜੇ ਮੈਂ ਹੁਣ ਚਲਾ ਵੀ ਜਾਵਾਂ ਫੇਰ ਉਹਦੇ ਕੋਲ ਤੇ ਜੇ ਉਹ ਕੂਅ ਵੀ ਪਿਆ ਤਾਂ ਮੈਨੂੰ ਪਤੈ, ਉਹ ਕੀ ਕਹੇਗਾ। ਉਹ ਕਹੇਗਾ, "ਭੋਲੇ ਪੰਛੀਆ, ਚੰਗਾ ਮਾਰਕਸਵਾਦੀ



ਏਂ ਤੂੰ। ਤੈਨੂੰ ਏਨਾ ਵੀ ਯਾਦ ਨਹੀਂ ਕਿ ਮੈਂ ਤਾਂ ਸਿਰਫ ਨਕਸ਼ਾ ਨਵੀਸ ਸਾਂ। ਬਣਾਂਦਾ ਕੁਝ ਨਹੀਂ ਸਾਂ। ਨਾ ਸਮਾਜ ਨਾ ਬੰਦੇ।" ਨਾ ਭਾਈ, ਨਾ ਘੱਲ ਮੈਨੂੰ ਏਡੀ ਦੂਰ, ਏਸ ਉਮਰੇ। ਅੰਗਰੇਜ਼ ਏਨੀ ਛੇਤੀ ਵੀਜ਼ਾ ਵੀ ਨਹੀਂ ਦੇਂਦੇ। ਦੋ-ਦੋ ਹਫਤੇ ਪਾਸਪੋਰਟ ਰੱਖ ਲੈਂਦੇ ਨੇ। ਪੈਸੇ ਵੀ ਬੜੇ ਝਾੜਦੇ ਨੇ। ਜੇ ਤੂੰ ਕਰ ਸਕਨੈਂ ਤਾਂ ਆਪ ਹੀ ਕਰ ਦੇ...।'

'ਫੇਰ ਮੰਨੇਂਗਾ ਮੈਨੂੰ?' ਉਹ ਫੇਰ ਮੇਰੇ ਅੰਦਰੋਂ ਬੋਲਿਆ। ਪਹਿਲਾਂ ਨਾਲੋਂ ਉਚੀ।

'ਯਾਰ ਏਸ ਵੇਲੇ ਮੰਨਣ, ਨਾ ਮੰਨਣ ਦਾ ਝੇੜਾ ਨਾ ਪਾ।'

'ਠੀਕ ਏ, ਪਰ ਮੇਰੀ ਇਕ ਮੁਸ਼ਕਿਲ ਏ', ਉਹਨੇ ਆਵਾਜ਼ ਨੀਵੀਂ ਕਰ ਲਈ, 'ਚਾਹ ਮੈਂ ਸਿਰਫ ਆਸਤਕਾਂ ਦੀ ਪੂਰੀ ਕਰ ਸਕਨਾਂ। ਨਾਸਤਕਾਂ 'ਤੇ ਮੇਰਾ ਜਾਦੂ ਨਹੀਂ ਚਲਦਾ।'

'ਚਲਾ ਯਾਰ, ਆਪਣਾ ਜਾਦੂ। ਕਰ ਵੇਖ ਕੋਸ਼ਿਸ਼। ਚਲ ਜਾਏਗਾ। ਮੇਰੇ ਮਾਪੇ ਤਾਂ ਆਸਤਕ ਸਨ। ਰੋਜ਼ ਸਵੇਰੇ ਤੈਨੂੰ ਮੱਥਾ ਟੇਕਦੇ ਸਨ।'

'ਚਲ ਉਨ੍ਹਾਂ ਕਰ ਕੇ ਤੇਰੀ ਗੱਲ ਮੰਨੀ।' ਰੱਬ ਪਸਮ ਪਿਆ। 'ਦੱਸ ਕਿੰਨੀ ਕਰਾਂ ਤੇਰੀ ਉਮਰ? ਛੇਤੀ ਦੱਸ।'

'ਇਕਦਮ ਨਹੀਂ ਦੱਸ ਸਕਦਾ। ਸੋਚ ਲੈਣ ਦੇ।'

'ਚਲ ਸੋਚ ਲੈ, ਜਿੰਨਾ ਮਰਜ਼ੀ। ਫੇਰ ਆ ਜਾਈਂ ਮੇਰੇ ਕੋਲ। ਆਵਾਜ਼ ਦਈਂ ਆ ਕੇ। ਹੁਣ ਵਾਂਗੂ। ਹਾਂ, ਨਾਲੇ ਇਹ ਵੀ ਸੋਚ ਆਈਂ ਕਿ ਮੈਨੂੰ ਮੰਨੇਂਗਾ ਕਿ ਨਹੀਂ।'

'ਪਾਤਸ਼ਾਹੋ, ਸੋਚਣ ਵਾਲੀ ਗੱਲ ਤਾਂ ਇਹ ਵੀ ਏ।'

'ਜਾਹ ਫੇਰ ਸੋਚ ਆ ਸਭ ਕੁਝ ਜਾ ਕੇ।'

ਮੈਂ ਇਕਦਮ ਸੋਚਣ ਲੱਗ ਪਿਆ। ਕਈ ਦਿਨ ਤੇ ਕਈ ਰਾਤਾਂ ਸੋਚਦਾ ਰਿਹਾ। ਜਾਗਦਿਆਂ ਵੀ ਤੇ ਸੁੱਤਿਆਂ ਵੀ। ਸੋਚਣਾ ਸੌਖਾ ਕਰਨ ਲਈ ਮੈਂ ਉਮਰ ਨੂੰ ਦਹਾਕਿਆਂ ਵਿਚ ਵੰਡ ਲਿਆ।

ਪਹਿਲੋਂ ਸੋਚਿਆ, ਜੇ ਉਮਰ ਦਸ ਸਾਲਾਂ ਦੀ ਹੋ ਜਾਏ ਤਾਂ? ਦਿਲ ਨਾ ਮੰਨਿਆ। ਉਦੋਂ ਮੇਰਾ ਕੱਦ ਬੜਾ ਛੋਟਾ ਹੁੰਦਾ ਸੀ। ਸਿਰੋਂ ਨੰਗਾ ਤੇ ਪੈਰੋਂ ਵਾਹਣਾ ਘੁੰਮਦਾ ਸਾਂ। ਸਕੂਲੋਂ ਘੁਸਾਈਆਂ ਮਾਰਦਾ ਸਾਂ। ਹਾਂ, ਪਰ ਮੇਰਾ ਉਰਦੂ ਦਾ ਖਤ ਬੜਾ ਸੁਹਣਾ ਹੁੰਦਾ ਸੀ। ਦੂਜਿਆਂ ਦੀ ਇਸਲਾਹ ਕਰਦਾ ਸਾਂ, ਪਰ ਹੁਣ ਇਹ ਖੁਸ਼ਖਤੀ ਕਿਸ ਕੰਮ? ਕਾਤਿਬ ਬਣਨੈਂ? ਨਾਲੇ, ਅੱਜ ਕੱਲ੍ਹ ਉਰਦੂ ਨੂੰ ਕੌਣ ਪੁੱਛਦੈ? ਵਿਚਾਰੀ ਰਿਫਿਊਜਣ ਬਣੀ ਪਈ ਏ, ਆਪਣੇ ਹੀ ਵਤਨ ਵਿਚ। ਉਹੀਉ ਹਾਲ ਸੂ, ਜੋ ਸਾਡਾ ਏਧਰ ਪਾਕਿਸਤਾਨੋਂ ਆਉਣ ਵੇਲੇ ਹੁੰਦਾ ਸੀ। ਨਹੀਂ! ਛੱਡੋ। ਇਕ ਦਹਾਕਾ ਅੱਗੇ ਚੱਲੀਏ।

ਫੇਰ ਕੀ ਮੈਂ ਵੀਹ ਵਰ੍ਹਿਆਂ ਦਾ ਹੋਵਾਂ? ਮੈਂ ਸੋਚਣ ਲੱਗਾ। ਵੀਹ ਸਾਲ ਬੜੀ ਵਧੀਆ ਉਮਰ ਏ। ਰੁੱਤ ਬਸੰਤੀ, ਪਰ ਠਹਿਰੋ, ਮੇਰਾ ਵੀਹਵਾਂ ਵਰ੍ਹਾ ਤਾਂ ਮੁਰਝਾਇਆ ਹੋਇਆ ਸੀ। ਦੇਸ ਵੰਡਿਆ ਗਿਆ ਸੀ ਤੇ ਅਸੀਂ ਘਰ ਘਾਟ ਛੱਡ ਏਥੇ ਆਪਣੇ ਆਜ਼ਾਦ ਹਿੰਦੁਸਤਾਨ ਪਹੁੰਚੇ ਹੋਏ ਸਾਂ। ਰਿਫਿਊਜੀ ਸਾਂ। ਸ਼ਰਨਾਰਥੀ। ਸਾਨੂੰ ਇਹੋ ਸੱਦਦੇ ਸਨ ਉਦੋਂ। ਮੁਥਾਜ ਸਾਂ ਅਸੀਂ। ਨਿਆਸਰੇ। ਰਹਿਣ ਨੂੰ ਥਾਂ ਨਹੀਂ ਸੀ। ਰੁਜ਼ਗਾਰ ਨਹੀਂ ਸੀ। ਮੈਂ ਅੱਧਾ ਅਨਪੜ੍ਹ ਸਾਂ। ਪੜ੍ਹਾਈ ਪੂਰੀ ਨਹੀਂ ਸੀ ਹੋਈ। ਕਿਰਾਏ ਦਾ ਸਾਇਕਲ ਚਲਾਂਦਾ ਸਾਂ। ਟਿਊਸ਼ਨਾਂ ਕਰਦਾ ਸਾਂ। ਜੇ ਵੀਹਾਂ ਦਾ ਹੋ ਗਿਆ ਤਾਂ ਕੀ ਫੇਰ ਟਿਊਸ਼ਨਾਂ ਕਰਾਂਗਾ? ਕਾਰਾਂ ਨਹੀਂ ਰਹਿਣਗੀਆਂ? ਸਾਇਕਲ ਵਾਹਵਾਂਗਾ ਫੇਰ? ਦਿਲ ਨੇ ਇਹ ਸਾਲ ਵੀ ਰੱਦ ਕਰ ਦਿੱਤਾ। ਮਈ ਜੂਨ ਦੀ ਧੁੱਪ ਵਿਚ ਸਾਇਕਲ ਚਲਾਣਾ ਬੜਾ ਮੁਸ਼ਕਿਲ ਸੀ। ਮੇਰੀ ਸੂਈ ਆਪਮੁਹਾਰੇ ਟੱਪ ਕੇ ਤੀਹਵੇਂ ਸਾਲ 'ਤੇ ਆਣ ਖਲੋਤੀ।

ਤੀਹਵਾਂ ਵਰ੍ਹਾ ਕਮਾਲ ਸੀ। ਜਵਾਨ ਸਾਂ। ਚੰਗੀ ਨੌਕਰੀ ਸੀ। ਮਰਜ਼ੀ ਦੀ ਸੁਹਣੀ ਕੁੜੀ ਨਾਲ ਵਿਆਹ ਹੋ ਚੁੱਕਾ ਸੀ, ਪਰ ਮਕਾਨ ਕਿਰਾਏ ਦਾ ਸੀ। ਅੱਧੀ ਤਨਖਾਹ ਉਹਦੇ ਲੇਖੇ ਲੱਗ ਜਾਂਦੀ ਸੀ। ਦਫਤਰ ਬਸ 'ਤੇ ਜਾਂਦਾ ਸੀ, ਬੜੀ ਵਾਰੀ ਖਲੋ ਕੇ। ਜਾ ਕੇ ਕੰਮ ਬੜਾ ਕਰਨਾ ਪੈਂਦਾ ਸੀ। ਸਿਰਫ ਤਨਖਾਹ ਨਾਲ ਪੂਰੀ ਨਹੀਂ ਸੀ ਪੈਂਦੀ। ਸ਼ਾਮੀਂ ਘਰ ਆ ਤਰਜਮਾ ਕਰਦਾ ਸਾਂ। ਰੇਟ ਬੜਾ ਘੱਟ ਹੁੰਦਾ ਸੀ। ਬਹੁਤੇ ਪੈਸੇ ਨਹੀਂ ਸਨ ਮਿਲਦੇ। ਦਫਤਰ ਵਿਚ ਵੀ ਕੋਈ ਖਾਸ ਪੁਜ਼ੀਸ਼ਨ ਨਹੀਂ ਸੀ, ਪਰ ਜੇ ਮੇਰੀ ਕਿਸੇ ਗੱਲੋਂ ਇਹ ਨੌਕਰੀ ਛੁੱਟ ਜਾਂਦੀ ਤਾਂ ਮੈਨੂੰ ਹੋਰ ਕੋਈ ਨੌਕਰੀ ਨਾ ਮਿਲਦੀ। ਮੇਰੀ ਕੁਆਲੀਫੀਕੇਸ਼ਨ ਹੀ ਕੋਈ ਨਹੀਂ ਸੀ। ਨਿਉਂ ਕੇ ਰਹੀਦਾ ਸੀ। ਫੇਰ ਵੀ ਠੀਕ ਸੀ, ਪਰ ਇਹੋ ਜਿਹਾ ਕੁਝ ਨਹੀਂ ਸੀ ਕਿ ਉਹਦੀ ਤਾਂਘ ਹੋਵੇ। ਨਹੀਂ ਠੀਕ ਤੀਹ ਸਾਲ ਵੀ।

ਮੈਂ ਸੂਈ ਵੱਲ ਵੇਖਿਆ! ਉਹ ਹਿੱਲੀ ਤੇ ਚਾਲੀਵੇਂ ਵਰ੍ਹੇ 'ਤੇ ਜਾ ਖਲੋਤੀ।

ਚਾਲੀਵਾਂ ਸਾਲ ਚਿਤਾਰ ਮੂੰਹ ਖਿੜ ਗਿਆ। ਲਿਸ਼ਕ ਪਿਆ। ਕਮਾਲ ਦੇ ਦਿਨ ਸਨ। ਮੈਨੂੰ ਮਾਸਕੋ ਆਇਆਂ ਦੂਜਾ ਸਾਲ ਸੀ। ਮਜ਼ੇ ਹੀ ਮਜ਼ੇ ਸਨ। ਚੰਗਾ ਫਲੈਟ ਸੀ। ਚੰਗਾ ਕੰਮ ਸੀ। ਚੰਗੀ ਕਮਾਈ ਸੀ। ਚੰਗੀ ਸਿਹਤ ਸੀ। ਸਾਰਾ ਦਿਨ ਭੱਜਾ ਫਿਰਦਾ ਸਾਂ। ਕਦੀ ਕੋਈ ਰੋਗ ਨਹੀਂ ਸੀ ਲੱਗਾ। ਇੰਗਲਿਸਤਾਨ ਦੀ ਸੈਰ ਕਰ ਆਇਆ ਸਾਂ। ਮਾਰਕਸ ਦੀ ਕਬਰ 'ਤੇ ਉਦੋਂ ਹੀ ਗਿਆ ਸਾਂ। ਵੀ.ਆਈ.ਪੀ. ਸਾਂ ਓਥੋਂ ਦਾ। ਮਾਸਕੋ ਹਰ ਕੰਮ ਦੀ ਚੀਜ਼ ਖਰੀਦਣ ਲਈ ਲਾਈਨਾਂ ਲਗਦੀਆਂ ਸਨ। ਚੰਗੀਆਂ ਲੰਮੀਆਂ। ਲੋਕੀਂ ਆਪਣੀ ਵਾਰੀ ਰੱਖ ਏਧਰੋਂ ਓਧਰੋਂ ਵੀ ਹੋ ਆਉਂਦੇ ਸਨ, ਪਰ ਮੈਨੂੰ ਕਦੀ ਕਿਸੇ ਲਾਈਨ 'ਚ ਨਾ ਲੱਗਣਾ ਪਿਆ। ਮੇਰੀ ਪੱਗ ਵੇਖ ਲੋਕ ਮੈਨੂੰ ਅੱਗੇ ਕਰ ਦੇਂਦੇ। ਕਹਿੰਦੇ 'ਹਿੰਦੁਸਤਾਨੀ ਏ। ਜਾਣ ਦਿਓ।' ਉਦੋਂ ਕਾਰ ਨਹੀਂ ਸਾਂ ਚਲਾਂਦਾ, ਪਰ ਹੇਠ ਹਮੇਸ਼ਾ ਟੈਕਸੀ ਹੁੰਦੀ ਸੀ। ਕਿਆ ਦਿਨ ਸਨ! ਪੁੱਛੋ ਨਾ।

'ਠਹਿਰ ਭਾਈ!' ਮੈਨੂੰ ਅੰਦਰੋਂ ਆਵਾਜ਼ ਆਈ। ਰੱਬ ਦੀ ਨਹੀਂ, ਮੇਰੀ ਆਪਣੀ। 'ਇਹ ਦੱਸ, ਕੰਮ ਕਿੰਨਾ ਕੁ ਕਰਦਾ ਸੈਂ?'

ਹਾਂ, ਕੰਮ ਤਾਂ ਬੜਾ ਕਰਨਾ ਪੈਂਦਾ ਸੀ। ਸਵੇਰੇ ਛੇ ਵਜੇ ਤੋਂ ਹੀ ਲੱਗ ਜਾਈਦਾ ਸੀ। ਚਲ ਸੋ ਚਲ। ਜਦੋਂ ਵਿਹਲ ਹੋਵੇ, ਪੜ੍ਹਨ ਨੂੰ ਕੁਝ ਨਹੀਂ ਸੀ ਹੁੰਦਾ। ਉਥੇ ਅੰਗਰੇਜ਼ੀ ਦੀਆਂ ਕਿਤਾਬਾਂ ਤਾਂ ਕਿਤੋਂ ਲੱਭਦੀਆਂ ਹੀ ਨਹੀਂ ਸਨ। ਅਖਬਾਰਾਂ ਸਨ, ਪਰ ਰੂਸੀ ਵਿਚ। ਰੂਸੀ ਏਨੀ ਨਹੀਂ ਸੀ ਆਉਂਦੀ ਕਿ ਉਨ੍ਹਾਂ ਨੂੰ ਪੜ੍ਹ ਸਕਦਾ। ਜੇ ਆਉਂਦੀ ਵੀ ਹੁੰਦੀ ਤਾਂ ਵੀ ਨਾ ਪੜ੍ਹਦਾ। ਉਨ੍ਹਾਂ ਵਿਚ ਪੜ੍ਹਨ ਨੂੰ ਹੁੰਦਾ ਹੀ ਕੁਝ ਨਹੀਂ ਸੀ। ਸਭ ਕੁਝ ਬੇਹਾ। ਸਭ ਕੁਝ ਪੁਰਾਣਾ। ਲਗਦਾ ਸੀ, ਦੁਨੀਆਂ ਖਲੋ ਗਈ ਏ। ਉਹਦੇ ਵਿਚ ਕੁਝ ਹੋ ਹੀ ਨਹੀਂ ਸੀ ਰਿਹਾ। ਮੇਰਾ ਇਕ ਦੋਸਤ, ਮੇਰੇ ਨਾਲੋਂ ਵੀ ਪੱਕਾ ਤੇ ਪੁਰਾਣਾ ਪਾਰਟੀ-ਭਗਤ, ਕਿਹਾ ਕਰਦਾ ਸੀ ਕਿ ਇਹ ਜਿਹੜਾ ਪਰਾਵਦਾ ਏ-ਸਭ ਤੋਂ ਵੱਡਾ ਅਖਬਾਰ, ਭਾਵ ਸੱਚ- ਇਹਦੇ ਵਿਚ 'ਸੱਚਾਈ' ਨਹੀਂ ਹੁੰਦੀ ਤੇ ਇਹ ਜਿਹੜਾ ਇਜ਼ਵਸਤੀਆ ਏ-ਹੋਰ ਇਕ ਵੱਡਾ ਅਖਬਾਰ, ਭਾਵ ਖਬਰ-ਇਹਦੇ ਵਿਚ ਖਬਰ ਨਹੀਂ ਹੁੰਦੀ। ਟੀ.ਵੀ. ਹੈ ਸੀ, ਪਰ ਰੂਸੀ ਵਿਚ। ਕੋਈ ਕਿੰਨਾ ਕੁ ਚਿਰ ਬੈਠਾ ਮੂਰਤਾਂ ਵੇਖਦਾ ਰਹਿੰਦਾ। ਹਾਂ, ਇਕ ਅੰਗਰੇਜ਼ੀ ਅਖਬਾਰ ਮਿਲਦਾ ਸੀ। ਮਾਰਨਿੰਗ ਸਟਾਰ। ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦਾ ਰੋਜ਼ਾਨਾ ਸੀ। ਉਹ ਲੈ ਲੈਂਦਾ ਸਾਂ, ਜਦੋਂ ਕਦੀ ਦਿਸੇ। ਅੰਗਰੇਜ਼ੀ ਬੜੀ ਚੰਗੀ ਹੁੰਦੀ ਸੀ ਉਹਦੀ, ਪਰ ਵਿਚ ਖਬਰ ਕੋਈ ਨਹੀਂ ਸੀ ਹੁੰਦੀ ਮਤਲਬ ਦੀ। ਹੈ ਵੀ ਛੋਟਾ ਜਿਹਾ ਸੀ। ਪੰਜਾਬੀ ਬੋਲਣ, ਪੰਜਾਬੀ ਸੁਣਨ, ਪੰਜਾਬੀ ਪੜ੍ਹਨ ਨੂੰ ਤਰਸ ਜਾਈਦਾ ਸੀ। ਸਾਡੇ ਆਪਣੇ ਬੱਚੇ ਵੀ ਆਪੋ ਵਿਚ ਰੂਸੀ ਬੋਲਣ ਲੱਗ ਪਏ ਸਨ। ਨਹੀਂ ਯਾਰ, ਰਹਿਣ ਦੇ। ਉਦੋਂ ਵਾਲੀ ਉਮਰ ਨਹੀਂ ਚਾਹੀਦੀ। ਹੋਰ ਨਹੀਂ ਕਰਨੀ ਉਹੋ ਜਿਹੀ ਮਜ਼ਦੂਰੀ।

ਮੈਂ ਆਪਣੀ ਸੂਈ ਵੱਲ ਵੇਖਿਆ। ਉਹਨੇ ਪੂਰੇ ਦਹਾਕੇ ਦੀ ਛੜਾਪੀ ਮਾਰੀ ਤੇ ਪੰਜਾਹ ਵਰ੍ਹਿਆ ਵਾਲੀ ਥਾਂ 'ਤੇ ਆਣ ਅਟਕੀ।

ਮੇਰੀ ਇਹ ਉਮਰ ਉਦੋਂ ਸੀ, ਜਦੋਂ ਸਾਨੂੰ ਮਾਸਕੋ ਤੋਂ ਮੁੜਿਆਂ ਕੋਈ ਦਸ ਸਾਲ ਹੋ ਚੁੱਕੇ ਸਨ। ਨੌਕਰੀ ਠੀਕ ਸੀ। ਘਰ ਠੀਕ ਸੀ। ਬੱਚੇ ਠੀਕ ਸਨ।

'ਫੇਰ ਹੋ ਜਾਏ ਉਦੋਂ ਵਾਲੀ ਉਮਰ?' ਮੈਨੂੰ ਫੇਰ ਮੇਰੀ ਹੀ ਆਵਾਜ਼ ਨੇ ਸਵਾਲ ਪਾਇਆ, ਆਪਣੇ ਅੰਦਰੋਂ।

'ਠਹਿਰ, ਜ਼ਰਾ ਹੋਰ ਸੋਚ ਲਈਏ', ਮੈਂ ਆਪਣੇ ਆਪ ਨੂੰ ਜਵਾਬ ਦਿੱਤਾ।

ਉਦੋਂ ਮਕਾਨ ਕਿਰਾਏ ਦਾ ਸੀ। ਮਾਲਕ ਮਕਾਨ ਨੇ ਸਾਡੇ 'ਤੇ ਕੇਸ ਕੀਤਾ ਹੋਇਆ ਸੀ। ਹਰ ਦੂਜੇ ਮਹੀਨੇ ਤੀਸ ਹਜ਼ਾਰੀ ਕਚਹਿਰੀ ਜਾਣਾ ਪੈਂਦਾ ਸੀ। ਉਹ ਵੀ ਸਵੇਰੇ ਸਵੇਰੇ। ਬੜਾ ਖੱਜਲ ਹੋਈਦਾ ਸੀ। ਦਫਤਰ ਵੀ ਬੜਾ ਕੰਮ ਸੀ। ਮੁਕਦਾ ਨਹੀਂ ਸੀ। ਘਰ ਵੀ ਲਿਆਉਣਾ ਪੈਂਦਾ ਸੀ। ਵਹੁਟੀ ਦੁਖੀ ਸੀ। ਉਹਦੇ ਲਈ ਵਕਤ ਨਹੀਂ ਸੀ। ਬੱਚਿਆਂ ਦੀ ਪੜ੍ਹਾਈ ਵਿਚ ਕੋਈ ਮਦਦ ਨਹੀਂ ਸਾਂ ਕਰ

***(ਬਾਕੀ ਅਗਲੇ ਸਫੇ 'ਤੇ)***

# ਰੱਬ ਨਾਲ ਗੱਲਾਂ

*(ਪਿਛਲੇ ਸਫੇ ਦੀ ਬਾਕੀ)*

ਸਕਦਾ। ਇਹ ਉਹੀਉਂ ਸਮਾਂ ਸੀ ਜਦੋਂ ਮੈਨੂੰ ਰਾਤ ਨੀਂਦਰ ਨਾ ਪੈਣ ਦੀ ਬਿਮਾਰੀ ਸ਼ੁਰੂ ਹੋਈ ਸੀ। ਅੱਧੀ ਅੱਧੀ ਰਾਤ ਤਕ ਜਾਗਦਾ ਰਹਿੰਦਾ ਸਾਂ। ਸਿਰ 'ਚ ਕੋਈ ਭੰਬੀਰੀ ਭੌਂਦੀ ਰਹਿੰਦੀ ਸੀ। ਸਵੇਰੇ ਉਠ ਫੇਰ ਸਵਖਤੇ ਹੀ ਦਫਤਰ ਜਾਣਾ ਪੈਂਦਾ ਸੀ। ਉਥੇ ਵੀ, ਕੁਰਸੀ 'ਤੇ ਬੈਠਾ ਬੈਠਾ ਸੌਂ ਜਾਂਦਾ ਸਾਂ। ਮੇਰੀ ਉਦੋਂ ਦੀ ਖਰਾਬ ਹੋਈ ਨੀਂਦਰ ਹੁਣ ਤਕ ਖਰਾਬ ਏ। ਇਹ ਨਹੀਂ ਸੀ ਵੇਲਾ, ਜਿਹਨੂੰ ਵਾਪਸ ਸੱਦਿਆ ਜਾਵੇ। ਜ਼ਿੰਦਗੀ ਦੇ ਜਿਹੜੇ ਦੋ-ਚਾਰ ਸਾਲ ਹੋਰ ਬਿਤਾਉਣੇ ਨੇ, ਉਹ ਉਨੀਂਦੇ ਝਾਗ ਕੇ ਕਿਉਂ ਬਿਤਾਵਾਂ? ਕਿਉਂ ਖੱਜਲ ਹੋਵਾਂ ਜਾ ਕੇ ਕਚਹਿਰੀਆਂ ਵਿਚ। 'ਨਹੀਂ, ਨਹੀਂ!' ਦਿਲ ਨੇ ਇਕਦਮ ਨਾਂਹ ਕਰ ਦਿੱਤੀ।

ਸੂਈ ਸੱਤਰਵੇਂ ਵਰ੍ਹੇ 'ਤੇ ਲਿਆਉਣੀ ਪਈ।

ਅਸ਼ਕੇ! ਨਹੀਂ ਰੀਸਾਂ! ਕਿਆ ਉਮਰ ਸੀ ਉਹ ਮੇਰੀ! ਸੁਨਹਿਰੀ ਦਿਨ ਸਨ ਮੇਰੇ! ਵਾਰੇ ਨਿਆਰੇ ਸਨ। ਨਾਂ ਨੂੰ ਵਡੇਰਾ ਸਾਂ, ਪਰ ਮੇਰਾ ਸਭ ਕੁਝ ਠੀਕ ਸੀ। ਸਾਰੀਆਂ ਯੋਗਤਾਵਾਂ ਕਾਇਮ ਸਨ। ਸਾਰੀਆਂ! ਮੇਰਾ ਪੰਜਾਬੀ ਵਿਚ ਲਿਖਣ ਨੂੰ ਜੀਅ ਕਰ ਰਿਹਾ ਸੀ। ਸਿਰ ਵਿਚ ਪਹਿਲਾ ਨਾਵਲ ਮੰਡਰਾ ਰਿਹਾ ਸੀ। ਸੋਚ ਰਿਹਾ ਸਾਂ, ਅੰਗਰੇਜ਼ੀ ਵਿਚ ਲਿਖਾਂ ਕਿ ਪੰਜਾਬੀ ਵਿਚ। ਪੰਜਾਬੀ ਵਿਚ ਲਿਖਣਾ ਤਾਂ ਜੰਗਲ ਵਿਚ ਮੋਰ ਦੇ ਨਾਚ ਦੇ ਨਿਆਈਂ ਸੀ। ਕਿਨ੍ਹੇ ਵੇਖਿਆ? ਨਹੀਂ ਵੇਖਿਆ ਤਾਂ ਸਮਝੋ ਮੋਰ ਨਹੀਂ ਨੱਚਿਆ, ਪਰ ਲਿਖਣ ਲੱਗਾ ਮੈਂ ਅਖੀਰ ਪੰਜਾਬੀ ਵਿਚ ਹੀ। ਮੋਰ ਨੂੰ ਭੁੱਲ ਗਿਆ। ਲਿਖਦਾ ਹੌਲੀ ਹੌਲੀ ਸਾਂ। ਇਕੋ ਚੀਜ਼ ਕਈ ਵਾਰੀ ਲਿਖਣੀ ਪੈਂਦੀ ਸੀ। ਪੁੱਤਰ ਵਿਆਹਿਆ ਗਿਆ ਸੀ। ਆਪਣੇ ਪੈਰਾਂ 'ਤੇ ਖੜ੍ਹਾ ਸੀ। ਮੇਰਾ ਭਾਰ ਲਹਿ ਗਿਆ ਸੀ। ਉਦੋਂ ਬੜਾ ਤੁਰਦਾ ਸਾਂ। ਤੁਰਨਾ ਚੰਗਾ ਲਗਦਾ ਸੀ। ਬੜੇ ਫੁਰਨੇ ਫੁਰਦੇ ਸਨ ਤੁਰਦਿਆਂ। ਜਦੋਂ ਧੀ ਕੋਲ ਸਾਇਪਰਸ ਜਾਂਦਾ ਤਾਂ, ਸਮੁੰਦਰ ਕੰਢੇ ਨੰਗੇ ਪੈਰੀਂ ਟੁਰਿਆ ਕਰਦਾ ਸਾਂ। ਏਥੇ ਦਿੱਲੀ ਮੇਰਾ ਨਵਾਂ ਘਰ ਬੜਾ ਉਚਾ ਸੀ। ਬੜੀਆਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਸਨ। ਸਮਝੋ ਕੁਤਬ ਮੀਨਾਰ ਸੀ ਕੋਈ। ਦਿਨ ਵਿਚ ਕਈ ਵਾਰੀ ਚੜ੍ਹਦਾ ਸਾਂ। ਬੜਾ ਦਮ ਸੀ। ਮੇਰੇ ਕੋਲ ਕਾਰ ਹੁੰਦੀ ਸੀ। ਮਾਰੂਤੀ। ਨੀਲੇ ਰੰਗ ਦੀ। ਪੂਰੀ ਜਾਪਾਨੀ। ਆਪ ਚਲਾਂਦਾ ਸਾਂ। ਉਡਦੀ ਜਾਂਦੀ ਸੀ। 'ਹਵਾ ਮੇਂ ਉੜਤਾ ਜਾਏ, ਮੇਰਾ ਲਾਲ ਦੁਪੱਟਾ ਮਲਮਲ ਕਾ।' ਬਿਲਕੁਲ ਇਹ ਹਾਲ ਸੀ। ਬੜਾ ਮਜ਼ਾ ਆਉਂਦਾ ਸੀ।

'ਸੱਚੀਂ?' ਫੇਰ ਮੈਨੂੰ ਅੰਦਰੋਂ ਸਵਾਲ ਦਾਗਿਆ ਗਿਆ।

ਹਾਂ, ਯਾਰ ਪੈਟਰੋਲ ਪੁਆਣ ਵੇਲੇ ਸੋਚਣਾ ਪੈਂਦਾ ਸੀ। ਕਾਰ ਚੰਗੀ ਸੀ। ਤੇਲ ਬਹੁਤਾ ਨਹੀਂ ਸੀ ਪੀਂਦੀ, ਪਰ ਤਿਹ ਤਾਂ ਉਹਨੂੰ ਲਗਦੀ ਹੀ ਸੀ। ਉਹਨੂੰ ਤੇਲ ਪਿਲਾਣ ਵੇਲੇ ਸੋਚਣਾ ਪੈਂਦਾ ਸੀ। ਨੌਕਰੀ ਨਹੀਂ ਸੀ ਰਹੀ। ਰਿਟਾਇਰ ਹੋ ਗਿਆ ਸਾਂ। ਪੈਨਸ਼ਨ ਕੋਈ ਨਹੀਂ ਸੀ। ਖਰਚ ਪਹਿਲਾਂ ਵਰਗੇ ਹੀ ਸਨ। ਕੋਈ ਕੰਮ ਸ਼ੁਰੂ ਨਹੀਂ ਸਾਂ ਕਰ ਸਕਦਾ। ਉਹਦੇ ਲਈ ਪੂੰਜੀ ਚਾਹੀਦੀ ਸੀ, ਪਰ ਖਾਤਾ ਤਾਂ ਖਾਲੀ ਸੀ। ਪੈਸਾ ਮੈਂ ਕਦੀ ਸਾਂਭ ਕੇ ਨਹੀਂ ਸੀ ਰੱਖਿਆ। ਜਿੰਨਾ ਮਿਲਦਾ ਸੀ, ਉਡਾ ਛੱਡਦਾ ਸਾਂ। ਕਰਜ਼ਾ ਨਹੀਂ ਸੀ ਸਿਰ 'ਤੇ ਕੋਈ, ਪਰ ਬੱਚਤ ਵੀ ਕੋਈ ਨਹੀਂ ਸੀ। ਸੱਚ ਪੁੱਛੋ ਤਾਂ ਉਹ ਮੇਰੇ ਡਾਢੀ ਚਿੰਤਾ ਦੇ ਦਿਨ ਸਨ। ਉਨੀਂਦੇ ਵਧ ਰਹੇ ਸਨ। ਸ਼ਾਇਦ ਮੈਂ ਨੀਂਦਰ ਦੀ ਗੋਲੀ ਖਾਣੀ ਉਦੋਂ ਹੀ ਸ਼ੁਰੂ ਕੀਤੀ ਸੀ। 'ਜੇ ਇਹ ਕੁਝ ਸੀ ਤਾਂ ਕਿਉਂ ਹੋਵਾਂ ਫੇਰ ਸੱਤਰ ਸਾਲਾਂ ਦਾ? ਫੇਰ ਕਿਉਂ ਸਹੇੜ ਲਵਾਂ ਚਿੰਤਾ ਤੇ ਉਨੀਂਦੇ?' 'ਕਿਸ ਖੁਸ਼ੀ ਵਿਚ?' ਮੈਨੂੰ ਅੰਦਰੋਂ ਹੁੱਝ ਪਈ।

ਮੇਰੀ ਸੂਈ ਡੋਲਣ ਲੱਗੀ ਤੇ ਉਥੇ ਹੀ ਖਲੋ ਗਈ। ਉਹਨੇ ਅਗਲੇ ਦਹਾਕੇ ਦੀ ਪੁਲਾਂਘ ਪੁੱਟਣੋਂ ਨਾਂਹ ਕਰ ਦਿੱਤੀ।

ਮੈਂ ਸੋਚੀਂ ਪੈ ਗਿਆ। ਹੁਣ ਕੀ ਕਰਾਂ? ਕੀ ਕਹਾਂ ਰੱਬ ਨੂੰ? ਮੇਰੇ ਲਈ ਉਹ ਆਪਣਾ ਜਾਦੂ ਵਰਤਣ ਨੂੰ ਤਿਆਰ ਏ, ਪਰ ਮੈਂ ਸੱਤਰ ਸਾਲਾਂ ਤਕ ਤਾਂ ਕਿਸੇ ਵੀ ਉਮਰ ਦਾ ਨਹੀਂ ਹੋਣਾ ਚਾਹੁੰਦਾ। ਫੇਰ ਕੀ ਕਹਾਂ ਸੂ, ਅੱਸੀਆਂ ਦਾ ਕਰ ਦੇਹ? ਬਸ ਏਨੀ ਕੁ ਸਹੂਲਤ ਲਈ ਆਪਣੀ ਸਾਰੀ ਉਮਰ ਦੀ ਨਾਸਤਕਤਾ ਦੀ ਬਲੀ ਚੜ੍ਹਾ ਦੇਵਾਂ? ਕੀ ਫਰਕ ਏ ਅੱਸੀ ਤੇ ਅਠਾਸੀ ਵਿਚ? ਮੈਨੂੰ ਤਕਲੀਫ ਕੀ ਏ ਹੁਣ? ਇਹੋ ਨਾ ਕਿ ਮਜ਼ਾ ਨਹੀਂ ਆ ਰਿਹਾ। ਇਹ ਵੀ ਕੋਈ ਕਾਰਨ ਏ? ਕੀ ਹੋਏ ਕਿ ਮਜ਼ਾ ਆਵੇ?

ਮੇਰੀ ਸਿਹਤ ਵਾਹ-ਵਾਹ ਏ। ਸ਼ਾਮੀ ਰੋਜ਼ ਸੈਰ ਕਰਦਾਂ। ਕੁਝ ਹੌਲੀ ਜ਼ਰੂਰ ਟੁਰਨਾਂ, ਪਰ ਪਾਰਕ ਵਿਚ ਮੇਰੇ ਨਾਲੋਂ ਵੀ ਹੌਲੀ ਟੁਰਨ ਵਾਲੇ ਨੇ। ਮੈਂ ਸੋਟੀ ਨਹੀਂ ਫੜੀ ਹੁੰਦੀ। ਕਈਆਂ ਨੇ ਫੜੀ ਹੁੰਦੀ ਏ। ਕਈ ਡੋਲਦੇ ਜਾਂਦੇ ਨੇ। ਕੁਝ ਨੇ ਕਿਸੇ ਦੀ ਬਾਂਹ ਫੜੀ ਹੁੰਦੀ ਏ। ਉਨ੍ਹਾਂ ਨਾਲੋਂ ਤਾਂ ਚੰਗਾਂ। ਓਨਾ ਟੁਰ ਲੈਨਾਂ, ਜਿੰਨੀ ਲੋੜ ਹੁੰਦੀ ਏ।

ਦਿਮਾਗ ਵੀ ਠੀਕ ਏ। ਕੰਮ ਕਰਦੈ। ਜੋ ਚਾਹਵਾਂ ਚਿਤਾਰ ਸਕਦਾਂ। ਕਲਪਨਾ ਦੇ ਖੰਭ ਅਜੇ ਨਹੀਂ ਝੜੇ। ਲਿਖਣ ਦੀਆਂ ਮੈਨੂੰ ਸਾਰੀਆਂ ਜੁਗਤਾਂ ਆ ਗਈਆਂ ਨੇ। ਨਾਵਲ ਨੂੰ, ਉਤੋਂ, ਵਿਚੋਂ, ਕਿਤੋਂ ਵੀ ਸ਼ੁਰੂ ਕਰ ਸਕਦਾ ਹਾਂ। ਅੱਗਲ ਪਿੱਛਲ ਝਾਤਾਂ ਮਾਰ ਸਕਦਾ ਹਾਂ। ਹੋਰ ਵੀ ਜਿਥੋਂ ਚਾਹਵਾਂ। ਘੱਟ ਉਮਰ ਵੇਲੇ ਮੈਨੂੰ ਇਹ ਵੱਲ ਨਹੀਂ ਸਨ ਆਉਂਦੇ। ਜਿਵੇਂ ਰੱਬ ਦਾ ਬੰਦੇ ਘੜ ਸਕਣ ਦਾ ਦਾਅਵਾ ਏ, ਮੈਂ ਪਾਤਰ ਘੜ ਸਕਦਾ ਹਾਂ। ਅਸਲੀ ਨਾਲੋਂ ਵੀ ਅਸਲੀ। ਪਾਤਰ ਵੀ ਤਾਂ ਬੰਦੇ ਹੀ ਹੁੰਦੇ ਨੇ।

ਮਜ਼ੇ ਦੀ ਗੱਲ ਕਰਦੈਂ? ਹੁਣ ਜੋ ਕੋਈ ਚੰਗੀ ਲਿਖਤ ਪੜ੍ਹ ਕੇ ਮਜ਼ਾ ਆਉਂਦੈ, ਪਹਿਲੋਂ ਕਦੀ ਨਹੀਂ ਸੀ ਆਇਆ। ਹੁਣ ਜੇ ਕੋਈ ਨਾਵਲ ਪੜ੍ਹਨਾਂ ਤਾਂ ਇੰਜ ਸਮਝ ਆਉਂਦੈ, ਜਿਵੇਂ ਲਿਖਣ ਵਾਲਾ ਮੇਰੇ ਕੋਲ ਬੈਠਾ ਹੋਵੇ ਤੇ ਮੈਥੋਂ ਪੁੱਛ-ਪੁੱਛ ਲਿਖ ਰਿਹਾ ਹੋਵੇ। ਮੈਂ ਪਿੱਛੇ ਜਿਹੇ ਤਾਲਸਤਾਏ ਦਾ ਨਾਵਲ 'ਅਨਾ ਕਰੇਨੀਨਾ' ਪੜ੍ਹਿਆ, ਥੋੜ੍ਹਾ ਥੋੜ੍ਹਾ ਕਰ ਕੇ। ਇਹ ਨਾਵਲ ਪਹਿਲੋਂ ਮੈਂ ਸੰਨ ਅਠਾਹਠ ਵਿਚ ਪੜ੍ਹਿਆ ਸੀ, ਸਫੇ ਉਥੱਲ ਉਥੱਲ ਕੇ। ਚਲਦਾ ਹੀ ਨਹੀਂ ਸੀ। ਹੁਣ ਪੜ੍ਹ ਕੇ ਜੋ ਮਜ਼ਾ ਆਇਐ, ਉਹ ਚੰਗੀ ਵਿਸਕੀ ਜਾਂ ਵੋਦਕਾ ਜਾਂ ਵਾਈਨ ਪੀ ਕੇ ਵੀ ਨਹੀਂ ਆਉਂਦਾ। ਹੁਣ ਤਾਂ ਲਗਦੈ, ਮੈਂ ਤਾਲਸਤਾਏ ਕੋਲ ਬੈਠਾ ਹੋਵਾਂ ਤੇ ਉਹ ਮੇਰੀ ਸਲਾਹ ਨਾਲ ਲਿਖ ਰਿਹਾ ਹੋਵੇ। ਹੁਣ ਮੈਂ ਉਹਨੂੰ ਕਹਿ ਸਕਦਾਂ, ਇਹ ਜਿਹੜਾ ਵਿਚ ਤੂੰ ਛੋਟਾ ਪਲਾਟ ਸ਼ੁਰੂ ਕਰ ਦਿੱਤੈ, ਇਹਨੂੰ ਰਹਿਣ ਦੇ। ਇਸ ਪਲਾਟ ਵਾਲਾ ਭਾਵੇਂ ਪੂਰਾ ਨਾਵਲ ਲਿਖ ਦੇਹ। ਛੋਟੇ ਹੁੰਦਿਆਂ ਕੀ ਮੈਂ ਤਾਲਸਤਾਏ ਸਾਹਮਣੇ ਮੂੰਹ ਖੋਲ੍ਹ ਸਕਦਾ ਸਾਂ?

ਹੁਣ ਮੈਂ ਹੋਰ ਸਭ ਕੁਝ ਵੀ ਕਰ ਸਕਦਾਂ। ਆਪਣੀਆਂ ਪੁਰਾਣੀਆਂ ਸਹੇਲੀਆਂ ਨੂੰ ਫੋਨ ਕਰ ਸਕਦਾਂ। ਬੜਾ ਨਿੱਘ ਏ ਅਜੇ ਵੀ ਉਨ੍ਹਾਂ ਦੀ ਆਵਾਜ਼ ਵਿਚ। ਉਹਦੇ ਕੰਨੀਂ ਪੈਂਦਿਆਂ ਹੀ ਮਨ ਵਿਚ ਉਨ੍ਹਾਂ ਦੀ ਸ਼ਕਲ ਸੂਰਤ ਉਵੇਂ ਹੀ ਉਘੜ ਪੈਂਦੀ ਏ, ਜਿਵੇਂ ਉਹ ਪਹਿਲੀਆਂ ਮੁਲਾਕਾਤਾਂ ਵੇਲੇ ਹੁੰਦੀ ਸੀ। ਅਜੇ ਵੀ ਕਹਿੰਦੀਆਂ ਨੇ, ਮਿਲਿਆ ਕਰ।

ਵੱਡੀ ਗੱਲ ਏ ਕਿ ਪੈਸੇ ਦੀ ਚਿੰਤਾ ਕੋਈ ਨਹੀਂ। ਕਾਰ 'ਚ ਪੈਟਰੋਲ ਪੁਆਣ ਵੇਲੇ ਸੋਚਣਾ ਨਹੀਂ ਪੈਂਦਾ। ਹੁਣ ਕੋਲ ਕਾਰਾਂ ਵੀ ਬਹੁਤਾ ਤੇਲ ਪੀਣ ਵਾਲੀਆਂ ਨੇ। ਡਰਾਈਵਰ ਵੀ ਹੈ। ਕੋਈ ਤੋਟ ਮਹਿਸੂਸ ਨਹੀਂ ਹੁੰਦੀ। ਪੈਸਾ ਵਧਿਆ ਨਹੀਂ, ਪਰ ਲੋੜਾਂ ਘਟ ਗਈਆਂ ਨੇ। ਉਹ ਵਧ ਗਿਆ ਲਗਦੈ। ਕਮਾਲ ਏ! ਪੈਸਾ ਵਧਾਣ ਦਾ ਏਡਾ ਸੌਖਾ ਤਰੀਕਾ ਛੋਟੇ ਹੁੰਦਿਆਂ ਤਾਂ ਕਦੀ ਸੁੱਝਿਆ ਨਹੀਂ ਸੀ।

'ਫੇਰ ਭਾਈ ਕੀ ਏ ਕਸਰ?' ਮੈਂ ਆਪਣੇ ਆਪ ਨੂੰ ਪੁੱਛਿਆ।

ਬਸ ਇਕ ਅੱਧ ਯੋਗਤਾ ਨਹੀਂ ਰਹੀ। ਇਕ ਖਾਸ ਯੋਗਤਾ ਵੀ। ਤਾਂ ਕੀ ਹੋਇਆ! ਕੋਈ ਨਾ ਕੋਈ ਯੋਗਤਾ ਤਾਂ ਹਰ ਉਮਰ ਵਿਚ ਨਹੀਂ ਹੁੰਦੀ। ਕੀ ਮੈਂ ਵੀਹ ਸਾਲ ਵੇਲੇ 'ਲਾਲ ਦੁਪੱਟਾ ਮਲਮਲ ਕਾ' ਉਡਾ ਸਕਦਾ ਸਾਂ? ਮਤਲਬ ਏ, ਕਾਰ ਚਲਾ ਸਕਦਾ ਸਾਂ? ਨਹੀਂ। ਪਹਿਲੋਂ ਤਾਂ ਕਾਰ ਹੁੰਦੀ ਹੀ ਨਹੀਂ ਸੀ। ਲਾਹੌਰ ਕਦੀ ਇਕ ਅੱਧ ਮਾਲ ਰੋਡ 'ਤੇ ਨਜ਼ਰ ਆ ਜਾਂਦੀ ਸੀ। ਕੀ ਤੀਹ ਸਾਲ ਦੀ ਉਮਰ ਵਿਚ ਮੈਂ ਹਵਾਈ ਜਹਾਜ਼ੇ ਚੜ੍ਹ ਸਕਦਾ ਸਾਂ? ਨਹੀਂ। ਚੜ੍ਹਨ ਦੀ ਲੋੜ ਹੀ ਨਹੀਂ ਸੀ। ਜਿਥੇ ਵੀ ਜਾਣਾ ਹੁੰਦਾ, ਰੇਲ ਗੱਡੀ 'ਤੇ ਜਾਈਦਾ ਸੀ। ਉਸ ਉਮਰੇ ਏਡੀਆਂ ਕਾਹਲਾਂ ਕਿਥੇ ਹੁੰਦੀਆਂ ਸਨ। 'ਜੇ ਇਹ ਗੱਲ ਏ ਤਾਂ ਫੇਰ ਝੂਰੇਂ ਕਿਉਂ? ਹਰ ਯੋਗਤਾ ਤਾਂ ਸਿਰਫ ਰੱਬ ਕੋਲ ਹੋ ਸਕਦੀ ਏ, ਜਿਹਨੂੰ ਤੂੰ ਅਜੇ ਤਕ ਨਹੀਂ ਮੰਨਦਾ। ਜੇ ਹੋਂਦ ਹੀ ਨਾ ਹੋਵੇ ਤਾਂ ਯੋਗਤਾ ਕਿਸ ਕੰਮ? ਹੋਵੇ ਵੀ ਕਿੱਥੋਂ।'

ਮੈਨੂੰ ਫੇਰ ਅੰਦਰੋਂ ਸਵਾਲ ਪਿਆ, 'ਫੇਰ ਯਾਰ, ਮਜ਼ੇ ਦਾ ਕੀ ਕਰੀਏ?'

'ਕਰਨਾ ਕੀ ਏ। ਮਜ਼ੇ ਲਈ ਜਾਹ। ਮਜ਼ੇ ਹੀ ਮਜ਼ੇ ਨੇ। 'ਅਨਾ ਕਰੇਨੀਨਾ' ਪੜ੍ਹਿਆ ਈ ਤਾਂ ਤਾਲਸਤਾਏ ਦਾ 'ਜੰਗ ਤੇ ਅਮਨ' ਵੀ ਪੜ੍ਹ ਲੈ। ਇਹ ਉਹਦੇ ਨਾਲੋਂ ਵੀ ਵੱਡੈ। ਤਾਲਸਤਾਏ ਨੇ ਉਹਨੂੰ ਦਸ ਪੰਦਰਾਂ ਸਾਲ ਲਾ ਕੇ ਲਿਖਿਆ ਸੀ। ਹੋਰ ਨਾਵਲ ਲਿਖ ਲੈ। ਜਿਥੋਂ ਚਾਹੇਂ, ਉਥੋਂ ਸ਼ੁਰੂ ਕਰ ਲੈ। ਹਰ ਹਫਤੇ ਕਿਸੇ ਸਹੇਲੀ ਨੂੰ ਫੋਨ ਕਰ ਲੈ। ਜੇ ਕਹੇ, ਮਿਲੋ ਤਾਂ ਮਿਲ ਵੀ ਲੈ। ਹੁਣ ਤਾਂ ਬੀਵੀ ਨੂੰ ਵੀ ਇਤਰਾਜ਼ ਨਹੀਂ ਹੋਣਾ। ਚੋਰੀ ਮਿਲਣ ਦੀ ਲੋੜ ਨਹੀਂ। ਆਪਣੀ ਸ਼ਕਲ ਦੀ ਪਰਵਾਹ ਨਾ ਕਰ। ਜੇ ਤੂੰ ਢਲ ਗਿਐਂ ਤਾਂ ਉਹ ਵੀ ਢਲ ਗਈ ਹੋਵੇਗੀ। ਜ਼ਰਾ ਸੋਚ, ਹੋਰ ਵੀ ਬੜਾ ਕੁਝ ਹੋ ਸਕਦੈ। ਮਜ਼ੇ ਹੀ ਮਜ਼ੇ ਨੇ। ਲੈਣ ਵਾਲਾ ਬਣ।'

'ਫੇਰ ਯਾਰ, ਏਸ ਰੱਬ ਨੂੰ ਕੀ ਕਹੀਏ?'

'ਕਹਿ ਦੇ, ਜਿਥੇ ਹਾਂ, ਉਥੇ ਹੀ ਰਹਿਣ ਦੇ। ਨਹੀਂ ਲੋੜ ਤੇਰੇ ਕਿਸੇ ਜਾਦੂ ਦੀ। ਜਾਹ ਮੈਂ ਨਹੀਂ ਮੰਨਦਾ ਤੈਨੂੰ।'

ਮੇਰੇ ਮਨ ਦੀ ਆਵਾਜ਼ ਉਚੀ ਹੋ ਮੇਰੇ ਬੁੱਲ੍ਹਾਂ 'ਤੇ ਆ ਗਈ:

'ਨਹੀਂ ਭਾਈ, ਮੈਨੂੰ ਕੋਈ ਹਸਰਤ ਨਹੀਂ।' ਮੈਂ ਰੱਬ ਨੂੰ ਆਵਾਜ਼ ਦਿੱਤੀ। 'ਬਹਾਦਰ ਸ਼ਾਹ ਜ਼ਫਰ ਦਾ ਸ਼ਿਅਰ ਸੁਣ ਲੈ। ਉਹੀਉ ਹਸਰਤਾਂ ਵਾਲਾ। ਉਰਦੂ 'ਚ ਏ। ਸਮਝ ਜਾਏਂਗਾ ਨਾ? ਯਾਰ, ਤੈਨੂੰ ਤਾਂ ਸਾਰੀਆਂ ਸਮਝਾਂ ਨੇ। ਤੈਨੂੰ ਤਾਂ ਦੁਨੀਆਂ ਦੀਆਂ ਸਾਰੀਆਂ ਜ਼ੁਬਾਨਾਂ ਆਉਂਦੀਆਂ ਹੋਣਗੀਆਂ। ਸਾਰੀਆਂ ਦੀਆਂ ਸਾਰੀਆਂ ਸਾਢੇ ਛੇ ਹਜ਼ਾਰ। ਇਹ ਵੀ ਪਤਾ ਹੋਏਗਾ ਕਿ ਬਹਾਦਰ ਸ਼ਾਹ ਜ਼ਫਰ ਹਿੰਦੁਸਤਾਨ ਦਾ ਆਖਰੀ ਬਾਦਸ਼ਾਹ ਸੀ। ਤੈਨੂੰ ਤਾਂ ਯਾਰ, ਉਹਦੀ ਬੇਗਮ ਦਾ ਨਾਂ ਵੀ ਆਉਂਦਾ ਹੋਵੇਗਾ। ਸੁਣ ਫੇਰ:

"ਇਨ ਹਸਰਤੋਂ ਸੇ ਕਹਿ ਦੋ ਕਹੀਂ ਔਰ ਜਾ ਬਸੇਂ
ਇਤਨੀ ਜਗ੍ਹੇ ਕਹਾਂ ਹੈ ਦਿਲੇ ਦਾਗਦਾਰ ਮੇਂ।"

'ਭਾਈ ਮੇਰਾ ਦਿਲ ਤਾਂ ਹੁਣ ਬਹਾਦਰ ਸ਼ਾਹ ਜ਼ਫਰ ਨਾਲੋਂ ਵੀ ਸੌੜਾ ਏ। ਕਿਸੇ ਹਸਰਤ ਲਈ ਵੀ ਥਾਂ ਨਹੀਂ।'

ਅੱਗੋਂ ਕੋਈ ਹੂੰ-ਹਾਂ ਨਾ ਹੋਈ। ਰੱਬ ਨੇ ਸੁਣ ਤਾਂ ਲਿਆ ਹੀ ਹੋਣੈਂ। ਉਹ ਤਾਂ ਪੂਰਾ ਸੁਣਨਹਾਰ ਏ। ਅਣ-ਕਿਹਾ ਵੀ ਸੁਣ ਲੈਂਦੈ।

#

# ਕਾਵਿ-ਜਗਤ

## ਗਜ਼ਲ

ਸਾਡੀ ਸੋਚ ਨੂੰ ਬੰਦਾ ਅਜਿਹਾ,
ਘੱਟ ਹੀ ਭਾਇਆ ਹੈ।
ਘਰ ਨੂੰ ਫੂਕ ਕੇ ਆਪਣੇ
ਤਮਾਸ਼ਾ ਜਿਸ ਦਿਖਾਇਆ ਹੈ।
ਲੋਕੀਂ ਸੋਚਦੇ ਕਿ ਰੀਣ ਵੀ,
ਨੁਕਸਾਨ ਹੋਵੇ ਨਾ।
ਪਰ-ਉਪਕਾਰ ਦਾ ਠੱਪਾ ਵੀ,
ਆਪਣੇ ਨਾਮ ਚਾਹਿਆ ਹੈ।
ਬੇਚਾਰਾ ਜਾਣ ਕੇ ਉਸ ਨੂੰ,
ਮੈਂ ਆਪਣੇ ਘਰ ਲਿਆਇਆ ਸੀ।
ਬਣ ਕੇ ਬਹਿ ਗਿਆ ਮਾਲਿਕ,
ਘਰੋਂ ਮੈਨੂੰ ਭਜਾਇਆ ਹੈ।
ਗੱਲਾਂ ਵਿਚ ਤਾਂ ਵੱਡੀ,
ਉਹ ਕਹਿੰਦੀ ਮੈਂ ਹੀ ਰਹਿਣਾ ਹੈ।
ਜੇਠਾਣੀ ਨੂੰ ਹੀ ਕਰਤੂਤੀਂ,
ਕਿਉਂ ਵੱਡੀ ਬਣਾਇਆ ਹੈ।
ਡਿਗਿਆ ਦੇਖ ਕੇ ਮੈਂ ਉਸ ਨੂੰ,
ਪਾਣੀ ਪਿਆ ਦਿੱਤਾ।
ਸੁਰਤ ਵਿਚ ਆਉਂਦਿਆਂ ਕਹਿੰਦਾ,
ਤੂੰ ਮੇਰਾ ਕੁਝ ਚੁਰਾਇਆ ਹੈ।
ਉਹ ਤਾਂ ਸੋਚਦਾ ਕਿ ਉਸ ਕੋਲੋਂ,
ਡਰ ਗਿਆ ਹਾਂ ਮੈਂ।
ਉਹ ਨਹੀਂ ਜਾਣਦਾ ਕਿ ਚੁੱਪ ਨੇ,
ਰਿਸ਼ਤਾ ਬਚਾਇਆ ਹੈ।
ਲੋਕੀਂ ਟੁੱਟਿਆਂ ਨੂੰ ਅੱਜ ਕੱਲ ਤਾਂ,
ਸੁੱਟ ਦਿੰਦੇ ਨੇ।
ਪੁਰਾਣੀ ਸੋਚ ਏ ਸਾਡੀ,
ਅਸਾਂ ਤਾਂ ਜੋੜ ਲਾਇਆ ਹੈ।

*-ਗੁਰਮੀਤ ਸਿੰਘ ਬਰਸਾਲ*

---

## ਗਜ਼ਲ

ਦੁਸ਼ਮਣਾਂ ਸੰਗ ਉਹ ਨਿਭਾਵੇ ਇਸ ਤਰ੍ਹਾਂ
ਮਰ ਚੁਕੀ ਅਣਖ ਹੰਡਾਵੇ ਜਿਸ ਤਰ੍ਹਾਂ।
ਮਿਲੀ ਥੋੜ੍ਹੀ ਸ਼ੁਹਰਤ ਤੇ ਹੰਕਾਰ ਗਏ
ਮੰਜ਼ਿਲਾਂ ਸਰ ਕਰਨਗੇ ਫਿਰ ਕਿਸ ਤਰ੍ਹਾਂ।
ਮੇਰਾ ਘਰ ਤੂੰ ਲੰਘ ਗੈਰਾਂ ਦੇ ਜਾ ਬੈਠਾ
ਇਨਸਾਨ ਹਾਂ ਪੱਥਰ ਨਹੀਂ ਕਿੰਜ ਜਰਾਂ।
ਬਸੰਤ ਰੁੱਤੇ ਝੂਮਦਾ ਸੈਂ ਹੱਥ 'ਚ ਦੇ ਹੱਥ
ਖਿਜ਼ਾ ਆਈ ਤਾਂ ਹੋ ਗਿਉਂ ਪਰਾਂ ਪਰਾਂ।
ਖਾਹਿਸ਼ਾਂ ਜੋ ਦਫਨ ਕਰ ਨੇ ਰੱਖੀਆਂ
ਧੁਖਦੀਆਂ ਨੇ ਸੀਨੇ ਧੂਣੀ ਦੀ ਤਰ੍ਹਾਂ।
ਜਿਸ ਗਰਾਂ ਸੱਚ ਨੂੰ ਨੇ ਫਾਂਸੀ ਚਾੜ੍ਹਦੇ
ਜਿੰਦੜੀਏ ਨਾ ਵਸਾਈਂ ਉਸ ਗਰਾਂ।
ਮਾਪਿਆਂ ਦੇ ਸਾਏ ਸਿਰ 'ਤੇ ਤਾਜ ਸਨ
ਤੁੱਛ ਭਾਵੇਂ ਬਾਕੀ ਰਿਸ਼ਤਿਆਂ ਦੀ ਛਾਂ।
ਉਡੀਕਦਾ ਬੂਟੇ ਤੋਂ ਬਿਰਖ ਹੋ ਗਿਆਂ
'ਸਾਹੀ' ਲਾਰਿਆਂ ਨੂੰ ਕਿੰਨਾ ਚਿਰ ਜਰਾਂ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

---

## ਨੇਕ ਕਮਾਈ

ਨਿੱਤ ਦਿਨ ਚਮਕਣ ਚੰਦ ਸਿਤਾਰੇ,
ਇਹ ਧਰਤੀ ਗ੍ਰਹਿ ਭਾਰੇ ਭਾਰੇ।
ਧੌਲ਼ ਧਰਮ ਦੇ ਸਿੰਗ ਸਹਾਰੇ
ਇੱਕੋ ਸੂਤਰ ਵਿਚ ਬੱਝੇ ਸਾਰੇ।
ਉਥਲ-ਪੁਥਲ ਜਦ ਪਰਲੋ ਆਉਣੀ
ਕਿਆਮਤ ਦੇ ਦਿਨ ਗਰਕਣ ਸਾਰੇ।
ਨਿਖੁੱਟ ਜਾਣੀ ਇਹ ਕਾਲੀ ਦੌਲਤ
ਮਿਲਣੇ ਨਹੀਂ ਫਿਰ ਸਾਹ ਉਧਾਰੇ।
ਨਾ ਫਿਰ ਸਾਵਣ ਹਰਿਆ ਲੱਗਣਾ
ਨਾ ਫਿਰ ਕੱਕਰ ਠੰਢ ਨਿਕਾਰੇ।
ਸਾਜਣ ਰੰਗਲੇ ਜਾ ਬਹਿਣ ਵੀਰਾਨੇ
ਆਪਣੇ ਹੋ ਜਾਣ ਦੂਰ ਬਿਗਾਨੇ।
ਹੋਣੀ ਮੌਤ ਜਦ ਖੰਭ ਖਿਲਾਰੇ।
ਤਜ ਦੇਹ ਲਾਲਚ ਤਮ੍ਹਾ ਖਿਲਾਰੇ,
ਕਰ ਲੈ ਨੇਕ ਕਮਾਈ ਪਿਆਰੇ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

---

## ਵਾਸ

ਮਹਿਫਿਲ ਵਿਚ ਵਾਹ ਵਾਹ ਦੇ ਨਾਅਰੇ ਗੂੰਜਣ
ਐਸੀ ਗਜ਼ਲ ਕੋਈ ਸਾਥੋਂ ਵੀ ਕਹਿ ਹੋ ਜਾਵੇ।
ਰੂਹ ਦੇ ਹਾਣੀ ਬਗੈਰ ਜ਼ਿੰਦਗੀ ਮੌਤ ਬਰਾਬਰ ਹੈ
ਦੁੱਖ ਹਿਜਰ ਵਾਲਾ ਸਾਥੋਂ ਵੀ ਸਹਿ ਹੋ ਜਾਵੇ।
ਯਾਰ ਦੇ ਦੀਦਾਰ ਬਿਨਾ ਕੁਝ ਗਵਾਰਾ ਨਹੀਂ ਕਰਦੇ
ਕਾਸ਼! ਪੱਥਰ ਹੋਏ ਨੈਣਾਂ 'ਚੋਂ ਹੰਝੂ ਵਹਿ ਹੋ ਜਾਵੇ।
ਇਕ ਤਰਫਾ ਪਿਆਰ ਦਾ ਕੋਈ ਵਜੂਦ ਨਹੀਂ ਹੁੰਦਾ
ਕਦ ਰੇਤ ਦਾ ਮਹੱਲ ਯਾਰੋ ਢਹਿ ਹੋ ਜਾਵੇ।
ਜਹਾਨ ਭਰ ਦੇ ਵੈਦ ਵੀ ਪਛਾਣ ਹੀ ਨਾ ਸਕਣ
ਰੋਗ ਹਿਜਰ ਦਾ ਹੱਡਾਂ 'ਚ ਜਦੋਂ ਬਹਿ ਹੋ ਜਾਵੇ।
ਸਾਡੇ ਜਿਉਣ ਲਈ ਤਾਂ ਬਸ ਇੰਨਾ ਹੀ ਕਾਫੀ ਹੈ
ਸਾਡਾ ਵਾਸ ਯਾਰ ਦੇ ਦਿਲ ਦੀ ਹਰ ਤਹਿ ਹੋ ਜਾਵੇ।

*-ਸਵਿੰਦਰ ਸਿੰਘ ਭੱਟੀ*

---

## ਭਵਿੱਖ ਨੀਲਿਆਂ ਦਾ

ਨੀਲੇ ਹਾਰੇ ਤੇ ਚਿੱਟੇ ਜਦੋਂ ਜਿੱਤੇ
ਰੰਗ ਬਦਲਗੇ ਕੀ ਵਿਭਾਗ ਨੀਲੇ!
ਦਸ ਸਾਲ ਕੀਤੇ ਕੁਕਰਮ ਜਿਹੜੇ
ਪੰਜ ਸਾਲਾਂ 'ਚ ਧੁਲਣੇ ਕੀ ਦਾਗ ਨੀਲੇ!
ਪਹਿਲਾਂ ਖਾਂਦੇ ਸੀ ਤਾਜਾ ਕਬਾਬ 'ਚਿੱਟਾ'
ਹੁਣ ਕੀ ਖਾਣਗੇ ਬੇਹਾ ਸਾਗ ਨੀਲੇ!
ਸੁਪਨੇ ਆਉਂਦੇ ਜੇਲ੍ਹਾਂ, ਕੁਰਕੀਆਂ ਦੇ
ਹੁਣ ਖੁਲ੍ਹਣਗੇ ਕੀ ਸੁਰਾਗ ਨੀਲੇ!
ਉਤਰ ਗੱਦੀਓਂ ਨੱਚਣਗੇ ਸੜਕ ਉਤੇ
ਕੁੰਜ ਲਾਹ ਕੇ ਤੜਪਦੇ ਨਾਗ ਨੀਲੇ!
ਨਾਹਰਾ ਲਾਉਣਗੇ 'ਪੰਥ ਨੂੰ ਹੈ ਖਤਰਾ'
ਭੁੱਲ ਗਏ ਕੀ ਧਰਮ ਦਾ ਰਾਗ ਨੀਲੇ!
ਅੱਖਾਂ ਮੀਚਣਗੇ ਵਾਂਗ ਕਬੂਤਰਾਂ ਦੇ
ਵੇਖ ਸਾਹਵੇਂ ਕੀ ਚਿੱਟਾ-ਬਾਘ ਨੀਲੇ!
ਇੱਲਾਂ, ਗਿਰਝਾਂ ਜਿਵੇਂ ਅਲੋਪ 'ਗਿੱਲਾ'
ਗਾਇਬ ਹੋਣ ਕੀ ਰਾਜ 'ਚੋਂ ਕਾਗ ਨੀਲੇ!

*-ਜੁਗਰਾਜ ਗਿੱਲ, ਅਬੋਹਰਵੀ*
*ਫੋਨ: 704-257-6693*

---

## ਕਬਜਾ

ਇਕ ਦਿਨ ਉਠ ਕੇ ਸੁਬਹ ਸਵੇਰੇ,
ਮਾਨ ਸਰੋਵਰ 'ਤੇ ਮੈਂ ਗਈ।
ਸਾਰੇ ਬਗਲੇ ਉਥੇ ਬੈਠੇ,
ਮੂੰਹ ਵਿਚ ਡੱਡੀਆਂ ਮੱਛੀਆਂ ਫੜ੍ਹੀਆਂ।
ਡੱਡੀਆਂ ਮੱਛੀਆਂ ਖਾਈ ਜਾਵਣ,
ਨਾਲੇ ਰੌਲਾ ਪਾਈ ਜਾਵਣ।
ਪਰ੍ਹਾਂ ਜਿਹੇ ਇੱਕ ਹੰਸ ਸੀ ਬੈਠਾ,
ਅੱਖੀਆਂ ਵਿਚੋਂ ਨੀਰ ਵਹਾਉਂਦਾ।
ਮੈਂ ਸੀ ਨਾਲ ਹੈਰਾਨੀ ਪੁੱਛਿਆ,
ਬਗਲੇ ਮਾਨ ਸਰੋਵਰ ਉਤੇ?
ਹੰਸ ਕਿਥੇ ਹਨ ਤੁਰ ਗਏ ਸਾਰੇ?
ਕਹਿਣ ਲੱਗਾ, ਸਭ ਮਰ ਮੁਕ ਗਏ ਨੇ
ਜਾਂ ਇਨ੍ਹਾਂ ਨੇ ਮਾਰ ਦਿੱਤੇ ਨੇ,
'ਕੱਠੇ ਹੋ ਕੇ ਪੈ ਗਏ ਸਾਰੇ।
ਮਾਨ ਸਰੋਵਰ ਉਤੇ ਹੁਣ
ਇਨ੍ਹਾਂ ਦਾ ਹੈ ਕਬਜਾ।

ਇੱਕ ਦਿਨ ਮੈਂ ਜੰਗਲ ਵਿਚ ਗਈ,
ਸਾਰਾ ਜੰਗਲ ਖਾਲਮ ਖਾਲੀ।
ਨਾ ਕੋਈ ਰੁੱਖ, ਨਾ ਕੋਈ ਬੂਟਾ,
ਵੱਢ ਵੱਢ ਸਾਰੇ ਢੇਰੀ ਕੀਤੇ।
ਪਰ੍ਹਾਂ ਜਿਹੇ ਇੱਕ ਬੁੱਢਾ ਬੋਹੜ,
ਰੋਈ ਜਾਵੇ ਕੱਲਮ ਕੱਲਾ।
ਮੈਂ ਕਿਹਾ, ਸੰਘਣੀ ਛਾਂ ਵਾਲਿਆ,
ਬੁੱਢੇ ਬਾਪੂ ਨਾਂ ਵਾਲਿਆ।
ਕਿਨ ਵੱਢਿਆ ਪਰਿਵਾਰ ਹੈ ਤੇਰਾ,
ਕਿਨ ਲੁਟਿਆ ਸੰਸਾਰ ਹੈ ਤੇਰਾ?
ਹਉਕਾ ਲੈ ਕੇ ਬੋਲਿਆ, ਔਹ ਤੱਕ,
ਜਮਦੂਤਾਂ ਜਿਹੇ ਲੋਕ ਖਲੋਤੇ।
ਜੰਗਲ ਬੇਲੇ ਵੱਢ ਕੇ ਸਾਰੇ,
ਮੇਰੇ ਵੱਲ ਵੀ ਵੇਖ ਰਹੇ ਨੇ।
ਸਾਰੇ ਜੰਗਲ ਉਤੇ ਹੁਣ
ਇਨ੍ਹਾਂ ਦਾ ਹੈ ਕਬਜਾ।

ਮੈਂ ਇੱਕ ਧਰਮ ਅਸਥਾਨ 'ਤੇ ਗਈ,
ਜਿਥੇ ਕਦੀ ਸਕੂਨ ਸੀ ਮਿਲਦਾ।
ਤਪਦਾ ਹਿਰਦਾ ਠਰ ਜਾਂਦਾ ਸੀ,
ਰੱਬ ਦੇ ਨਾਮ ਦੀ ਬਾਰਸ਼ ਜਿਥੇ।
ਸੜਦੇ ਮਨ ਨੂੰ ਠੰਢ ਪਾਉਂਦੀ ਸੀ,
ਅੱਜ ਉਥੇ ਕੁਝ ਹੋਰ ਹੀ ਤੱਕਿਆ।
ਇੱਕ ਅਗੰਮੀ ਰੂਹ ਇਲਾਹੀ,
ਦਰਦ 'ਚ ਬੋਲੀ, ਕੀ ਪੁੱਛਣਾ ਈ?
ਰੱਬ ਇੱਥੇ ਹੁਣ ਕੋਈ ਨਹੀਂ ਰਹਿੰਦਾ,
ਡਰਦਾ ਕਿਧਰੇ ਦੌੜ ਗਿਆ ਏ।
ਔਹ ਜੋ ਸਿੰਘ ਸਰਦਾਰ ਖੜ੍ਹੇ ਨੇ,
ਪਹਿਨ ਕੇ ਪੰਜ ਕੱਕਾਰ ਖੜ੍ਹੇ ਨੇ।
ਇੱਕ ਦੂਜੇ ਨੂੰ ਮਾਰਨ ਦੇ ਲਈ,
ਹੱਥ ਵਿਚ ਲੈ ਹਥਿਆਰ ਖੜ੍ਹੇ ਨੇ।
ਇਸ ਅਸਥਾਨ ਦੇ ਉਤੇ ਹੁਣ
ਇਨ੍ਹਾਂ ਦਾ ਹੈ ਕਬਜਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਉਰਦੂ ਗਜ਼ਲ


*-ਸਤਨਾਮ ਸਿੰਘ ਖੁਮਾਰ*
*ਲਿਪੀਅੰਤਰ-ਹਰਪਾਲ ਸਿੰਘ ਪੰਨੂ*

ਮਹਕਤੇ ਸਹਨ-ਇ-ਗੁਲਸ਼ਨ ਸੇ ਜੋ ਲੇਕੇ ਰੰਗ-ਓ-ਬੂ ਨਿਕਲਾ।
ਵੋ ਇਕ ਝੋਂਕਾ ਹਵਾ ਕਾ ਹਰ ਕਲੀ ਕੀ ਆਰਜ਼ੂ ਨਿਕਲਾ।
ਤੇਰਾ ਹੀ ਤਜ਼ਕਰਾ ਥਾ ਮੇਰੀ ਖਾਮੋਸ਼ੀ ਕੇ ਹੋਠੋਂ ਪਰ
ਮੈਂ ਜਬ ਬੋਲਾ ਤੋ ਲਫਜ਼ੋਂ ਕੀ ਜ਼ੁਬਾਂ ਸੇ ਤੂ ਹੀ ਤੂ ਨਿਕਲਾ।
ਉਚਟਤੀ ਸੀ ਨਜ਼ਰ ਸੇ ਲੋਗ ਪਹਿਚਾਨੇ ਨਹੀਂ ਜਾਤੇ
ਜਬ ਉਸ ਕੋ ਗੌਰ ਸੇ ਦੇਖਾ ਤੋ ਕਿਤਨਾ ਖੂਬਰੂ ਨਿਕਲਾ।
ਜੋ ਅਬ ਤੱਕ ਧੱਜੀਆਂ ਥਾ ਮੇਰੇ ਅਹਸਾਸਾਤ ਕਾ ਦਾਮਨ
ਤੇਰੇ ਕੂਚੇ ਸੇ ਮੈਂ ਆਖਿਰ ਉਸੇ ਕਰਕੇ ਰਫੂ ਨਿਕਲਾ।
ਮੇਰੇ ਆਂਸੂ ਮਿਰੇ ਥੇ ਤੇਰੇ ਆਂਸੂ ਮੇਰੀ ਖਾਤਿਰ ਥੇ
ਤਿਰੀ ਆਖੋਂ ਸੇ ਪਾਨੀ ਮੇਰੀ ਆਂਖੋਂ ਸੇ ਲਹੂ ਨਿਕਲਾ।
ਗਜ਼ਲ ਪੜ੍ਹਨੇ ਲਗਾ ਜਬ ਖੁਸ਼ਬੂ ਏ ਪੰਜਾਬ ਕਾ ਸ਼ਾਇਰ
ਤੋ ਜ਼ਾਲਿਮ ਕਿਸ ਕਦਰ ਹਸਬ-ਇ-ਤਵੱਕੋ ਖੁਸ਼ ਗੁਲੂ ਨਿਕਲਾ।
ਖੁਮਾਰ ਆਵਾਰਗੀ ਸੇ ਮੰਜ਼ਿਲੋਂ ਕਾ ਜਬ ਪਤਾ ਪੂਛਾ
ਤੋ ਮਕਸਦ ਜ਼ਿੰਦਗੀ ਕਾ ਜੁਸਤਜੂ ਹੀ ਜੁਸਤਜੂ ਨਿਕਲਾ।

ਸਹਨ-ਇ-ਗੁਲਸ਼ਨ: ਬਾਗ ਦਾ ਵਿਹੜਾ, ਤਜ਼ਕਰਾ: ਜ਼ਿਕਰ, ਉਚਟਤੀ: ਉਡਦੀ ਉਡਦੀ, ਹਸਬ-ਇ-ਤਵੱਕੋ: ਉਮੀਦਾਂ ਤੇ ਪੂਰਾ ਉਤਰਨ ਵਾਲਾ, ਖੁਸ਼ ਗੁਲੂ: ਰਸੀਲਾ ਗਾਇਕ, ਜੁਸਤਜੂ: ਤਲਾਸ਼ (ਖੁਮਾਰ ਦੀ ਗੁਰਮੁਖੀ ਅੱਖਰਾਂ ਵਿਚ ਆਈ ਨਵੀਂ ਕਿਤਾਬ ਖੁਮਾਰ ਦੀ ਸ਼ਾਇਰੀ ਵਿਚੋਂ, ਗ੍ਰੇਸ਼ਿਅਸ ਪਬਲਿਸ਼ਰਜ਼ ਪਟਿਆਲਾ)

# ਅੱਖਾਂ ਦਾ ਕਸੂਰ

ਅਰਜਨ ਸਿੰਘ ਗੜਗੱਜ
ਦੀ ਕਲਮ ਤੋਂ



*ਉਘੇ ਦੇਸ਼ ਭਗਤ ਅਰਜਨ ਸਿੰਘ ਗੜਗੱਜ (1904-1963) ਨੇ ਤਿੰਨ ਕਿਤਾਬਾਂ ਦੀ ਰਚਨਾ ਕਰ ਕੇ ਆਪਣੇ ਸਮੇਂ ਦੇ ਸੱਚ ਨੂੰ ਇਨ੍ਹਾਂ ਅੰਦਰ ਪਰੋਇਆ ਹੋਇਆ ਹੈ। 'ਦੋ ਪੈਰ ਘੱਟ ਤੁਰਨਾ' (1961) ਅਤੇ 'ਸ਼ਹੀਦ ਦੇ ਬੋਲ' (1962) ਤਾਂ ਉਨ੍ਹਾਂ ਦੇ ਜਿਉਂਦੇ-ਜੀਅ ਹੀ ਛਪ ਗਈਆਂ ਸਨ, ਪਰ ਤੀਜੀ ਕਿਤਾਬ 'ਮੇਰਾ ਆਪਣਾ ਆਪ' ਉਨ੍ਹਾਂ ਦੇ ਇਸ ਸੰਸਾਰ ਤੋਂ ਤੁਰ ਜਾਣ ਪਿਛੋਂ 1969 ਵਿਚ ਛਪੀ। ਇਹ ਰਚਨਾਵਾਂ ਜ਼ਿੰਦਗੀ ਵਾਂਗ ਧੜਕਦੀਆਂ ਪਾਠਕ ਦੇ ਮਨ ਨੂੰ ਹੁਲਾਰਾ ਦਿੰਦੀਆਂ ਹਨ। ਹਥਲੇ ਲੇਖ 'ਅੱਖਾਂ ਦਾ ਕਸੂਰ' ਦੀ ਬੁਣਤੀ ਅਤੇ ਬਣਤ ਦੱਸਦੀ ਹੈ ਕਿ ਉਨ੍ਹਾਂ ਦਾ ਕਲਮ ਉਤੇ ਕਿੰਨਾ ਜ਼ੋਰ ਚੱਲਦਾ ਸੀ! ਆਪਣੇ ਸੁਭਾਅ ਵਾਂਗ ਉਨ੍ਹਾਂ ਦੀਆਂ ਲਿਖਤਾਂ ਵੀ ਸਹਿਜ-ਸੁਭਾਅ ਕੀਤੀਆਂ ਗੱਲਾਂ ਵਾਲਾ ਪ੍ਰਭਾਵ ਸਿਰਜਦੀਆਂ ਹਨ। -ਸੰਪਾਦਕ*

(1)

ਇਕ ਮੱਸ-ਫੁੱਟ ਨੌਜਵਾਨ, ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ ਦੀ ਦੁਕਾਨ ਉਤੇ ਬੈਠਾ ਉਨ੍ਹਾਂ ਨਾਲ ਗੱਲਾਂ ਕਰ ਰਿਹਾ ਸੀ ਕਿ ਬਾਬੂ ਸੁੰਦਰ ਸਿੰਘ ਆਉਂਦੇ ਨਜ਼ਰੀ ਪਏ। ਉਹ ਰਿਟਾਇਰਡ ਇੰਜੀਨੀਅਰ ਸਨ। ਲਾਗੇ ਆਇਆ ਦੇਖ ਕੇ ਨੌਜਵਾਨ ਸਤਿਕਾਰ ਨਾਲ ਉਠ ਖਲੋਤਾ ਤੇ ਬਾਬੂ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ, ਪਰ ਉਨ੍ਹਾਂ ਨੌਜਵਾਨ ਵੱਲ ਧਿਆਨ ਵੀ ਨਾ ਕੀਤਾ ਅਤੇ ਭਾਈ ਸਾਹਿਬ ਦੇ ਲਾਗਲੀ ਕੁਰਸੀ ਉਤੇ ਬਹਿ ਗਏ।

ਬਾਬੂ ਹੁਰੀਂ ਵੈਦ ਹੁਰਾਂ ਨਾਲ ਆਪਣੀ ਸਿਹਤ ਬਾਰੇ ਗੱਲਾਂ ਕਰਨ ਲੱਗ ਪਏ। ਵੈਦ ਜੀ ਨੇ ਹੱਸਦਿਆਂ ਹੋਇਆਂ ਆਖਿਆ, "ਤੁਹਾਨੂੰ ਕੋਈ ਰੋਗ ਨਹੀਂ ਬਾਬੂ ਜੀ! ਮਾਇਆ ਦਾ ਰੋਗ ਜ਼ਰੂਰ ਹੈ।" ਇਹ ਗੱਲ ਵੈਦ ਹੋਰਾਂ ਮਿੱਤਰ ਦੇ ਨਾਤੇ ਵਜੋਂ ਆਖੀ ਸੀ। ਬਾਬੂ ਜੀ ਅਤੇ ਵੈਦ ਜੀ ਦਾ ਆਪਸ ਵਿਚ ਚੰਗਾ ਮੇਲ-ਮਿਲਾਪ ਸੀ ਤੇ ਉਹ ਹਾਸੇ-ਠੱਠੇ ਦੀਆਂ ਗੱਲਾਂ-ਬਾਤਾਂ ਕਰ ਲਿਆ ਕਰਦੇ ਸਨ। ਇਸ ਤਰ੍ਹਾਂ ਬਾਬੂ ਜੀ ਦਾ ਕੁਝ ਸਮਾਂ ਸ਼ੁਗਲ ਵਿਚ ਹੀ ਗੁਜ਼ਰ ਜਾਂਦਾ ਸੀ।

ਬਾਬਾ ਸੁੰਦਰ ਸਿੰਘ ਹੋਰਾਂ ਵੀ ਬੁੱਲ੍ਹਾਂ ਵਿਚ ਮੁਸਕਰਾਉਂਦਿਆਂ ਹੋਇਆਂ ਉਤਰ ਦਿੱਤਾ: "ਹਾਹੋ ਜੀ! ਮਾਇਆ ਨਾਗਨੀ ਤੋਂ ਡਰਦੇ ਹੀ ਤਾਂ ਰੋਜ਼ ਗੁਰਦੁਆਰੇ ਜਾਈਦਾ ਏ, ਪਰ ਓਥੇ ਵੀ ਮਾਇਆ ਹੀ ਮਾਇਆ ਨਜ਼ਰ ਆਉਂਦੀ ਏ।"

"ਵੇਖਿਓ! ਕਿਧਰੇ ਨਾਸਤਕ ਨਾ ਹੋ ਜਾਇਓ। ਤੁਹਾਨੂੰ ਗੁਰਦੁਆਰੇ ਵਿਚ ਵੀ ਮਾਇਆ ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ।" ਜ਼ਰਾ ਖੁੱਲ੍ਹ ਕੇ ਹੱਸਦਿਆਂ ਹੋਇਆਂ ਵੈਦ ਜੀ ਨੇ ਤੌਖਲਾ ਜਿਹਾ ਜਤਾਇਆ।

"ਹੱਛਾ! ਸੱਚੀ ਗੱਲ ਆਖਿਆਂ ਨਾਸਤਕ ਹੋ ਜਾਈਦਾ ਏ?" ਬਾਬੂ ਹੋਰਾਂ ਵਿਅੰਗਮਈ ਲਹਿਜ਼ੇ ਵਿਚ ਪੁੱਛਿਆ।

"ਪਤਾ ਨਹੀਂ ਜੇ, 1914-15 ਵਾਲੇ ਦੇਸ਼ ਭਗਤਾਂ ਨੂੰ ਸੱਚੀ ਸੱਚੀ ਗੱਲ ਕਹਿਣ ਉਤੇ ਹੀ ਤਾਂ ਅਕਾਲ ਤਖਤੋਂ ਨਾਸਤਕ ਦਾ ਖਿਤਾਬ ਦੇ ਦਿੱਤਾ ਗਿਆ ਸੀ, ਸਗੋਂ ਉਨ੍ਹਾਂ ਨੂੰ ਅ-ਸਿੱਖ ਕਹਿ ਦਿੱਤਾ ਗਿਆ ਸੀ। ਉਨ੍ਹਾਂ ਵੀ ਤਾਂ ਇਹੋ ਪੱਲੂ ਫੇਰਿਆ ਸੀ:

ਮੰਦਰ, ਮਜਜਿਦਾਂ ਤੇ ਗੁਰਦਵਾਰਿਆਂ ਵਿਚ,
ਮਾਇਆ ਨਾਗਨੀ ਡੰਗ ਚਲਾਈ ਜਾਂਦੀ।
ਤਾਂਹੀਏਂ ਦੇਸ-ਘਾਤੀ ਪਾਵਣ ਮਾਣ ਓਥੇ,
ਦੇਸ਼ ਭਗਤ ਦੀ ਸਾਰ ਨਾ ਪਾਈ ਜਾਂਦੀ।"

ਭਾਈ ਸਾਹਿਬ ਨੇ 'ਗਦਰ ਦੀ ਗੂੰਜ' ਦਾ ਹਵਾਲਾ ਦੇ ਕੇ ਆਖਿਆ।

"ਪਰ ਉਹ ਤਾਂ ਸੱਚੇ ਦੇਸ਼ ਭਗਤ ਸਨ, ਫਾਹੇ ਲੱਗ ਗਏ, ਉਨ੍ਹਾਂ ਨੂੰ ਨਾਸਤਕ ਕਹਿਣਾ ਵੱਡੀ ਭੁੱਲ ਸੀ।" ਬਾਬੂ ਜੀ ਨੇ ਹਉਕਾ ਭਰਿਆ।

"ਅਜਿਹੇ ਲੋਕ ਵੀ ਹਨ, ਜਿਹੜੇ ਨਾਸਤਕਾਂ ਨੂੰ ਦੇਸ਼ ਭਗਤ ਅਤੇ ਦੇਸ਼ ਭਗਤਾਂ ਨੂੰ ਨਾਸਤਕ ਆਖ ਦੇਂਦੇ ਹਨ। ਤੁਸੀਂ ਕਿਨ੍ਹਾਂ ਵਿਚੋਂ ਹੋ, ਨਾਸਤਕਾਂ ਵਿਚੋਂ ਜਾਂ ਦੇਸ਼ ਭਗਤਾਂ ਵਿਚੋਂ?" ਵੈਦ ਜੀ ਨੇ ਟੁੰਬਵੀਂ ਗੱਲ ਕਹਿੰਦਿਆਂ ਹੋਇਆਂ ਪੁੱਛਿਆ।

"ਮੇਰੇ ਉਤੇ ਤਾਂ ਦੋਵੇਂ ਗੱਲਾਂ ਨਹੀਂ ਢੁੱਕਦੀਆਂ, ਨਾ ਮੈਂ ਨਾਸਤਕ ਹਾਂ ਅਤੇ ਨਾ ਦੇਸ਼ ਭਗਤ।"

"ਉਹ ਕਿਦਾਂ?"

"ਨਾਸਤਕ ਇਸ ਲਈ ਨਹੀਂ ਕਿ ਮੈਂ ਨੇਮ ਨਾਲ ਰੋਜ਼ ਗੁਰਦਵਾਰੇ ਜਾਂਦਾ ਹਾਂ। ਦੇਸ਼ ਭਗਤ ਇਸ ਕਰ ਕੇ ਨਹੀਂ ਕਿ ਮੈਂ ਆਪਣੀ ਜਗੀਰ ਅਤੇ ਪੈਨਸ਼ਨ ਉਤੇ ਲਕੀਰ ਨਹੀਂ ਫਿਰਵਾਉਣੀ ਚਾਹੁੰਦਾ।" ਬਾਬਾ ਸੁੰਦਰ ਸਿੰਘ ਹੋਰਾਂ ਉਤਰ ਦਿੱਤਾ।

"ਪਰ ਤੁਹਾਨੂੰ ਦੋਹਾਂ ਵਿਚੋਂ ਪਸੰਦ ਕੌਣ ਹੈ?" ਵੈਦ ਹੁਰਾਂ ਮਾਨੋਂ ਬਾਬੂ ਜੀ ਦੇ ਮਨ ਦੀ ਥਾਹ ਲੈਣ ਲਈ ਪੁਛਿਆ।

ਉਦਾਲੇ-ਪੁਦਾਲੇ ਝਾਕ ਕੇ ਤੇ ਨੌਜਵਾਨ ਵਲ ਵਿੰਹਦਿਆਂ ਹੋਇਆਂ ਝਿਜਕ ਝਿਜਕ ਕੇ ਬਾਬੂ ਹੋਰੀਂ ਬੋਲੇ, "ਮੈਨੂੰ... ਮੈ... ਨੂੰ... ਮੈਨੂੰ..."



ਭਾਈ ਮੋਹਨ ਸਿੰਘ ਵੈਦ ਦਾ ਚਿੱਤਰ।

"ਇਸ ਦੀ ਕੋਈ ਚਿੰਤਾ ਨਾ ਕਰੋ। ਇਹ ਬੜਾ ਬੀਬਾ ਮੁੰਡਾ ਏ।" ਨੌਜਵਾਨ ਵੱਲ ਇਸ਼ਾਰਾ ਕਰਦਿਆਂ ਤੇ ਬਾਪੂ ਹੁਰਾਂ ਦੀ ਗੱਲ ਵਿਚੇ ਟੁੱਕਦਿਆਂ ਵੈਦ ਜੀ ਨੇ ਆਖਿਆ।

ਬਾਬੂ ਸੁੰਦਰ ਸਿੰਘ ਨੇ ਬੁੱਲ੍ਹਾਂ ਵਿਚ ਮੁਸਕਰਾਉਂਦਿਆਂ ਹੋਇਆਂ ਵੈਦ ਜੀ ਦੇ ਕੰਨ ਕੋਲ ਮੂੰਹ ਲਿਜਾ ਕੇ ਕੁਝ ਆਖਿਆ। ਨੌਜਵਾਨ ਪੂਰੀ ਤਰ੍ਹਾਂ ਤਾਂ ਨਾ ਸੁਣ ਸਕਿਆ ਕਿ ਬਾਬੂ ਸੁੰਦਰ ਸਿੰਘ ਹੁਰਾਂ ਕੀ ਆਖਿਆ ਸੀ, ਪਰ ਭਾਈ ਸਾਹਿਬ ਦੇ ਇਸ ਜਵਾਬ ਤੋਂ "ਪਰ ਕਈ ਵੇਰ ਨਾਸਤਕ ਵੀ ਅਖਵਾਉਣਾ ਪੈਂਦਾ ਹੈ", ਨੌਜਵਾਨ ਸਮਝ ਗਿਆ ਕਿ ਬਾਬੂ ਹੁਰਾਂ 'ਦੇਸ਼ ਭਗਤ' ਹੀ ਕਿਹਾ ਹੋਵੇਗਾ।

ਨੌਜਵਾਨ ਨੇ ਸਿਧ-ਪਧਰੇ ਤੇ ਖੱਦਰ ਦੇ ਕੱਪੜੇ ਪਾਏ ਹੋਏ ਸਨ; ਉਹ ਵੀ ਕੁਝ ਕੁ ਮੈਲੇ, ਜਿਹੜੇ ਉਸ ਦੀ ਸਾਧਾਰਨ ਹੈਸੀਅਤ ਦਾ ਇਸ਼ਤਿਹਾਰ ਸਨ। ਬਾਬੂ ਸੁੰਦਰ ਸਿੰਘ ਨੇ ਵੈਦ ਜੀ ਨੂੰ ਆਖਿਆ, "ਸਾਨੂੰ ਰੋਟੀ ਪਕਾਉਣ ਵਾਲੇ ਨੌਕਰ ਦੀ ਲੋੜ ਹੈ", ਨੌਜਵਾਨ ਵੱਲ ਸੰਕੇਤ ਕਰ ਕੇ "ਇਸੇ ਮੁੰਡੇ ਨੂੰ ਨੌਕਰ ਰਖਾ ਦਿਓ ਤਾਂ ਚੰਗਾ ਰਹੇ।"

ਨੌਜਵਾਨ ਭਾਈ ਸਾਹਿਬ ਦਾ ਇਸ਼ਾਰਾ ਪਾ ਕੇ ਖਾਮੋਸ਼ ਰਿਹਾ, ਪਰ ਜਦ ਉਨ੍ਹਾਂ ਪੁਛਿਆ, "ਕਿਉਂ ਭਈ ਕਾਕਾ ਜੋ ਕੁਝ ਬਾਬੂ ਹੋਰਾਂ ਕਿਹਾ ਹੈ, ਤੂੰ ਸੁਣ ਹੀ ਲਿਆ ਹੈ।"

ਨੌਜਵਾਨ ਨੇ ਉਤਰ ਦਿੱਤਾ, "ਮੈਂ ਰੋਟੀ ਤਾਂ ਕਦੇ ਪਕਾਈ ਨਹੀਂ।"

"ਚੰਗਾ ਹੋਰ ਕੰਮ ਹੀ ਸਹੀ। ਰੋਟੀ ਪਕਾਉਣ ਜਾਣਦੇਂ ਤਾਂ ਛੇਤੀ ਤਰੱਕੀ ਕਰ ਦੇਂਦੇ। ਸਾਨੂੰ ਤਾਂ ਨੌਕਰ ਭਲਾਮਾਣਸ ਚਾਹੀਦਾ ਏ। ਭਾਈ ਸਾਹਿਬ ਤੋਂ ਵੱਡੀ ਜ਼ਮਾਨਤ ਹੋਰ ਕੀਹਦੀ ਹੋ ਸਕਦੀ ਹੈ।" ਬਾਬੂ ਜੀ ਨੇ ਕੰਮ ਬਣ ਗਿਆ ਜਾਣ ਫਰਮਾਇਆ।

ਇਸ ਸਮੇਂ ਬਾਬੂ ਜੀ ਦਾ ਪੋਤਰਾ ਸਾਈਕਲ ਦੀ ਘੰਟੀ ਵਜਾਉਂਦਾ ਦੁਕਾਨ ਉਤੇ ਆ ਗਿਆ, "ਬਾਬੂ ਜੀ! ਤੁਹਾਡੀ ਘਰ ਹੁਣੇ ਲੋੜ ਹੈ।" ਆਖ ਕੇ ਤੁਰਤ ਸਾਈਕਲ ਵਾਪਸ ਦੁੜਾ ਲੈ ਗਿਆ।

ਬਾਬੂ ਹੁਰੀਂ ਉਠ ਕੇ ਘਰ ਨੂੰ ਤੁਰ ਪਏ। ਜਾਂਦੀ ਵੇਰ ਭਾਈ ਸਾਹਿਬ ਨੂੰ ਕਹਿ ਗਏ, "ਨੌਕਰ ਨਾਲ ਪੈਸੇ ਤੁਸਾਂ ਹੀ ਕਰ ਲੈਣੇ।"

"ਸਤ ਬਚਨ।" ਭਾਈ ਸਾਹਿਬ ਦਾ ਜਵਾਬ ਸੀ।

(2)

ਨੌਜਵਾਨ ਇਕ ਦਿਨ ਫਿਰਦਾ ਫਿਰਾਂਦਾ ਸਟੇਸ਼ਨ ਉਤੇ ਚਲਿਆ ਗਿਆ। ਅੰਮ੍ਰਿਤਸਰ ਵੱਲੋਂ ਆ ਰਹੀ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਗੱਡੀਓਂ ਉਤਰ ਕੇ ਸਵਾਰੀਆਂ ਸਟੇਸ਼ਨ ਤੋਂ ਬਾਹਰ ਨਿਕਲਣ ਲੱਗੀਆਂ। ਨੌਜਵਾਨ ਸਟੇਸ਼ਨ ਦੀਆਂ ਬਾਹਰ ਦੀਆਂ ਪੌੜੀਆਂ ਲਾਗੇ ਖੜ੍ਹਾ ਸੀ, ਇਕ ਇਕ ਕਰ ਕੇ ਸਵਾਰੀਆਂ ਨਿਕਲਦੀਆਂ ਗਈਆਂ। ਆਖਰ ਨੌਜਵਾਨ ਦੀ ਨਜ਼ਰ ਬਾਬੂ ਸੁੰਦਰ ਸਿੰਘ ਉਤੇ ਜਾ ਪਈ ਜਿਹੜੇ ਇਕ ਹੱਥ ਵਿਚ ਚਮੜੇ ਦਾ ਬੈਗ ਲਟਕਾਈ ਮਸਾਂ ਮਸਾਂ ਤੁਰੇ ਆ ਰਹੇ ਸਨ।

ਨੌਜਵਾਨ ਨੇ ਅੱਗੇ ਵਧ ਕੇ ਬਾਬੂ ਹੁਰਾਂ ਦੇ ਹੱਥੋਂ ਸੂਟ ਕੇਸ ਆਪ ਫੜ ਲਿਆ ਤੇ ਸਿਰ ਉਤੇ ਚੁੱਕ ਕੇ ਬਾਬੂ ਹੋਰਾਂ ਦੇ ਪਿੱਛੇ ਪਿੱਛੇ ਤੁਰ ਪਿਆ। ਬਾਬੂ ਜੀ ਦੇ ਘਰ ਨੂੰ ਜੰਡਿਆਲੇ ਵਾਲੀ ਸੜਕ ਤੋਂ ਹੋ ਕੇ ਜਾਈਦਾ ਸੀ, ਜਿਹੜੀ ਉਹਨੀਂ ਦਿਨੀਂ, ਕੋਈ ਅਠੱਤੀ ਵਰ੍ਹੇ ਪਹਿਲਾਂ ਉਜਾੜ ਜਿਹੀ ਸੜਕ ਸੀ। ਦੋਵੇਂ ਜਣੇ ਅੰਮ੍ਰਿਤਸਰ ਵਾਲੇ ਮੋਟਰਾਂ ਦੇ ਅੱਡੇ ਕੋਲ ਬਾਬੂ ਜੀ ਦੇ ਘਰ ਦੇ ਸਾਹਮਣੇ ਪਹੁੰਚ ਗਏ। ਸ਼ਾਮ ਦਾ ਵੇਲਾ ਹੋਣ ਕਰ ਕੇ ਤੇ ਉਜਾੜ ਜਿਹਾ ਰਾਹ ਹੋਣ ਕਰ ਕੇ ਰਸਤੇ ਵਿਚ ਕੋਈ ਵਾਕਫ ਘੱਟ ਹੀ ਮਿਲਿਆ। ਬਾਬੂ ਜੀ ਦੇ ਘਰ ਦੀ ਡਿਓੜੀ ਵਿਚ ਪੈਰ ਪਾਉਂਦਿਆਂ ਹੀ ਨੌਜਵਾਨ ਨੇ ਬੈਗ ਜ਼ਮੀਨ ਉਤੇ ਰੱਖ ਦਿੱਤਾ, ਤੇ "ਬਾਬੂ ਜੀ, ਮੈਂ ਚਲਿਆ ਹਾਂ" ਕਹਿ ਕੇ ਉਹ ਫਟਾ-ਫਟ ਬਾਹਰ ਨਿਕਲ ਗਿਆ। ਬਾਬੂ ਜੀ ਆਵਾਜ਼ਾਂ ਹੀ ਮਾਰਦੇ ਰਹਿ ਗਏ, "ਓਇ ਪੈਸੇ ਤਾਂ ਲੈ ਜਾ। ਅਜੀਬ ਮੁੰਡਾ ਹੈ ਇਹ? ਨੌਕਰ ਰਹਿਣਾ ਮੰਨਿਆ ਨਹੀਂ ਤੇ ਹੁਣ ਪੈਸੇ ਵੀ ਨਹੀਂ ਲਏ ਸੂ।"

(3)

ਇਕ ਦਿਨ, ਉਹੋ ਨੌਜਵਾਨ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਜਾ ਰਿਹਾ ਸੀ ਕਿ ਕੁਝ ਬੰਦੇ ਇਹ ਕਹਿ ਕੇ "ਬਾਹਰ ਬਾਜ਼ਾਰ ਵਿਚ ਤੇਰਾ ਭਰਾ ਬੁਲਾ ਰਿਹਾ ਹੈ", ਉਸ ਨੂੰ ਮੁਨਾਰੇ ਵਾਲੀ ਗਲੀ ਵਿਚੋਂ ਬਾਹਰ ਲੈ ਗਏ। ਨੌਜਵਾਨ ਨੂੰ ਆਪਣਾ ਭਰਾ ਤਾਂ ਕਿਤੇ ਨਜ਼ਰ ਨਾ ਆਇਆ- ਹਾਂ, ਸਾਹਮਣੀ ਗਾਰਦ ਵਾਲੀ ਗਲੀ ਵਿਚੋਂ ਨਿਕਲਦੇ ਦੋ ਲਾਲ ਪਗੜੀ ਵਾਲੇ ਪੁਲਸੀਏ ਜ਼ਰੂਰ ਦਿਸ ਪਏ। ਉਹ ਨੌਜਵਾਨ ਨੂੰ ਹੱਥਕੜੀ ਲਾ ਕੇ ਬਿਨਾਂ ਕੁਝ ਦੱਸੇ ਥਾਣੇ ਵੱਲ ਲੈ ਤੁਰੇ।

ਥਾਣੇ ਦੇ ਫਾਟਕ ਦੀ ਤਾਕੀ ਅੰਦਰ ਪੈਰ ਪਾਉਂਦਿਆਂ ਹੀ ਵੇਖਿਆ ਕਿ ਡਿਓੜੀ ਵਿਚ ਹੀ ਦੋਹੀਂ ਪਾਸੀਂ ਸੀਖਾਂ ਵਾਲੀਆਂ ਦੋ ਹਵਾਲਾਤਾਂ ਸਨ, ਜਿਵੇਂ ਆਮ ਥਾਣਿਆਂ ਵਿਚ ਹੁੰਦੀਆਂ ਹਨ। ਖੱਬੇ ਹੱਥ ਦੀ ਹਵਾਲਾਤ ਦਾ ਦਰਵਾਜ਼ਾ ਖੋਲ੍ਹ ਕੇ ਨੌਜਵਾਨ ਨੂੰ ਅੰਦਰ ਕਰਨ ਲੱਗੇ ਤਾਂ ਇਕ ਮਾੜਾ ਜਿਹਾ ਝਗੜਾ ਹੋ ਪਿਆ। ਪੁਲਿਸ ਵਾਲੇ ਨੌਜਵਾਨ ਦੀ ਪਗੜੀ ਤੇ ਜੁੱਤੀ ਬਾਹਰ ਉਤਰਵਾਣਾ ਚਾਹੁੰਦੇ ਸਨ ਅਤੇ ਨੌਜਵਾਨ ਜੁੱਤੀ ਉਤਾਰਨ ਵਿਚ ਤਾਂ ਕੋਈ ਹਰਜ ਨਹੀਂ ਸੀ ਸਮਝਦਾ, ਪਰ ਪਗੜੀ ਉਤਾਰਨਾ ਆਪਣੀ ਹੱਤਕ ਸਮਝਦਾ ਸੀ, ਕਿਉਂਕਿ ਉਸ ਨੇ ਅਕਾਲੀਆਂ ਤੋਂ ਨਵਾਂ ਨਵਾਂ ਅੰਮ੍ਰਿਤ ਛਕਿਆ ਸੀ। ਖੈਰ! ਥਾਣੇ ਦੇ ਇੰਚਾਰਜ ਜਿਹੜਾ ਸਿੱਖ ਹੀ ਸੀ, ਨੇ ਪਗੜੀ ਬੰਨ੍ਹੀ ਰੱਖਣ ਦੀ ਇਜਾਜ਼ਤ ਦੇ ਦਿੱਤੀ। ਹਵਾਲਾਤੀ ਦੀ ਪਗੜੀ ਤੇ ਜੁੱਤੀ ਬਾਹਰ ਉਤਾਰਨ ਦਾ ਰਿਵਾਜ ਇਸ ਕਰ ਕੇ ਹੈ ਕਿ ਮੁਲਜ਼ਮ ਆਪੋ ਵਿਚੀਂ ਲੜ ਨਾ ਪੈਣ ਜਾਂ ਕੋਈ ਆਤਮਘਾਤ ਨਾ ਕਰ ਲਵੇ।

ਜਿਸ ਵਿਚ ਨੌਜਵਾਨ ਦੇ ਆਉਣ ਤੋਂ ਪਹਿਲਾਂ ਹੀ ਅੱਠ ਹੋਰ ਮੁਲਜ਼ਮ ਬੰਦ ਸਨ। ਇਨ੍ਹਾਂ ਪੌਣੀ ਦਰਜਨ ਬੰਦਿਆਂ ਵਿਚੋਂ ਨੌਜਵਾਨ ਨੂੰ ਹੀ ਆਪਣੇ ਦੋਸ਼ ਦਾ ਹਾਲਾਂ ਤੱਕ ਪਤਾ ਨਹੀਂ ਸੀ, ਪਰ ਉਹ ਨਿਸਚਿੰਤ ਤੇ ਬੇਪ੍ਰਵਾਹ ਲੱਗਦਾ ਸੀ, ਜਿਵੇਂ ਉਸ ਨੂੰ ਆਪਣੇ ਬੇਗੁਨਾਹ ਹੋਣ ਦਾ ਦ੍ਰਿੜ੍ਹ ਵਿਸ਼ਵਾਸ ਹੋਵੇ। ਬਾਕੀ ਸਾਰੇ ਚੋਰੀ ਚਕਾਰੀ ਵਿਚ ਫੜੇ ਹੋਏ ਸਨ।

ਅੱਧੀ ਕੁ ਹਵਾਲਾਤ ਤਾਂ ਮੁਲਜ਼ਮਾਂ ਨੇ ਮੂਤ ਮਾਤ ਕੇ ਤੇ ਖੰਘਾਰ ਸੁੱਟ ਸੁੱਟ ਕੇ ਭਰ ਛੱਡੀ ਸੀ। ਟੱਟੀ ਪਿਸ਼ਾਬ ਵਾਲੇ ਦੋਵੇਂ ਠੂਠੇ ਉਛਲੇ ਹੋਏ ਸਨ ਤੇ ਮੱਖੀਆਂ ਦਾ ਅੱਡਾ ਬਣੇ ਹੋਏ ਸਨ। ਹਵਾਲਾਤ ਦੀਆਂ ਕੰਧਾਂ ਵੀ ਥੁੱਕਾਂ ਤੇ ਖੰਘਾਰਾਂ ਨਾਲ ਲਿੰਬੀਆਂ ਪਈਆਂ ਸਨ। ਖੂੰਜਿਆਂ ਵਿਚ ਮੱਛਰਾਂ ਦੀ ਭਰਮਾਰ ਸੀ। ਛੱਤ ਵੱਲ ਵਿੰਹਦਿਆਂ ਹੀ ਅੱਖਾਂ ਮਲਣੀਆਂ ਪੈ ਜਾਂਦੀਆਂ ਸਨ, ਕਿਉਂ ਜੋ ਛੱਤ ਨਾਲ ਲੱਗੇ ਹੋਏ ਜਾਲੇ ਦੀਆਂ ਤਾਰਾਂ ਅੱਖਾਂ ਵਿਚ ਪੈ ਜਾਣ ਦਾ ਡਰ ਰਹਿੰਦਾ ਸੀ। ਦੂਜੇ ਮੁਲਜ਼ਮ ਆਪਣੇ ਕੱਪੜਿਆਂ ਵਲੋਂ ਬੇਪ੍ਰਵਾਹ ਸਨ। ਕੰਬਲ ਤੇ ਤਪੜੀਆਂ ਸਭ ਦੇ ਖਿਲਰੇ ਪਏ ਤੇ ਇਕ ਦੂਜੇ ਦੇ ਬਿਸਤਰਿਆਂ ਵਿਚ ਰੁਲਦੇ ਫਿਰਦੇ ਸਨ। ਉਨ੍ਹਾਂ ਕੱਪੜਿਆਂ ਉਤੇ ਜੂੰਆਂ ਦੇ ਮੇਲੇ ਲੱਗੇ ਹੋਏ ਸਨ।

ਹਵਾਲਾਤੀਆਂ ਦੀ ਬੋਲਚਾਲ ਬਾਰੇ ਨਾ ਹੀ ਸੁਣੋ ਤਾਂ ਚੰਗਾ ਹੈ। ਗ੍ਰਿਫਤਾਰ ਕਰਾਉਣ ਵਾਲਿਆਂ ਨੂੰ ਸੌ ਸੌ ਮਣ ਦੀਆਂ ਗਾਲ੍ਹਾਂ ਕਢਦੇ, ਮਖੌਲਾਂ ਵਿਚ ਹੀ ਇਕ ਦੂਜੇ ਦੀ ਧੀ ਭੈਣ ਨਊਲ ਛੱਡਦੇ।

"ਲਾ ਲਈ ਸੂ ਵਾਹ ਉਹਨੇ ਆਪਣੀ... ਦੀ।" ਇਕ ਨੇ ਬੇਪ੍ਰਵਾਹੀ ਵਿਖਾਉਂਦਿਆਂ ਹੋਇਆਂ ਆਖਿਆ।

"ਬਾਹਰ ਨਿਕਲ ਲੈਣ ਦੇ ਇਕ ਵੇਰ ਤਾਂ ਮਾਂ ਦੇ ਯਾਰ ਨੂੰ ਮਜ਼ਾ ਚਖਾ ਦਿਊਂ। ਟੋਟੇ ਕਰ ਦਿਊਂ ਟੋਟੇ।" ਦੂਜੇ ਨੇ ਨੱਕ ਫੁਲਾ ਕੇ ਆਖਿਆ।

"ਕੋਈ ਲਿਹਾਜ਼ ਹੀ ਨਹੀਂ ਸੂ ਕੀਤਾ ਹਾਲਾਂਕਿ ਉਸ ਨੂੰ ਰੋਜ਼ ਪੈਸੇ ਵਟੌਂਦੇ ਸਾਂ। ਉਸ ਦੀ ਹੱਟੀ ਫੀਮ ਨਾਲ ਭਰੀ ਪਈ ਹੈ। ਛਟਾਂਕੀ ਕੁ ਚੁੱਕ ਲਈ ਤਾਂ ਫੜਾ ਹੀ ਦਿੱਤਾ ਸੂ।" ਇਕ ਪੁਰਾਣੇ ਅਫੀਮੀ ਨੇ ਊਂਘ ਲੈ ਕੇ ਅਫੀਮ ਦੇ ਠੇਕੇਦਾਰ ਉਤੇ ਗੁੱਸਾ ਛਾਂਟਦਿਆਂ ਹੋਇਆ ਆਖਿਆ।

"ਆਹ ਤਾਂ ਅਲ੍ਹਾਂ ਮੁੰਡਾ ਫੜ ਲਿਆਂਦਾ ਏ ਭੈਣ ਦਿਆਂ ਯਾਰਾਂ ਨੇ।" ਨੌਜਵਾਨ ਵੱਲ ਸੰਕੇਤ ਕਰਦਿਆਂ ਮੁਸਕਰਾ ਕੇ ਇਕ ਚਬਰ ਕੱਟੇ ਨੇ ਆਪਣੀ ਜਾਚੇ ਮਖੌਲ ਕੀਤਾ।

"ਕਾਲੀ ਉ ਓਏ ਕਾਲੀ। ਤਾਹੀਓਂ ਤਾਂ ਇਹਨੇ ਪਗੜੀ ਨਹੀਂ ਲੁਹਾਈ।" ਇਕ ਹੋਰ ਨੇ ਕੁਝ ਨਖ਼ਰੇ ਨਾਲ ਆਖਿਆ।

(4)

ਨੌਜਵਾਨ ਹਵਾਲਾਤ ਅੰਦਰ ਸੀਖਾਂ ਫੜ ਕੇ ਖੜ੍ਹਾ ਸੀ। ਅੰਦਰਲੇ ਗੰਦੇ ਵਾਤਾਵਰਣ ਕਰ ਕੇ ਉਸ ਦਾ ਦਿਲ ਬਹਿਣ ਨੂੰ ਨਹੀਂ ਸੀ ਕਰਦਾ। ਨਾ ਹੀ ਬਾਕੀਆਂ ਦੇ ਗੱਪ ਗਪੌੜ ਤੇ ਫੱਕੜ ਬਾਜ਼ੀ ਵਿਚ ਉਸ ਤੋਂ ਸਾਵਾਂ ਉਤਰਿਆ ਜਾਣਾ ਸੀ। ਉਸ ਬਚਪਨ ਦੀ ਅਵਸਥਾ ਵਿਚ ਹੋਣ ਕਾਰਨ ਵੀ ਸੰਕੋਚ ਵਿਖਾ ਰਿਹਾ ਸੀ।

***ਨੌਜਵਾਨ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਜਾ ਰਿਹਾ ਸੀ ਕਿ ਕੁਝ ਬੰਦੇ ਇਹ ਕਹਿ ਕੇ "ਬਾਹਰ ਤੇਰਾ ਭਰਾ ਬੁਲਾ ਰਿਹਾ ਹੈ", ਉਸ ਨੂੰ ਮੁਨਾਰੇ ਵਾਲੀ ਗਲੀ ਵਿਚੋਂ ਬਾਹਰ ਲੈ ਗਏ। ਨੌਜਵਾਨ ਨੂੰ ਆਪਣਾ ਭਰਾ ਤਾਂ ਕਿਤੇ ਨਜ਼ਰ ਨਾ ਆਇਆ- ਹਾਂ, ਸਾਹਮਣੀ ਗਾਰਦ ਵਾਲੀ ਗਲੀ ਵਿਚੋਂ ਨਿਕਲਦੇ ਦੋ ਲਾਲ ਪਗੜੀ ਵਾਲੇ ਪੁਲਸੀਏ ਜ਼ਰੂਰ ਦਿਸ ਪਏ। ਉਹ ਨੌਜਵਾਨ ਨੂੰ ਹੱਥਕੜੀ ਲਾ ਕੇ ਬਿਨਾਂ ਕੁਝ ਦੱਸੇ ਥਾਣੇ ਵੱਲ ਲੈ ਤੁਰੇ।***

ਅਚਾਨਕ ਵੱਡੇ ਫਾਟਕ ਦਾ ਦਰਵਾਜ਼ਾ ਖੁੱਲ੍ਹਾ। ਹਸੂੰ ਹਸੂੰ ਕਰਦੀਆਂ ਤਿੰਨ ਮੂਰਤਾਂ ਸਾਹਮਣੇ ਆ ਖਲੋਤੀਆਂ। ਜਿਸ ਵਿਅਕਤੀ ਨੇ ਸਭ ਤੋਂ ਪਿਛੋਂ ਫਾਟਕ ਅੰਦਰ ਪੈਰ ਰੱਖਿਆ ਸੀ, ਸੀਖਾਂ ਅੰਦਰ ਖੜ੍ਹੇ ਨੌਜਵਾਨ ਨਾਲ ਚਾਰ ਅੱਖਾਂ ਹੁੰਦਿਆਂ ਹੀ ਉਸ ਵਿਅਕਤੀ ਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ। ਉਸ ਦਾ ਰੰਗ ਪੀਲਾ ਪੈ ਗਿਆ। ਉਸ ਦੇ ਮੂੰਹੋਂ ਕੋਈ ਗੱਲ ਵੀ ਨਾ ਨਿਕਲੀ, ਉਸ ਡਿੱਗ ਹੀ ਪੈਂਦਾ, ਜੇ ਇਕ ਪਾਸਿਓਂ ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ ਅਤੇ ਦੂਜੇ ਪਾਸਿਓਂ ਹੈਡਮਾਸਟਰ ਮਹਿਤਾਬ ਸਿੰਘ ਜੀ ਉਸ ਵਿਅਕਤੀ ਨੂੰ ਸੰਭਾਲ ਨਾ ਲੈਂਦੇ।

ਵਿਅਕਤੀ ਨੇ ਹੋਸ਼ ਸੰਭਾਲੀ, ਉਨ੍ਹਾਂ ਦੇ ਨੇਤਰਾਂ ਵਿਚ ਜਲ ਸੀ। ਹੱਥ ਜੋੜ ਕੇ ਆਖਣ ਲੱਗੇ, "ਮਾਫ ਕਰਨਾ ਮੈਂ ਬੜਾ ਪਾਪੀ ਹਾਂ, ਜਿਹੜਾ ਇਸ ਨੌਜਵਾਨ ਨੂੰ ਨੌਕਰਾਂ ਵਾਂਗ ਸਮਝਦਾ ਰਿਹਾ ਹਾਂ, ਇਹ ਮੇਰੀਆਂ ਅੱਖਾਂ ਦਾ ਕਸੂਰ ਸੀ ਜਿਨ੍ਹਾਂ ਪਛਾਨਣ ਵਿਚ ਧੋਖਾ ਖਾਧਾ ਏ।"

"ਕੋਈ ਨਹੀਂ ਅਜਿਹੇ ਭਰਮੇ ਵੀ ਰੋਜ਼ ਰੋਜ਼ ਨਹੀਂ ਹੁੰਦੇ, ਬਾਬੂ ਜੀ।" ਵੈਦ ਹੋਰਾਂ ਮੁਸਕਰਾਉਂਦਿਆਂ ਧਰਵਾਸ ਦਿੰਦਿਆਂ ਆਖਿਆ ਅਤੇ ਨੌਜਵਾਨ ਨੂੰ ਦੇਸ਼ ਬਦਲੇ ਕਵਿਤਾ ਪੜ੍ਹਨ ਦੇ ਅਪਰਾਧ ਵਿਚ ਗ੍ਰਿਫਤਾਰ ਹੋਣ ਉਤੇ ਵਧਾਈ ਦਿੱਤੀ। ਤਦ ਨੌਜਵਾਨ ਨੂੰ ਆਪਣੀ ਗ੍ਰਿਫਤਾਰੀ ਦੇ ਕਾਰਨ ਦਾ ਪਤਾ ਲੱਗਾ।

ਬਾਬਾ ਸੁੰਦਰ ਸਿੰਘ ਉਸ ਨੌਜਵਾਨ ਦੇ ਰਿਹਾਅ ਹੋ ਆਉਣ ਪਿਛੋਂ ਜਦ ਵੀ ਉਸ ਨੂੰ ਮਿਲੇ, ਉਸ ਨੂੰ 'ਦੇਸ਼ ਭਗਤ ਅਰਜਨ ਸਿੰਘ ਗੜਗੱਜ' ਕਹਿ ਕੇ ਬੁਲਾਉਂਦੇ ਰਹੇ।

## ਮਿਨੀ ਕਹਾਣੀ

### ਮਿਹਨਤ ਦੀ ਵੰਡ

ਮੁੱਢ ਕਦੀਮੋਂ ਖੇਤੀ ਕਰਦਾ ਕਰਦਾ ਜਾਗਰ ਕੰਮੀ ਬਣ ਗਿਆ। ਪੁਸ਼ਤੈਨੀ ਜਾਇਦਾਦ ਦਾ ਅੰਕੜਾ ਜਾਗਰ ਨੇ ਆਪਣੀ ਹੱਡ ਤੋੜਵੀਂ ਮਿਹਨਤ ਨਾਲ ਹੀ ਦੁੱਗਣਾ ਕੀਤਾ। ਹਾੜ-ਸਿਆਲ ਦੀ ਪਰਵਾਹ ਕੀਤੇ ਬਿਨਾ ਕੰਮ 'ਚ ਰੁੱਝਾ ਰਹਿੰਦਾ। ਉਪਰੋਂ ਬਾਪੂ ਦੀਆਂ ਝਿੜਕਾਂ ਨੇ ਓਹਨੂੰ ਕਦੇ ਸਿਰ ਨਾ ਚੁੱਕਣ ਦਿੱਤਾ। ਲੋੜਾਂ ਬੇਸ਼ੱਕ ਪੂਰੀਆਂ ਹੁੰਦੀਆਂ ਪਰ ਪਰਿਵਾਰ ਵੱਡਾ ਹੋਣ ਕਰਕੇ ਆਮਦਨ ਦਾ ਹਿੱਸਾ ਮਿਹਨਤ ਤੋਂ ਕਿਤੇ ਘੱਟ ਹੀ ਮਿਲਦਾ। ਹਿੱਸੇ ਨੂੰ ਲੈ ਕੇ ਗਿਲਾ ਸ਼ਿਕਵਾ ਤਾਂ ਕਰਦਾ ਪਰ ਕੋਈ ਪੇਸ਼ ਨਾ ਚਲਦੀ ਦੇਖ ਕੇ ਸਬਰ ਦਾ ਘੁੱਟ ਭਰ ਲੈਂਦਾ।

ਤਿੰਨ ਭਰਾਵਾਂ ਵਿਚੋਂ ਛੋਟਾ ਖੇਤੀ ਤੇ ਘਰੇਲੂ ਕੰਮਾਂ ਵਿਚ ਹੱਥ ਵਟਾਉਂਦਾ ਸੀ ਅਤੇ ਵੱਡਾ ਭਰਾ ਸ਼ਹਿਰ ਰਹਿੰਦਾ ਸੀ। ਸਮੇਂ ਦੀ ਚੱਕਰੀ ਨੇ ਗੇੜ ਫੜਿਆ ਤਾਂ ਗੱਲ ਜ਼ਮੀਨ ਦੀ ਵੰਡ 'ਤੇ ਆ ਗਈ। ਜ਼ਮੀਨ ਵੰਡਣ ਦਾ ਦਿਨ ਮਿੱਥ ਕੇ ਰਿਸ਼ਤੇਦਾਰ ਤੇ ਮੋਹਤਬਰ ਬੁਲਾ ਲਏ। ਵੰਡ ਸਮੇਂ ਬਾਪੂ ਤੇ ਰਿਸ਼ਤੇਦਾਰਾਂ ਨੇ ਵੱਡੇ ਭਰਾ ਦਾ ਹੀ ਪੱਖ ਪੂਰਿਆ। ਜਾਗਰ ਦੀ ਮਿਹਨਤ ਨੂੰ ਅੱਖੋਂ ਪਰੋਖੇ ਕਰ ਕੇ ਆਖਰ ਜ਼ਮੀਨ ਦੇ ਤਿੰਨ ਹਿੱਸੇ ਕਰ ਦਿੱਤੇ ਗਏ।

ਵੰਡ ਮਗਰੋਂ ਬਾਪੂ ਨੇ ਨਿੰਮਾ ਜਿਹਾ ਮੁਸਕਰਾ ਕੇ ਕਿਹਾ, "ਕਿਉਂ ਬਈ ਜਾਗਰਾ ਖੁਸ਼ ਐਂ, ਜ਼ਮੀਨ ਭਾਵੇਂ ਤੈਨੂੰ ਜਿਵੇਂ ਦੀ ਮਰਜ਼ੀ ਮਿਲੀ ਆ, ਤੂੰ ਕੰਮ ਆਲਾ ਬੰਦਾਂ, ਬੰਜਰ ਨੂੰ ਵੀ ਡਾਕਰ ਬਣਾ ਦੇਵੇਂਗਾ।"

ਕਿਸਮਤ ਦਾ ਨਪੀੜਿਆ ਜਾਗਰ ਘੁੱਟਵੀਂ ਜਿਹੀ ਆਵਾਜ਼ 'ਚ ਬੋਲਿਆ, "ਬਾਪੂ ਜ਼ਮੀਨ ਤੂੰ ਭਾਵੇਂ ਵੰਡ ਦਿੱਤੀ ਐ, ਪਰ ਤੈਨੂੰ ਮੇਰੀ ਮਿਹਨਤ ਦੀ ਵੰਡ ਨਹੀਂ ਕਰਨੀ ਆਈ।"

-ਸ਼ਗਨਦੀਪ ਸਿੰਘ ਪਿਉਰੀ
ਫੋਨ: 91-95014-59259

# ਮੈਂ ਵੀ ਅੰਮ੍ਰਿਤਾ ਬਣਾਂਗੀ

## ਅੱਲੜ੍ਹ ਉਮਰ ਦੀ ਗਾਥਾ

***ਬਚਿੰਤ ਕੌਰ ਨੇ ਪੰਜਾਬੀ ਸਾਹਿਤ ਜਗਤ ਨੂੰ ਕਈ ਯਾਦਗਾਰੀ ਕਹਾਣੀ ਦਿੱਤੀਆਂ ਹਨ। 'ਭੁੱਬਲ ਦੀ ਅੱਗ' ਵਰਗੀ ਕਹਾਣੀ ਤਾਂ ਭੁਲਾਇਆਂ ਵੀ ਨਹੀਂ ਭੁੱਲਦੀ। ਉਹਦੀਆਂ ਕਹਾਣੀਆਂ ਅਤੇ ਹੋਰ ਰਚਨਾਵਾਂ ਸਾਦਗੀ ਤੇ ਸਹਿਜ ਦੀ ਉਮਦਾ ਮਿਸਾਲ ਹਨ। ਸਵੈਜੀਵਨੀ 'ਪਗਡੰਡੀਆਂ' ਅਤੇ ਸਾਹਿਤਕ ਸਵੈਜੀਵਨੀ 'ਦਸਤੂਰ-ਏ-ਜ਼ਿੰਦਗੀ' ਤੋਂ ਇਲਾਵਾ ਉਹਨੇ ਕਵਿਤਾ, ਨਾਵਲ, ਸਫਰਨਾਮਾ, ਡਾਇਰੀ, ਕਈ ਕੁਝ ਲਿਖਿਆ ਹੈ। 'ਮੈਂ ਵੀ ਅੰਮ੍ਰਿਤਾ ਬਣਾਂਗੀ' ਵਿਚ ਉਹਨੇ ਸਕੂਲ ਵੇਲਿਆਂ ਦੀ ਉਹ ਬਾਤ ਸੁਣਾਈ ਹੈ ਜਿਹੜੀ ਹਰ ਬਾਲ ਮਨ ਅੰਦਰ ਅਕਸਰ ਸਿਰ ਚੁੱਕਦੀ ਰਹਿੰਦੀ ਹੈ। -ਸੰਪਾਦਕ***




*ਅੰਮ੍ਰਿਤਾ ਪ੍ਰੀਤਮ ਦੀਆਂ ਵੱਖ ਵੱਖ ਵਕਤਾਂ ਦੀਆਂ ਦੋ ਤਸਵੀਰਾਂ।*

ਆਦਿ ਗੁਰ ਏ ਨਮਹ॥
ਜੁਗਾਦਿ ਗੁਰ ਏ ਨਮਹ॥
ਸਤਿਗੁਰੂ ਏ ਨਮਹ॥
ਸ੍ਰੀ ਗੁਰਦੇਵ ਏ ਨਮਹ॥

ਪਾਠਕਾਂ ਨੂੰ ਸ਼ਾਇਦ ਅਚੰਭਾ ਲੱਗੇ ਕਿ ਇਸ ਤੋਂ ਪਹਿਲਾਂ ਤਾਂ ਮੈਂ ਆਪਣੀ ਕਿਸੇ ਵੀ ਰਚਨਾ ਦੇ ਆਦਿ ਵਿਚ ਰੱਬ ਨੂੰ ਕਦੇ ਯਾਦ ਨਹੀਂ ਕੀਤਾ। ਫਿਰ ਇਸ ਵਾਰ ਕਿਉਂ? ਗੱਲ ਇਹ ਹੈ ਕਿ ਜ਼ਿੰਦਗੀ ਵਿਚ ਬਹੁਤ ਕੁਝ ਅਸੀਂ ਅਚੇਤ ਹੀ ਕਰ ਜਾਂਦੇ ਹਾਂ। ਬਹੁਤ ਘੱਟ ਐਸਾ ਹੈ ਜੋ ਅਸੀਂ ਸੁਚੇਤ ਹੋ ਕੇ ਕਰਦੇ ਹਾਂ। ਇਸ ਵਾਰੀ ਸਭ ਤੋਂ ਪਹਿਲਾਂ ਛੋਟੀ ਜਿਹੀ ਗਾਥਾ ਸੁਣਾਉਂਦੀ ਹਾਂ:

ਜਦ ਮੈਂ ਤੀਜੀ ਕਲਾਸ ਦੀ ਵਿਦਿਆਰਥਣ ਸੀ ਤੇ ਸਿੰਘ ਸਭਾ ਸਕੂਲ, ਪਟਿਆਲੇ ਵਿਚ ਪੜ੍ਹਦੀ ਸੀ ਤਾਂ ਸਾਡੀ ਕਲਾਸ ਗੁਰਦੁਆਰੇ ਦੇ ਵੱਡੇ ਵਰਾਂਡੇ ਦੀ ਛੱਡ ਉਤੇ ਲਗਦੀ ਹੁੰਦੀ ਸੀ। 1948 ਦੀ ਗੱਲ ਹੋਵੇਗੀ। ਮੇਰੀ ਕਲਾਸ ਵਿਚ ਨਵੀਂ ਕੁੜੀ ਹਰਬੰਸ ਕੌਰ ਦਾਖਲ ਹੋਈ ਜੋ ਪਾਕਿਸਤਾਨ ਤੋਂ ਆਏ

**ਬਚਿੰਤ ਕੌਰ**

ਸ਼ਰਨਾਰਥੀਆਂ ਦੀ ਧੀ ਸੀ। ਜਿੰਨੀ ਉਹ ਦੇਖਣ-ਪਾਖਣ ਨੂੰ ਸੋਹਣੀ ਸੁਨੱਖੀ ਸੀ, ਉਨੀ ਹੀ ਉਹ ਪੜ੍ਹਾਈ-ਲਿਖਾਈ ਵਿਚ ਵੀ ਹੁਸ਼ਿਆਰ ਸੀ। ਹਿਸਾਬ (ਮੈਥ) ਵਿਚ ਤਾਂ ਉਸ ਦਾ ਕੋਈ ਸਾਨੀ ਨਹੀਂ ਸੀ। ਟੀਚਰ ਰਕਮ ਲਿਖਵਾ ਕੇ ਹਟੀ ਵੀ ਨਾ ਹੁੰਦੀ, ਉਹ ਉਤਰ ਕੱਢ ਕੇ ਸਭ ਤੋਂ ਪਹਿਲਾਂ ਮੈਡਮ ਨੂੰ ਦਿਖਾ ਦਿੰਦੀ। ਗਿਣਤੀ ਦੇ ਦਿਨਾਂ ਪਿਛੋਂ ਹੀ ਉਹ ਸਾਡੀ ਜਮਾਤ ਦੀ ਮਨੀਟਰ ਬਣਾ ਦਿੱਤੀ ਗਈ। ਬਸ ਫੇਰ ਕੀ ਸੀ, ਸਾਡੀ ਸਾਰੀ ਕਲਾਸ ਉਤੇ ਉਸ ਦਾ ਦਬ-ਦਬਾ ਹੋ ਗਿਆ।

ਅਸੀਂ ਕਈ ਕੁੜੀਆਂ ਇਸ ਗੱਲ ਤੋਂ ਬੁਰੀ ਤਰ੍ਹਾਂ ਪ੍ਰੇਸ਼ਾਨ ਰਹਿਣ ਲੱਗੀਆਂ। ਟੀਚਰ ਜਿਸ ਦਾ ਨਾਉਂ ਅਮਰਜੀਤ ਕੌਰ ਸੀ, ਸਾਨੂੰ ਕਿਸੇ ਨੂੰ ਗੌਲੇ ਹੀ ਨਾ; ਜਦਕਿ ਸਾਡੇ ਵਿਚੋਂ ਵੀ ਤਰਖਾਣਾਂ ਦੀ ਅਮਰੋ ਤੇ ਜੱਟਾਂ ਦੀ ਦੇਬੋ ਪੜ੍ਹਾਈ ਵਿਚੋਂ ਬਹੁਤ ਹੁਸ਼ਿਆਰ ਸਨ। ਮੈਂ ਵੀ ਕਵਿਤਾ ਪਾਠ ਤੇ ਕੌਮੀ ਤਰਾਨੇ ਗਾਉਣ ਵਾਲੀਆਂ ਕੁੜੀਆਂ ਵਿਚ ਚੰਗੀ ਸਮਝੀ ਜਾਂਦੀ ਸੀ। ਮੈਨੂੰ ਖਾਸ ਕਰ ਕੇ ਹਰਬੰਸ ਕੌਰ ਤੋਂ ਖਿਝ ਜਿਹੀ ਚੜ੍ਹਨ ਲੱਗੀ। ਉਹ ਕੱਲ੍ਹ ਕਲਾਂ ਦੀ ਪਾਕਿਸਤਾਨੋਂ ਆਈ ਹੋਈ ਕੁੜੀ, ਤੇ ਅਸੀਂ ਸਾਰੀਆਂ ਪਹਿਲੀ ਤੋਂ ਦੂਜੀ, ਦੂਜੀ ਤੋਂ ਤੀਜੀ ਵਿਚ ਵੀ ਇਸੇ ਸਕੂਲ ਦੀਆਂ ਵਿਦਿਆਰਥਣਾਂ ਰਹੀਆਂ ਸੀ ਤੇ ਸਾਡੀ ਕਲਾਸ ਟੀਚਰ ਅਮਰਜੀਤ ਭੈਣ ਜੀ ਦੂਜੀ ਕਲਾਸ ਵਿਚ ਵੀ ਸਾਨੂੰ ਪੜ੍ਹਾਉਂਦੀ ਹੁੰਦੀ ਸੀ।

ਉਨ੍ਹਾਂ ਦਿਨਾਂ ਵਿਚ ਸਾਨੂੰ ਸਾਰੇ ਭੈਣ ਭਾਈਆਂ ਨੂੰ ਘਰ ਵਿਚ ਆਪਣੇ ਬਾਈ ਜੀ (ਪਿਤਾ ਜੀ) ਦਾ ਹੁਕਮ ਜ਼ਰੂਰ ਮੰਨਣਾ ਪੈਂਦਾ ਸੀ ਕਿ ਸਵੇਰੇ ਤੜਕੇ ਉਠ ਕੇ ਪਹਿਲਾਂ ਇਸ਼ਨਾਨ ਕਰੋ, ਫਿਰ ਜਪੁਜੀ ਸਾਹਿਬ ਦਾ ਪਾਠ; ਪਿਛੋਂ ਜੋ ਵੀ ਕਰਨਾ ਹੈ, ਆਪ ਸਮਝੋ...।

ਮੈਂ ਹੁਣ ਆਪਣੀ ਬੇਬੇ ਜੀ ਦੇ ਚੱਕੀ ਝੋਣ ਵੇਲੇ ਤੜਕੇ ਹੀ ਉਸ ਦੇ ਨਾਲ ਹੀ ਉਠ ਬੈਠਦੀ ਤੇ ਇਸ਼ਨਾਨ ਕਰਨ ਦੀ ਬਜਾਇ ਮੂੰਹ ਹੱਥ ਧੋ ਕੇ ਪਾਠ ਕਰਨ ਬਹਿ ਜਾਂਦੀ। ਲਾਲਟੈਣ ਪਹਿਲਾਂ ਹੀ ਬੇਬੇ ਜੀ ਮੇਰੇ ਕਮਰੇ ਵਿਚ ਜਲਾ ਕੇ ਰੱਖ ਦਿੰਦੇ ਸੀ। ਪੰਜ ਗ੍ਰੰਥੀਆਂ ਅਤੇ ਹੋਰ ਸਾਰੇ ਗੁਟਕੇ ਤਾਂ ਮੇਰੇ ਹੀ ਛੋਟੇ ਜਿਹੇ ਕਮਰੇ ਵਿਚ ਪਏ ਹੁੰਦੇ ਸਨ। ਮੈਂ ਜਪੁਜੀ ਸਾਹਿਬ ਦਾ ਗੁਟਕਾ ਹੱਥ ਵਿਚ ਫੜ ਕੇ ਬੈਠ ਤਾਂ ਜ਼ਰੂਰ ਜਾਂਦੀ, ਪਰ ਮੇਰਾ ਇਕੋ ਪਾਠ ਪੂਰੇ ਅੱਧੇ ਘੰਟੇ ਤੱਕ ਚਲਦਾ ਰਹਿੰਦਾ।... 'ਹੇ ਵਾਹਿਗੁਰੂ ਸੱਚੇ ਪਾਤਸ਼ਾਹ, ਮੈਨੂੰ ਮੇਰੀ ਕਲਾਸ ਦੀ ਮਨੀਟਰ ਬਣਾ ਦੇ! ਹੇ ਵਾਹਿਗੁਰੂ ਸੱਚੇ ਪਾਤਿਸ਼ਾਹ, ਮੈਨੂੰ ਮੇਰੀ ਕਲਾਸ ਦੀ ਮਨੀਟਰ ਬਣਾ ਦੇ...!' ਪੂਰਾ ਅੱਧਾ ਘੰਟਾ ਮੈਂ ਇਹੀ ਬੋਲਦੀ ਰਹਿੰਦੀ।

ਮੈਂ ਆਪਣੀ ਬੇਬੇ ਜੀ ਤੋਂ ਇਹ ਗੱਲ ਪਤਾ ਨਹੀਂ ਕਦੋਂ ਤੇ ਕਿਸ ਪ੍ਰਸੰਗ ਵਿਚ ਸੁਣੀ ਹੋਈ ਸੀ ਕਿ ਬੱਚੇ ਸੱਚੇ ਮਨ ਨਾਲ ਜੋ ਵੀ ਵਾਹਿਗੁਰੂ ਕੋਲੋਂ ਮੰਗਣ, ਉਹ ਜ਼ਰੂਰ ਦਿੰਦਾ ਹੈ। ਹੁਣ ਜਿੰਨਾ ਚਿਰ ਬੇਬੇ ਚੱਕੀ ਪੀਂਹਦੀ, ਮੈਂ ਇਹੀ ਬੋਲ ਮੂੰਹ ਵਿਚ ਦੁਹਰਾਉਂਦੀ ਰਹਿੰਦੀ। ਇਕ ਦਿਨ ਸਾਡੀ ਭੈਣ ਜੀ ਨੇ ਜਦੋਂ ਸਾਨੂੰ ਤਕਸੀਮ ਦਾ ਸਵਾਲ ਕੱਢਣ ਲਈ ਰਕਮ ਬੋਲੀ ਤਾਂ ਮੈਂ ਵੀ ਫਟਾ-ਫਟ ਸਵਾਲ ਕੱਢ ਕੇ ਹਰਬੰਸ ਕੌਰ ਤੋਂ ਵੀ ਪਹਿਲਾਂ ਆਪਣੀ ਟੀਚਰ ਨੂੰ ਦਿਖਾ ਦਿੱਤਾ...।

ਸਾਡੀ ਭੈਣ ਜੀ ਬਹੁਤ ਖੁਸ਼ ਹੋਈ ਕਿ ਅੱਜ ਤਾਂ ਬਚਿੰਤ ਨੇ ਵੀ ਸਭ ਤੋਂ ਪਹਿਲਾਂ ਸਵਾਲ ਕੱਢ ਲਿਆ। ਉਂਜ ਮੈਥ ਤਾਂ ਮੈਨੂੰ ਕਦੇ ਵੀ ਚੰਗੀ ਤਰ੍ਹਾਂ ਸਮਝ ਨਹੀਂ ਸੀ ਆਇਆ, ਤੇ ਅਜੇ ਵੀ ਮੇਰਾ ਮੈਥ ਬਹੁਤ ਪੂਅਰ ਹੈ, ਪਰ ਸਵਾਲ ਦੀ ਰਕਮ ਅਮਰਜੀਤ ਭੈਣ ਜੀ ਨੇ ਪਤਾ ਨਹੀਂ ਕਿਉਂ, ਹਿਸਾਬ ਦੀ ਕਿਤਾਬ ਵਿਚੋਂ ਕਿਸੇ ਉਦਾਹਰਣ ਦੇ ਸਵਾਲ ਵਾਲੀ ਹੀ ਲਿਖਵਾਈ ਸੀ; ਤੇ ਹਿਸਾਬ ਦੀ ਕਿਤਾਬ ਦਾ ਉਦਾਹਰਣ ਵਾਲਾ ਵਰਕਾ ਅਚਾਨਕ ਹੀ ਮੇਰੇ ਸਾਹਮਣੇ ਖੁੱਲ੍ਹਾ ਪਿਆ ਸੀ। ਮੈਂ ਉਥੋਂ ਛੇਤੀ ਨਾਲ ਨਕਲ ਮਾਰ ਕੇ ਸਵਾਲ ਭੈਣ ਜੀ ਨੂੰ ਦਿਖਾ ਦਿੱਤਾ ਸੀ... ਤੇ ਟੀਚਰ ਭੈਣ ਜੀ ਨੇ ਖੁਸ਼ ਹੋ ਕੇ ਮੈਨੂੰ ਹਰਬੰਸ ਕੌਰ ਨਾਲ ਮਿਲ ਕੇ ਕਲਾਸ ਨੂੰ ਕੰਮ ਕਰਵਾਉਣ ਲਈ ਕਹਿ ਦਿੱਤਾ... ਤੇ ਇਉਂ ਬਣ ਗਈ ਮੈਂ ਮਨੀਟਰ!

1962-63 ਵਿਚ ਜਦੋਂ ਮੈਂ ਦਿੱਲੀ ਵਿਚ ਗਿਆਨੀ ਦੀ ਵਿਦਿਆਰਣ ਸੀ ਤਾਂ ਡਾ. ਹਰਚਰਨ ਸਿੰਘ ਨਾਟਕਕਾਰ ਉਨ੍ਹੀਂ ਦਿਨੀਂ ਗੁਰਦੁਆਰਾ ਰੋਡ 'ਤੇ ਆਪਣਾ ਗਿਆਨੀ ਦਾ ਪ੍ਰਾਈਵੇਟ ਕਾਲਜ ਚਲਾਉਂਦੇ ਸਨ; ਨਾਉਂ ਸੀ ਉਸ ਕਾਲਜ ਦਾ ਈਸਟਰਨ ਪੰਜਾਬ ਕਲਾਜ। ਮੈਨੂੰ ਯਾਦ ਹੈ, ਇਸ ਗਿਆਨੀ ਕਲਾਸ ਵਿਚ ਪ੍ਰੋ. ਮੋਹਨ ਸਿੰਘ ਦੀ ਪੁਸਤਕ 'ਸਾਵੇ ਪੱਤਰ' ਤੇ ਅੰਮ੍ਰਿਤਾ ਪ੍ਰੀਤਮ ਦੀ 'ਸੁਨੇਹੜੇ', ਦੋਵੇਂ ਕੋਰਸ ਵਿਚ ਸਾਨੂੰ ਲਗੀਆਂ ਹੋਈਆਂ ਸਨ। ਇਹ ਦੋਵੇਂ ਕਾਵਿ ਪੁਸਤਕਾਂ ਮੈਨੂੰ ਬੇਹੱਦ ਪਸੰਦ ਸਨ; ਖਾਸ ਕਰ ਕੇ 'ਸੁਨੇਹੜੇ'। 'ਸੁਨੇਹੜੇ' ਪੜ੍ਹਨ ਪਿਛੋਂ ਮੈਂ ਦਿਨ-ਪਰ-ਦਿਨ ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਦੀ ਦੀਵਾਨੀ ਹੁੰਦੀ ਗਈ; ਤੇ 'ਸੁਨੇਹੜੇ' ਕਵਿਤਾ ਵਿਚਲੀਆਂ ਕਈ ਸਤਰਾਂ ਮੈਂ ਅਕਸਰ ਗੁਣ-ਗੁਣਾਉਂਦੀ ਰਹਿੰਦੀ:

ਰੁੱਤਾਂ ਭੌਂਦੀਆਂ ਤੇ ਵਰ੍ਹੇ ਪਏ ਗਿੜਦੇ
ਵੇ ਕੋਈ ਅੰਤ ਨਹੀਂਉਂ ਇਨ੍ਹਾਂ ਗੇੜਿਆਂ ਦੇ
ਜਿਹੜੇ ਮੂੰਹ ਤੋਂ ਰੌਣਕਾਂ ਰੁਸ ਗਈਆਂ
ਹਾਲ ਵੇਖ ਜਾਵੀਂ ਉਨ੍ਹਾਂ ਵਿਹੜਿਆਂ ਦੇ
ਅੱਖੀਂ ਭਰੀਆਂ ਨੇ ਨਾਲ ਗਲੇਡੂਆਂ ਦੇ
ਹੋਂਠ ਭਰੇ ਨੇ ਨਾਲ ਸੁਨੇਹੜਿਆਂ ਦੇ
ਸਾਰ ਜਾਣਦੇ ਨੇ ਇਨ੍ਹਾਂ ਅੱਖਰਾਂ ਦੀ
ਸੱਜਣ ਵਿਛੜੇ ਸੱਜਣਾਂ ਜਿਹੜਿਆਂ ਦੇ।

ਕਾਸ਼! ਮੈਂ ਵੀ ਅੰਮ੍ਰਿਤਾ ਪ੍ਰੀਤਮ ਹੋਵਾਂ। ਅਚੇਤ ਹੀ ਮੇਰੇ ਮਨ ਵਿਚ ਖਿਆਲ ਆਇਆ।... ਤੇ ਮੈਂ ਕਵਿਤਾ ਵਿਚ ਤੁਕਬੰਦੀ ਸ਼ੁਰੂ ਕਰ ਦਿੱਤੀ। ਜਿਵੇਂ:

ਦਿਲ ਜਲ ਰਿਹਾ ਹੈ
ਮੇਰਾ ਬਰਸਾਤ ਵਿਚ
ਬਿਰਹਾ ਦੀ ਹਨ੍ਹੇਰੀ ਰਾਤ ਵਿਚ...
ਪਿਆਰ ਬੰਧਨਾਂ ਤੋਂ ਦੂਰ ਹੈ
ਫੇਰ ਮਿਲਣ ਲਈ
ਕਿਉਂ ਕੋਈ ਮਜਬੂਰ ਹੈ
ਦੀਵਾ ਤਾਂ ਚਾਨਣ ਕਰ ਰਿਹਾ
ਹਨ੍ਹੇਰੀ ਰਾਤ ਵਿਚ
ਦਿਲ ਜਲ ਰਿਹਾ ਹੈ
ਮੇਰਾ ਬਰਸਾਤ ਵਿਚ।

ਇਉਂ ਮਨ ਹੀ ਮਨ ਮੈਂ ਅੰਮ੍ਰਿਤਾ ਪ੍ਰੀਤਮ ਨੂੰ ਆਪਣਾ ਗੁਰੂ ਧਾਰ ਲਿਆ ਤੇ ਆਪਣੇ ਆਪ ਨੂੰ ਉਸ ਦੇ ਬਹੁਤ ਨੇੜੇ ਸਮਝਣ ਲੱਗੀ, ਜਦਕਿ ਮੈਂ ਉਸ ਨੂੰ ਅਜੇ ਤੱਕ ਸਿਰਫ ਇਕੋ ਵਾਰ ਦੇਖਿਆ ਸੀ, ਉਹ ਵੀ 1958 ਵਿਚ...।

1957-58 ਵਿਚ ਮੈਂ ਪ੍ਰਿੰਸੀਪਲ ਦੀਵਾਨ ਸਿੰਘ ਦੇ ਪੀਪਲਜ਼ ਮੌਡਰਨ ਕਾਲਜ ਤੋਂ ਪੰਜਾਬ ਮੈਟਰਿਕ ਕਰ ਰਹੀ ਸੀ। ਇਹ ਕਾਲਜ ਵੈਸਟ ਪਟੇਲ ਨਗਰ ਵਿਚ ਹੁੰਦਾ ਸੀ ਜਿਸ ਦੀ ਅਸਲੀ ਸਰਪ੍ਰਸਤ ਸੀ ਸ੍ਰੀਮਤੀ ਸਚੇਤਾ ਕ੍ਰਿਪਲਾਨੀ ਜੋ ਸ਼ਾਇਦ ਪ੍ਰਿੰਸੀਪਲ ਦੀਵਾਨ ਸਿੰਘ ਦੀ ਕਿਸੇ ਸਮੇਂ ਪਾਕਿਸਤਾਨ ਵਿਚ ਜਮਾਤਣ ਵੀ ਰਹੀ ਸੀ।

ਮੈਂ ਉਨ੍ਹਾਂ ਦਿਨਾਂ ਵਿਚ ਆਪਣੇ ਸਹੁਰੇ ਪਰਿਵਾਰ ਸਮੇਤ ਮਕਾਨ ਨੰਬਰ 3197 ਗਲੀ ਨੰਬਰ 8 ਰਣਜੀਤ ਨਗਰ ਵਿਚ ਰਹਿੰਦੀ ਸੀ ਜੋ ਸਾਊਥ ਪਟੇਲ ਨਗਰ ਦੇ ਪਿਛੇ ਕਰ ਕੇ ਸਲੰਮ ਕਲੋਨੀ ਸੀ। ਇਹੀ ਉਹ ਸਕੂਲ ਸੀ ਜਿਥੇ ਮੈਂ, ਮੇਰੀ ਨਣਦ ਗੁਰਦੇਵ ਤੇ ਮੇਰੀ ਬੇਟੀ ਇੰਦਰਜੀਤ, ਅਸੀਂ ਤਿੰਨੇ ਇਕੱਠੀਆਂ ਪੜ੍ਹਦੀਆਂ ਸੀ; ਤੇ ਸੜਕ ਤੋਂ ਪਾਰ ਰਣਜੀਤ ਨਗਰ ਤੋਂ ਵੈਸਟ ਪਟੇਲ ਨਗਰ ਤਕ ਪੀਪਲਜ਼ ਮੌਡਰਨ ਕਾਲਜ ਦੇ ਰਾਹ ਵਿਚ ਪੈਂਦਾ ਸੀ ਅੰਮ੍ਰਿਤਾ ਪ੍ਰੀਤਮ ਦਾ ਘਰ; ਤੇ ਘਰ ਦਾ ਪਤਾ ਸੀ 8/20 ਵੈਸਟ ਪਲੇਟ ਨਗਰ।

ਮੈਂ ਉਨ੍ਹੀਂ ਦਿਨੀਂ ਹਰ ਰੋਜ਼ ਆਉਂਦੀ ਜਾਂਦੀ ਅੰਮ੍ਰਿਤਾ ਪ੍ਰੀਤਮ ਨੂੰ ਉਨ੍ਹਾਂ ਦੇ ਘਰ ਅੰਦਰ ਝਾਤ ਮਾਰ ਕੇ ਦੇਖਣਾ ਚਾਹੁੰਦੀ, ਪਰ ਉਹ ਮੈਨੂੰ ਨਜ਼ਰ ਕਦੇ ਨਾ ਆਈ। ਇਸ ਗੱਲ ਦੀ ਖਾਸ ਵਜ੍ਹਾ ਇਕ ਹੋਰ ਵੀ ਸੀ ਕਿ ਇਸੇ ਸਮੇਂ ਅੰਮ੍ਰਿਤਾ ਪ੍ਰੀਤਮ ਦਿੱਲੀ ਰੇਡੀਓ ਤੋਂ ਪੰਜਾਬੀ ਸਰੋਤਿਆਂ ਦੇ ਖਤਾਂ ਦੇ ਜਵਾਬ ਬੁੱਧਵਾਰ ਵਾਲੇ ਦਿਨ ਦਿੰਦੀ ਸੀ; ਤੇ ਪਹਿਲਾਂ ਫਿਕਰਾ ਸ਼ਹਿਦ ਭਰੇ ਬੋਲਾਂ ਵਿਚ ਇਹ ਹੁੰਦਾ ਸੀ:

'ਆਵਾਜ਼ ਦੀ ਦੁਨੀਆਂ ਵਾਲਿਓ, ਤੁਹਾਡੀ ਚਿੱਠੀ ਮਿਲੀ...'।... ਐਨੀ ਮਿੱਠੀ! ਐਨੀ ਮਨ ਨੂੰ ਟੁੰਬਣ ਵਾਲੀ ਆਵਾਜ਼! ਮੈਂ ਤਾਂ ਪਹਿਲੇ ਦਿਨ ਤੋਂ ਹੀ ਜਿਵੇਂ ਇਸ ਆਵਾਜ਼ ਨੂੰ ਸੁਣਨ ਦੀ ਸ਼ੈਦਾਈ ਹੋ ਗਈ ਸੀ।

ਫਿਰ ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਦੀ ਇਕ ਤਰਕੀਬ ਮੈਂ ਕੱਢ ਲਈ। ਇਕ ਖਤ ਪੰਜਾਬੀ ਪ੍ਰੋਗਰਾਮ ਦਿੱਲੀ ਦੇ ਪਤੇ ਉਤੇ ਲਿਖਿਆ ਅਤੇ ਵਿਚ ਆਪਣੇ ਪਸੰਦ ਦੇ ਗੀਤ ਦੀ ਫਰਮਾਇਸ਼ ਵੀ ਕੀਤੀ। ਗੀਤ ਸੀ:

ਨਾ ਚੁੰਨੀ ਲੈ ਸੁਰਮੀਏ ਕੁੜੇ
ਤੂੰ ਦਿਸੇ ਬਦਲੀ ਜਿਹੀ ਕੁੜੇ
ਨਾ ਚੁੰਨੀ ਲੈ...

ਅਸੀਂ ਦੋਵੇਂ, ਮੈਂ ਤੇ ਮੇਰੀ ਨਣਦ ਸਕੂਲੋਂ ਕੋਈ ਤਿੰਨ ਸਾਢੇ ਤਿੰਨ ਵਜੇ ਮੁੜਦੀਆਂ ਸੀ। ਇਕ ਦਿਨ ਮੁੜਦੀ ਹੋਈ ਨੇ ਮੈਂ ਬਾਹਰੋਂ ਅੰਮ੍ਰਿਤਾ ਪ੍ਰੀਤਮ ਦੇ ਘਰ ਦੀ ਨੇਮ ਪਲੇਟ ਪੜ੍ਹ ਕੇ ਅੰਦਰ ਜਾਣ ਦਾ ਹੀਆ ਕੀਤਾ...। ਨਣਦ ਨੂੰ ਮੈਂ ਬਾਹਰ ਹੀ ਖੜ੍ਹੇ ਰਹਿਣ ਲਈ ਕਿਹਾ, ਤੇ ਆਪ ਝਿਜਕਦੀ ਝਿਜਕਦੀ ਫਰਮਾਇਸ਼ੀ ਖਤ ਹੱਥ ਵਿਚ ਫੜੀ ਅੰਦਰ ਲੰਘ ਗਈ। ਅੰਦਰ ਲੰਘਦਿਆਂ ਸਾਰ ਪਹਿਲੇ ਹੀ ਕਮਰੇ ਵਿਚ ਅੰਮ੍ਰਿਤਾ ਜੀ ਦੇ ਨਾਲ ਸੰਤ ਸਿੰਘ ਸੇਖੋਂ ਤੇ ਇਕ ਦੋ ਹੋਰ ਲੇਖਕ ਬੈਠੇ ਮੈਨੂੰ ਨਜ਼ਰੀਂ ਪਏ। ਮੈਨੂੰ ਪੱਕੀ ਤਰ੍ਹਾਂ ਯਾਦ ਹੈ, ਅੰਮ੍ਰਿਤਾ ਜੀ ਨੇ ਉਸ ਦਿਨ ਚਿੱਟੀ ਸਲਵਾਰ ਅਤੇ ਸਲੀਵਲੈੱਸ ਪ੍ਰਿੰਟਿਡ ਕਮੀਜ਼ ਪਹਿਨੀ ਹੋਈ ਸੀ ਤੇ ਵਾਲ ਪੋਨੀਟੇਲ ਕਰ ਕੇ ਪਿਛੇ ਬੰਨ੍ਹੇ ਹੋਏ ਸਨ। ਐਨੀ ਸੋਹਣੀ ਸ਼ਖਸੀਅਤ! ਕਦੇ ਮੈਨੂੰ ਉਹ ਸੱਸੀ ਲੱਗੇ ਤੇ ਕਦੇ ਹੀਰ ਸਲੇਟੀ...। ਬੱਸ ਉਸ ਦੀ ਇਹ ਝਲਕ ਹੀ ਮੇਰੇ ਜਿਵੇਂ ਧੁਰ ਅੰਦਰ ਲਹਿ ਗਈ ਸੀ।

ਮੈਂ ਹੱਥ ਵਿਚ ਫੜਿਆ ਫਰਮਾਇਸ਼ੀ ਖਤ ਅੰਮ੍ਰਿਤਾ ਜੀ ਨੂੰ ਦਿੱਤਾ ਤੇ ਕਿਹਾ- 'ਮੇਰੀ ਪਸੰਦ ਦਾ ਗੀਤ ਜ਼ਰੂਰ ਸੁਣਾਉਣਾ...।'

ਉਨ੍ਹਾਂ ਹੀ ਦਿਨਾਂ ਵਿਚ ਇਮਰੋਜ਼ ਜੀ ਸਾਡੇ ਕੋਲ ਹੀ ਰਣਜੀਤ ਨਗਰ ਦੇ ਨੇੜੇ ਕੋਠੀ ਨੰਬਰ 13, ਸਾਊਥ ਪਟੇਲ ਨਗਰ ਵਿਚ ਰਹਿੰਦੇ ਸਨ; ਤੇ ਇਨ੍ਹਾਂ ਦੋਹਾਂ ਦੀ ਦੋਸਤੀ ਦਾ ਕੋਈ ਹਵਾਈ ਬੁੱਲਾ ਸਾਹਿਤਕ ਮਹਿਫਿਲਾਂ ਵਿਚ ਝੁਲਦਾ ਹੀ ਰਹਿੰਦਾ ਸੀ। ਅੰਮ੍ਰਿਤਾ ਜੀ ਨੇ ਖਤ ਬੜੇ ਪਿਆਰ ਨਾਲ ਮੇਰੇ ਹਥੋਂ ਫੜ ਲਿਆ ਤੇ ਗੀਤ ਸੁਣਾਉਣ ਦਾ ਕੌਲ ਪੱਕਾ ਕੀਤਾ। ਆਉਂਦੇ ਹਫਤੇ ਉਨ੍ਹਾਂ ਮੇਰੀ ਪਸੰਦ ਦਾ ਗੀਤ ਸੁਣਾਇਆ ਤੇ ਸਰੋਤਿਆਂ ਵਿਚ ਆਪਣਾ ਨਾਉਂ ਸੁਣ ਕੇ ਮੈਂ ਹੋਰ ਵੀ ਅੰਮ੍ਰਿਤਾ ਜੀ ਉਤੇ ਫਿਦਾ ਹੋ ਗਈ। ਸਾਹਿਤਕ ਪਿੜ ਵਿਚ ਹੁਣ ਚਾਰੋਂ ਤਰਫ਼ ਮੈਨੂੰ ਅੰਮ੍ਰਿਤਾ ਹੀ ਅੰਮ੍ਰਿਤਾ ਦਿਖਾਈ ਦਿੰਦੀ।

ਮੈਟ੍ਰਿਕ ਵਿਚ ਸਾਨੂੰ ਪੰਜਾਬੀ ਪੇਪਰ ਲਈ ਫ਼ਰੀਦ ਦੇ ਦੋਹਰੇ ਖਾਸ ਕਰ ਕੇ ਪੜ੍ਹਾਏ ਜਾਂਦੇ ਸਨ ਤੇ ਉਨ੍ਹਾਂ ਦੇ ਅਰਥ ਕਰਨੇ ਇਮਤਿਹਾਨ ਵਿਚ ਆਉਂਦੇ ਹੁੰਦੇ ਸਨ। ਇਨ੍ਹਾਂ ਦੋਹਰਿਆਂ ਵਿਚੋਂ ਇਕ ਦਾ ਅਰਥ ਉਸ ਸਮੇਂ ਕੋਸ਼ਿਸ਼ ਕਰਨ 'ਤੇ ਵੀ ਮੈਨੂੰ ਨਹੀਂ ਸੀ ਆ ਰਿਹਾ; ਜਦਕਿ ਆਪਣੀ ਕਲਾਸ ਵਿਚ ਪੰਜਾਬੀ ਦੀ ਮੈਂ ਚੰਗੀ ਹੁਸ਼ਿਆਰ ਵਿਦਿਆਰਥਣ ਸੀ!...

ਬਿਰਹਾ ਬਿਰਹਾ ਆਖੀਏ
ਬਿਰਹਾ ਨੂੰ ਸੁਲਤਾਨ
ਜਿਸ ਤਨ ਬਿਰਹਾ ਨਾ ਉਪਜੇ
ਸੋ ਤਨ ਜਾਣ ਮਸਾਣ।

ਬਿਰਹਾ ਦਾ ਮਤਲਬ ਵਿਛੋੜਾ, ਸੁਲਤਾਨ ਦਾ ਮਤਲਬ ਸ਼ਹਿਨਸ਼ਾਹ... ਬਿਰਹਾ ਸ਼ਹਿਨਸ਼ਾਹ ਕਿਵੇਂ? ਗੱਲ ਮੇਰੀ ਪਕੜ ਵਿਚ ਨਹੀਂ ਸੀ ਆ ਰਹੀ...। ਤੇ ਮੈਡਮ ਦਾ ਇਸ਼ਾਰਾ ਵਾਰ ਵਾਰ ਮੇਰੇ ਹੀ ਵੱਲ ਸੀ...। ਤੇ ਮੈਂ ਮੂੰਹ ਨੀਵਾਂ ਕਰੀ ਚੁਪ-ਚਾਪ ਬੈਠੀ ਰਹੀ। ਉਨ੍ਹੀਂ ਦਿਨੀਂ ਅੰਮ੍ਰਿਤਾ ਜੀ ਦਾ ਗੀਤ ਰੇਡੀਓ ਉਤੇ ਅਕਸਰ ਸੁਣਾਈ ਦਿੰਦਾ:

ਨਿਮੀ ਨਿਮੀ ਤਾਰਿਆਂ ਦੀ ਲੋਅ
ਹੌਲੇ ਹੌਲੇ ਧੜਕ ਕਲੇਜੇ
ਮੱਤ ਕੋਈ ਸੁਣਦਾ ਹੋ
ਨਿਮੀ ਨਿਮੀ ਤਾਰਿਆਂ ਦੀ ਲੋਅ

ਇਸੇ ਗੀਤ ਨੂੰ ਲੈ ਕੇ ਮੈਡਮ ਬੋਲੀ, "ਅੱਛਾ ਬਚਿੰਤ ਤੂੰ ਦੱਸ, ਇਸ ਗੀਤ ਦੇ ਕੀ ਅਰਥ ਨਿਕਲਦੇ ਹਨ?"

ਮੈਂ ਝਟ ਬੋਲ ਪਈ, "ਮੈਡਮ ਜੀ, ਗੱਲ ਸਿੱਧੀ ਹੈ ਕਿ ਬਿਰਹਨ ਆਪਣੇ ਪੀਆ ਨੂੰ ਮਿਲਣ ਜਾ ਰਹੀ ਹੈ, ਤਾਰਿਆਂ ਭਰੀ ਰਾਤ ਹੈ, ਰਾਹ ਵਿਚ ਡਰ ਨਾਲ ਉਸ ਦਾ ਕਲੇਜਾ ਧੱਕ ਧੱਕ ਕਰ ਰਿਹਾ ਹੈ।"

ਸਾਰੀ ਕਲਾਸ ਮੇਰੀ ਗੱਲ ਸੁਣ ਕੇ ਖਿੜ-ਖਿੜਾ ਕੇ ਹੱਸਣ ਲੱਗੀ।

ਮੈਡਮ ਉਚੀ ਦੇਣੀ ਬੋਲੀ, "ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ। ਗੀਤ ਦੇ ਬਚਿੰਤ ਨੇ ਸਹੀ ਅਰਥ ਕੀਤੇ ਹਨ। ਹਾਂ ਬਚਿੰਤ, ਤੈਨੂੰ ਪਤੈ ਇਹ ਸਤਰਾਂ ਕਿਸ ਦੀਆਂ ਲਿਖੀਆਂ ਹੋਈਆਂ ਹਨ?"

"ਜੀ ਅੰਮ੍ਰਿਤਾ ਪ੍ਰੀਤਮ ਦੀਆਂ।" ਮੈਂ ਝੱਟ ਬੋਲ ਪਈ।

ਮੈਡਮ ਮੁਸਕੜੀਆਂ ਹੱਸੀ, "ਉਹ ਤਾਂ ਤੈਨੂੰ ਪਤਾ ਹੀ ਹੋਣਾ ਸੀ। ਅੰਮ੍ਰਿਤਾ ਪ੍ਰੀਤਮ ਦੀ ਤੂੰ ਵੱਡੀ ਫੈਨ ਜੋ ਹੋਈ।"


ਇਹ ਸੱਚ ਹੈ ਮੈਂ ਅੰਮ੍ਰਿਤਾ ਜੀ ਦੀ ਮੁੱਢੋਂ ਹੀ ਬੜੀ ਕਦਰ ਕਰਦੀ ਹਾਂ ਤੇ ਮਨ ਹੀ ਮਨ ਮੈਂ ਸਾਹਿਤਕਾਰੀ ਵਿਚ ਉਸ ਨੂੰ ਆਪਣਾ 'ਇਸ਼ਟ' ਧਾਰ ਲਿਆ ਸੀ। ਹੁਣ ਅੰਮ੍ਰਿਤਾ ਪ੍ਰੀਤਮ ਨੂੰ ਆਪਣਾ ਇਸ਼ਟ ਧਾਰ ਕੇ ਲਿਖਣ ਕਾਰਜ ਕਰਨ ਲੱਗੀ। ਕੀ ਲੇਖ, ਕੀ ਕਵਿਤਾ, ਕੀ ਬਾਲ ਸਾਹਿਤ! ਮੈਂ ਜੋ ਵੀ ਲਿਖਦੀ, ਪਹਿਲਾਂ ਅੰਮ੍ਰਿਤਾ ਜੀ ਨੂੰ ਯਾਦ ਕਰਦੀ, ਪਰ ਇਹ ਸਾਰੇ ਆਰਟੀਕਲ ਵਿਦਿਆਰਥੀ ਦੇ ਤੌਰ 'ਤੇ ਹੀ ਹੁੰਦੇ ਸਨ, ਲੇਖਕ ਦੇ ਤੌਰ 'ਤੇ ਨਹੀਂ... ਤੇ ਮੈਂ ਉਦੋਂ ਇਨ੍ਹਾਂ ਨੂੰ ਕਦੇ ਛਪਵਾਉਣ ਬਾਰੇ ਵੀ ਨਹੀਂ ਸੀ ਸੋਚਿਆ।



*ਬਚਿੰਤ ਕੌਰ ਅਤੇ ਇਮਰੋਜ਼ ਇਕ ਸਮਾਗਮ ਦੌਰਾਨ।*

***ਉਨ੍ਹਾਂ ਹੀ ਦਿਨਾਂ ਵਿਚ ਇਮਰੋਜ਼ ਜੀ ਸਾਡੇ ਕੋਲ ਹੀ ਰਣਜੀਤ ਨਗਰ ਦੇ ਨੇੜੇ ਕੋਠੀ ਨੰਬਰ 13, ਸਾਊਥ ਪਟੇਲ ਨਗਰ ਵਿਚ ਰਹਿੰਦੇ ਸਨ; ਤੇ ਇਨ੍ਹਾਂ ਦੋਹਾਂ ਦੀ ਦੋਸਤੀ ਦਾ ਕੋਈ ਹਵਾਈ ਬੁੱਲਾ ਸਾਹਿਤਕ ਮਹਿਫਿਲਾਂ ਵਿਚ ਝੁਲਦਾ ਹੀ ਰਹਿੰਦਾ ਸੀ। ਅੰਮ੍ਰਿਤਾ ਜੀ ਨੇ ਖਤ ਬੜੇ ਪਿਆਰ ਨਾਲ ਮੇਰੇ ਹਥੋਂ ਫੜ ਲਿਆ ਤੇ ਗੀਤ ਸੁਣਾਉਣ ਦਾ ਕੌਲ ਪੱਕਾ ਕੀਤਾ। ਆਉਂਦੇ ਹਫਤੇ ਉਨ੍ਹਾਂ ਮੇਰੀ ਪਸੰਦ ਦਾ ਗੀਤ ਸੁਣਾਇਆ ਤੇ ਸਰੋਤਿਆਂ ਵਿਚ ਆਪਣਾ ਨਾਉਂ ਸੁਣ ਕੇ ਮੈਂ ਹੋਰ ਵੀ ਅੰਮ੍ਰਿਤਾ ਜੀ ਉਤੇ ਫਿਦਾ ਹੋ ਗਈ। ਸਾਹਿਤਕ ਪਿੜ ਵਿਚ ਹੁਣ ਚਾਰੋਂ ਤਰਫ਼ ਮੈਨੂੰ ਅੰਮ੍ਰਿਤਾ ਹੀ ਅੰਮ੍ਰਿਤਾ ਦਿਖਾਈ ਦਿੰਦੀ।***

# ਸ੍ਰੀਦੇਵੀ: 'ਮੌਮ' ਦੇ 50 ਸਾਲ




ਫ਼ਿਲਮ 'ਇੰਗਲਿਸ਼ ਵਿੰਗਲਿਸ਼' ਨਾਲ ਆਪਣੀ ਅਦਾਕਾਰੀ ਦੀ ਦੂਜੀ ਪਾਰੀ ਸ਼ੁਰੂ ਕਰਨ ਵਾਲੀ ਸ੍ਰੀਦੇਵੀ ਹੁਣ ਆਪਣੇ ਪਤੀ ਬੋਨੀ ਕਪੂਰ ਵੱਲੋਂ ਬਣਾਈ 'ਮੌਮ' ਵਿਚ ਆ ਰਹੀ ਹੈ। ਇਹ ਫਿਲਮ 14 ਜੁਲਾਈ ਨੂੰ ਰਿਲੀਜ਼ ਹੋ ਰਹੀ ਹੈ। ਇਹ ਇਤਫਾਕ ਹੀ ਕਿ 'ਇੰਗਲਿਸ਼ ਵਿੰਗਲਿਸ਼' ਨਿਰਦੇਸ਼ਿਕਾ ਗੌਰੀ ਸ਼ਿੰਦੇ ਦੀ ਪਹਿਲੀ ਫ਼ਿਲਮ ਸੀ ਅਤੇ 'ਮੌਮ' ਵੀ ਨਿਰਦੇਸ਼ਕ ਰਵੀ ਉਦਯਾਵਰ ਦੀ ਵੀ ਇਹ ਪਹਿਲੀ ਹੀ ਫ਼ਿਲਮ ਹੈ। ਗੌਰੀ ਅਤੇ ਰਵੀ, ਦੋਵੇਂ ਇਸ਼ਤਿਹਾਰ ਫ਼ਿਲਮਾਂ ਤੋਂ ਫ਼ਿਲਮ ਨਿਰਦੇਸ਼ਨ ਵਿਚ ਆਏ ਹਨ।

'ਮੌਮ' ਵਿਚ ਸ੍ਰੀਦੇਵੀ ਵੱਲੋਂ ਅਜਿਹੀ ਮਾਂ ਦੀ ਭੂਮਿਕਾ ਨਿਭਾਈ ਗਈ ਹੈ ਜਿਸ ਦੀ 17 ਵਰ੍ਹਿਆਂ ਦੀ ਆਜ਼ਾਦ ਖਿਆਲਾਂ ਦੀ ਧੀ ਹੈ ਜਿਸ ਨੂੰ ਆਪਣੇ ਮਾਂ-ਬਾਪ ਦੀ ਰੋਕ-ਟੋਕ ਪਸੰਦ ਨਹੀਂ। ਬੇਟੀ ਦੇ ਸੁਭਾਅ ਵਿਚ ਆਈ ਤਬਦੀਲੀ ਨੂੰ ਦੇਖ ਕੇ ਮਾਂ ਨੂੰ ਸ਼ੱਕ ਹੋ ਜਾਂਦਾ ਹੈ ਕਿ ਬੇਟੀ ਨਾਲ ਕੁਝ ਨਾ ਕੁਝ ਗ਼ਲਤ ਹੋਇਆ ਹੈ ਅਤੇ ਉਹ ਸਚਾਈ ਜਾਣਨ ਲਈ ਕਿਸੇ ਪ੍ਰਾਈਵੇਟ ਜਾਸੂਸ ਦੀ ਮਦਦ ਲੈਂਦੀ ਹੈ। ਕੋਈ ਮਾਂ ਆਪਣੀ ਬੇਟੀ ਦੀ ਸੁਰੱਖਿਆ ਲਈ ਕੀ ਕਰ ਸਕਦੀ ਹੈ, ਫਿਲਮ ਦੀ ਸਾਰੀ ਕਹਾਣੀ ਇਸ ਦੁਆਲੇ ਹੀ ਘੁੰਮਦੀ ਹੈ।

ਸ੍ਰੀਦੇਵੀ ਨੇ ਬਾਲ ਕਲਾਕਾਰ ਦੇ ਤੌਰ 'ਤੇ ਦੱਖਣ ਦੀਆਂ ਫ਼ਿਲਮਾਂ ਵਿਚ ਕਦਮ ਰੱਖਿਆ ਸੀ। ਕਈ ਸਾਲ ਪਹਿਲਾਂ ਆਈ 'ਜੂਲੀ' ਫਿਲਮ ਵਿਚ ਵੀ ਉਹਨੇ ਜੂਲੀ ਦੀ ਛੋਟੀ ਭੈਣ ਦੀ ਭੂਮਿਕਾ ਨਿਭਾਈ ਸੀ। 53 ਵਰ੍ਹਿਆਂ ਦੀ ਸ੍ਰੀਦੇਵੀ ਨੂੰ ਅਭਿਨੈ ਦੀ ਦੁਨੀਆ ਵਿਚ ਹੁਣ 50 ਸਾਲ ਹੋ ਗਏ ਹਨ ਅਤੇ 'ਮੌਮ' ਨੂੰ ਉਸ ਦੀ 300ਵੀਂ ਫ਼ਿਲਮ ਦੇ ਤੌਰ 'ਤੇ ਵੀ ਪ੍ਰਚਾਰਿਆ ਜਾ ਰਿਹਾ ਹੈ। ਸ੍ਰੀਦੇਵੀ ਅਨੁਸਾਰ, ਹੁਣ ਉਹ ਪਸੰਦੀਦਾ ਫ਼ਿਲਮਾਂ ਹੀ ਕਰ ਰਹੀ ਹੈ, ਜਦੋਂ ਕੋਈ ਭੂਮਿਕਾ ਉਸ ਨੂੰ ਪਸੰਦ ਆ ਜਾਂਦੀ ਹੈ ਤਾਂ ਉਹ ਖ਼ੁਦ ਨੂੰ ਪੂਰੀ ਤਰ੍ਹਾਂ ਨਾਲ ਉਸ ਵਿਚ ਢਾਲ ਕੇ ਕੈਮਰੇ ਸਾਹਮਣੇ ਆਉਂਦੀ ਹੈ।





ਜਦੋਂ 'ਮੌਮ' ਵਿਚ ਉਸ ਨੂੰ ਮਾਂ ਦੀ ਭੂਮਿਕਾ ਸੌਂਪੀ ਗਈ ਤਾਂ ਉਸ ਨੇ ਆਪਣਾ ਪੂਰਾ ਧਿਆਨ ਮਾਂ ਦੇ ਕਿਰਦਾਰ ਵੱਲ ਹੀ ਰੱਖਿਆ।

ਇਸ ਫਿਲਮ ਵਿਚ ਸ੍ਰੀਦੇਵੀ ਦੀ ਧੀ ਦਾ ਕਿਰਦਾਰ ਪਾਕਿਸਤਾਨੀ ਟੀ.ਵੀ. ਅਦਾਕਾਰਾ ਸਾਜਲ ਅਲੀ ਨੇ ਨਿਭਾਇਆ ਹੈ। ਪ੍ਰਾਈਵੇਟ ਜਾਸੂਸ ਦਇਆ ਸ਼ੰਕਰ ਕਪੂਰ ਉਰਫ਼ ਡੀ.ਕੇ. ਦੀ ਭੂਮਿਕਾ ਨਵਾਜ਼ੂਦੀਨ ਸਿੱਦੀਕੀ ਵੱਲੋਂ ਨਿਭਾਈ ਗਈ ਹੈ। ਇਸ ਕਿਦਾਰ ਲਈ ਨਵਾਜ਼ੂਦੀਨ ਦਾ ਉਚੇਚੀ ਦਿੱਖ ਬਣਾਈ ਗਈ। ਇਸ ਮੇਕਅੱਪ ਦੀ ਵਜ੍ਹਾ ਕਰ ਕੇ ਹੀ ਸ਼ੂਟਿੰਗ ਦੇ ਪਹਿਲੇ ਦਿਨ ਸ੍ਰੀਦੇਵੀ ਵੀ ਉਸ ਨੂੰ ਨਹੀਂ ਸੀ ਪਛਾਣ ਸਕੀ। ਇਨ੍ਹਾਂ ਤੋਂ ਇਲਾਵਾ ਫ਼ਿਲਮ ਵਿਚ ਅਕਸ਼ੈ ਖੰਨਾ, ਅਭਿਮੰਨਿਊ ਸਿੰਘ, ਸੁਸ਼ਾਂਤ ਸਿੰਘ, ਅਦਨਾਨ ਸਿੱਦੀਕੀ, ਵਿਕਾਸ ਵਰਮਾ ਨੇ ਵੀ ਅਦਾਕਾਰੀ ਦੇ ਜੌਹਰ ਦਿਖਾਏ ਹਨ। ਸ੍ਰੀਦੇਵੀ ਦੀ ਦੱਖਣ ਵਿਚ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਇਹ ਫ਼ਿਲਮ ਤਾਮਿਲ ਤੇ ਤੇਲਗੂ ਭਾਸ਼ਾਵਾਂ ਵਿਚ ਵੀ ਡੱਬ ਕੀਤੀ ਗਈ ਹੈ। ***-ਆਮਨਾ ਕੌਰ***

# ਅਨੋਖੀ ਐਵਲਿਨ



ਐਵਲਿਨ ਸ਼ਰਮਾ ਜਿਸ ਦਾ ਪੂਰਾ ਨਾਂ ਐਵਲਿਨ ਲਕਸ਼ਮੀ ਸ਼ਰਮਾ ਹੈ, ਜਦੋਂ ਦੀ ਫਿਲਮ ਜਗਤ ਵਿਚ ਆਈ ਹੈ, ਕਿਸੇ ਨਾ ਕਿਸੇ ਕਾਰਨ ਲਗਾਤਾਰ ਚਰਚਾ ਵਿਚ ਹੈ। ਪਹਿਲਾਂ ਤਾਂ ਉਸ ਦੇ ਨਾਂ ਦੀ ਹੀ ਚਰਚਾ ਹੁੰਦੀ ਰਹਿੰਦੀ ਹੈ। ਉਸ ਦਾ ਜਨਮ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿਚ ਹੋਇਆ। ਉਸ ਦਾ ਪਿਤਾ ਪੰਜਾਬੀ ਅਤੇ ਮਾਂ ਜਰਮਨ ਹੈ। ਫਿਲਮ ਜਗਤ ਵਿਚ ਉਸ ਨੇ ਅਮਰੀਕੀ ਫਿਲਮ 'ਟਰਨ ਲੈਫਟ' ਨਾਲ 11 ਵਰ੍ਹੇ ਪਹਿਲਾਂ 2006 ਵਿਚ ਪੈਰ ਧਰਿਆ ਸੀ। ਹਿੰਦੀ ਫਿਲਮਾਂ ਵਿਚ ਉਸ ਦੀ ਐਂਟਰੀ 2012 ਵਿਚ ਫਿਲਮ 'ਫਰੌਮ ਸਿਡਨੀ ਵਿਦ ਲਵ' ਨਾਲ ਹੋਈ। ਵਧੇਰੇ ਚਰਚਾ 2013 ਵਿਚ ਰਿਲੀਜ਼ ਹੋਈ ਫਿਲਮ 'ਯੇਹ ਜਵਾਨੀ ਹੈ ਦੀਵਾਨੀ' ਨਾਲ ਹੋਈ। ਇਸ ਵਿਚ ਉਸ ਦੀ ਭੂਮਿਕਾ ਰਣਬੀਰ ਕਪੂਰ ਨਾਲ ਸੀ।

ਹਾਲ ਹੀ ਵਿਚ ਚਰਚਾ ਵਿਚ ਆਈ ਇਰਫਾਨ ਖਾਨ ਅਤੇ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਦੀ ਫਿਲਮ 'ਹਿੰਦੀ ਮੀਡੀਅਮ' ਵਿਚ ਉਸ ਦਾ ਵਿਸ਼ੇਸ਼ ਰੋਲ ਸੀ ਅਤੇ ਅਗਸਤ ਵਿਚ ਸ਼ਾਹਰੁਖ ਖਾਨ ਅਤੇ ਅਨੁਸ਼ਕਾ ਸ਼ਰਮਾ ਦੀ ਆ ਰਹੀ ਫਿਲਮ 'ਜਬ ਹੈਰੀ ਮੈੱਟ ਸੇਜਲ' ਵਿਚ ਵੀ ਉਸ ਦਾ ਵਿਸ਼ੇਸ਼ ਰੋਲ ਹੈ। ਹਾਂ, ਇਸੇ ਸਾਲ ਆ ਰਹੀ ਇਕ ਹੋਰ ਫਿਲਮ ਵਿਚ 'ਜੈਕ ਐਂਡ ਦਿਲ' ਵਿਚ ਉਸ ਦਾ ਲੀਡ ਰੋਲ ਦੱਸਿਆ ਜਾ ਰਿਹਾ ਹੈ। ਐਵਲਿਨ ਸ਼ਰਮਾ ਅੱਜ ਕੱਲ੍ਹ ਅਮਿਤ ਸਾਧ ਨਾਲ ਆਪਣੀ ਦੋਸਤੀ ਕਾਰਨ ਚਰਚਾ ਵਿਚ ਹੈ। ਜਰਮਨ ਵਿਚ ਉਹ ਮਸ਼ਹੂਰ ਮਾਡਲ ਸੀ, ਪਰ ਹੀਰੋਇਨ ਬਣਨ ਦੀ ਚਾਹਤ ਨੇ ਉਸ ਨੂੰ ਭਾਰਤ ਪਹੁੰਚਾਇਆ। ਭਾਰਤ ਵਿਚ ਉਸ ਨੂੰ ਬਹੁਤੀਆਂ ਫਿਲਮਾਂ ਨਹੀਂ ਮਿਲੀਆਂ। ਫਿਰ ਵੀ ਉਹ ਕੋਸ਼ਿਸ਼ ਕਰ ਰਹੀ ਹੈ। ਫਿਲਹਾਲ ਉਹ ਫਿਲਮੀ ਦੁਨੀਆ ਛੱਡਣਾ ਨਹੀਂ ਚਾਹੁੰਦੀ। ***-ਗੁਰਜੰਟ ਸਿੰਘ***

# ਗਰੀਬ ਦੀਆਂ ਮੋਈਆਂ ਸੱਧਰਾਂ ਦੀ ਕਹਾਣੀ ਹੈ ਲਘੂ ਫਿਲਮ

## ਰਿਜ਼ਕਦਾਤਾ

ਸਵਰਨਦੀਪ ਸਿੰਘ ਨੂਰ ਸਮਾਜ ਵਿਚ ਵਾਪਰਦੀਆਂ ਘਟਨਾਵਾਂ 'ਤੇ ਗੰਭੀਰਤਾ ਨਾਲ ਲਿਖਣ ਵਾਲਾ ਸਮਰੱਥ ਕਹਾਣੀਕਾਰ ਹੈ। ਗਰੀਬੀ ਦੀ ਦਲਦਲ ਵਿਚ ਜ਼ਿੰਦਗੀ ਜਿਉਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਦੀ ਗੱਲ ਕਰਦੀ ਉਸ ਦੀ ਕਹਾਣੀ 'ਰਿਜ਼ਕਦਾਤਾ' ਉਤੇ ਫਿਲਮ ਬਣਨਾ ਮਾਣ ਵਾਲੀ ਗੱਲ ਹੈ।

'ਸੱਚ ਫਿਲਮ ਪ੍ਰੋਡਕਸ਼ਨਜ ਮੁੰਬਈ' ਦੇ ਬੈਨਰ ਹੇਠ ਬਣੀ ਨਿਰਮਾਤਰੀ ਰੇਸ਼ਮ ਕੌਰ ਦੀ ਇਸ ਫਿਲਮ ਦਾ ਨਿਰਦੇਸ਼ਨ ਜਗਦੀਪ ਧਾਲੀਵਾਲ ਨੇ ਕੀਤਾ ਹੈ। ਅਮੀਰ ਪਰਿਵਾਰ ਦੇ ਘਰ ਗੋਲਾ-ਧੰਦਾ ਕਰ ਕੇ ਚੁੱਲ੍ਹਾ ਬਾਲਣ ਵਾਲੀ ਗਰੀਬੜੀ ਦੀ ਆਸਾਂ ਭਰੀ ਜ਼ਿੰਦਗੀ ਦੀ ਤਰਜਮਾਨੀ ਕਰਦੀ ਇਸ ਫਿਲਮ ਦੀ ਨਾਇਕਾ ਭਾਨੀ ਹੈ, ਜੋ ਪਿੰਡ ਵਿਚ ਹੀ ਸਰਦਾਰਾਂ ਦੀ ਹਵੇਲੀ ਵਿਚ ਕੰਮ ਕਰਦੀ ਹੈ। ਉਹ ਸਿਰੋਂ ਨੰਗੀ ਹੈ। ਪਹਿਲਾਂ ਉਸ ਦਾ ਘਰਵਾਲਾ ਜਿੰਦਰ ਵੀ ਇਸੇ ਸਰਦਾਰ ਕੋਲ ਸੀਰੀ ਰਲਿਆ ਹੁੰਦਾ ਹੈ ਜੋ ਖੇਤ ਸਪਰੇਅ ਕਰਦਿਆਂ ਦਵਾਈ ਚੜ੍ਹਨ ਕਰ ਕੇ ਮਰ ਜਾਂਦਾ ਹੈ। ਉਸ ਦੀ ਮੌਤ ਮਗਰੋਂ ਪੰਚਾਇਤੀ ਫੈਸਲੇ ਮੁਤਾਬਕ, ਜਿੰਦਰ ਦੇ ਪਰਿਵਾਰ ਦੀ ਮਦਦ ਪ੍ਰਤੀ ਸਰਦਾਰ ਕਰਮ ਸਿੰਘ ਦਾ ਪਰਿਵਾਰ ਜ਼ਿੰਮੇਵਾਰੀ ਲੈਂਦਾ ਹੈ, ਪਰ ਇਸ ਆਸਰੇ ਦੇ ਬਾਵਜੂਦ ਭਾਨੀ ਆਪਣੀਆਂ ਆਸਾਂ ਦੀ ਪੰਡ ਚੁੱਕੀ ਤਿਲ-ਤਿਲ ਮਰਦੀ ਹੈ। ਉਹ ਸਰਦਾਰਾਂ ਦੇ ਘਰ ਗੋਹਾ-ਕੂੜਾ ਕਰਦਿਆਂ ਆਪਣੇ ਪੁੱਤ ਗੁਰਜੰਟ ਨੂੰ ਪੜ੍ਹਾ ਕੇ ਵੱਡਾ ਅਫਸਰ ਬਣਾਉਣਾ ਚਾਹੁੰਦੀ ਹੈ ਤਾਂ ਕਿ ਘਰ ਦੀ ਗਰੀਬੀ ਧੋਤੀ ਜਾ ਸਕੇ। ਜਦੋਂ ਸਰਦਾਰਨੀ ਗਿਆਨ ਕੌਰ ਦਾ ਇਕਲੌਤਾ ਪੁੱਤਰ ਵਿਦੇਸ਼ ਜਾਣ ਦੀ ਤਿਆਰੀ ਕਰਦਾ ਹੈ ਤਾਂ ਸਰਦਾਰਨੀ, ਭਾਨੀ ਵਲੋਂ ਵਧਾਈ ਵਜੋਂ ਮਨਪਸੰਦ ਸੂਟ ਅਤੇ ਆਪਣੇ ਗੁਰਜੰਟ ਪੁੱਤਰ ਲਈ ਨਵੀਂ ਸਕੂਲੀ ਵਰਦੀ ਦੀ ਮੰਗ 'ਤੇ ਹਾਮੀ ਓਟਦੀ ਹੈ। ਮੁੰਡੇ ਦੀ ਵਿਦੇਸ਼ ਜਾਣ ਦੀ ਤਿਆਰੀ ਵੇਖ ਭਾਨੀ ਨੂੰ ਕਰਮ ਸਿੰਘ ਤੇ ਗਿਆਨ ਕੌਰ ਦੀ ਖੁਸ਼ੀ ਵਿਚ ਆਪਣੀ ਖੁਸ਼ੀ ਨਜ਼ਰ ਆਉਂਦੀ ਹੈ।



ਪਰ ਅਫਸੋਸ! ਸਰਦਾਰਨੀ ਦੀਆਂ ਅਰਦਾਸਾਂ ਪੂਰੀਆਂ ਹੋਣ 'ਤੇ ਭਾਨੀ ਦੀਆਂ ਆਸਾਂ 'ਤੇ ਪਾਣੀ ਫਿਰ ਜਾਂਦਾ ਹੈ। ਮੁੰਡੇ ਨੂੰ ਵਿਦੇਸ਼ ਭੇਜਣ ਦੇ ਖਰਚੇ ਗਿਣਾ ਕੇ ਉਹ ਕੁਝ ਸਮਾਂ ਸਬਰ ਕਰਨਾ ਕਹਿ, ਦਿੱਤੀ ਜ਼ੁਬਾਨ ਤੋਂ ਤਿਲਕ ਜਾਂਦੀ ਹੈ। ਉਹ ਆਪਣੇ ਘਰਵਾਲੇ ਜਿੰਦਰ ਨੂੰ ਚੇਤੇ ਕਰ ਭੁੱਬਾਂ ਮਾਰਦੀ ਹੈ। ਅਚਾਨਕ ਜਿੰਦਰ ਦੇ ਬੋਲ ਉਸ ਦੇ ਕੰਨੀਂ ਗੂੰਜਦੇ ਹਨ, "ਭਾਨੀਏ, ਐਵੇਂ ਚਿੱਤ ਨਾ ਹੌਲਾ ਕਰ, ਭਰੋਸਾ ਰੱਖ। ਇਹ ਸਰਦਾਰ ਹੀ ਆਪਣੇ ਰਿਜ਼ਕਦਾਤੇ ਨੇ!" ਫਿਲਮ ਵਿਚ ਪਵਨ ਦੇਵਗਣ, ਬਾਣੀ ਸ਼ਰਮਾ, ਬਲਜੀਤ ਸਿੰਘ, ਅਨੁਰਾਧਾ ਸ਼ਰਮਾ, ਜਗਦੇਵ ਹੁੰਦਲ, ਸੁਖਮਨੀ, ਐਮ ਪਾਰਸ, ਰਿਸ਼ੀ ਸ਼ਰਮਾ, ਕਮਲ ਸ਼ਰਮਾ, ਮਾਸਟਰ ਪ੍ਰਭਜੋਤ ਮਾਨ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਸੰਗੀਤ ਆਰ ਯੂ.ਕੇ. ਦਾ ਹੈ। ਫਿਲਮ ਦੀ ਕਹਾਣੀ, ਪਟਕਥਾ-ਸੰਵਾਦ ਤੇ ਗੀਤ ਸਵਰਨਦੀਪ ਸਿੰਘ ਨੂਰ ਨੇ ਲਿਖੇ ਹਨ। ਇਸ ਫਿਲਮ ਵਿਚ ਸੁਰ-ਸਰਤਾਜ ਐਵਾਰਡ ਜੇਤੂ ਹਰਪ੍ਰੀਤ ਹੰਸ ਤੇ ਦੀਪ ਗਿੱਲ ਨੇ ਪਲੇਅ ਬੈਕ ਗਾਇਆ ਹੈ। ਕੈਮਰਾਮੈਨ ਆਸ਼ੀਸ਼ ਮਹਿਤਾ ਹਨ।

ਨਿਰਦੇਸ਼ਕ ਜਗਦੀਪ ਧਾਲੀਵਾਲ ਨੇ ਦੱਸਿਆ ਕਿ ਹਿੰਦੀ ਫਿਲਮਾਂ ਦੇ ਮਸ਼ਹੂਰ ਅਦਾਕਾਰ ਰਜ਼ਾ ਮੁਰਾਦ ਨੇ ਫਿਲਮ ਵਿਚ ਸੂਤਰਧਾਰ ਵਜੋਂ ਆਵਾਜ਼ ਦਿੱਤੀ ਹੈ। ਇਹ ਫਿਲਮ ਪੂਨਾ ਵਿਚ ਹੋ ਰਹੇ ਸ਼ਾਰਟ ਫਿਲਮ ਮੇਲੇ ਵਿਚ ਵੀ ਵਿਖਾਈ ਜਾਵੇਗੀ।

***-ਸੁਰਜੀਤ ਜੱਸਲ***
***ਫੋਨ: +91-98146-07737***





***ਸਵਰਨਦੀਪ ਸਿੰਘ ਨੂਰ***

# ਸਿੱਖ ਸਪੋਰਟਸ ਐਸੋਸੀਏਸ਼ਨ (ਯੂ.ਐਸ.ਏ.)

SIKH SPORTS ASSOCIATION OF U.S.A.

## 11ਵੇਂ ਸਾਲਾਨਾ ਖੇਡ ਮੁਕਾਬਲੇ
## 22 ਤੇ 23 ਜੁਲਾਈ 2017

**James Logan High School: 1800 H. St. Union City, CA**

## ਕਬੱਡੀ, ਬਾਸਕਿਟਬਾਲ, ਹਾਕੀ, ਫਲੈਗ ਫੁੱਟਬਾਲ, ਸੌਕਰ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ










Hockey Tournament will be at
Shorty Garcia Field: 33940 7th St., Union City, CA

***Register your team: www.sikhsports.com***
***For more info, please call: 866-499-0032***

## ਆਪ ਸਭ ਨੂੰ ਖੇਡ ਮੇਲੇ 'ਚ ਸ਼ਾਮਲ ਹੋਣ ਦਾ ਸੱਦਾ

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 3897 Mars Ct, San Jose, CA 95135
2. 133 Orchard Park Pl., Hayward, CA 94544
3. 4234 Monet Dr., Stockton, CA 95206
4. 2903 Stallion Way, San Jose, CA 95121
5. 4292 Solar Cir., Union City, CA 94587
6. 950 Wildgrass Ct., Gilroy, CA 95020
7. 32442 Woodland Dr., Union City, CA 94587

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

*Follow us on zillow.com and trulia.com*

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095